*Published in Punjabi & English*
Distributed in Toronto, Calgary, Vancouver, Winnipeg and Edmonton and Online Worldwide.
Sarokaran Di Awaz
Voice of Social Concerns
Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com
ਸਾਲ-8, ਅੰਕ-9, ਸਤੰਬਰ 2018
Website: www.ppapmg.com
HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220
Registration No. 210836300

## ਅਮਰੀਕਨ ਸੁਸਾਇਟੀ ਤੇਜ਼ੀ ਨਾਲ ਨਿਘਾਰ ਵੱਲ...



ਹਰਚਰਨ ਸਿੰਘ ਪਰਹਾਰ
403-681-8689
hp8689@gmail.com



ਸਾਰਾ ਮਨੁੱਖੀ ਇਤਿਹਾਸ, ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਮਾਨਸਿਕ ਤੌਰ ’ਤੇ ਆਜ਼ਾਦ ਅਤੇ ਬੌਧਿਕ ਤੌਰ ’ਤੇ ਸੂਝਵਾਨ ਕੌਮਾਂ ਤੇ ਲੋਕਾਂ ਨੇ ਹੀ ਦੁਨੀਆਂ ਵਿੱਚ ਆਪਣੀਆਂ ਸਲਤਨਤਾਂ ਸਥਾਪਿਤ ਕੀਤੀਆਂ, ਜੀਵਨ ਦੇ ਹਰ ਖੇਤਰ ਵਿੱਚ ਤਰੱਕੀਆਂ ਕੀਤੀਆਂ। ਬੇਸ਼ੱਕ ਇਸਦਾ ਦੂਜਾ ਪਹਿਲੂ ਇਹ ਵੀ ਹੈ ਕਿ ਇਨ੍ਹਾਂ ਅਜ਼ਾਦ ਤੇ ਸੂਝਵਾਨ ਕੌਮਾਂ ਵਿਚੋਂ ਵੀ ਤਾਕਤਵਰ ਤੇ ਸ਼ਾਤਰ ਲੋਕਾਂ ਨੇ ਹੀ ਆਪਣੀਆਂ ਕੌਮਾਂ ਜਾਂ ਲੋਕਾਂ ਲਈ ਰਾਜ ਸਥਾਪਿਤ ਕੀਤੇ, ਆਪਣੀ ਸ਼ਕਤੀ ਤੇ ਬੌਧਿਕਤਾ ਦਾ ਲੋਹਾ ਮਨਾਇਆ ਅਤੇ ਦੂਜੀਆਂ ਕੌਮਾਂ ਨੂੰ ਗੁਲਾਮ ਬਣਾ ਕੇ ਰਾਜ ਕੀਤੇ। ਇਨ੍ਹਾਂ ਸਾਰੇ ਦੌਰਾਂ ਵਿੱਚ ਮਾਨਸਿਕ ਤੌਰ ’ਤੇ ਗੁਲਾਮ ਜ਼ਹਿਨੀਅਤ ਅਤੇ ਬੌਧਿਕ ਪੱਧਰ ’ਤੇ ਪਛੜੀਆਂ ਸੱਭਿਅਤਾਵਾਂ ਦੇ ਲੋਕਾਂ ਨੇ ਹਮੇਸ਼ਾਂ ਸੰਤਾਪ ਤੇ ਗੁਲਾਮੀਆਂ ਭੋਗੀਆਂ। ਅੱਜ ਮਨੁੱਖੀ ਸੱਭਿਅਤਾ, ਜਿਸ ਮੁਕਾਮ ਤੇ ਪਹੁੰਚ ਚੁੱਕੀ ਹੈ, ਇਹ ਸਰਮਾਏਦਾਰੀ ਦੌਰ ਦਾ ਸਿਖਰ ਕਿਹਾ ਜਾ ਸਕਦਾ ਹੈ। ਅਖੌਤੀ ਲੋਕਤੰਤਰੀ ਸਰਕਾਰਾਂ ਨਾਲ ਰਲ਼ ਕੇ ਸਰਮਾਏਦਾਰੀ ਨਿਜ਼ਾਮ ਵਲੋਂ ਜੋ ਵਿਸ਼ਵ ਮੰਡੀ ਤੇ ਨਵ ਉਦਾਰਵਾਦ ਦਾ ਸੰਕਲਪ ਦੁਨੀਆਂ ਸਾਹਮਣੇ ਰੱਖਿਆ ਸੀ, ਉਹ ਪਛੜੇ ਤੇ ਕੁਰਪਟ ਦੇਸ਼ਾਂ ਦੀ ਲੁੱਟ ਹੀ ਸਾਬਿਤ ਹੋਇਆ। ਪਿਛਲੀਆਂ ਦੋ ਸਦੀਆਂ ਵਿੱਚ ਆਈ ਟੈਕਨੌਲੋਜੀ ਦੀ ਕ੍ਰਾਂਤੀ ਨੇ ਜਿਥੇ ਮਨੁੱਖ ਲਈ ਅਨੇਕਾਂ ਤਰ੍ਹਾਂ ਦੀਆਂ ਸੁੱਖ ਸਹੂਲਤਾਂ ਤੇ ਵੱਡੇ ਪੱਧਰ ਤੇ ਸਰਮਾਇਆ ਪੈਦਾ ਕੀਤਾ, ਉਥੇ ਇਹ ਤਰੱਕੀ, ਸਾਡੇ ਲਈ ਪੈਸੇ ਦੀ ਦੌੜ ਤੇ ਮਾਨਸਿਕ ਬੀਮਾਰੀਆਂ ਲੈ ਕੇ ਵੀ ਆਈ ਹੈ। ਮੌਜੂਦਾ ਸਰਮਾਏਦਾਰੀ ਨਿਜ਼ਾਮ ਨੇ ਮਨੁੱਖ ਨੂੰ ਜਿੱਥੇ ਪਹੁੰਚਾ ਦਿੱਤਾ ਹੈ, ਉਸ ਸਬੰਧੀ ਜੋ ਅੰਕੜੇ ਸਾਹਮਣੇ ਆ ਰਹੇ ਹਨ, ਉਹ ਚੌਂਕਾ ਦੇਣ ਵਾਲੇ ਹਨ। ਸਭ ਤੋਂ ਸ਼ਕਤੀਸ਼ਾਲੀ ਤੇ ਸਰਮਾਏਦਾਰੀ ਦੇ ਲੀਡਰ ਮੰਨੇ ਜਾਂਦੇ ਅਮਰੀਕਾ ਦੇ ਹਾਲਾਤ ਦੇਖੀਏ ਤਾਂ ਬਿਲਕੁਲ ਸਪੱਸ਼ਟ ਹੋ ਜਾਂਦਾ ਹੈ ਕਿ ਜੇ ਅਮਰੀਕਾ ਵਿੱਚ ਹਾਲਾਤ ਇਹ ਹਨ ਤਾਂ ਬਾਕੀ ਦੇਸ਼ਾਂ ਦੇ ਵੀ ਜੇ ਅਜੇ ਹਾਲਾਤ ਅਜਿਹੇ ਨਹੀਂ ਤਾਂ ਜਲਦੀ ਅਜਿਹੇ ਬਣ ਜਾਣਗੇ ? ਅੱਜ ਦੀ ਇਸ ਲੇਖਣੀ ਵਿੱਚ ਅਸੀਂ ਸਿਰਫ ਮਨੁੱਖੀ ਸਿਹਤ ਤੇ ਸਮਾਜਿਕ ਢਾਂਚੇ ਬਾਰੇ ਹੀ ਗੱਲ ਕਰਾਂਗੇ।ਕਨੇਡਾ ਵਿੱਚ ਵੀ ਤਕਰੀਬਨ ਹਾਲਾਤ ਅਜਿਹੇ ਹੀ ਹਨ, ਪਰ ਇੱਥੇ ਆਬਾਦੀ ਘੱਟ ਹੋਣ ਕਰਕੇ ਜਾਂ ਕਨੇਡਾ ਸਰਕਾਰ ਦੀਆਂ ਕੁਝ ਲੋਕ ਪੱਖੀ ਸੋਸ਼ਲ ਪਾਲਸੀਆਂ ਕਾਰਨ ਅਜੇ ਹਾਲਾਤ ਇਤਨੇ ਖਰਾਬ ਨਹੀਂ ਹਨ, ਪਰ ਜਿਸ ਢੰਗ ਨਾਲ ਸਰਕਾਰਾਂ ਐਜੂਕੇਸ਼ਨ, ਹੈਲਥ ਤੇ ਹੋਰ ਪਬਲਿਕ ਸੇਵਾਵਾਂ ਤੇ ਕੱਟ ਲਾ ਰਹੀਆਂ ਹਨ, ਜੇ ਲੋਕ ਆਪਣੇ ਹੱਕਾਂ ਲਈ ਸੁਚੇਤ ਨਾ ਹੋਏ ਤਾਂ ਅਸੀਂ ਵੀ ਉਧਰ ਨੂੰ ਹੀ ਜਾ ਰਹੇ ਹਾਂ।

ਅਮਰੀਕਾ ਦੀ ‘ਨੈਸ਼ਨਲ ਇੰਸਟੀਚਿਊਟ ਆਫ ਮੈਂਟਲ ਹੈਲਥ’ ਸੰਸਥਾ ਦੀ 2015 ਵਿੱਚ ਛਪੀ ਇੱਕ ਰਿਪੋਰਟ ਅਨੁਸਾਰ ਅਮਰੀਕਾ ਵਿੱਚ ਤਕਰੀਬਨ 50 ਮਿਲੀਅਨ (ਭਾਵ ਹਰ ਪੰਜਵਾਂ ਅਮਰੀਕਨ) ਲੋਕ ਕਿਸੇ ਨਾ ਕਿਸੇ ਤਰ੍ਹਾਂ ਦੀ ਮੈਂਟਲ ਇਲਨੈਸ (ਮਾਨਸਿਕ ਰੋਗ) ਨਾਲ ਜੂਝ ਰਿਹਾ ਹੈ। ਮਾਨਸਿਕ ਰੋਗਾਂ ਵਿੱਚ ਡਿਪਰੈਸ਼ਨ, ਸਟਰੈਸ, ਡਰ, ਚਿੰਤਾ, ਗੁੱਸਾ, ਪੈਨਿਕ ਹੋਣਾ, ਹਿੰਸਕ ਹੋਣਾ, ਦਿਮਾਗੀ ਤਵਾਜਨ ਵਿਗੜਨਾ, ਫੋਬੀਆ, ਔਟਿਜ਼ਮ, ਨਸ਼ਿਆਂ ਜਾਂ ਗਲਤ ਖਾਣ ਪੀਣ ਦੀਆਂ ਆਦਤਾਂ

(ਬਾਕੀ ਸਫ਼ਾ 27 ’ਤੇ)

CONGRATULATIONS
TEAM OVER 425 REALTORS
HomeLife Silvercity Realty Inc.,Brokerage
905-913-8500
11775 Bramalea Rd # 201, Brampton
GARCHA BROTHERS

Super Visa Insurance
With all the BENEFITS & REQUIREMENTS
Life Insurance, Critical illness Insurance, Disability Insurance,RRSP, RESP Etc.
For More Information Call
Harcharan Singh Parhar
403-681-8689

CAMBRIDGE
Call Rani - 403-612-7881
Amar - 403-470-2627

A Class Granite Ltd.
A CLASS GRANITE
PRICED RIGHT AND DONE RIGHT
WWW.ACLASSGRANITE.ORG
CALL FOR A FREE ESTIMATE
MALKIT
778 889 9526
#48,49 13315 115 Ave Surrey
Office: 604.496.6746
m.swaich@aclassgranite.org
www.aclassgraniteltd.com
• KITCHEN COUNTERS • STAIRCASES
• VANITIES • INSTALLATIONS
• FIRE PLACES • REPAIRS

urban Real Estate Services Ltd.
BALJINDER SANGHA
MLS Real Estate Associate
CERTIFIED CONDOMINIUM SPECIALIST
"All our buyers Get 2 year Purchase Guarantee"
"Buy or Sell Home with 1 year Home Warranty"
(call for more detail)
Urban Real Estate Services Ltd.
Email : baljindersangha@urban-realty.ca www.urban-realty.ca
Cell :403-680-3212

Dhillon Fashions
Ladies Clothing | Wedding Clothing
Kids Dressing | Fashion Jewellery
1110-4818 Westwinds Dr. NE. Calgary
Green Plaza (By Dr. Bhullar)
Ph. : 403-453-9090
Cell : 403-614-2096


ਹਰ ਤਰਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance
• Home Insurance
• Life Insurance
• Critical illness
• Disability Insurance
• Car Loans
SAVE UPTO 35%
• ਕਾਰ ਇੰਸ਼ੋਰੈਂਸ
• ਹੋਮ ਇੰਸ਼ੋਰੈਂਸ
• ਲਾਈਫ ਇੰਸ਼ੋਰੈਂਸ
• ਕਰਿਟੀਕਲ ਇਲਨੈਸ ਇੰਸ਼ੋਰੈਂਸ
• ਡਿਸਅਬਿਲਿਟੀ ਇੰਸ਼ੋਰੈਂਸ
• ਕਾਰ ਲੋਨ
Call us for FREE Insurance Quote
Paramjit Plaha
403 554.4444
paramjit@paramjit.ca
paramjit.ca
215 - 2323 32 Ave NE Calgary AB T2E 6Z3

SUPER VISA INSURANCE
PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca
Sherjang Singh Rana 416.910.9000
Sandeep Ahuja 416.660.1010


Si SECURELIFE
INSURANCE AGENCY INC.
NOW HIRING !!!
NEW & EXPERIENCED ADVISORS
Ravinderjit Basra
416-845-6232
www.securelifeinsurance.ca


For All your Commercial Real Estate needs in Alberta, Motels/Hotels, Gas Station, Liquor Store, Plazas, Franchise, Restaurant
Call Gurprit Sidhu (Rana)
Ph:403.831.5000
Email: sidhugurprit@hotmail.com
www.bruceliang.ca


Punjab Insurance Inc.
Super Visa Insurance
Your Expert Advisor for SUPER VISA INSURANCE
• Life Insurance • Mortgage Insurance • Critical Illness Insurance • Disability Insurance • RESP, RRSP
303, 7- Westwinds Cres. NE Calgary AB, Canada T3J5H2
Website : www.calgaryinsurancequotes.com
HARPINDER SIDHU
(403) 404-3500


Tiwana
Real Estate Team
LIST WITH US
FOR GUARANTEED RESULTS
MEET THE TEAM:
Malvinder Tiwana
Harman Tiwana
Ajitpal Gill
❖ Professional Services
❖ Free Home Evaluation
❖ Digital Marketing & Social Media
❖ Top Dollars in your Pocket
❖ Superb Negotiation Skills
❖ Team of 3 Realtors With Full Time Office Staff
ROYAL LEPAGE
100 YEARS
Call: 403-830-5152
Visit: www.TiwanaTeam.com
Email: tiwanateam@gmail.com
Address: 110-7220 Fisher St SE, Calgary, AB T2H 2H8
www.TiwanaTeam.com

## SARO KARAN DI AWAZ

**Publisher**
Pro-People Arts Project Media Group 29 Mapleview Ave, Brampton Ontario, CA, L6R 1M2

**Chief Editor**
Harbans Singh
416-817-7142
ppapmg@gmail.com

**Managing Director**
Devinder Toor, Toronto
416-902-9372
ppapmg@gmail.com

**Sub Editor**
Master Bhajan Singh
Calgary (Alberta)
403-455-4220
btarksheel@gmail.com

**Sub Editor**
Dr. Hardeep Singh, Milton (Ontario)
416-209-6363
deephsingh@gmail.com

**Sub Editor**
Randeep Singh (India)
09855695905
rvs0001@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

**Sports Advisor**
Sukhvir Grewal
403-402-0770
sukhsports@gmail.com

Surinder Mavi Winnipeg
204-510-6284
surindermavi@gmail.com

Parminder Swaich
Surrey (BC)
604-760-4794

Rupinder Singh Kaler
Edmonton
780-807-6517

**Graphic Desinger**
Baljinder Singh
+91-98782-29598
+91-92167-29598
akashdeep.1064@gmail.com

**Honorary Advisory Board**

Sukhdev Singh Sandhu (Toronto)

Master Balbir Singh Gill (Toronto)

Jaspreet Dhaliwal (Toronto)

Harcharan Singh Parhar Calgary

Malkit Singh Abbotsford (BC)

Narbhinder Singh (India) (Punjab)
935-443-0211

Buta Singh Nawan Shahr (Punjab)
946-347-4342
atoozed@gmail.com

Jaswant Zirakh (India) (Punjab)
98151-69825
jaswantzirakh@gmail.com


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।





Details of 163 trinity:

$837,000 | 3,348 sq ft | 3 car garage | Walkout basement | 2 master bedrooms
Spice kitchen | Main floor bed and bath 4 bathrooms
Select all colors and specs if purchased now

Details of 705 mcdougal rd:

Practically in downtown

brand new 2300 sq ft townhouses with single garage

You can't beat these spectacular view

Priced to sell at $889,000

Call Rani - 403-612-7881
Amar - 403-470-2627




# ਜਬਰ ਦੇ ਖਿਲਾਫ ਸੰਘਰਸ਼ ਦੇ ਹੱਕ ਨੂੰ ਬੁਲੰਦ ਕਰਨ ਲਈ

## ਆਓ ਮਨਜੀਤ ਧਨੇਰ ਦੀ ਉਮਰ ਕੈਦ ਖਤਮ ਕੀਤੇ ਜਾਣ ਲਈ ਭਰਵਾਂ ਯੋਗਦਾਨ ਪਾਈਏ



ਇਨਸਾਫ ਪਸੰਦ ਸਾਥੀਉ ,

ਇੱਕ ਬਹੁਤ ਹੀ ਜ਼ਰੂਰੀ ਬੇਨਤੀ ਕਰਨ ਵਾਸਤੇ ਤੁਹਾਡਾ ਕੁਛ ਸਮਾਂ ਲੈਣਾ ਚਾਹੁੰਦੇ ਹਾਂ। ਸਾਲ 1997 ਦੌਰਾਨ ਵਾਪਰੇ "ਕਿਰਨਜੀਤ ਕੌਰ ਬਲਾਤਕਾਰ ਅਤੇ ਕਤਲਕਾਂਡ" ਅਤੇ ਇਸਦੇ ਖਿਲਾਫ ਚੱਲੇ ਲੋਕ ਘੋਲ ਬਾਰੇ ਤੁਸੀਂ ਜਰੂਰ ਕੁਛ ਨਾ ਕੁਛ ਸੁਣਿਆ ਹੋਵੇਗਾ। ਸੰਖੇਪ ਵਿਚ ਦੁਹਰਾ ਰਿਹਾ ਹਾਂ।

(1) ਮਹਿਲ ਕਲਾਂ, ਜ਼ਿਲ੍ਹਾ ਬਰਨਾਲਾ ਦੇ ਹੰਕਾਰੇ ਹੋਏ ਗੁੰਡਾ ਪਰਿਵਾਰ ਦੇ ਭੂਸਰੇ ਹੋਏ ਕਾਕਿਆਂ ਨੇ ਕਾਲਜ ਵਿਦਿਆਰਥਣ ਕਿਰਨਜੀਤ ਕੌਰ ਨੂੰ ਕਾਲਜ ਤੋਂ ਵਾਪਸ ਆਪਣੇ ਘਰ ਜਾਂਦਿਆਂ ਰਸਤੇ ਚ ਘੇਰ ਕੇ ਬਲਾਤਕਾਰ ਕਰਨ ਉਪਰੰਤ ਕਤਲ ਕਰ ਦਿੱਤਾ ਅਤੇ ਉਸਦੀ ਲਾਸ਼ ਆਪਣੇ ਖੇਤ ਹੀ ਦੱਬ ਦਿੱਤੀ।

(2) ਉਸ ਗੁੰਡਾ ਪਰਿਵਾਰ ਦਾ ਪਿਛੋਕੜ ਇਸ ਤਰਾਂ ਹੈ ਕਿ ਲਗਭਗ ਡੇਢ ਸੌ ਏਕੜ ਜ਼ਮੀਨ ਵਾਲੇ ਇਸ ਪਰਿਵਾਰ ਦੇ ਬਜ਼ੁਰਗ ਮੁਖੀ ਜਵਾਹਰੇ ਦੇ ਤਿੰਨ ਪੁੱਤਰ ਸਨ। 1997 ਵਿੱਚ ਜਦੋਂ ਇਹ ਵਹਿਸ਼ੀ ਕਾਂਡ ਵਾਪਰਿਆ ਉਸ ਸਮੇਂ ਜਵਾਹਰੇ ਦੇ ਤਿੰਨਾਂ ਪੁੱਤਰਾਂ ਵਿੱਚੋਂ ਇੱਕ ਬਲਾਕ ਲੈਵਲ ਦਾ ਮੁੱਖ ਅਕਾਲੀ ਆਗੂ ਸੀ ਤੇ ਉਸ ਦੀ ਸੁਖਦੇਵ ਸਿੰਘ ਢੀਂਡਸੇ ਰਾਹੀਂ ਉਸ ਸਮੇਂ ਦੇ ਮੁੱਖ ਮੰਤਰੀ ਬਾਦਲ ਤੱਕ ਸਿੱਧੀ ਪਹੁੰਚ ਸੀ। ਦੂਸਰਾ ਚੰਦ ਸਿੰਘ ਚੋਪੜੇ ਦਾ ਗੂੜ੍ਹਾ ਯਾਰ ਸੀ ਤੇ ਉਸ ਦੀ ਚੋਪੜੇ ਰਾਹੀਂ 'ਕਿੰਗ ਮੇਕਰ' ਹਰਕਿਸ਼ਨ ਸਿੰਘ ਸੁਰਜੀਤ ਅਤੇ ਉਸ ਸਮੇਂ ਦੇ ਕੇਂਦਰੀ ਕੈਬਨਿਟ ਮੰਤਰੀ ਬਲਵੰਤ ਸਿੰਘ ਰਾਮੂਵਾਲੀਏ ਤੱਕ ਸਿੱਧੀ ਤੇ ਤਕੜੀ ਪਹੁੰਚ ਸੀ। ਤੀਸਰੇ ਦੇ ਘਰ ਦੀ, ਮਹਿਲਕਲਾਂ ਦੇ ਥਾਣੇ ਨਾਲ ਕੰਧ ਸਾਂਝੀ ਸੀ। ਜਿਸ ਕਾਰਨ ਉਸ ਦਾ ਤੇ ਉਸ ਦੇ ਪਰਿਵਾਰਕ ਮੈਂਬਰਾਂ ਦਾ ਸਾਰਾ ਹੀ ਦਿਨ ਥਾਣੇ ਵਿੱਚ ਅਤੇ ਥਾਣੇ ਦੇ ਸਭ ਛੋਟੇ-ਵੱਡੇ ਮੁਲਾਜ਼ਮਾਂ ਦਾ ਉਸ ਦੇ ਘਰ ਵਿੱਚ ਆਉਣ-ਜਾਣ ਬਣਿਆ ਰਹਿੰਦਾ ਸੀ। ਮਤਲਬ ਉਸ ਦੇ ਪਰਿਵਾਰਕ ਮੈਂਬਰ ਅਤੇ ਥਾਣੇ ਮੁਲਾਜ਼ਮ ਆਪਸ ਵਿੱਚ ਸਭ ਤੋਂ ਗੂਹੜੇ 'ਰਿਸ਼ਤੇਦਾਰਾਂ' ਵਾਂਗ ਵਿਚਰਦੇ ਸਨ। ਜਵਾਹਰੇ ਦਾ ਇੱਕ ਦੋਹਤਾ ਅਕਾਲੀ ਐੱਮਪੀ ਅਮਰੀਕ ਸਿੰਘ ਆਲੀਵਾਲ ਦਾ ਪੀਏ ਸੀ। ਇਸ ਤੋਂ ਇਲਾਵਾ 'ਖਾੜਕੂਵਾਦ' ਦੇ ਸਮੇਂ ਉਸ ਦਾ ਇੱਕ ਹੋਰ ਦੋਹਤਾ, ਇੱਕ 'ਖਾੜਕੂ ਜਥੇਬੰਦੀ' ਦਾ ਕਮਾਂਡਰ ਹੁੰਦਾ ਸੀ, ਜਿਹੜਾ ਅਕਸਰ ਆਪਣੇ 'ਅਸਾਲਟਾਂ ਵਾਲੇ ਸਾਥੀਆਂ' ਨਾਲ ਇਲਾਕੇ ਵਿੱਚ ਗੇੜੇ ਮਾਰਦਾ ਹੁੰਦਾ ਸੀ।

ਲੋਕਾਂ ਦੇ ਦੱਸਣ ਮੁਤਾਬਿਕ ਇਸ ਪਰਿਵਾਰ ਨੇ ਅਧਿਓਂ ਵਧੇਰੇ ਜ਼ਮੀਨ, ਅਨੇਕਾਂ ਗੁੱਝੇ ਕਤਲਾਂ ਅਤੇ ਹੋਰ ਕਈ ਕਿਸਮ ਦੇ ਜੁਰਮਾਂ ਰਾਹੀਂ ਹੀ ਬਣਾਈ ਹੋਈ ਸੀ। ਸਰਕਾਰੇ-ਦਰਬਾਰੇ ਵੱਡੀ ਪਹੁੰਚ ਦੇ ਬਾਵਜੂਦ, ਇਸ ਕੁਕਰਮ ਤੋਂ ਪਹਿਲਾਂ ਇਸ ਪਰਿਵਾਰ ਦੇ ਮੈਂਬਰਾਂ 'ਤੇ ਵੱਖ-ਵੱਖ ਥਾਣਿਆਂ ਵਿੱਚ 26 ਕੇਸ ਦਰਜ ਹੋ ਚੁੱਕੇ ਹੋਏ ਸਨ। ਜਿਸ ਕਾਰਨ ਪੂਰੇ ਇਲਾਕੇ ਵਿੱਚ ਇਸ ਪਰਿਵਾਰ ਦੀ ਗੁੰਡਾ- ਦਹਿਸ਼ਤ ਸੀ. ਵੱਡੇ ਸਿਆਸੀ ਲੀਡਰਾਂ ਤੇ ਉੱਚ ਪੁਲਿਸ ਅਧਿਕਾਰੀਆਂ ਨਾਲ ਗੂੜੇ ਯਾਰਾਨੇ ਹੋਣ ਕਾਰਨ ਪੁਲਿਸ ਵੱਲੋਂ ਐਫ ਆਈ ਆਰ ਲਿਖਣ ਵੇਲੇ ਹੀ ਛੱਡੀਆਂ ਚੋਰ-ਮੋਰੀਆਂ ਕਰਕੇ ਤੇ ਦੂਸਰਾ ਇਸ ਗੁੰਡਾ ਪਰਿਵਾਰ ਦੀ ਇਲਾਕੇ ਵਿੱਚ ਦਹਿਸ਼ਤ ਦੇ ਕਾਰਨ ਬਹੁਤੇ ਗਵਾਹਾਂ ਵੱਲੋਂ ਅਦਾਲਤਾਂ 'ਚ ਜਾ ਕੇ ਆਪਣੇ ਬਿਆਨਾਂ ਤੋਂ ਮੁੱਕਰ ਜਾਣ ਕਰਕੇ ਇਹ ਗੁੰਡੇ ਬਹੁਤੇ ਕੇਸਾਂ ਵਿੱਚੋਂ ਬਰੀ ਹੁੰਦੇ ਰਹੇ।

ਪਰ ਫਿਰ ਵੀ ਇਸ ਪਰਿਵਾਰ ਦੇ ਜੀਆਂ ਨੂੰ ਕੁੱਝ ਕੇਸਾਂ ਵਿੱਚ ਉਮਰਕੈਦਾਂ, ਕੁੱਝ ਵਿੱਚ 20 ਸਾਲਾਂ ਦੀ, ਕੁੱਝ 'ਚ ਸੱਤ ਸਾਲਾਂ ਦੀ, ਕੁੱਝ 'ਚ ਪੰਜ ਸਾਲਾਂ ਦੀ ਤੇ ਦੋ ਸਾਲਾਂ ਦੀਆਂ ਕੈਦਾਂ ਹੋਈਆਂ ਹੋਈਆਂ ਸਨ।

(3) ਕਿਰਨਜੀਤ ਦਾ ਕਤਲ ਕਰਨ ਤੋਂ ਬਾਅਦ ਸਰਕਾਰ ਦਰਬਾਰੇ ਚਲਦੀ ਹੋਣ ਕਰਕੇ ਲੜਕੀ ਦੇ ਬਾਪ ਦੀ ਕੋਈ ਸੁਣਵਾਈ ਨਾ ਹੋਈ , ਉਲਟਾ ਉਸਤੇ ਹੀ ਕਤਲ ਕੇਸ ਪਾਉਣ ਦੀਆਂ ਧਮਕੀਆਂ ਦਿੱਤੀਆਂ ਜਾਣ ਲੱਗੀਆਂ

(4) ਇਸ ਧੱਕੇ ਖਿਲਾਫ ਇਲਾਕੇ ਦੀਆਂ ਜਥੇਬੰਦੀਆਂ ਨੇ ਮਿਲਕੇ "ਕਿਰਨਜੀਤ ਕਤਲ ਤੇ ਬਲਾਤਕਾਰ ਵਿਰੋਧੀ ਸੰਘਰਸ਼ ਕਮੇਟੀ ਦਾ ਗਠਨ ਕਰਕੇ ਘੋਲ ਆਪਣੇ ਹੱਥ ਚ ਲੈ ਲਿਆ।

ਐਕਸ਼ਨ ਕਮੇਟੀ ਦੀ ਅਗਵਾਈ ਚ ਲੋਕਾਂ ਨੇ ਥਾਣਾ ਘੇਰਿਆ , ਸੜਕਾਂ ਜਾਮ ਕੀਤੀਆਂ ਅਤੇ ਲੋਕਾਂ ਨੂੰ ਵੱਡੇ ਪੱਧਰ ਤੇ ਜਥੇਬੰਦ ਕੀਤਾ।

(5) ਉਸ ਸਮੇਂ ਦੇ ਮੁਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਐਕਸ਼ਨ ਕਮੇਟੀ ਨੂੰ ਮਿਲਣ ਵਾਸਤੇ ਸਮਾਂ ਵੀ ਨਾ ਦਿੱਤਾ , ਪਰ ਜਦੋਂ ਲੋਕਾਂ ਦਾ ਹੜ ਸੜਕਾਂ ਤੇ ਵਹਿ ਤੁਰਿਆ ਤਾਂ ਬਾਦਲ ਆਪ ਕਿਰਨਜੀਤ ਦੇ ਘਰ ਆਇਆ ਅਤੇ ਪਰਿਵਾਰ ਨਾਲ ਗੱਲ ਕਰਕੇ ਉਹਨਾਂ ਦੀ ਮੰਗ ਪੁੱਛੀ । ਕੁੜੀ ਦੀ ਮਾਂ ਨੇ ਕਿਹਾ ਕਿ ਜਿਸ ਜਗਾਹ ਤੇ ਮੇਰੀ ਬੇਟੀ ਨਾਲ ਧੱਕਾ ਹੋਇਆ ਹੈ , ਗੁੰਡਿਆਂ ਨੂੰ ਉਸ ਥਾਂ ਤੇ ਫਾਂਸੀ ਦੇ ਦੇ। .. ਬਾਦਲ ਕਹਿੰਦਾ , " ਇਹ ਤਾਂ ਮੈਂ ਨਹੀਂ ਕਰ ਸਕਦਾ , ਕੁਝ ਹੋਰ ਮੰਗੋ। .."

ਉਹ ਕਹਿੰਦੇ , " ਹੋਰ ਸਾਡੇ ਕੋਲ ਖਾਣ ਜੋਗਾ ਹੈਗਾ , ਕਿਸੇ ਹੋਰ ਖੈਰ ਦੀ ਲੋੜ ਨਹੀਂ। ."

(6) ਐਕਸ਼ਨ ਕਮੇਟੀ ਦੀ ਅਗਵਾਈ ਚ ਚੱਲੇ ਘੋਲ ਕਾਰਨ ਇਲਾਕੇ ਵਿਚ ਗੁੰਡਿਆਂ ਦੀ ਦਹਿਸ਼ਤ ਚਕਨਾ ਚੂਰ ਹੋਈ ਅਤੇ ਉਮਰ ਕੈਦ ਦੀਆਂ ਸਜਾਵਾਂ ਹੋਈਆਂ

(7) ਇਸੇ ਦੌਰਾਨ ਗੁੰਡਾ ਪਰਿਵਾਰ ਦੇ ਬਜ਼ੁਰਗ , ਦਲੀਪੇ ਦਾ ,ਉਹਨਾਂ ਦਾ ਕਿਸੇ ਹੋਰ ਵਿਰੋਧੀਆਂ ਨੇ ਬਰਨਾਲਾ ਕਚਹਿਰੀਆਂ ਚ ਕਤਲ ਕਰ ਦਿੱਤਾ। ਗੁੰਡਿਆਂ ਨੇ ਬਦਲਾ ਲੈਣ ਲਈ ਅਸਲੀ ਦੋਸ਼ੀਆਂ ਦੇ ਨਾਲ ਐਕਸ਼ਨ ਕਮੇਟੀ ਦੇ ਤਿੰਨ ਆਗੂਆਂ ਮਾਸਟਰ ਪ੍ਰੇਮ ਕੁਮਾਰ , ਬਿਜਲੀ ਮੁਲਾਜ਼ਮ ਆਗੂ ਨਰਾਇਣ ਦੱਤ ਅਤੇ ਕਿਸਾਨ ਆਗੂ ਮਨਜੀਤ ਧਨੇਰ ਦਾ ਨਾਮ ਕਾਤਲਾਂ ਵਿਚ ਲਿਖਵਾ ਦਿੱਤਾ। ਭਾਵੇਂ ਅਸਲੀ ਦੋਸ਼ੀਆਂ ਨੇ ਅਦਾਲਤ ਵਿਚ ਬਿਆਨ ਦਿੱਤੇ ਕਿ ਕਤਲ ਅਸੀਂ ਕਰਿਆ ਹੈ ਅਤੇ ਇਸ ਵਿਚ ਐਕਸ਼ਨ ਕਮੇਟੀ ਆਗੂ ਸ਼ਾਮਲ ਨਹੀਂ ਪਰ ਲੋਕ ਦੋਖੀ ਪ੍ਰਬੰਧ ਦੇ ਹਿੱਸੇ ਵਜੋਂ ਅਦਾਲਤ ਨੇ ਤਿੰਨੇ ਐਕਸ਼ਨ ਕਮੇਟੀ ਆਗੂਆਂ ਨੂੰ ਵੀ ਉਮਰ ਕੈਦ ਦੀ ਸਜ਼ਾ ਸੁਣਾ ਦਿੱਤੀ।

(8) ਇਸ ਸਜਾ ਖਿਲਾਫ ਚੱਲੇ ਲੋਕ ਘੋਲ ਦੇ ਨਤੀਜੇ ਵਜੋਂ ਗਵਰਨਰ ਪੰਜਾਬ ਨੇ ਤਿੰਨੇ ਆਗੂਆਂ ਦੀ ਉਮਰ ਕੈਦ ਮੁਆਫ ਕਰ ਦਿੱਤੀ , ਪਰ ਹਾਈ ਕੋਰਟ ਨੇ ਪ੍ਰੇਮ ਕੁਮਾਰ ਅਤੇ ਨਰਾਇਣ ਦੱਤ ਦੀ ਸਜਾ ਮੁਆਫ ਰੱਖਦੇ ਹੋਏ ਮਨਜੀਤ ਧਨੇਰ ਦੀ ਮੁਆਫੀ ਦੁਬਾਰਾ ਵਿਚਾਰਨ ਵਾਸਤੇ ਗਵਰਨਰ ਪੰਜਾਬ ਕੋਲ ਭੇਜ ਦਿੱਤੀ , ਜੋ ਕਿ ਸੱਤ ਸਾਲ ਬੀਤ ਜਾਣ ਦੇ ਬਾਵਜੂਦ ਹਾਲੇ ਤੱਕ ਕਿਸੇ ਤਣ ਪੱਤਣ ਨਹੀਂ ਲੱਗੀ।

(9) ਹੁਣ ਕੇਸ ਸੁਪ੍ਰੀਮ ਕੋਰਟ ਵਿਚ ਹੈ ਅਤੇ ਧੱਕੇ ਖਿਲਾਫ ਲੜਨ ਵਾਲੇ ਸਾਡੇ ਆਗੂ ਦੇ ਸਿਰ ਤੇ ਉਮਰ ਕੈਦ ਦੀ ਤਲਵਾਰ ਲਟਕ ਰਹੀ ਹੈ , ਜਦੋਂ ਕਿ ਗੁੰਡੇ ਕੈਦ ਕੱਟ ਕੇ ਆਪਦੇ ਘਰਾਂ ਚ ਵੀ ਆ ਚੁੱਕੇ ਹਨ। ਸਾਥੀ ਮਨਜੀਤ ਧਨੇਰ ਅੱਜ ਕੱਲ ਭਾਰਤੀ ਕਿਸਾਨ ਯੂਨੀਅਨ ( ਡਕੌਂਦਾ ) ਦਾ ਸੂਬਾ ਮੀਤ ਪ੍ਰਧਾਨ ਹੈ।

ਸ਼ਹੀਦਾਂ ਦੀ ਧਰਤੀ ਦੇ ਵਾਰਸੋ , ਵੋਟ ਪਾਰਟੀਆਂ ਦੇ ਲੀਡਰ ਬਣਕੇ ਲੁੱਟ ਚੋਂ ਹਿੱਸਾ ਲੈਣ ਵਾਸਤੇ ਤਾਂ ਬਹੁਤ ਲੀਡਰ ਜੰਮ ਪੈਂਦੇ ਹਨ ਪਰ ਧੱਕੇ ਅਤੇ ਜ਼ੁਲਮ ਖਿਲਾਫ ਲੜਨ ਵਾਸਤੇ ਕੋਈ ਕੋਈ ਨਿੱਤਰਦਾ ਹੈ। ਜ਼ੁਲਮ ਖਿਲਾਫ ਲੜਨ ਵਾਲੇ ਲੋਕ ਆਗੂਆਂ ਦੀ ਰਾਖੀ ਲੋਕਾਂ ਨੇ ਹੀ ਕਰਨੀ ਹੈ। ਇਸ ਸਜਾ ਨੂੰ ਮੁਆਫ ਕਰਾਉਣ ਲਈ ਪੰਜਾਬ ਦੀਆਂ ਦੋ ਦਰਜਨ ਤੋਂ ਵੱਧ ਜਥੇਬੰਦੀਆਂ ਦੀ ਐਕਸ਼ਨ ਕਮੇਟੀ ਬਣ ਚੁੱਕੀ ਹੈ। ਐਕਸ਼ਨ ਕਮੇਟੀ ਨੇ ਸਭ ਤੋਂ ਪਹਿਲਾ ਸੱਦਾ ਦਸਖਤ ਮੁਹਿੰਮ ਚਲਾਕੇ ਸਰਕਾਰ ਕੋਲੋਂ ਸਜ਼ਾ ਮੁਆਫੀ ਦੀ ਮੰਗ ਕਰਨ ਦਾ ਕੀਤਾ ਹੈ।

ਇਸ ਲਈ ਅਸੀਂ ਤੁਹਾਨੂੰ ਬੇਨਤੀ ਕਰਦੇ ਹਾਂ ਕਿ ਇਸ ਧੱਕੇ ਖਿਲਾਫ ਆਪੋ ਆਪਣੇ ਦਸਖਤ ਕਰਕੇ ਇਸ ਸ਼ੰਘਰਸ ਵਿਚ ਆਪਣਾ ਹਿੱਸਾ ਪਾਉ।

ਪ੍ਰੋਫਾਰਮਾ ਹੇਠ ਲਿਖੇ ਅਨੁਸਾਰ ਹੈ। ਦਸਖਤ ਕਰਕੇ ਪੰਜਾਬ ਦੀ ਕਿਸੇ ਵੀ ਜਨਤਕ ਜਥੇਬੰਦੀ ਰਾਹੀਂ ਭੇਜਿਆ ਜਾ ਸਕਦਾ ਹੈ

××××××××××××××××××××××××××××××××××××××××××××××××××××××××××××××××××××××××××××

" ਅਸੀਂ ਮਾਣਯੋਗ ਮੁਖ ਮੰਤਰੀ ਪੰਜਾਬ ਪਾਸੋਂ ਸਨਿਮਰ ਮੰਗ ਕਰਦੇ ਹਾਂ ਲੋਕ ਆਗੂ ਮਨਜੀਤ ਸਿੰਘ ਧਨੇਰ ਨੂੰ ਪੁਲਿਸ ਸਟੇਸ਼ਨ ਕੋਤਵਾਲੀ ਬਰਨਾਲਾ ਵਿਖੇ ਦਰਜ ਐਫ ਆਈ ਆਰ ਨੰਬਰ 56 , ਮਿਤੀ 03/03/2001 ਤਹਿਤ ਸੁਣਾਈ ਉਮਰ ਕੈਦ ਸਜਾ ਖਤਮ ਕੀਤੀ ਜਾਵੇ ਜੀ। "

**ਨਾਮ ਪਿਤਾ ਦਾ ਨਾਮ ਪਤਾ ਦਸਖਤ**

×××××××××××××××××××××××××××

# ਇਨਸਾਨੀਅਤ ਦਾ ਖ਼ੂਨ ਤੇ ਇਨਸਾਨੀ ਬੇਵਸੀ



ਕੁਲਦੀਪ ਨਈਅਰ

ਕਿਸੇ ਨਾਲ ਹੁੰਦੀ ਬੇਇਨਸਾਫ਼ੀ ਅੱਜ ਵੀ ਮੈਨੂੰ ਓਨਾ ਹੀ ਪ੍ਰੇਸ਼ਾਨ ਕਰਦੀ ਹੈ, ਜਿੰਨੀ 60 ਸਾਲ ਪਹਿਲਾਂ ਕਰਦੀ ਸੀ। ਬਹੁਤ ਥੋੜ੍ਹੇ ਲੋਕ ਮੇਰੇ ਮਿੱਤਰ ਹਨ ਅਤੇ ਉਹ ਵੀ ਓਹੀ ਲੋਕ ਹਨ ਜੋ ਜ਼ਿੰਦਗੀ ਦੀਆਂ ਇਨ੍ਹਾਂ ਬੁਨਿਆਦੀ ਕਦਰਾਂ-ਕੀਮਤਾਂ ਦਾ ਸਤਿਕਾਰ ਕਰਦੇ ਹਨ। ਬਚਪਨ ਤੋਂ ਹੀ ਮੇਰਾ ਦਿਲ ਕਿਸੇ ਵੀ ਸ਼ਖ਼ਸ ਦਾ ਦੁੱਖ ਦੇਖ ਕੇ ਪ੍ਰੇਸ਼ਾਨ ਹੋ ਜਾਂਦਾ ਸੀ। ਮੈਂ ਕਸ਼ਮੀਰ ਵਿੱਚ ਅਜਿਹੇ ਲੋਕਾਂ ਦੀ ਧਿਰ ਬਣ ਕੇ ਖਲੋਤਾ, ਜੋ ਆਪਣੀ ਪਛਾਣ ਖੋਜ ਰਹੇ ਹਨ; ਬਿਹਾਰ ਵਿੱਚ ਵੀ ਮੈਂ ਅਜਿਹੇ ਲੋਕਾਂ ਦੇ ਨਾਲ ਡਟ ਕੇ ਖੜ੍ਹਿਆ, ਜਿੱਥੇ ਜ਼ੋਰਾਵਰਾਂ ਨੇ ਗ਼ਰੀਬਾਂ ਦੀਆਂ ਜ਼ਮੀਨਾਂ ਉਤੇ ਧੋਖੇ ਨਾਲ ਕਬਜ਼ਾ ਕਰ ਲਿਆ। ਜਿੱਥੇ ਕਿਤੇ ਵੀ ਵੱਡੇ ਵੱਡੇ ਡੈਮ ਉਸਾਰ ਕੇ ਹਜ਼ਾਰਾਂ ਕਬਾਇਲੀਆਂ ਅਤੇ ਕਿਸਾਨਾਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ 'ਚੋਂ ਉਜਾੜ ਕੇ ਬੇਘਰ ਕਰ ਦਿੱਤਾ ਗਿਆ, ਉਥੇ ਮੈਂ ਉਨ੍ਹਾਂ ਦੇ ਹੱਕਾਂ ਲਈ ਆਵਾਜ਼ ਉਠਾਈ।

ਮੈਨੂੰ ਜਿੱਥੇ ਕਿਤੇ ਵੀ ਪਿਆਰ-ਮੁਹੱਬਤ ਮਿਲੀ, ਮੈਂ ਉਸ ਦਾ ਮੂਹਰਿਓਂ ਉਸੇ ਭਾਵਨਾ ਨਾਲ ਹੁੰਗਾਰਾ ਭਰਿਆ ਅਤੇ ਇਹੀ ਮੇਰੀ ਜ਼ਿੰਦਗੀ ਦਾ ਬੁਨਿਆਦੀ ਅਸੂਲ ਰਿਹਾ ਹੈ। ਸ਼ਾਇਦ ਇਹੀ ਕਾਰਨ ਹੈ ਕਿ ਮੇਰੇ ਲਈ ਧਾਰਮਿਕ ਅਤੇ ਸਿਆਸੀ ਸਰਹੱਦਾਂ ਹਮੇਸ਼ਾ ਹੀ ਬੇਮਾਅਨੇ ਰਹੀਆਂ ਹਨ। ਵੰਡ ਵੇਲੇ ਜਿਸ ਨੌਜਵਾਨ ਮੁਸਲਮਾਨ ਨੇ ਸਿਆਲਕੋਟ ਰੇਲਵੇ ਸਟੇਸ਼ਨ 'ਤੇ ਮੇਰੇ ਮਾਪਿਆਂ ਦੀ ਰੱਖਿਆ ਕੀਤੀ, ਉਹ ਮੇਰੇ ਲਈ ਇਨਸਾਨ ਪਹਿਲਾਂ ਸੀ ਅਤੇ ਪਾਕਿਸਤਾਨੀ ਬਾਅਦ ਵਿੱਚ। ਮੈਂ ਸਾਰੀ ਉਮਰ ਉਸ ਦੇ ਇਸ ਅਹਿਸਾਨ ਲਈ ਮਨ ਵਿੱਚ ਉਸ ਦਾ ਸ਼ੁਕਰਗੁਜ਼ਾਰ ਰਿਹਾ ਹਾਂ। ਇਸੇ ਤਰ੍ਹਾਂ 1947 ਵਿੱਚ ਵੰਡ ਵੇਲੇ ਮੁਸਲਮਾਨਾਂ ਅਤੇ 1984 ਕਤਲੇਆਮ ਦੌਰਾਨ ਸਿੱਖਾਂ ਨੂੰ ਬਚਾਉਣ ਵਾਲੇ ਹਿੰਦੂ ਮੇਰੇ ਲਈ ਜ਼ਿੰਦਗੀ ਦੇ ਨਾਇਕ ਸਨ।

ਅੱਜ ਜਦੋਂ ਮੈਂ ਬੀਤੇ ਸਮੇਂ 'ਤੇ ਝਾਤੀ ਮਾਰਦਾ ਹਾਂ ਤਾਂ ਮੈਂ ਮਹਿਸੂਸ ਕਰਦਾ ਹਾਂ ਕਿ ਹੋ ਸਕਦੈ ਕਿ ਮੈਂ ਹਿੰਦੂਆਂ ਅਤੇ ਮੁਸਲਮਾਨਾਂ ਦੋਹਾਂ ਦੇ ਤਜਰਬੇ ਨੂੰ ਰੋਮਾਂਚਕ ਢੰਗ ਨਾਲ ਪੇਸ਼ ਕੀਤਾ ਹੋਵੇ ਪਰ ਅਜਿਹਾ ਕਰਦਿਆਂ ਮੈਂ ਉਨ੍ਹਾਂ ਮਾੜੇ ਸਮਿਆਂ ਦਾ ਜ਼ਿਕਰ ਕੀਤਾ ਹੈ, ਜਿਨ੍ਹਾਂ ਵਿੱਚੋਂ ਹਿੰਦੁਸਤਾਨ, ਪਾਕਿਸਤਾਨ ਅਤੇ ਬੰਗਲਾਦੇਸ਼ ਗੁਜ਼ਰੇ ਹਨ। ਇਨਸਾਨੀਅਤ ਦਾ ਖ਼ੂਨ ਵਹਾ ਕੇ ਅਤੇ ਆਪਣਿਆਂ ਨੂੰ ਗੁਆ ਕੇ ਇਨ੍ਹਾਂ ਦੇਸ਼ਾਂ ਦਾ ਜਨਮ ਹੋਇਆ ਹੈ।

ਮੈਂ ਜਦੋਂ ਵੀ ਕਿਸੇ ਦੂਜੇ ਦਾ ਦੁੱਖ-ਦਰਦ ਦੇਖਦਾ ਹਾਂ ਤਾਂ ਮੈਂ ਧੁਰ ਅੰਦਰੋਂ ਹਲੂਣਿਆ ਜਾਂਦਾ ਹਾਂ ਅਤੇ ਉਨ੍ਹਾਂ ਦਾ ਦੁੱਖ-ਦਰਦ ਮੈਨੂੰ ਆਪਣਾ ਜਾਪਣ ਲਗਦਾ ਹੈ। 13 ਸਤੰਬਰ, 1947 ਨੂੰ ਜਦੋਂ ਮੈਂ ਸਰਹੱਦ ਪਾਰ ਕਰਕੇ ਹਿੰਦੁਸਤਾਨ 'ਚ ਦਾਖਲ ਹੋਇਆ ਤਾਂ ਮੈਂ ਧਰਮ ਦੇ ਨਾਂ 'ਤੇ ਵਹਾਏ ਗਏ ਮਨੁੱਖਤਾ ਦੇ ਖ਼ੂਨ ਅਤੇ ਤਬਾਹੀ ਦੇ ਮੰਜ਼ਰ ਅੱਖੀਂ ਦੇਖੇ। ਉਸ ਮੌਕੇ ਮੈਂ ਆਪਣੇ ਆਪ ਨਾਲ ਵਾਅਦਾ ਕੀਤਾ ਕਿ ਇਸ ਨਵੇਂ ਹਿੰਦੁਸਤਾਨ ਵਿੱਚ ਹੁਣ ਧਰਮ ਅਤੇ ਜਾਤ-ਪਾਤ ਦੇ ਨਾਂ 'ਤੇ ਕਿਸੇ ਨਾਲ ਕੋਈ ਵਿਤਕਰਾ ਨਹੀਂ ਹੋਣ ਦਿੱਤਾ ਜਾਵੇਗਾ। 1984 ਵਿੱਚ ਸਿੱਖਾਂ ਦੇ ਕਤਲੇਆਮ ਅਤੇ 2002 ਵਿੱਚ ਗੁਜਰਾਤ ਦੰਗੇ ਦੇਖ ਕੇ ਮੇਰੀਆਂ ਭੁੱਬਾਂ ਨਿਕਲ ਗਈਆਂ। ਧਰਮ ਦੇ ਨਾਂ 'ਤੇ ਇਹ ਉਸੇ ਫਿਰਕੂ ਹਿੰਸਾ ਦਾ ਦੁਹਰਾਉ ਸੀ, ਜੋ 1947 ਵਿੱਚ ਹੋਈ ਸੀ। ਗੁਜਰਾਤ ਦੇ ਦੰਗਾਗ੍ਰਸਤ ਇਲਾਕਿਆਂ ਵਿਚਲੇ ਸ਼ਰਨਾਰਥੀ ਕੈਂਪ, ਔਰਤਾਂ ਨਾਲ ਬਲਾਤਕਾਰ ਦੀਆਂ ਖ਼ੌਫ਼ਨਾਕ ਘਟਨਾਵਾਂ ਅਤੇ ਮੁਸਲਮਾਨ ਪਰਿਵਾਰਾਂ ਨੂੰ ਉਨ੍ਹਾਂ ਦੇ ਘਰਾਂ 'ਚੋਂ ਉਜਾੜੇ ਜਾਣਾ ਸਭ ਕੁਝ ਇਸੇ ਗੱਲ ਦਾ ਪ੍ਰਮਾਣ ਸੀ ਕਿ ਦਹਾਕਿਆਂ ਬਾਅਦ ਵੀ ਅਸੀਂ ਹਿੰਦੁਸਤਾਨ ਦੀ ਸਿਆਸਤ ਨੂੰ ਸਹੀ ਅਰਥਾਂ ਵਿੱਚ ਧਰਮ ਨਿਰਪੱਖ ਰੂਪ ਨਹੀਂ ਦੇ ਸਕੇ।

ਆਪਣੇ ਪੱਤਰਕਾਰੀ ਜੀਵਨ ਦੌਰਾਨ ਮੈਨੂੰ ਬਹੁਤ ਸਾਰੀਆਂ ਨਫ਼ਰਤ ਭਰੀਆਂ ਚਿੱਠੀਆਂ ਅਤੇ ਧਮਕੀਆਂ ਮਿਲੀਆਂ। ਇਹ ਚਿੱਠੀਆਂ ਬਹੁਤਾ ਕਰਕੇ ਕੱਟੜ ਹਿੰਦੂਆਂ ਦੀਆਂ ਸਨ, ਜਿਨ੍ਹਾਂ ਨੇ ਮੇਰੇ 'ਤੇ ਦੋਸ਼ ਲਾਇਆ ਸੀ ਕਿ ਮੈਂ ਹਮੇਸ਼ਾਂ ਮੁਸਲਮਾਨਾਂ ਦੇ ਹੱਕ ਵਿੱਚ ਅਤੇ ਪਾਕਿਸਤਾਨ ਪੱਖੀ ਸਟੈਂਡ ਲੈਂਦਾ ਹਾਂ। ਮੈਂ ਨਾ ਤਾਂ ਇਹ ਦਾਅਵਾ ਕਰ ਸਕਦਾ ਹਾਂ ਕਿ ਮੈਂ ਇਕੱਲਾ ਬੰਦਾ, ਪੱਤਰਕਾਰ ਜਾਂ ਲੇਖਕ ਹਾਂ, ਜਿਸ ਨੂੰ ਨਫ਼ਰਤ ਭਰੀਆਂ ਚਿੱਠੀਆਂ ਜਾਂ ਧਮਕੀਆਂ ਮਿਲੀਆਂ ਹਨ ਅਤੇ ਨਾ ਹੀ ਇਹ ਕਹਿ ਸਕਦਾ ਹਾਂ ਕਿ 1947 ਦੇ ਉਨ੍ਹਾਂ ਮਾੜੇ ਸਮਿਆਂ ਦਾ ਮੈਂ ਇਕੱਲਾ ਚਸ਼ਮਦੀਦ ਗਵਾਹ ਹਾਂ। ਸ਼ਾਇਦ ਹੋਰਾਂ ਨੇ ਸਿਰਫ਼ ਲਿਖਿਆ ਹੈ ਪਰ ਮੈਂ ਤਾਂ ਉਨ੍ਹਾਂ ਵੇਲਿਆਂ ਨੂੰ ਯਾਦ ਕਰਕੇ ਰਾਤਾਂ ਨੂੰ ਰੋਂਦਾ ਰਿਹਾ ਹਾਂ। ਮੈਨੂੰ ਲਗਦਾ ਸੀ ਕਿ ਇਸ ਸਭ ਕਾਸੇ ਦੌਰਾਨ ਮੈਂ ਕਿੰਨਾ ਬੇਵੱਸ ਸੀ। ਉਹ ਬੇਵਸੀ ਅਤੇ ਫਿਰਕੂ ਜਨੂੰਨ ਵਾਲਾ ਮਾੜਾ ਸਮਾਂ ਮੈਂ ਖੁਦ ਹੰਢਾਇਆ ਹੈ।

ਮੇਰੇ ਮਾਪਿਆਂ ਨੇ ਮੈਨੂੰ ਇਹ ਗੱਲ ਸਿਖਾਈ ਸੀ ਕਿ ਤੁਸੀਂ ਉਦੋਂ ਹੀ ਹੋਰਾਂ ਦੇ ਸਤਿਕਾਰ ਦਾ ਪਾਤਰ ਬਣਦੇ ਹੋ ਜਦੋਂ ਤੁਸੀਂ ਖੁਦ ਦੂਜਿਆਂ ਦਾ ਸਤਿਕਾਰ ਕਰਦੇ ਹੋ। ਸ਼ਾਇਦ ਉਦੋਂ ਮੈਨੂੰ ਇਸ ਗੱਲ ਦਾ ਪਤਾ ਨਹੀਂ ਸੀ ਕਿ ਵਧੀਆ ਪੱਤਰਕਾਰੀ ਉਹ ਹੁੰਦੀ ਹੈ ਜਦੋਂ ਤੁਸੀਂ ਸਿੱਟਿਆਂ ਦੀ ਪ੍ਰਵਾਹ ਕੀਤੇ ਬਗੈਰ ਅਨਿਆਂ ਨੂੰ ਜੱਗ ਜ਼ਾਹਿਰ ਕਰਨ ਦੇ ਨਾਲ ਨਾਲ ਜ਼ਿੰਦਗੀ ਦੇ ਅਸਲ ਨਾਇਕਾਂ ਨੂੰ ਸਭ ਦੇ ਸਾਹਮਣੇ ਪੇਸ਼ ਕਰਦੇ ਹੋ। ਉਸ ਅੱਲ੍ਹੜ ਉਮਰੇ ਭਾਵੇਂ ਮੇਰਾ ਸੁਫ਼ਨਾ ਸੀ ਕਿ ਮੈਂ ਵਕੀਲ ਬਣਾਂ ਪਰ ਕਿਸਮਤ ਮੈਨੂੰ ਘੇਰ ਕੇ ਹੋਰ ਪਾਸੇ ਲੈ ਗਈ। ਮੈਂ ਜਦੋਂ ਉਨ੍ਹਾਂ ਦਿਨਾਂ ਨੂੰ ਯਾਦ ਕਰਦਾ ਹਾਂ ਤਾਂ ਮੈਨੂੰ ਲੱਗਦਾ ਹੈ ਕਿ ਮੇਰਾ ਪੱਤਰਕਾਰੀ ਦੇ ਖੇਤਰ ਵਿੱਚ ਆਉਣਾ ਤਾਂ ਧੁਰੋਂ ਹੀ ਤੈਅ ਸੀ, ਬਸ ਇਹੀ ਬਾਕੀ ਸੀ ਕਿ ਮੈਂ ਕਦੋਂ ਅਤੇ ਕਿਵੇਂ ਇਸ ਖੇਤਰ ਵਿੱਚ ਦਾਖਲ ਹੁੰਦਾ ਹਾਂ। ਮੈਂ ਇਸ ਪੱਤਰਕਾਰੀ ਦੇ ਖੇਤਰ ਵਿੱਚ ਲੰਮਾ ਸਮਾਂ ਬਿਤਾਇਆ ਹੈ ਅਤੇ ਮੈਨੂੰ ਨਹੀਂ ਲੱਗਦਾ ਕਿ ਮੈਂ ਕਿਸੇ ਵੀ ਹੋਰ ਪੇਸ਼ੇ ਵਿੱਚ ਇਸ ਤੋਂ ਵੱਧ ਸਫ਼ਲ ਹੁੰਦਾ। ਇਕ ਗੱਲ ਮੈਨੂੰ ਅੰਦਰੋਂ-ਅੰਦਰ ਬਹੁਤ ਪ੍ਰੇਸ਼ਾਨ ਕਰਦੀ ਹੈ ਕਿ 50 ਸਾਲ ਪੱਤਰਕਾਰੀ ਦੇ ਖੇਤਰ ਵਿੱਚ ਸਰਗਰਮ ਰਹਿਣ ਦੇ ਬਾਵਜੂਦ ਮੈਨੂੰ ਅੱਜ ਵੀ ਵਧੀਆ ਲਿਖਣਾ ਨਹੀਂ ਆਉਂਦਾ।

**(ਸਵੈ-ਜੀਵਨੀ ਦੇ ਅੰਸ਼)**



ਗੁਰਮੀਤ ਪਲਾਹੀ

# ਪੰਜਾਬ ਦੀਆਂ ਵਿਧਵਾ ਕਿਸਾਨ ਔਰਤਾਂ ਦੀ ਪੀੜਾ





ਇਤਿਹਾਸਕ ਤੌਰ ’ਤੇ ਇਹ ਮੰਨਿਆ ਜਾਂਦਾ ਹੈ ਕਿ ਜਦੋਂ ਮਰਦ ਘਰੋਂ ਸ਼ਿਕਾਰ ਲਈ ਨਿਕਲਦੇ ਸਨ, ਘਰ ਦੀਆਂ ਔਰਤਾਂ ਆਲੇ-ਦੁਆਲੇ ਤੋਂ ਬੀਜ ਇਕੱਠੇ ਕਰਦੀਆਂ ਸਨ, ਜਿਸ ਨਾਲ ਫ਼ਸਲਾਂ ਉੱਗਦੀਆਂ ਸਨ। ਇਸੇ ਕਰ ਕੇ ਔਰਤ ਨੂੰ ਦੁਨੀਆ ਭਰ ’ਚ ਹਰਿਆਲੀ ਦੀ ਜਨਮਦਾਤੀ ਮੰਨਿਆ ਜਾਂਦਾ ਹੈ।

ਭਾਰਤ ਦੇ 60 ਫ਼ੀਸਦੀ ਲੋਕ ਸਿੱਧੇ ਜਾਂ ਅਸਿੱਧੇ ਤੌਰ ’ਤੇ ਖੇਤੀ ਕਿੱਤੇ ਨਾਲ ਜੁੜੇ ਹੋਏ ਹਨ ਅਤੇ ਪਿੰਡਾਂ ਦੇ 66 ਫ਼ੀਸਦੀ ਮਜ਼ਦੂਰੀ ਕਰਨ ਵਾਲੇ ਲੋਕ ਖੇਤੀਬਾੜੀ ਉੱਤੇ ਨਿਰਭਰ ਹਨ, ਜਦੋਂ ਕਿ ਭਾਰਤ ਵਿੱਚ ਖੇਤੀ ਨੂੰ ‘ਮੌਨਸੂਨੀ ਜੂਏ’ ਦਾ ਨਾਮ ਦਿੱਤਾ ਜਾਂਦਾ ਹੈ ਅਤੇ ਮੌਨਸੂਨ ਦੇ ਫ਼ੇਲ੍ਹ ਹੋਣ ਜਾਂ ਘੱਟ ਹੋਣ ਨਾਲ ਕਿਸਾਨਾਂ ਦੀ ਖੇਤੀ ਦੀ ਆਮਦਨੀ ਦਾਅ ਉੱਤੇ ਲੱਗ ਜਾਂਦੀ ਹੈ। ਕਦੇ ਸੋਕੇ ਦੀ ਮਾਰ, ਕਦੇ ਫ਼ਸਲ ਤੋਂ ਮਿਲਦੀ ਘੱਟ ਆਮਦਨ ਅਤੇ ਕਦੇ ਪੇਂਡੂ ਸ਼ਾਹ ਤੋਂ ਲਿਆ ਵੱਧ ਵਿਆਜ ਵਾਲਾ ਕਰਜ਼ਾ ਕਿਸਾਨਾਂ ਦਾ ਲੱਕ ਤੋੜ ਦਿੰਦਾ ਹੈ। ਸਿੱਟਾ ਉਸ ਦੀ ਮਾਨਸਿਕ ਪ੍ਰੇਸ਼ਾਨੀ ਤੇ ਅੰਤ ਬਹੁਤੀ ਵੇਰ ਆਤਮ-ਹੱਤਿਆ ’ਚ ਨਿਕਲਦਾ ਹੈ।

ਭਾਰਤੀ ਕਿਸਾਨ ਦੀ ਆਤਮ-ਹੱਤਿਆਵਾਂ ਸੰਬੰਧੀ ਇੱਕ ਰਿਪੋਰਟ ਦੱਸਦੀ ਹੈ ਕਿ ਦੁਨੀਆ ਭਰ ਵਿੱਚ ਖੇਤੀ ਖੇਤਰ ’ਚ ਗ਼ੈਰ-ਖੇਤੀ ਨਾਲੋਂ ਆਤਮ-ਹੱਤਿਆਵਾਂ ਦੀ ਦਰ ਵੱਧ ਹੈ। ਭਾਰਤ ਵਿੱਚ ਹਰ 32 ਮਿੰਟਾਂ ’ਚ ਇੱਕ ਕਿਸਾਨ ਨੇ 1997 ਅਤੇ 2005 ਦੇ ਦੌਰਾਨ ਆਤਮ-ਹੱਤਿਆ ਕੀਤੀ (ਇਹ ਅੰਕੜੇ ਯੂ ਐੱਨ ਸੀ ਐੱਸ ਡੀ ਦੀ ਰਿਪੋਰਟ ’ਤੇ ਆਧਾਰਤ ਹਨ) ਅਤੇ ਪੰਜਾਬ, ਮਹਾਰਾਸ਼ਟਰ, ਮੱਧ ਪ੍ਰਦੇਸ਼, ਹਰਿਆਣਾ, ਗੁਜਰਾਤ ’ਚ ਕਿਸਾਨਾਂ ਵੱਲੋਂ ਆਤਮ-ਹੱਤਿਆ ਦਾ ਵਰਤਾਰਾ ਲਗਾਤਾਰ ਵੱਧ ਵੇਖਣ ਨੂੰ ਮਿਲ ਰਿਹਾ ਹੈ।

ਪੰਜਾਬ ਵਿੱਚ ਕਿਉਂਕਿ ਔਰਤਾਂ ਲੱਗਭੱਗ ਮਰਦਾਂ ਦੇ ਬਰਾਬਰ ਖੇਤਾਂ ’ਚ ਕੰਮ ਕਰਦੀਆਂ ਹਨ, ਇਸ ਕਰ ਕੇ ਉਹਨਾਂ ਨੂੰ ਵੀ ਮਰਦ ਕਿਸਾਨਾਂ ਵਾਂਗ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਿਉਂਕਿ ਮਰਦ ਘਰ-ਪਰਵਾਰ ਦਾ ਮੁਖੀਆ ਹੈ, ਜ਼ਮੀਨ-ਜਾਇਦਾਦ ਦਾ ਮਾਲਕ ਉਹ ਹੀ ਗਿਣਿਆ ਜਾਂਦਾ ਹੈ, ਇਸ ਕਰ ਕੇ ਖੇਤਾਂ ਉੱਤੇ ਲਏ ਕਰਜ਼ੇ ਦੀ ਜ਼ਿੰਮੇਵਾਰੀ ਮੁੱਖ ਤੌਰ ’ਤੇ ਉਸੇ ਦੀ ਹੁੰਦੀ ਹੈ। ਫ਼ਸਲਾਂ ਲਈ ਲਏ ਕਰਜ਼ੇ ਦਾ ਮਾਨਸਿਕ ਬੋਝ ਵੀ ਉਸੇ ਨੂੰ ਚੁੱਕਣਾ ਪੈਂਦਾ ਹੈ। ਭਾਵੇਂ ਔਰਤਾਂ ਨੇ ਘਰ ਚਲਾਉਣ ਦਾ ਬੋਝ ਚੁੱਕਣਾ ਹੁੰਦਾ ਹੈ, ਜਿਹੜੀਆਂ ਗ਼ਰੀਬੀ ਅਤੇ ਕਰਜ਼ੇ ਦੀ ਦਲਦਲ ’ਚ ਫਸੇ ਪਰਵਾਰ ਨੂੰ ਔਖਿਆਈਆਂ ਵਿੱਚੋਂ ਕੱਢਣ ਲਈ ਜ਼ਿੰਮੇਵਾਰ ਗਿਣੀਆਂ ਜਾਂਦੀਆਂ ਹਨ। ਜਦੋਂ ਮਰਦ ਕਿਸਾਨ ਦੀ ਮੌਤ ਹੋ ਜਾਂਦੀ ਹੈ ਜਾਂ ਕਿਸਾਨ ਮਾਨਸਿਕ ਪ੍ਰੇਸ਼ਾਨੀਆਂ ਕਾਰਨ ਆਤਮ-ਹੱਤਿਆ ਕਰ ਲੈਂਦਾ ਹੈ ਤਾਂ ਘਰ ਦੀ ਸੰਭਾਲ ਦੀ ਜ਼ਿੰਮੇਵਾਰੀ ਦੇ ਨਾਲ-ਨਾਲ ਖੇਤੀ ਦੀ ਜ਼ਿੰਮੇਵਾਰੀ ਸਮੇਤ ਕਰਜ਼ੇ ਦਾ ਲੈਣ-ਦੇਣ ਵੀ ਉਸੇ ਦੇ ਸਿਰ ਆ ਪੈਂਦਾ ਹੈ। ਫ਼ਸਲ-ਦਰ-ਫ਼ਸਲ ਲਏ ਕਰਜ਼ੇ ਦੇ ਚੱਕਰ ’ਚ ਫਸਿਆ ਕਿਸਾਨ ਪਰਵਾਰ ਹੋਰ ਔਕੜਾਂ ਦਾ ਸ਼ਿਕਾਰ ਹੋ ਜਾਂਦਾ ਹੈ। ਜ਼ਮੀਨ ਵਿਧਵਾ ਕਿਸਾਨ ਔਰਤ ਦੇ ਨਾਮ ਨਹੀਂ ਹੁੰਦੀ, ਉਸ ਨੂੰ ਕਿਸਾਨ ਕਰੈਡਿਟ ਕਾਰਡ ਜਾਂ ਬੈਂਕਾਂ ਦੇ ਕਰਜ਼ੇ ਜਾਂ ਜ਼ਮੀਨ ਸ਼ਾਹੂਕਾਰ ਕੋਲ ਗਿਰਵੀ ਰੱਖਣ ਵਿੱਚ ਵੀ ਔਕੜ ਆਉਂਦੀ ਹੈ। ਆਰਥਿਕ ਔਕੜ ਕਾਰਨ ਇਹੋ ਜਿਹੇ ਪਰਵਾਰ ਬੱਚਿਆਂ ਦੀ ਪੜ੍ਹਾਈ ਅਤੇ ਸਿਹਤ ਸੰਭਾਲ ਅਤੇ ਰੋਜ਼ਾਨਾ ਲੋੜਾਂ ਪੂਰੀਆਂ ਕਰਨ ਤੋਂ ਵੀ ਅਸਮਰੱਥ ਹੋ ਜਾਂਦੇ ਹਨ।

ਪੰਜਾਬ ਦੇ ਵਧੇਰੇ ਲੋਕ ਪਿੰਡਾਂ ’ਚ ਰਹਿੰਦੇ ਹਨ। ਪੰਜਾਬ ’ਚ 10 ਲੱਖ ਕਿਸਾਨ ਪਰਵਾਰ ਹਨ। ਇਨ੍ਹਾਂ ਵਿੱਚੋਂ 4 ਲੱਖ ਬਿਲਕੁਲ ਛੋਟੇ ਪਰਵਾਰ ਹਨ। ਪੰਜਾਬ ਦੇ 34 ਫ਼ੀਸਦੀ ਕਿਸਾਨ ਗ਼ਰੀਬੀ ਰੇਖਾ ਤੋਂ ਹੇਠਲੇ ਪੱਧਰ ਦੀ ਜ਼ਿੰਦਗੀ ਬਸਰ ਕਰਦੇ ਹਨ। ਉਹਨਾਂ ਕੋਲ 2 ਤੋਂ 5 ਏਕੜ ਤੱਕ ਜ਼ਮੀਨ ਦੀ ਮਾਲਕੀ ਹੈ। ਉਹਨਾਂ ਦੇ ਪਰਵਾਰ ਦੇ ਮੈਂਬਰਾਂ ਦੀ ਮਾਸਿਕ ਆਮਦਨ 935 ਰੁਪਏ ਅੰਗੀ ਗਈ ਹੈ, ਭਾਵ ਔਸਤਨ ਸਾਲਾਨਾ ਆਮਦਨ 11220 ਰੁਪਏ ਹੈ। ਪੰਜਾਬ ’ਚ ਲੱਗਭੱਗ 2 ਲੱਖ ਪਰਵਾਰ ਖੇਤੀ ਛੱਡ ਕੇ ਸ਼ਹਿਰਾਂ ਵੱਲ ਕੂਚ ਕਰ ਚੁੱਕੇ ਹਨ। ਪੰਜਾਬ ਦੇ ਕਿਸਾਨ ਉੱਤੇ ਔਸਤਨ ਪ੍ਰਤੀ ਜੀਅ ਕਰਜ਼ਾ 1,19,000 ਰੁਪਏ ਹੈ। ਇੰਡੀਅਨ ਕੌਂਸਲ ਆਫ਼ ਸੋਸ਼ਲ ਰਿਸਰਚ, ਨਵੀਂ ਦਿੱਲੀ ਅਨੁਸਾਰ 15 ਏਕੜ ਦੀ ਮਾਲਕੀ ਵਾਲੇ ਕਿਸਾਨਾਂ ਨੂੰ ਛੱਡ ਕੇ ਬਾਕੀ ਸਾਰੇ ਕਿਸਾਨ ਏਨੇ ਕੁ ਕਰਜ਼ਾਈ ਹਨ ਕਿ ਉਹ ਹਰ ਵਰ੍ਹੇ ਆਪਣੇ ਵੱਲੋਂ ਲਏ ਕਰਜ਼ੇ ਦਾ ਵਿਆਜ ਚੁਕਾਉਣ ਦੀ ਸਥਿਤੀ ਵਿੱਚ ਵੀ ਨਹੀਂ ਹੁੰਦੇ। ਪੰਜਾਬ ’ਚ 2002 ਤੋਂ 2012 ਤੱਕ 16,606 ਕਿਸਾਨਾਂ ਨੇ ਖ਼ੁਦਕੁਸ਼ੀ ਕੀਤੀ, ਜਿਨ੍ਹਾਂ ਵਿੱਚ 11956 ਉਹਨਾਂ ਕਿਸਾਨਾਂ ਨੇ ਮੌਤ ਨੂੰ ਗਲੇ ਲਗਾਇਆ, ਜੋ ਵਾਲ-ਵਾਲ ਕਰਜ਼ੇ ’ਚ ਡੁੱਬੇ ਹੋਏ ਸਨ। ਇਹਨਾਂ ਵਿੱਚ 110 ਕਿਸਾਨ ਔਰਤਾਂ ਵੀ ਸਨ।

ਪੰਜਾਬ ਦੀਆਂ ਬਹੁਤੀਆਂ ਵਿਧਵਾ ਕਿਸਾਨ ਔਰਤਾਂ ਕਰਜ਼ਾਈ ਹੋਣ ਦਾ ਸੰਤਾਪ ਹੰਢਾ ਰਹੀਆਂ ਹਨ। ਜਿਸ ਕਿਸਾਨ ਪਰਵਾਰ ਦਾ ਮਰਦ ਮੈਂਬਰ ਮਰਦਾ ਹੈ ਜਾਂ ਖ਼ੁਦਕੁਸ਼ੀ ਕਰਦਾ ਹੈ, ਉਸ ਪਰਵਾਰ ਦੀ ਔਰਤ ਨੂੰ ਘਰ-ਪਰਵਾਰ, ਬੱਚਿਆਂ ਦੀ ਰੋਟੀ-ਰੋਜ਼ੀ ਦਾ ਜੁਗਾੜ ਕਰਨਾ ਪੈਂਦਾ ਹੈ, ਕਰਜ਼ੇ ਦਾ ਭਾਰ ਚੁੱਕਣਾ ਪੈਂਦਾ ਹੈ। ਇਹ ਘਰੇਲੂ ਔਰਤਾਂ ਬਹੁਤਾ ਪੜ੍ਹੀਆਂ-ਲਿਖੀਆਂ ਨਹੀਂ ਹੁੰਦੀਆਂ। ਉਹਨਾਂ ਦੇ ਪੱਲੇ ਕੋਈ ਹੋਰ ਕੰਮ ਕਰਨ ਦਾ ਸਕਿੱਲ ਵੀ ਨਹੀਂ ਹੁੰਦਾ। ਇਸ ਕਰ ਕੇ ਇਹ ਪਰਵਾਰ ਸੁਭਾਵਕ ਤੌਰ ’ਤੇ ਗ਼ਰੀਬੀ ਦੀ ਮਾਰ ਹੇਠ ਆ ਜਾਂਦਾ ਹੈ। ਇਹਨਾਂ ਵਿਧਵਾ ਔਰਤਾਂ ਕੋਲ ਨਾ ਖੇਤਾਂ ਦੇ ਹੱਕ ਹੁੰਦੇ ਹਨ, ਭਾਵ ਜ਼ਮੀਨ ਦੀ ਮਾਲਕੀ ਹੁੰਦੀ ਹੈ, ਨਾ ਉਹਨਾਂ ਹੱਥ ਕੋਈ ਕਿੱਤਾ ਸਿਖਲਾਈ ਹੁੰਦੀ ਹੈ, ਨਾ ਉਹਨਾਂ ਕੋਲ ਕਰਜ਼ਾ ਲੈਣ ਜਾਂ ਬੀਮਾ ਆਦਿ ਕਰਾਉਣ ਦੇ ਕੋਈ ਹੱਕ ਰਹਿੰਦੇ ਹਨ। ਇਹੋ ਜਿਹੀਆਂ ਹਾਲਤਾਂ ਵਿੱਚ ਉਹਨਾਂ ਦਾ ਮਾਨਸਿਕ ਤੌਰ ਉੱਤੇ ਬੀਮਾਰ ਹੋਣਾ ਜਾਂ ਦੂਜਿਆਂ ਉੱਤੇ ਨਿਰਭਰ ਹੋਣਾ ਆਮ ਗੱਲ ਹੈ। ਕਈ ਹਾਲਤਾਂ ’ਚ ਇਹਨਾਂ ਔਰਤਾਂ ਨੂੰ ਸਹੁਰੇ ਪਰਵਾਰ ’ਚ ਹੀ ਵਿਆਹ ਕਰਾਉਣਾ ਪੈਂਦਾ ਹੈ। ਕਈ ਵਾਰ ਹਾਲਾਤ ਇਹ ਵੀ ਹੋ ਜਾਂਦੇ ਹਨ ਕਿ ਸਹੁਰੇ ਪਰਵਾਰ ਵਾਲੇ ਇਹਨਾਂ ਔਰਤਾਂ ਨੂੰ ਜ਼ਮੀਨ ਦਾ ਹਿੱਸਾ ਤੱਕ ਨਹੀਂ ਦਿੰਦੇ। ਉਹਨਾਂ ਨੂੰ ਆਪਣੇ ਪੇਕੇ ਪਰਵਾਰ ਦੀ ਸ਼ਰਨ ਵਿੱਚ ਜਾਣਾ ਪੈਂਦਾ ਹੈ, ਜਿੱਥੇ ਉਹ ਅਤੇ ਉਨ੍ਹਾਂ ਦੇ ਬੱਚੇ ਤਰਸ ਦੇ ਪਾਤਰ ਬਣ ਕੇ ਰਹਿ ਜਾਂਦੇ ਹਨ।

ਇਹ ਵੀ ਵੇਖਣ ਵਿੱਚ ਆਉਂਦਾ ਹੈ ਕਿ ਬਹੁਤੀਆਂ ਵਿਧਵਾ ਕਿਸਾਨ ਔਰਤਾਂ ਨੂੰ ਪਰਵਾਰ ਖੇਤੀ ਨਹੀਂ ਕਰਨ ਦਿੰਦੇ ਅਤੇ ਜ਼ਮੀਨ ਹਥਿਆਉਣ ਲਈ ਉਸ ਦੇ ਆਪਣੇ ਹੀ ਕੋਈ ਨਾ ਕੋਈ ਸਾਜ਼ਿਸ਼ ਰਚਦੇ ਹਨ। ਉਹਨਾਂ ਦੇ ਨਾਮ ਜ਼ਮੀਨ ਸਰਕਾਰੀ ਰਿਕਾਰਡ ਵਿੱਚ ਦਰਜ ਨਹੀਂ ਹੋਣ ਦਿੰਦੇ। ਵਿਧਵਾ ਔਰਤ ਦੇ ਜ਼ਿੰਮੇ ਆਪਣੀ ਅਤੇ ਆਪਣੇ ਬੱਚਿਆਂ ਦੀ ਸੁਰੱਖਿਆ, ਪੜ੍ਹਾਈ, ਸਿਹਤ ਅਤੇ ਬੱਚਿਆਂ ਦੀ ਭਲਾਈ ਦਾ ਜ਼ਿੰਮਾ ਆ ਪੈਂਦਾ ਹੈ, ਪਰ ਉਸ ਦੇ ਸੀਮਤ ਸਾਧਨਾਂ ਕਾਰਨ ਉਸ ਦੇ ਅਤੇ ਉਸ ਦੇ ਪਰਵਾਰ ਦੇ ਹਾਲਾਤ ਵਿਗੜ ਜਾਂਦੇ ਹਨ।

ਭਾਵੇਂ ਪੰਜਾਬ ਸਰਕਾਰ ਵੱਲੋਂ ਆਤਮ-ਹੱਤਿਆ ਕਰਨ ਵਾਲੇ ਕਿਸਾਨ ਦੇ ਪਰਵਾਰ ਨੂੰ ਤਿੰਨ ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਜਾਂਦਾ ਹੈ, ਵਿਧਵਾ ਪੈਨਸ਼ਨ ਅਤੇ ਵਿਧਵਾ ਦੇ ਬੱਚਿਆਂ ਲਈ ਆਸ਼ਰਤ ਪੈਨਸ਼ਨ ਦਿੱਤੀ ਜਾਂਦੀ ਹੈ, ਪਰ ਬਹੁਤੀਆਂ ਹਾਲਤਾਂ ਵਿੱਚ ਮੁਆਵਜ਼ਾ ਰਾਸ਼ੀ ਵਰ੍ਹਿਆਂ-ਬੱਧੀ ਨਹੀਂ ਮਿਲਦੀ, ਕਿਉਂਕਿ ਆਤਮ-ਹੱਤਿਆ ਦੇ ਕੇਸਾਂ ’ਚ ਬਹੁਤ ਸਾਰਾ ਰਿਕਾਰਡ ਉਪਲੱਬਧ ਕਰਾਉਣਾ ਹੁੰਦਾ ਹੈ, ਜਿਸ ਵਿੱਚ ਆਤਮ-ਹੱਤਿਆ ਕਰਨ ਵਾਲੇ ਦੀ ਪੋਸਟ-ਮਾਰਟਮ ਅਤੇ ਪੁਲਸ ਰਿਪੋਰਟ ਆਦਿ ਸ਼ਾਮਲ ਹੁੰਦੀ ਹੈ। ਬਹੁਤੇ ਕਿਸਾਨ ਪਰਵਾਰ ਸਮਾਜ ’ਚ ਆਪਣੀ ਪੈਂਠ ਅਤੇ ਭੱਲ ਬਣਾਈ ਰੱਖਣ ਕਾਰਨ ਆਤਮ-ਹੱਤਿਆ ਦੇ ਕੇਸ ਦਰਜ ਹੀ ਨਹੀਂ ਕਰਵਾਉਂਦੇ। ਸਿੱਟੇ ਵਜੋਂ ਉਹ ਮੁਆਵਜ਼ੇ ਤੋਂ ਵਾਂਝੇ ਰਹਿ ਜਾਂਦੇ ਹਨ।

ਪੰਜਾਬ ਵਿੱਚ ਕਿਸਾਨਾਂ, ਖੇਤ ਮਜ਼ਦੂਰਾਂ ਦੀਆਂ ਵਧ ਰਹੀਆਂ ਆਤਮ-ਹੱਤਿਆਵਾਂ ਅਤੇ ਮੌਤਾਂ ਦੇ ਮੱਦੇ-ਨਜ਼ਰ ਵਿਧਵਾ ਔਰਤਾਂ ਦੀ ਗਿਣਤੀ ’ਚ ਲਗਾਤਾਰ ਵਾਧਾ ਹੋ ਰਿਹਾ ਹੈ। ਵਿਧਵਾ ਕਿਸਾਨ ਔਰਤਾਂ ਉੱਤੇ ਆਪਣੇ ਪਤੀ ਦੀ ਮੌਤ ਉਪਰੰਤ ਅਚਾਨਕ ਜ਼ਿੰਮੇਵਾਰੀਆਂ ਦਾ ਭਾਰ ਆ ਪੈਂਦਾ ਹੈ, ਜਿਨ੍ਹਾਂ ਵਿੱਚ ਪਰਵਾਰ ਵੱਲੋਂ ਚੁੱਕਿਆ ਕਰਜ਼ਾ ਉਤਾਰਨਾ, ਬੱਚਿਆਂ ਅਤੇ ਪਰਵਾਰ ਦੇ ਹੋਰ ਮੈਂਬਰਾਂ ਦੀ ਦੇਖ-ਭਾਲ, ਖੇਤਾਂ ਦੀ ਸੰਭਾਲ ਤੇ ਵਹਾਈ ਦੇ ਨਾਲ-ਨਾਲ ਆਪਣੀ ਹੋਂਦ ਬਚਾਈ ਰੱਖਣ ਲਈ ਸੰਘਰਸ਼ ਕਰਨਾ ਪੈਂਦਾ ਹੈ, ਕਿਉਂਕਿ ਸਮਾਜਿਕ ਰੀਤੀ-ਰਿਵਾਜਾਂ, ਔਰਤਾਂ ਪ੍ਰਤੀ ਵਿਤਕਰੇ ਅਤੇ ਔਰਤਾਂ ਦੇ ਹੱਕਾਂ ਉੱਤੇ ਛਾਪਾ ਉਸ ਸਥਿਤੀ ਵਿੱਚ ਉਸ ਨੂੰ ਸਾਹਮਣੇ ਦਿੱਸਦਾ ਹੈ ਅਤੇ ਪ੍ਰੇਸ਼ਾਨ ਕਰਦਾ ਹੈ, ਜਦੋਂ ਉਸ ਦੀ ਆਪਣੀ ਆਮਦਨ ਦਾ ਕੋਈ ਸਾਧਨ ਹੀ ਉਸ ਕੋਲ ਨਹੀਂ ਰਹਿੰਦਾ। ਇਹੋ ਜਿਹੇ ਵੇਲੇ ਵਿਧਵਾ ਔਰਤਾਂ ਪ੍ਰਤੀ ਸਮਾਜਿਕ ਵਰਤਾਰਾ ਬਦਲਣ ਦੀ ਲੋੜ ਮਹਿਸੂਸ ਹੁੰਦੀ ਹੈ।

ਲੋੜ ਇਸ ਗੱਲ ਦੀ ਹੈ ਕਿ ਜਿੱਥੇ ਇਹਨਾਂ ਪਰਵਾਰਾਂ ਲਈ ਜ਼ਰੂਰੀ ਕਦਮ ਸਰਕਾਰੀ ਤੌਰ ’ਤੇ ਪੁੱਟੇ ਜਾਣ, ਉੱਥੇ ਸਮਾਜਿਕ ਤੌਰ ’ਤੇ ਵੀ ਇਹਨਾਂ ਔਰਤਾਂ ਨੂੰ ਨੈਤਿਕ ਸਹਿਯੋਗ ਮਿਲੇ। ਕਿਸਾਨ ਪਰਵਾਰਾਂ ’ਚ ਮਰਦ ਦੀ ਮੌਤ ਉਪਰੰਤ ਜ਼ਮੀਨ ਔਰਤ ਦੇ ਨਾਮ ਲੱਗੇ। ਉਸ ਦਾ ਸਸ਼ਕਤੀਕਰਨ ਕਰਨ ਲਈ ਕਨੂੰਨੀ, ਸਮਾਜਿਕ ਅਤੇ ਆਰਥਿਕ ਸਹਾਇਤਾ ਮਿਲੇ। ਵੱਖੋ-ਵੱਖਰੇ ਕਿੱਤਿਆਂ ਦੀ ਟਰੇਨਿੰਗ ਉਪਰੰਤ ਉਸ ਨੂੰ ਖੇਤੀ ਦੇ ਨਾਲ-ਨਾਲ ਸਹਿਯੋਗੀ ਕਿੱਤੇ ਅਪਨਾਉਣ ਲਈ ਪ੍ਰੇਰਿਤ ਕੀਤਾ ਜਾਵੇ ਅਤੇ ਆਤਮ-ਹੱਤਿਆਵਾਂ ਲਈ ਮੁਆਵਜ਼ਾ ਰਾਸ਼ੀ ਬਿਨਾਂ ਦੇਰੀ ਮਿਲੇ। ਉਂਜ ਵੀ ਇਹ ਜ਼ਰੂਰੀ ਬਣ ਜਾਂਦਾ ਹੈ ਕਿ ਸਮੁੱਚਾ ਸਮਾਜ ਪੀੜਤ ਪਰਵਾਰ ਦੀ ਸਹਾਇਤਾ ਲਈ ਅੱਗੇ ਆਵੇ ਅਤੇ ਪਰਵਾਰ ਦੇ ਬੱਚਿਆਂ ਦੀ ਮੁਫ਼ਤ ਸਿੱਖਿਆ ਅਤੇ ਸਿਹਤ ਸਹੂਲਤਾਂ ਦਾ ਪ੍ਰਬੰਧ ਸਰਕਾਰ ਕਰੇ।

ਉਂਜ ਕਿੰਨੀ ਹੈਰਾਨੀ ਦੀ ਗੱਲ ਹੈ ਕਿ 2011 ਦੀ ਮਰਦਮ-ਸ਼ੁਮਾਰੀ ਵਿੱਚ ਪੰਜਾਬ ਦੀਆਂ ਵੱਡੀ ਗਿਣਤੀ ਔਰਤਾਂ ਨੂੰ ਵਾਹਕ ਤਾਂ ਮੰਨਿਆ ਗਿਆ ਹੈ, ਪਰ ਕਿਸਾਨ ਨਹੀਂ, ਜਿਸ ਕਾਰਨ ਉਸ ਦੇ ਹੱਕ, ਜਿਨ੍ਹਾਂ ਵਿੱਚ ਖੇਤੀ ਲਈ ਕਰਜ਼ਾ, ਕਰਜ਼ਾ ਮੁਆਫੀ, ਫ਼ਸਲਾਂ ਦਾ ਬੀਮਾ, ਸਬਸਿਡੀਆਂ ਅਤੇ ਹੋਰ ਮੁਆਵਜ਼ੇ ਦੀਆਂ ਸਹੂਲਤਾਂ ਸ਼ਾਮਲ ਹਨ, ਖੋਹ ਲਏ ਗਏ।

# ਬਾਲ ਘਰ ਜਾਂ ਦੇਹ ਵਪਾਰ ਕੇਂਦਰ ?

**ਅਜੈ ਸੇਤੀਆ/**
**ਅਨੁਵਾਦ : ਗੁਰਮੀਤ ਪਲਾਹੀ**

ਮੁਜ਼ੱਫ਼ਰਪੁਰ ਅਤੇ ਦੇਵਰੀਆ ਵਿੱਚ ਜਿਨਸੀ ਸ਼ੋਸ਼ਣ ਦੀਆਂ ਘਟਨਾਵਾਂ ਨੇ ਸਾਬਤ ਕੀਤਾ ਹੈ ਕਿ ਨੌਕਰਸ਼ਾਹੀ ਅਤੇ ਜੇ ਜੇ ਐਕਟ, ਅਰਥਾਤ ਜੁਬੇਨਾਈਲ ਜਸਟਿਸ (ਕੇਅਰ ਐਂਡ ਪ੍ਰੋਟੈੱਕਸ਼ਨ ਆਫ਼ ਚਿਲਡਰਨ) ਦੇ ਅਧੀਨ ਸਥਾਪਤ ਸੰਸਥਾਵਾਂ ਚਿੱਟਾ ਹਾਥੀ ਬਣ ਗਈਆਂ ਹਨ। ਵਾਜਪਾਈ ਸਰਕਾਰ ਦੇ ਸਮੇਂ ਬਣੇ ਜੇ ਜੇ ਐਕਟ ਵਿੱਚ ਦੇਸ਼ ਦੇ ਹਰੇਕ ਜ਼ਿਲ੍ਹੇ ਵਿੱਚ ਚਾਰ ਤਰ੍ਹਾਂ ਦੇ ਬਾਲ ਘਰ ਬਣਾਉਣ ਦਾ ਪ੍ਰਸਤਾਵ ਸੀ, ਅਰਥਾਤ ਕੇਂਦਰ ਦੀ ਇੰਟੈਗਰੇਟਿਡ ਚਾਈਲਡ ਪ੍ਰੋਟੈੱਕਸ਼ਨ ਸਕੀਮ (ਆਈ ਸੀ ਪੀ ਐੱਸ) ਵਿੱਚ 75 ਫ਼ੀਸਦੀ ਸਹਾਇਤਾ ਦੀ ਵਿਵਸਥਾ ਕੀਤੀ ਗਈ ਸੀ। ਮਨਮੋਹਨ ਸਰਕਾਰ ਦੇ ਸਮੇਂ ਕਿਸੇ ਜ਼ਿਲ੍ਹੇ ਵਿੱਚ ਬਾਲ ਘਰ ਨਹੀਂ ਸਨ ਬਣਾਏ ਗਏ। ਮੁਜ਼ੱਫਰਪੁਰ ਅਤੇ ਦੇਵਰੀਆ ਦੀਆਂ ਉਦਾਹਰਣਾਂ ਤੋਂ ਇਹ ਸਾਬਤ ਹੋਇਆ ਹੈ ਕਿ ਅਨਾਥ ਬੱਚਿਆਂ ਦੇ ਦੇਹ ਵਪਾਰ ਵਿੱਚ ਸਥਾਨਕ ਪ੍ਰਸ਼ਾਸਨ ਅਤੇ ਰਾਜਨੇਤਾ ਸ਼ਾਮਲ ਹਨ। ਇਸ ਲਈ ਰਾਜ ਸਰਕਾਰਾਂ ਤੇ ਕੇਂਦਰ ਸਰਕਾਰ ਤੋਂ ਸਰਕਾਰੀ ਬਾਲ ਘਰ ਸਥਾਪਤ ਕਰਨ ਦੇ ਪ੍ਰਸਤਾਵ ਨਾਂਹ ਦੇ ਬਰਾਬਰ ਹੀ ਆਏ। ਰਾਜ ਅਨਾਥ ਬੱਚਿਆਂ ਦੇ ਪਾਲਣ-ਪੋਸਣ ਦੀ ਜ਼ਿੰਮੇਵਾਰੀ ਤੋਂ ਜਾਣ ਬੁੱਝ ਕੇ ਅਣਜਾਣ ਬਣੇ ਰਹੇ। ਇਹੋ ਜਿਹੇ ਹਾਲਾਤ ’ਚ ਬਾਲ ਸੁਰੱਖਿਆ ਦੇ ਨਾਮ ਉੱਤੇ ਦੇਹ ਵਪਾਰ ਦੀਆਂ ਦੁਕਾਨਾਂ ਵਧ-ਫੁੱਲ ਰਹੀਆਂ ਹਨ।

ਮੋਦੀ ਸਰਕਾਰ ਦੇ ਸਮੇਂ ਸੋਧੇ ਜੇ ਜੇ ਐਕਟ ਵਿੱਚ ਸਰਕਾਰੀ ਬਾਲ ਘਰ ਬਣਾਉਣ ਦੀ ਯੋਜਨਾ ਖ਼ਤਮ ਕਰ ਕੇ ਬਾਲ ਗ੍ਰਹਿ ਬਣਾਉਣ ਦੀ ਜ਼ਿੰਮੇਵਾਰੀ ਰਾਜ ਸਰਕਾਰਾਂ ਉੱਤੇ ਪਾ ਦਿੱਤੀ ਗਈ ਹੈ, ਜਦੋਂ ਕਿ ਸੰਯੁਕਤ ਰਾਸ਼ਟਰ ਦੇ ਪ੍ਰੋਟੋਕੋਲ ਉੱਤੇ ਦਸਤਖਤ ਕਰ ਕੇ ਅਨਾਥ ਬੱਚਿਆਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਭਾਰਤ ਸਰਕਾਰ ਨੇ ਲਈ ਸੀ। ਜੇਕਰ ਰਾਜ ਸਰਕਾਰਾਂ ਆਈ ਸੀ ਪੀ ਐੱਸ ਦਾ ਲਾਭ ਨਹੀਂ ਉਠਾ ਰਹੀਆਂ ਤਾਂ ਕੇਂਦਰ ਨੂੰ ਖ਼ੁਦ ਰਾਜ ਤੋਂ ਜ਼ਮੀਨ ਲੈ ਕੇ ਬਾਲ ਘਰ ਬਣਾਉਣੇ ਚਾਹੀਦੇ ਸਨ, ਪਰ ਇਸ ਜ਼ਿੰਮੇਵਾਰੀ ਤੋਂ ਪਿੱਛੇ ਹਟ ਕੇ ਨਿੱਜੀ ਬਾਲ ਘਰਾਂ ਨੂੰ ਤਰਜੀਹ ਦਿੱਤੀ ਗਈ। ਕਨੂੰਨ ਦੀ ਉਲੰਘਣਾ ਕਰਨ ਵਾਲੇ ਬੱਚਿਆਂ ਨੂੰ ਵੀ ਸਰਕਾਰੀ ਸੁਧਾਰ ਘਰ ਦੀ ਬਜਾਏ ਨਿੱਜੀ ਬਾਲ ਘਰਾਂ ਨੂੰ ਸੌਂਪਣ ਦੀ ਵਿਵਸਥਾ ਕੀਤੀ ਗਈ ਹੈ। ਜੇ ਜੇ ਐਕਟ ਤਹਿਤ ਬਣੀਆਂ ਚਾਰ ਤਰ੍ਹਾਂ ਦੀਆਂ ਨਿਗਰਾਨ ਕਮੇਟੀਆਂ ਵੀ ਬਾਲ ਘਰਾਂ ਦੀ ਨਿਗਰਾਨੀ ਨਹੀਂ ਕਰ ਪਾ ਰਹੀਆਂ। ਰਾਜ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ ਅਤੇ ਜ਼ਿਲ੍ਹਾ ਬਾਲ ਕਲਿਆਣ ਕਮੇਟੀਆਂ ਕੋਲ ਵੀ ਇਹਨਾਂ ਬਾਲ ਘਰਾਂ ਦੀ ਨਿਗਰਾਨੀ ਦੀ ਜ਼ਿੰਮੇਵਾਰੀ ਹੈ, ਪਰ ਮੁਜ਼ੱਫ਼ਰਪੁਰ ਅਤੇ ਦੇਵਰੀਆ ਵਿੱਚ ਜੋ ਕੁਝ ਹੋਇਆ-ਵਾਪਰਿਆ ਹੈ, ਉਸ ਤੋਂ ਇਹ ਸਪੱਸ਼ਟ ਹੋ ਗਿਆ ਹੈ ਕਿ ਇਹਨਾਂ ਸੰਸਥਾਵਾਂ ਨੇ ਆਪਣਾ ਕੰਮ ਨਹੀਂ ਕੀਤਾ।

ਕੇਂਦਰ ਨੂੰ ਚਾਹੀਦਾ ਹੈ ਕਿ ਟਾਟਾ ਇੰਸਟੀਚਿਊਟ ਆਫ਼ ਸੋਸ਼ਲ ਸਾਇੰਸਿਜ਼ ਨੂੰ ਦੇਸ਼ ਦੇ ਸਾਰੇ ਬਾਲ ਘਰਾਂ ਦੀ ਸੋਸ਼ਲ ਆਡੀਟਿੰਗ ਦੀ ਜ਼ਿੰਮੇਵਾਰੀ ਦੇਵੇ। ਪੂਰੇ ਦੇਸ਼ ਵਿੱਚ ਚਾਈਲਡ ਹੈਲਪ ਲਾਈਨ 1098 ਟਾਟਾ ਇੰਸਟੀਚਿਊਟ ਹੀ ਚਲਾ ਰਿਹਾ ਹੈ। ਧਿਆਨ ਦੇਣ ਯੋਗ ਹੈ ਕਿ ਟਾਟਾ ਇੰਸਟੀਚਿਊਟ ਦੀ ਬਿਹਾਰ ਬਾਰੇ ਪੂਰੀ ਰਿਪੋਰਟ ਹਾਲੇ ਸਾਹਮਣੇ ਨਹੀਂ ਆਈ, ਜਿਸ ਵਿੱਚ ਰਾਜ ਵਿੱਚ ਘੱਟੋ-ਘੱਟ 15 ਜ਼ਿਲ੍ਹਿਆਂ ਦੇ ਬਾਲ ਘਰਾਂ ਵਿੱਚ ਬੱਚੀਆਂ ਦੇ ਜਿਨਸੀ ਸ਼ੋਸ਼ਣ ਦਾ ਖ਼ੁਲਾਸਾ ਹੈ। ਬਿਹਾਰ ਸਰਕਾਰ ਉਸ ਰਿਪੋਰਟ ਉੱਤੇ ਕੁੰਡਲੀ ਮਾਰ ਕੇ ਬੈਠੀ ਹੈ।

ਬਿਹਾਰ ਦੇ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ ਦੀ ਚੇਅਰਮੈਨ ਡਾ: ਹਰਪਾਲ ਕੌਰ ਨੇ ਪਿਛਲੇ ਸਾਲ ਨਵੰਬਰ ਵਿੱਚ ਮੁਜ਼ੱਫ਼ਰਪੁਰ ਦੇ ਇਸ ਸ਼ੈਲਟਰ ਹੋਮ ਦਾ ਨਿਰੀਖਣ ਕੀਤਾ ਸੀ। ਜੇ ਜੇ ਐਕਟ ਦੀ ਨਿਯਮਾਵਲੀ ਦੀ ਧਾਰਾ 29 ਵਿੱਚ ਸ਼ੈਲਟਰ ਹੋਮ ਦੀ ਭੌਤਿਕ ਸੰਰਚਨਾ ਦਾ ਜ਼ਿਕਰ ਹੈ, ਜਿਸ ਨੂੰ ਇਹ ਹੋਮ ਪੂਰਾ ਨਹੀਂ ਸੀ ਕਰਦਾ। ਹਰਪਾਲ ਕੌਰ ਨੇ ਡਿਪਟੀ ਕਮਿਸ਼ਨਰ ਅਤੇ ਸਮਾਜ ਕਲਿਆਣ ਵਿਭਾਗ ਦੇ ਅਫ਼ਸਰਾਂ ਨੂੰ ਬਾਲ ਘਰ ਨੂੰ ਤੁਰੰਤ ਉਥੋਂ ਹਟਾਉਣ ਦੀ ਸਿਫਾਰਸ਼ ਕੀਤੀ ਸੀ, ਪਰ ਨੌਕਰਸ਼ਾਹੀ ਇਸ ਰਿਪੋਰਟ ਨੂੰ ਦਬਾ ਕੇ ਬੈਠੀ ਰਹੀ। ਜਦੋਂ ਇਹ ਬਾਲ ਘਰ ਜੇ ਜੇ ਐਕਟ ਦੀ ਵਿਵਸਥਾ ਨੂੰ ਪੂਰਾ ਨਹੀਂ ਸੀ ਕਰਦਾ, ਤਾਂ ਸਮਾਜ ਕਲਿਆਣ ਵਿਭਾਗ ਨੇ ਇਸ ਨੂੰ ਮਾਨਤਾ ਕਿਵੇਂ ਦਿੱਤੀ ? ਉਸ ਨੂੰ ਤਾਂ ਸਰਕਾਰੀ ਸਹਾਇਤਾ ਵੀ ਦਿੱਤੀ ਜਾ ਰਹੀ ਹੈ, ਜਿਹੜੀ ਕੇਂਦਰ ਕੋਲੋਂ ਹਾਸਲ ਹੁੰਦੀ ਹੈ।

ਇਸੇ ਤਰ੍ਹਾਂ ਦੇਵਰੀਆ ਵਿੱਚ ਇੱਕ ਲੜਕੀ ਨੇ ਥਾਣੇ ਵਿੱਚ ਜਾ ਕੇ ਜਿਨਸੀ ਸ਼ੋਸ਼ਣ ਦਾ ਖ਼ੁਲਾਸਾ ਕੀਤਾ। ਰਾਜ ਔਰਤ ਅਤੇ ਬਾਲ ਕਲਿਆਣ ਮੰਤਰਾਲੇ ਨੇ ਜੁਲਾਈ 2017 ਵਿੱਚ ਲੜਕੀਆਂ ਨੂੰ ਕਿਸੇ ਹੋਰ ਥਾਂ ਭੇਜ ਕੇ ਦੇਵਰੀਆ ਬਾਲ ਘਰ ਨੂੰ ਬੰਦ ਕਰਨ ਦੀ ਸਿਫਾਰਸ਼ ਕੀਤੀ ਸੀ, ਕਿਉਂਕਿ ਸੀ ਬੀ ਆਈ ਨੇ ਇਸ ਵਿੱਚ ਵੱਡੀ ਘਪਲੇਬਾਜ਼ੀ ਫੜੀ ਸੀ, ਪਰ ਡਿਪਟੀ ਕਮਿਸ਼ਨਰ ਮੰਤਰਾਲੇ ਦੀ ਰਿਪੋਰਟ ਦੱਬ ਕੇ ਬੈਠੇ ਰਹੇ।

ਵਿਕਾਸ ਦੀ ਗੱਲ ਤੇ ਜੁਮਲੇ
ਪੱਤਰਲੇਖਾ ਚੈਟਰਜੀ



ਪਰਮਿੰਦਰ ਕੌਰ ਸਵੈਚ
604 760 4794

# ਲੱਚਰ ਗਾਇਕੀ ਨੂੰ ਨੱਥ ਪਾਉਣਾ ਸਮੇਂ ਦੀ ਲੋੜ

**"ਮੈਨੂੰ ਦੱਸੋ ਤੁਹਾਡੇ ਦੇਸ਼ ਦੀ ਜਵਾਨੀ ਅਤੇ ਲੋਕਾਂ ਦੇ ਮੂੰਹ ਤੇ ਕਿਸ ਤਰ੍ਹਾਂ ਦੇ ਗੀਤ ਹਨ, ਮੈਂ ਤੁਹਾਡੇ ਦੇਸ਼ ਦਾ ਭਵਿੱਖ ਦੱਸ ਸਕਦਾ ਹਾਂ।" (ਲੈਨਿਨ)**

ਉਪਰ ਲਿਖੇ ਸ਼ਬਦ 20ਵੀਂ ਸਦੀ ਦੇ ਦੁਨੀਆਂ ਦੇ ਮਹਾਨ ਕ੍ਰਾਂਤੀਕਾਰੀ ਨੇ ਲੱਗਭੱਗ ਸਦੀ ਪਹਿਲਾਂ ਆਪਣੇ ਨਿੱਜੀ ਤੁਜਰਬਿਆਂ ਵਿੱਚੋਂ ਲੋਕਾਂ ਨੂੰ ਦਿੱਤੇ ਸਨ। ਲੰਬਾ ਸਮਾਂ ਇਹ ਸ਼ਬਦ ਕਿਤਾਬਾਂ ਵਿੱਚ ਪਏ ਰਹੇ ਪਰ ਅੱਜ ਜਦੋਂ ਸਾਰੀ ਦੁਨੀਆਂ ਤੇ ਖਾਸ ਕਰ ਪੰਜਾਬ ਜਾਂ ਬਾਹਰ ਕੈਨੇਡਾ ਵਸਦੇ ਪੰਜਾਬੀਆਂ ਦੀਆਂ ਹਾਲਤਾਂ ਜਾਂ ਗੀਤਾਂ ਦੇ ਨਾਲ ਵਿਗੜ ਰਹੇ ਆਚਰਣ ਜਾਂ ਸਭਿਆਚਾਰ ਤੇ ਬੁਰੇ ਪ੍ਰਭਾਵਾਂ ਨੇ ਸਾਨੂੰ ਬੁਰੀ ਤਰ੍ਹਾਂ ਝੰਜੋੜਿਆ ਹੈ ਤਦ ਹੀ ਅਸੀਂ ਇਹਨਾਂ ਸ਼ਬਦਾਂ ਦੇ ਸਨਮੁੱਖ ਖੜ੍ਹੇ ਹਾਂ ਅਤੇ ਸੋਚਣ ਲਈ ਮਜ਼ਬੂਰ ਹੋਏ ਹਾਂ। ਮੈਂ ਇਹਨਾਂ ਸ਼ਬਦਾਂ ਦੀ ਅੱਜ ਦੀ ਸੱਚਾਈ ਅਤੇ ਸਾਡੀ ਜਵਾਨੀ 'ਤੇ ਗੀਤਾਂ ਦੁਬਾਰਾ ਪੈ ਰਹੇ ਪ੍ਰਭਾਵਾਂ ਬਾਰੇ ਗੱਲ ਕਰਾਂਗੀ।

ਅੱਜ ਸ਼ੋਸ਼ਲ ਮੀਡੀਏ ਦਾ ਦੌਰ ਹੈ ਜਿਸ ਵਿੱਚ ਮਨੁੱਖ ਦੇਸ਼ਾਂ-ਬਿਦੇਸ਼ਾਂ, ਹੱਦਾਂ-ਸਰਹੱਦਾਂ ਦੀ ਬੰਦਿਸ਼ ਤੋਂ ਬਿਨ੍ਹਾਂ ਇੱਕ ਦੂਜੇ ਦੀ ਪਲ ਪਲ ਦੀ ਖ਼ਬਰ ਸਾਂਝੀ ਕਰ ਰਿਹਾ ਹੈ ਜਿਸ ਨਾਲ ਦੁਨੀਆਂ ਦੇ ਕਿਸ ਹਿੱਸੇ ਵਿੱਚ ਕੀ ਵਾਪਰ ਰਿਹਾ ਹੈ ਸਕਿੰਟਾਂ ਵਿੱਚ ਪਤਾ ਲੱਗ ਜਾਂਦਾ ਹੈ। ਇਸਦੇ ਨਾਲ ਬਹੁਤਾ ਕੁੱਝ ਮਨੁੱਖ ਦੇ ਹਿਤ ਵਿੱਚ ਜਾਂਦਾ ਹੈ ਪਰ ਫਿਰ ਵੀ ਚੰਗੇ ਦੇ ਨਾਲ ਨਾਲ ਮਾੜਾ ਵੀ ਉਵੇਂ ਹੀ ਲੋਕਾਂ ਵਿੱਚ ਚਲਾ ਜਾਂਦਾ ਹੈ। ਅਸੀਂ ਇੱਥੇ ਸਾਹਿਤ ਜਾਂ ਸਾਹਿਤ ਦੀ ਵੰਨਗੀ ਗੀਤਾਂ ਦੀ ਗੱਲ ਕਰਦੇ ਹਾਂ ਜਿਸਦਾ ਸ਼ੋਸ਼ਲ ਮੀਡੀਏ ਦੀ ਦੁਰਵਰਤੋਂ ਨਾਲ ਲੱਚਰ ਗੀਤਾਂ ਦੇ ਰੂਪ ਵਿੱਚ ਬਹੁਤ ਕੁੱਝ ਲੋਕਾਂ ਵਿੱਚ ਸੁੱਟਿਆ ਜਾ ਰਿਹਾ ਹੈ ਜੋ ਨੌਜਵਾਨ ਪੀੜ੍ਹੀ ਦੇ ਸੰਵੇਦਨਸ਼ੀਲ ਮਨਾਂ ਤੇ ਸਹਿਜੇ ਹੀ ਅਸਰ ਕਰਦਾ ਹੈ। ਦੁੱਖ ਦੀ ਗੱਲ ਉਦੋਂ ਹੁੰਦੀ ਹੈ ਜਦੋਂ ਕੁੱਝ ਲੋਕ ਆਪਣੇ ਨਿੱਜੀ ਮੁਫ਼ਾਦਾਂ ਲਈ ਨੌਜਵਾਨ ਪੀੜ੍ਹੀ ਨੂੰ ਨਿਸ਼ਾਨਾ ਬਣਾ ਕੇ ਗੁੰਮਰਾਹ ਕਰਦੇ ਹਨ ਉਸਨੂੰ ਚੰਗੀ ਪੜ੍ਹਾਈ, ਚੰਗੀ ਮਾਨਸਿਕ ਤੇ ਸਰੀਰਕ ਸਿਹਤ ਅਤੇ ਚੰਗਾ ਰਹਿਣ ਸਹਿਣ ਨਾ ਦੇ ਕੇ ਸਗੋਂ ਮਨੁੱਖਤਾ ਦੀਆਂ ਦੁਸ਼ਮਣ ਅਲਾਮਤਾਂ ਵਿੱਚ ਉਲਝਾਉਣ ਦੀ ਕੋਸ਼ਿਸ਼ ਕਰਦੇ ਹਨ ਅਤੇ ਕੋਝੀ ਸਿਆਸਤ ਤੇ ਸ਼ਰਾਰਤ ਨਾਲ ਆਉਣ ਵਾਲੀ ਫ਼ਸਲ ਵਿੱਚ ਅਜਿਹੀ ਕਾਂਗਿਆਰੀ ਦਾ ਬੀਜ ਬੀਜ ਦਿੰਦੇ ਹਨ ਕਿ ਉਹ ਸਭ ਨੂੰ ਹੀ ਥੋੜ੍ਹਾ ਜਾਂ ਬਹੁਤਾ ਮਾਰ ਕਰ ਜਾਂਦੀ ਹੈ।ਜਦੋਂ ਸਿਆਸਤਦਾਨ ਇਨ੍ਹਾਂ ਗੱਲਾਂ ਦੇ ਭਾਗੀਦਾਰ ਬਣ ਜਾਣ ਤਾਂ ਸੰਵੇਦਨਸ਼ੀਲ, ਸੋਚਵਾਨ ਤੇ ਸੂਝਵਾਨ ਲੋਕਾਂ ਦਾ ਅਜਿਹੇ ਮੁੱਦਿਆਂ ਤੇ ਗੰਭੀਰਤਾ ਨਾਲ ਗੱਲ ਕਰਨਾ ਬਹੁਤ ਜਰੂਰੀ ਹੋ ਜਾਂਦਾ ਹੈ।

ਅਸੀਂ ਪੰਜਾਬੀ ਲੋਕ ਭਾਰਤ ਤੋਂ ਹਜ਼ਾਰਾਂ ਮੀਲ ਦੂਰ ਆ ਕੇ ਆਪਣੀਆਂ ਸਮਾਜੀ ਕਦਰਾਂ ਕੀਮਤਾਂ ਜੋ ਕਿਸੇ ਕਾਰਣ ਕਰਕੇ ਛੁੱਟ ਰਹੀਆਂ ਸਨ ਬੇਸ਼ੱਕ ਉਹ ਕਾਰਣ ਆਰਥਿਕ ਸਨ ਜਾਂ ਸਮਾਜਿਕ ਫਿਰ ਵੀ ਅਸੀਂ ਕਿਸੇ ਨਾ ਕਿਸੇ ਤਰ੍ਹਾਂ ਆਪ ਜਾਂ ਆਪਣੇ ਬੱਚਿਆਂ ਨੂੰ ਉਸ ਨਾਲ ਜੋੜਨਾ ਚਾਹੁੰਦੇ ਹਾਂ ਜਿਵੇਂ ਕਿ ਆਪਣਾ ਪੰਜਾਬੀ ਵਿਰਸਾ। ਕੁੱਝ ਸਮਾਂ ਪਹਿਲਾਂ ਜਦੋਂ ਅਸੀਂ ਦੇਖਿਆ ਕਿ ਸਾਡੇ ਬੱਚੇ ਪੰਜਾਬੀ ਭੁੱਲਦੇ ਜਾ ਰਹੇ ਹਨ ਤਦ ਸਾਡੇ ਲੋਕਾਂ ਨੇ ਪੰਜਾਬੀ ਬੋਲੀ ਨੂੰ ਜ਼ਿੰਦਾ ਰੱਖਣ ਲਈ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ। ਇਹ ਬਹੁਤ ਚੰਗੇ ਉਪਰਾਲੇ ਸਨ। ਇਸ ਵਜ੍ਹਾ ਕਰਕੇ ਹੀ ਕੈਨੇਡਾ ਦੇ ਵੱਡੇ ਸ਼ਹਿਰਾਂ ਵਿੱਚ ਕਹਿੰਦੇ ਹਨ ਕਿ ਪੰਜਾਬੀਆਂ ਨੇ ਦੂਜੇ ਤੀਜੇ ਪੰਜਾਬ, ਪਰਦੇਸਾਂ ਵਿੱਚ ਆਕੇ ਵਸਾ ਲਏ ਹਨ ਇਹ ਕਾਫ਼ੀ ਹੱਦ ਤੱਕ ਸੱਚ ਹੈ। ਕੈਨੇਡਾ ਵਿੱਚ ਪੰਜਾਬੀ ਤੀਜੇ ਨੰਬਰ ਤੇ ਬੋਲੀ ਜਾਣ ਵਾਲੀ ਬੋਲੀ ਹੈ ਜਿਸ ਕਰਕੇ ਇਸਦੇ ਫ਼ਾਇਦੇ ਵੀ ਬਹੁਤ ਹਨ ਹੁਣ ਸਾਡੇ ਬੱਚੇ ਪੰਜਾਬੀ ਪੜ੍ਹ, ਲਿਖ ਤੇ ਸਿੱਖ ਵੀ ਰਹੇ ਹਨ ਕਿਉਂਕਿ ਕਿ ਉਹਨਾਂ ਨੂੰ ਜੌਬਾਂ ਵਿੱਚ ਵੀ ਵੱਧ ਭਾਸ਼ਾਵਾਂ ਆਉਣ ਕਰਕੇ ਜੌਬ ਮਿਲਣ ਵਿੱਚ ਅਸਾਨੀ ਹੁੰਦੀ ਹੈ। ਬਹੁਤੀ ਵਾਰੀ ਪਹਿਲ ਦੇ ਅਧਾਰ ਤੇ ਜੌਬ ਮਿਲਦੀ ਹੈ।

ਸਾਡੇ ਘਰਾਂ ਵਿੱਚ ਪੰਜਾਬ ਤੋਂ ਦਾਦਾ-ਦਾਦੀ, ਨਾਨਾ-ਨਾਨੀ ਆਏ ਹੋਏ ਹਨ ਉਹ ਪੰਜਾਬੀ ਬੋਲਦੇ ਹਨ ਇਸ ਕਰਕੇ ਤਕਰੀਬਨ ਬਹੁਤੇ ਬੱਚਿਆਂ ਨੂੰ ਟੁੱਟੀ ਫੁੱਟੀ ਪੰਜਾਬੀ ਬੋਲਣੀ ਆਉਂਦੀ ਵੀ ਹੈ ਤੇ ਸਮਝਣੀ ਤਾਂ ਕਾਫ਼ੀ ਆ ਜਾਂਦੀ ਹੈ। ਅਸੀਂ ਪਿਛਲੇ ਕੁੱਝ ਸਮੇਂ ਤੋਂ ਇਹ ਵੀ ਜ਼ੋਰ ਲਾ ਰਹੇ ਹਾਂ ਕਿ ਬੱਚਿਆਂ ਨੂੰ ਆਪਣੇ ਸਭਿਆਚਾਰ ਨਾਲ ਜੋੜਨਾ ਹੈ। ਅਸੀਂ ਇਨ੍ਹਾਂ ਨੂੰ ਗਿੱਧੇ ਭੰਗੜੇ ਸਿਖਾਉਣੇ ਸ਼ੁਰੂ ਕਰ ਦਿੱਤੇ। ਹਰ ਨੁੱਕਰ ਤੇ ਅਕੈਡਮੀਆਂ ਸ਼ੁਰੂ ਹੋ ਗਈਆਂ। ਆਪਣੇ ਵਿਰਸੇ ਜਾਂ ਸਭਿਆਚਾਰ ਨਾਲ ਜੋੜਦੇ ਜੋੜਦੇ ਕਈ ਵਾਰ ਅਸੀਂ ਗੀਤਾਂ ਵਿੱਚ ਚੱਲਣ ਵਾਲੇ ਗੀਤਾਂ ਦੇ ਬੋਲਾਂ ਵੱਲ ਧਿਆਨ ਹੀ ਨਹੀਂ ਕਰਦੇ ਕਿ ਬੱਚੇ ਕਿਹੋ ਜਿਹੇ ਗੀਤਾਂ ਤੇ ਨੱਚ ਰਹੇ ਹਨ। ਉਹਨਾਂ ਤੇ ਇਸਦਾ ਕੀ ਪ੍ਰਭਾਵ ਪਵੇਗਾ। ਐਕੇਡਮੀਆਂ ਨੇ ਵੀ ਇਸਨੂੰ ਬਿਜ਼ਨਸ ਦਾ ਜ਼ਰੀਆ ਹੀ ਬਣਾਇਆ। ਛੋਟੇ ਹੁੰਦੇ ਜਦੋਂ ਉਨ੍ਹਾਂ ਨੂੰ ਸ਼ਬਦਾਂ ਦੇ ਅਰਥ ਨਹੀਂ ਪਤਾ ਹੁੰਦਾ ਉਦੋਂ ਉਹ ਸਿਰਫ਼ ਬੀਟ ਤੇ ਨੱਚਦੇ ਹਨ, ਵੱਡੇ ਹੋ ਕੇ ਆਪਣੀਆਂ ਕਾਰਾਂ ਵਿੱਚ ਉਹ ਉਹੀ ਘਟੀਆ ਕਿਸਮ ਦੇ ਗੀਤ ਸੁਣਦੇ ਹਨ। ਜੇ ਇਹ ਗੱਲਾਂ ਸੁਣਨ ਜਾਂ ਕਹਿਣ ਵਿੱਚ ਸੀਮਤ ਹੋਣ ਤਾਂ ਬਰਦਾਸ਼ਤ ਹੋ ਸਕਦੀਆਂ ਹਨ ਪਰ ਜਦੋਂ ਉਹ ਗਾਣਾ ਸੁਣਦੇ ਹਨ, "ਮਿੱਤਰਾਂ ਨੂੰ ਸ਼ੌਂਕ ਹੈ ਗੋਲ਼ੀਆਂ ਚਲਾਉਣ ਦਾ" ਜਾਂ "ਮਿੱਤਰਾਂ ਨੂੰ ਸੌਂਕ ਹਥਿਆਰਾਂ ਦਾ" ਤਾਂ ਉਹ ਫਿਰ ਹੱਥ ਵਿੱਚ ਪਿਸਤੌਲ ਵੀ ਰੱਖਣ ਲੱਗਦੇ ਹਨ, ਗੋਲ਼ੀਆਂ ਵੀ ਚਲਦੀਆਂ ਹਨ ਤੇ ਗੈਂਗਵਾਰ ਵਰਗੀਆਂ ਅਲਾਮਤਾਂ ਨੌਜਵਾਨ ਪੀੜ੍ਹੀ ਦਾ ਖੌਅ ਬਣ ਜਾਂਦੀਆਂ ਹਨ। "18ਵੇਂ 'ਚ ਮੁੰਡਾ ਬਦਨਾਮ ਹੋ ਗਿਆ" ਵਰਗੇ ਗੀਤ ਪੁੰਗਰਦੀ ਸੋਚ ਨੂੰ ਖੋਰਾ ਲਾਉਣ ਵਾਲੇ ਹਨ। ਕਿਤੇ ਗੀਤਕਾਰ ਗੀਤਾਂ ਵਿੱਚ ਇਹ ਲਿਖਣ ਕਿ 18ਵੇਂ ਵਿੱਚ ਕਰਤਾਰ ਸਰਾਭੇ ਨੇ ਆਪਣੇ ਦੇਸ਼, ਕੌਮ ਦੀ ਖਾਤਰ ਫਾਂਸੀ ਦਾ ਰੱਸਾ ਗਲ਼ ਵਿੱਚ ਪਾ ਕੇ ਦੇਸ਼ ਨੂੰ ਫ਼ਰੰਗੀਆਂ ਤੋਂ ਅਜ਼ਾਦ ਕਰਾਉਣ ਲਈ ਨੀਂਹ ਪੱਕੀ ਕੀਤੀ ਸੀ ਤਾਂ ਸਮਾਜ ਦਾ ਮੂੰਹ ਮੁਹਾਂਦਰਾ ਹੀ ਹੋਰ ਹੋਵੇਗਾ। ਸਾਡੇ ਲੇਖਕਾਂ ਨੂੰ ਬਹੁਤ ਜ਼ਿਆਦਾ ਪੜ੍ਹਨ ਦੀ ਲੋੜ ਹੈ, ਉਨ੍ਹਾਂ ਨੂੰ ਆਪ ਹੀ ਨਹੀਂ ਪਤਾ ਹੁੰਦਾ ਕਿ ਅਸੀਂ ਕਿਸ ਵਿਰਸੇ ਦੇ ਵਾਰਸ ਹਾਂ। ਫੜ-ਫੜ ਕਰਦੀ ਲਰਜ਼ਦੀ ਜਵਾਨੀ ਦੇ ਸਾਹਮਣੇ ਜਦੋਂ ਉਹ ਉਬੁਲਟ ਤਾਂ ਰੱਖਿਆ ਪਟਾਕੇ ਪਾਉਣ ਨੂੰ" ਸੁਣਦੇ ਹਨ ਤਾਂ ਉਹ ਪਟਾਕੇ ਪਾ ਕੇ ਦੇਖਣੇ ਵੀ ਚਾਹੁੰਦੇ ਹਨ। ਉਦਾਰੂ, ਦਾਰੂ ਚੱਲ ਜੂ, ਪਰ ਚਿੱਟੇ ਤੋਂ ਪ੍ਰਹੇਜ਼ ਚਾਹੀਦਾ" ਵਰਗੇ ਗੀਤ ਨਸ਼ਿਆਂ ਦੀ ਤਸਕਰੀ ਵਿੱਚ ਵਾਧਾ ਕਰਦੇ ਹਨ। ਨਸ਼ਾ ਕਿਸੇ ਕਿਸਮ ਦਾ ਵੀ ਹੋਵੇ ਉਸਦੀ ਗ਼ਲਤ ਵਰਤੋਂ ਹਮੇਸ਼ਾਂ ਹੀ ਨੁਕਸਾਨਦੇਹ ਹੁੰਦੀ ਹੈ। ਜਵਾਨੀ ਨੂੰ ਇਸ ਤੋਂ ਬਚਾਅ ਕੇ ਰੱਖਣ ਦੀ ਲੋੜ ਹੈ, ਜ਼ਿੰਦਗੀ ਦੇ ਵਧੀਆ ਗੀਤ ਗਾ ਕੇ ਵੀ ਮਿਲੇ ਮੌਕਿਆਂ ਨੂੰ ਖੁਸ਼ੀਆਂ ਨਾਲ ਭਰ ਸਕਦੇ ਹਾਂ।

ਇਹੀ ਨਹੀਂ ਕਿ ਉਲੱਕ ਟਵੰਟੀ ਏਟ ਕੁੜੀ ਦਾ, ਫੌਰਟੀ ਸੈਵਨ ਵੇਟ ਕੁੜੀ ਦਾ" ਵਰਗੇ ਗਾਣਿਆਂ ਤੇ ਬੱਚੇ ਹੀ ਨਹੀਂ ਨੱਚ ਰਹੇ ਸਗੋਂ 50-50, 60-60 ਸਾਲ ਦੇ ਬਜ਼ੁਰਗ ਜੋੜੇ ਵੀ ਬੇਵਾਕੀ ਨਾਲ ਬਿਨ੍ਹਾਂ ਸੋਚੇ ਸਮਝੇ, ਸ਼ਰਾਬ ਦੇ ਦੋ ਪੈੱਗ ਲਾ ਕੇ ਆਪਣੀਆਂ, ਧੀਆਂ ਭੈਣਾਂ, ਮਾਵਾਂ ਤੇ ਬੱਚੀਆਂ ਦੇ ਲੱਕਾਂ ਵੱਲ ਇਸ਼ਾਰੇ ਕਰ ਕਰ ਕੇ ਨੱਚੀ ਜਾਂਦੇ ਹਨ। ਮੈਨੂੰ ਕਈ ਵਾਰ ਲੋਕਾਂ ਨੂੰ ਇਹ ਸਵਾਲ ਕਰਨ ਦਾ ਮੌਕਾ ਮਿਲਿਆ ਤਾਂ ਜਵਾਬ ਸੀ ਕਿ ਅਸੀਂ ਫ਼ਨ (ਖੁਸ਼ੀ ਮਨਾਉਣ) ਕਰਨ ਆਏ ਹਾਂ, ਇਸ ਵੇਲੇ ਇਹੋ ਜਿਹੀਆਂ ਗੰਭੀਰ ਗੱਲਾਂ ਨਹੀਂ ਕਰੀਦੀਆਂ। ਪਰ ਕੈਨੇਡਾ ਦੀ ਐਨੀ ਰੁਝੇਵੇਂ ਭਰੀ ਜ਼ਿੰਦਗੀ ਵਿੱਚ ਸਾਡੇ ਕੋਲ ਕਦੋਂ ਸਮਾਂ ਹੈ ਕਿ ਅਸੀਂ ਗੰਭੀਰ ਮੁੱਦਿਆਂ ਤੇ ਗੱਲਾਂ ਕਰਨ ਦਾ। ਜੇ ਵਿਚਾਰਾਂ ਨਹੀਂ ਕਰ ਰਹੇ ਤਦੇ ਹੀ ਅਸੀਂ ਇਨ੍ਹਾਂ ਲੱਚਰ ਗਾਣਿਆਂ ਦਾ ਪ੍ਰਭਾਵ ਸਾਡੇ ਬੱਚਿਆਂ ਤੇ ਦੇਖ ਰਹੇ ਹਾਂ। ਇਹ ਕੁੱਝ ਕੁ ਗੀਤ ਨਹੀਂ ਇਹ ਤਾਂ ਦਿਨੋ ਦਿਨ ਢੇਰਾਂ ਦੇ ਢੇਰ ਮਾਰਕਿਟ ਵਿੱਚ ਪਰੋਸੇ ਜਾ ਰਹੇ ਹਨ। ਮੈਂ ਤਾਂ ਕੁੱਝ ਉਦਾਹਰਣਾਂ ਹੀ ਦਿੱਤੀਆਂ ਹਨ। ਬਹੁਤ ਸਾਰੇ ਅਜਿਹੇ ਗੀਤ ਹਨ ਜੋ ਰਿਸ਼ਤਿਆਂ ਦੀ ਅਹਿਮੀਅਤ ਨੂੰ ਮਲੀਆਮੇਟ ਕਰਕੇ ਸਾਡੇ ਅਮੀਰ ਸਭਿਆਚਾਰ ਦਾ ਕਤਲ ਕਰ ਰਹੇ ਹਨ। ਇਨ੍ਹਾਂ ਵਿੱਚ ਹਿੰਸਾ, ਗੰਨ ਕਲਚਰ, ਡਰੱਗ ਅਤੇ ਗੈਂਗ ਦਾ ਬੋਲਬਾਲਾ ਹੋਣ ਕਰਕੇ ਹੀ ਸਾਡੇ ਬੱਚੇ ਇਹ ਅਪਣਾ ਰਹੇ ਹਨ। ਜਾਤੀਵਾਦ ਨੂੰ ਉਭਾਰਨ ਲਈ ਇਨ੍ਹਾਂ ਵਿੱਚ ਜੱਟਾਂ ਨੂੰ ਵੈਲੀ ਜਾਂ ਖਾੜਕੂ ਜਾਂ ਹੱਥਾਂ ਵਿੱਚ ਹਥਿਆਰ ਲੈ ਕੇ ਕਤਲ ਕਰਨ ਵਾਲਾ ਜਾਂ ਲੜਾਈਆਂ ਕਰਦਾ ਜੱਟ ਹੀ ਪੇਸ਼ ਕੀਤਾ ਜਾਂਦਾ ਹੈ ਜਦਕਿ ਦੂਸਰੇ ਪਾਸੇ ਕਰਜ਼ੇ ਦਾ ਸਤਾਇਆ ਜੱਟ ਹਰ ਰੋਜ਼ ਖੁਦਕਸ਼ੀਆਂ ਦੇ ਰਾਹ ਤੁਰਿਆ ਹੈ। ਇਹ ਸੱਚਾਈ ਨੂੰ ਅੱਖੋਂ ਪਰੋਖੇ ਕਰਕੇ ਝੂਠ ਦਾ ਮੁਲੰਮਾ ਚਾੜ੍ਹਨ ਵਾਲੀ ਗੱਲ ਹੈ। ਇਨ੍ਹਾਂ ਗਾਣਿਆਂ ਵਿੱਚ ਔਰਤ ਸਿਰਫ਼ ਤੇ ਸਿਰਫ਼ ਇੱਕ ਮਾਸ਼ੂਕਾ ਹੀ ਨਜ਼ਰ ਆਉਂਦੀ ਹੈ ਅਰਥਾਤ ਔਰਤ ਦੇ ਅਸਲੀ ਅਸਤਿਤਵ ਤੋਂ ਹੱਟ ਕੇ ਔਰਤ ਲਈ ਘਟੀਆ ਕਿਸਮ ਦੀ ਭਾਸ਼ਾ ਦਾ ਪ੍ਰਯੋਗ ਕੀਤਾ ਜਾਂਦਾ ਹੈ ਜੋ ਸਮੁੱਚੀ ਔਰਤ ਜਾਤੀ ਦੇ ਵਿਰੁੱਧ ਭੁਗਤਦੀ ਹੈ।



ਜੇ ਪੰਜਾਬੀ ਸਭਿਆਚਾਰ ਵਿੱਚ ਇਹ ਕੁੱਝ ਆ ਗਿਆ ਹੈ ਤਾਂ ਲੈਨਿਨ ਦੇ ਸ਼ਬਦਾਂ ਮੁਤਾਬਕ ਸਾਡਾ ਸਮਾਜ ਗਿਰਾਵਟ ਵੱਲ ਜਾ ਰਿਹਾ ਹੈ ਅਤੇ ਗੀਤਾਂ ਵਾਲਾ ਕਲਚਰ ਸਟੇਜਾਂ ਜਾਂ ਕੈਸਟਾਂ ਜਾਂ ਇਲੈਕਟ੍ਰੋਨਿਕ ਡੀਵਾਈਸਜ਼ ਤੇ ਹੀ ਨਹੀਂ ਸਗੋਂ ਸਾਡੇ ਬੂਹਿਆਂ ਦੇ ਅੰਦਰ ਵੀ ਆ ਗਿਆ ਹੈ।ਸਵਾਲ ਪੈਦਾ ਹੁੰਦਾ ਹੈ ਕਿ ਇਹ ਆਇਆ ਕਿਵੇਂ ਤੇ ਇਸ ਨੂੰ ਲਿਆਉਣ ਵਾਲੇ ਕੌਣ ਹਨ ? ਸਭ ਤੋਂ ਪਹਿਲਾਂ ਸਾਡੀਆਂ ਸਰਕਾਰਾਂ ਜਿਨ੍ਹਾਂ ਨੂੰ ਸਮਾਜ ਦੀ ਪਾਈ ਪਾਈ ਦੀ ਇਨਫਰਮੇਸ਼ਨ ਹਰ ਵਕਤ ਪਹੁੰਚਦੀ ਹੈ ਕੀ ਉਹਨਾਂ ਨੂੰ ਇਹ ਪਤਾ ਨਹੀਂ ਲੱਗਦਾ ਕਿ ਇਨ੍ਹਾਂ ਗੀਤਾਂ ਦਾ ਅਸਰ ਸਾਡੀ ਨੌਜਵਾਨ ਪੀੜ੍ਹੀ ਤੇ ਪੈ ਰਿਹਾ ਹੈ? ਸਾਡੇ ਬੱਚਿਆਂ ਦਾ ਡਰੱਗਜ਼ ਜਾਂ ਗੈਂਗਵਾਰ ਵਿੱਚ ਜਾਣ ਦਾ ਕਿਤੇ ਇੱਕ ਕਾਰਣ ਇਹ ਵੀ ਤਾਂ ਨਹੀਂ। ਦੂਸਰਾ ਉਹ ਲੇਖਕ ਜੋ ਆਪਣੀ ਕੁੱਝ ਦਿਨ ਦੀ ਪ੍ਰਸਿੱਧੀ ਨੂੰ ਮੁੱਖ ਰੱਖ ਕੇ ਇਹੋ ਜਿਹਾ ਅਸ਼ਲੀਲ, ਹਿੰਸਕ, ਫੁਕਰਪੁਣੇ ਵਾਲਾ, ਜਾਤਾਂ ਜਾਂ ਔਰਤ ਵਿਰੋਧੀ ਸਾਹਿਤ ਰਚ ਰਹੇ ਹਨ, ਉਹ ਜ਼ੁੰਮੇਵਾਰ ਹਨ। ਇਸਦੇ ਨਾਲ ਹੀ ਸਾਡੀਆਂ ਸਾਹਿਤਕ ਜਥੇਬੰਦੀਆਂ ਜੋ ਸਿਰਫ ਤੇ ਸਿਰਫ ਪ੍ਰਧਾਨੀਆਂ ਦੇ ਚੱਕਰਾਂ ਵਿੱਚ ਚੋਣਾਂ ਦੇ ਮੈਦਾਨੇ ਜੰਗ ਦੀਆਂ ਤਿਆਰੀਆਂ ਲਈ ਸਾਰਾ ਸਾਲ ਤਿਆਰ-ਬਰ-ਤਿਆਰ ਰਹਿੰਦੀਆਂ ਹਨ ਤੇ ਇਸ ਕਿਸਮ ਦੇ ਵਰਤਾਰੇ ਵੱਲ ਪਿੱਠ ਕਰਕੇ ਖੜ੍ਹੀਆਂ ਰਹਿੰਦੀਆਂ ਹਨ। ਉਸਤੋਂ ਬਾਅਦ ਜੋ ਗਾਇਕ ਬਿਨ੍ਹਾਂ ਸੋਚੇ ਸਮਝੇ ਇਹ ਲੱਚਰ ਗੀਤ ਗਾ ਕੇ ਦਿਨਾਂ ਵਿੱਚ ਨੌਜਵਾਨ ਪੀੜ੍ਹੀ ਵਿੱਚ ਛਾ ਜਾਣਾ ਚਾਹੁੰਦੇ ਹਨ। ਚੌਥੇ ਹਨ ਪੈਸੇ ਵਾਲੇ ਲੋਕ ਜੋ ਇਨ੍ਹਾਂ ਦੇ ਸ਼ੋਅ ਕਰਾ ਕੇ ਦੇਸ਼ ਵਿੱਚ ਵਿਆਹਾਂ ਸ਼ਾਦੀਆਂ ਤੇ ਬਿਦੇਸ਼ਾਂ ਵਿੱਚ ਹੋਰ ਪੈਸੇ ਕਮਾਉਣ ਲਈ ਇਨ੍ਹਾਂ ਨੂੰ ਸੰਪੌਂਸਰ ਕਰ ਕੇ ਬੁਲਾਉਂਦੇ ਹਨ ਲੋਕਾਂ ਦਾ ਦਿਲ ਪ੍ਰਚਾਵਾ ਕਰਨ ਲਈ ਲੱਚਰ ਗੀਤਾਂ ਦਾ ਸਹਾਰਾ ਲੈਂਦੇ ਹਨ। ਪੰਜਵੀਆਂ ਹਨ ਉਹ ਰਿਕਾਰਡਿੰਗ ਕੰਪਨੀਆਂ ਜੋ ਇਹੋ ਜਿਹੇ ਗੀਤਾਂ ਦੀਆਂ ਵੀਡਿਓ ਰਿਕਾਰਡ ਕਰਦੀਆਂ ਹਨ ਜੋ ਕਿ ਪੂਰਾ ਪਰਿਵਾਰ ਫੈਮਲੀ ਰੂਮ ਵਿੱਚ ਬੈਠ ਕੇ ਦੇਖ ਨਹੀਂ ਸਕਦਾ। ਛੇਵਾਂ ਹੈ ਸਾਡਾ ਵਿਕਾਊ ਮੀਡੀਆ ਜੋ ਬਿਨ੍ਹਾਂ ਸੋਚੇ ਸਮਝੇ ਦਿਨ ਰਾਤ ਰੇਡਿਓ, ਟੀ.ਵੀ. ਚੈਨਲਾਂ ਤੇ ਇਨ੍ਹਾਂ ਨੂੰ ਪ੍ਰਮੋਟ ਕਰਦਾ ਹੈ ਅਤੇ ਚੈਨਲਾਂ ਤੇ ਇਨ੍ਹਾਂ ਗਾਇਕਾਂ ਨੂੰ ਇੰਟਰਵਿਊ ਕਰਨ ਦੇ ਬਹਾਨੇ ਉਹਨਾਂ ਦੀ ਹਾਂ ਵਿੱਚ ਹਾਂ ਮਿਲਾ ਕੇ ਇਸ ਗੰਦੇ ਗੀਤਾਂ ਲਈ ਭਾਈਵਾਲ ਬਣਦਾ ਹੈ।ਸਾਡੀਆਂ ਬਹੁਤ ਸਾਰੀਆਂ ਸਾਹਿਤ ਸਭਾਵਾਂ ਐਹੋ ਜਿਹੇ ਗੀਤਾਂ ਵਾਲਿਆਂ ਨੂੰ ਸੱਦ ਕੇ ਸਨਮਾਨਤ ਕਰਦੀਆਂ ਹਨ ਜਾਂ ਉਹਨਾਂ ਦੇ ਰੂਬਰੂ ਕਰਵਾਏ ਜਾਂਦੇ ਹਨ। ਇਹਨਾਂ ਸਾਰਿਆਂ ਨੂੰ ਕੋਈ ਫਰਕ ਨਹੀਂ ਕਿ ਕੀ ਹੋ ਰਿਹਾ ਹੈ ? ਸਾਡੀਆਂ ਸਰਕਾਰਾਂ ਇਨ੍ਹਾਂ ਵੱਲ ਤਵੱਜੋ ਨਹੀਂ ਦੇਣਗੀਆਂ ਕਿਉਂਕਿ ਉਹਨਾਂ ਨੂੰ ਤਾਂ ਸਾਰਾ ਕੁੱਝ ਇਹੋ ਜਿਹਾ ਚਾਹੀਦਾ ਹੈ ਕਿ ਜੋ ਲੋਕਾਂ ਦੀ ਤੀਬਰ ਤੇ ਸੁਚੇਤ ਬੁੱਧੀ ਨੂੰ ਸੁਲਾ ਸਕੇ ਅਤੇ ਖਾਸ ਕਰਕੇ ਨੌਜਵਾਨ ਪੀੜ੍ਹੀ ਜਿਸਨੇ ਆਪਣੇ ਹੱਕਾਂ ਦੀ ਗੱਲ ਬੇਝਿਜਕ ਹੋ ਕੇ ਕਰਨੀ ਹੈ ਉਹਨੂੰ ਇਹੋ ਜਿਹੇ ਘਟੀਆ ਗੀਤਾਂ ਵਿੱਚ ਉਲਝਾ ਦਿਉ। ਇਹ ਸਾਰੀਆਂ ਧਿਰਾਂ ਲੋਕਾਂ ਨੂੰ ਕਸੂਰਵਾਰ ਕਹਿੰਦੀਆਂ ਹਨ ਕਿਉਂਕਿ ਅਸੀਂ ਉਹਨਾਂ ਵੱਲ ਉਂਗਲ ਨਹੀਂ ਕਰਦੇ। ਉਹ ਉਲਟਾ ਸਗੋਂ ਲੋਕਾਂ ਨੂੰ ਕਹਿੰਦੇ ਹਨ ਕਿ ਤੁਸੀਂ ਨਾ ਸੁਣੋ। ਜਿਹੜੇ ਸੁਣਦੇ ਹਨ ਉਹ ਕਸੂਰਵਾਰ ਹਨ।ਸਾਡੇ ਲਈ ਸਵਾਲ ਹੈ ਕਿ ਜਿਹੜੇ ਲੋਕ ਰਲ਼ ਮਿਲ਼ ਕੇ ਇਨ੍ਹਾਂ ਲੱਚਰ ਗੀਤਾਂ ਤੋਂ ਅੰਨ੍ਹਾਂ ਪੈਸਾ ਕਮਾ ਰਹੇ ਹਨ ਕੀ ਉਹ ਕਸੂਰਵਾਰ ਨਹੀਂ ? ਹਾਂ ਅਸੀਂ ਕਸੂਰਵਾਰ ਹਾਂ ਕਿਉਂਕਿ ਸਾਡਾ ਏਕਾ ਨਹੀਂ ਹੈ। ਅਸੀਂ ਇਕੱਠੇ ਹੋ ਕੇ ਇਨ੍ਹਾਂ ਦੇ ਗਲ਼ ਨਹੀਂ ਪੈਂਦੇ, ਇਨ੍ਹਾਂ ਦੇ ਵੀਜੇ ਬੰਦ ਨਹੀਂ ਕਰਵਾਉਂਦੇ। ਆਪਣੀ ਅਵਾਜ਼ ਬੁਲੰਦ ਨਹੀਂ ਕਰਦੇ। ਅਸੀਂ ਇਨ੍ਹਾਂ ਲੋਕਾਂ ਨੂੰ ਮਨਆਈਆਂ ਕਰਨ ਦਿੰਦੇ ਹਾਂ।ਇਨ੍ਹਾਂ ਦਾ ਬਾਈਕਾਟ ਨਹੀਂ ਕਰਦੇ। ਸਮਾਜ ਦੇ ਵਿੱਚ ਹੋ ਰਹੇ ਗਲਤ ਕੰਮਾਂ ਤੇ ਉਂਗਲ ਨਹੀਂ ਧਰਦੇ, ਜਿਹੜੇ ਸਾਡੇ ਆਪਸੀ ਭਾਈਚਾਰਕ ਰਿਸ਼ਤਿਆਂ ਨੂੰ ਤਾਰੋ ਤਾਰ ਕਰ ਰਹੇ ਹਨ।

ਜਿਹੜੇ ਲੋਕਾਂ ਨੇ ਇਸ ਗਾਇਕੀ ਦੇ ਵਿਰੁੱਧ ਅਵਾਜ਼ ਉਠਾਈ ਹੈ ਜਿਵੇਂ ਪੰਜਾਬ ਵਿੱਚ ਉਇਸਤਰੀ ਜਾਗ੍ਰਿਤੀ ਮੰਚ" ਦੇ ਸੰਘਰਸ਼ ਦੀ ਹਮਾਇਤ ਕਰਨੀ ਬਣਦੀ ਹੈ। ਇਸਦੇ ਨਾਲ ਨਾਲ ਕੈਲਗਰੀ ਦੀਆਂ ਦੋ ਸੰਸਥਾਵਾਂ 'ਪ੍ਰੋਗਰੈਸਿਵ ਕਲਚਰਲ ਐਸੋਸ਼ੀਏਸ਼ਨ, ਕੈਲਗਰੀ' ਅਤੇ 'ਸਿੱਖ ਵਿਰਸਾ ਇੰਟਰਨੈਸ਼ਨਲ' ਨੇ ਵੀ ਕੁੱਝ ਸਮੇਂ ਤੋਂ ਇਨ੍ਹਾਂ ਦੇ ਖਿਲਾਫ਼ ਕੰਮ ਕਰਨਾ ਸ਼ੁਰੂ ਕੀਤਾ ਹੈ। ਸਰ੍ਹੀ ਦੇ 'ਪ੍ਰੋਗਰੈਸਿਵ ਆਰਟ ਕਲੱਬ' ਵਲੋਂ ਵੀ ਆਪਣੇ ਤਰੀਕੇ ਨਾਲ ਇਸਦਾ ਵਿਰੋਧ ਸ਼ੁਰੂ ਕੀਤਾ ਗਿਆ ਹੈ ਕਿ ਇਹੋ ਜਿਹੇ ਲੱਚਰ ਗੀਤਾਂ ਦੇ ਸਾਹਮਣੇ ਲੋਕ ਗੀਤਾਂ ਦਾ ਬਦਲ ਪੇਸ਼ ਕੀਤਾ ਜਾਵੇ। ਜਿਵੇਂ ਸਾਡੇ ਗਿੱਧੇ ਭੰਗੜਿਆਂ ਵਿੱਚ ਪੈਣ ਵਾਲੀਆਂ ਬੋਲੀਆਂ ਨੂੰ ਲੋਕਾਂ ਦੇ ਦੁੱਖਾਂ ਸੁੱਖਾਂ ਨਾਲ ਜੋੜ ਕੇ, ਕੈਨੇਡੀਅਨ ਸਮਾਜ ਦਾ ਹਿੱਸਾ ਬਣਾ ਕੇ, ਇੱਕ ਵਧੀਆ ਸਭਿਆਚਾਰ ਪੇਸ਼ ਕੀਤਾ ਜਾਵੇ। ਸਾਨੂੰ ਇਹੋ ਜਿਹੇ ਢੰਗ ਤਰੀਕੇ ਅਪਣਾਉਣੇ ਪੈਣਗੇ ਤਾਂ ਕਿ ਨੌਜਵਾਨੀ ਵਿੱਚ ਪੈ ਰਹੇ ਅਜਿਹੇ ਨਿਘਾਰ ਨੂੰ ਰੋਕਿਆ ਜਾ ਸਕੇ। ਇਹ ਤਾਂ ਸੀ ਜੋ ਲੱਚਰ ਗੀਤਾਂ ਦੇ ਸਭਿਆਚਾਰ ਬਾਰੇ ਵਿਚਾਰ ਵਟਾਂਦਰਾਂ ਪਰ ਇਸ ਸਮਾਜ ਵਿੱਚ ਬਹੁਤ ਕੁੱਝ ਵਧੀਆ ਵੀ ਹੋ ਰਿਹਾ ਹੈ, ਉਹਨਾਂ ਨੂੰ ਸ਼ਾਬਾਸ਼ੇ ਕਹਿਣਾ ਵੀ ਬਣਦਾ ਹੈ ਜੋ ਲੇਖਕ ਵਧੀਆ ਲਿਖ, ਗਾਇਕ ਵਧੀਆ ਗਾ ਰਹੇ ਹਨ। ਉਹ ਹਮੇਸ਼ਾਂ ਹੀ ਲੋਕਾਂ ਦੇ ਦਿਲਾਂ ਤੇ ਰਾਜ ਕਰਦੇ ਰਹਿਣਗੇ, ਜਿਨ੍ਹਾਂ ਨੇ ਇਸ ਸਮਾਜ ਨੂੰ ਵਧੀਆ ਬਣਾਉਣ ਲਈ ਆਪਣਾ ਯੋਗਦਾਨ ਪਾਇਆ ਹੈ। ਉਹਨਾਂ ਦੀ ਕਲਮ ਸਦਾ ਸਲਾਮਤ ਰਹੇ ਤੇ ਸਮਾਜ ਦੇ ਹਿਤਾਂ ਵਿੱਚ ਦਿਨ ਦੁੱਗਣੀ ਤੇ ਰਾਤ ਚੌਗੁਣੀ ਤਰੱਕੀ ਕਰੇ।



# ਕੇਰਲ ਹੜ੍ਹ: ਕਿਸੇ ਧੋਖੇਬਾਜ਼ ਕਾਰਨ ਚੰਗਿਆਈ ਕਿਉਂ ਰੁਕੇ ?

ਦਲਜੀਤ ਅਮੀ






ਕੇਰਲ ਵਿੱਚ ਹੜ੍ਹਾਂ ਦੀ ਮਾਰ ਹੇਠ ਆਏ ਲੋਕਾਂ ਦੀਆਂ ਖ਼ਬਰਾਂ ਨੇ ਲੋਕਾਈ ਨੂੰ ਵੱਡੇ ਪੱਧਰ ਉੱਤੇ ਝੰਜੋੜਿਆ ਹੈ। ਇਸ ਦੌਰਾਨ ਵੱਖ-ਵੱਖ ਲੋਕ, ਅਦਾਰੇ ਅਤੇ ਸਰਕਾਰਾਂ ਹੜ੍ਹ ਪੀੜਤਾਂ ਦੇ ਬਚਾਅ ਅਤੇ ਰਾਹਤ ਲਈ ਪਹੁੰਚ ਕਰ ਰਹੀਆਂ ਹਨ।

ਕੁਝ ਲੋਕਾਂ ਨੇ ਸੋਸ਼ਲ ਮੀਡੀਆ ਦੀ ਵਰਤੋਂ ਕਰਦੇ ਹੋਏ ਹੜ੍ਹ ਪੀੜਤਾਂ ਦੀ ਰਾਹਤ ਦੇ ਉਪਰਾਲੇ ਕੀਤੇ ਹਨ। ਮੌਜੂਦਾ ਦੌਰ ਵਿੱਚ ਸੂਚਨਾ ਤਕਨਾਲੋਜੀ ਦੀ ਅਹਿਮੀਅਤ ਇਸ ਵੇਲੇ ਹੋਰ ਉਘੜ ਆਈ ਹੈ ਜਦੋਂ ਸੋਸ਼ਲ ਮੀਡੀਆ ਇੱਕ ਪਾਸੇ ਲੋਕਾਂ ਨੂੰ ਹੜ੍ਹਾਂ ਦੀ ਮਾਰ ਹੇਠ ਆਏ ਸਕੇ-ਸਬੰਧੀਆਂ-ਦੋਸਤ-ਮਿੱਤਰਾਂ ਦੀ ਸਾਰ ਲੈਣ ਦਾ ਸਬੱਬ ਬਣਿਆ ਅਤੇ ਦੂਜੇ ਪਾਸੇ ਇਸ ਰਾਹੀਂ ਕੁਦਰਤੀ ਆਫ਼ਤ ਵਿੱਚ ਫਸੇ ਲੋਕ ਮਦਦ ਦੀ ਮੰਗ ਕਰ ਰਹੇ ਹਨ।

**ਕੇਰਲ 'ਚ ਆਇਆ ਸਦੀ ਦਾ ਸਭ ਤੋਂ ਖ਼ਤਰਨਾਕ ਹੜ੍ਹ**

ਸੋਸ਼ਲ ਮੀਡੀਆ ਰਾਹੀਂ ਕੇਰਲ ਵਿੱਚ ਲੋਕਾਂ ਦੀਆਂ ਲੋੜਾਂ ਅਤੇ ਢੁਕਵੀਆਂ ਥਾਵਾਂ ਦੀ ਥਾਹ ਪਾਈ ਜਾ ਸਕਦੀ ਹੈ। ਇਹ ਰਿਪੋਰਟ ਇਸ ਰੁਝਾਨ ਦਾ ਕੁਝ ਟਵਿੱਟਰ ਖ਼ਾਤਿਆਂ ਰਾਹੀਂ ਅੰਦਾਜ਼ਾ ਲੈਣ ਦਾ ਉਪਰਾਲਾ ਹੈ।

ਇਸ ਦੌਰਾਨ ਕੁਦਰਤੀ ਆਫ਼ਤ ਵਿੱਚ ਫਸੇ ਲੋਕਾਂ ਦੀ ਇਮਦਾਦ ਲਈ ਅਜਿਹੇ ਹੁੰਗਾਰੇ ਸਾਹਮਣੇ ਆਏ ਹਨ ਜੋ ਰਵਾਇਤੀ ਕੁਦਰਤੀ ਆਫ਼ਤ ਰਾਹਤ ਕਾਰਜਾਂ ਵਿੱਚ ਨਵੀਂ ਕਿਸਮ ਦਾ ਵਾਧਾ ਹਨ।

ਅਭਿਸ਼ੇਕ ਬਖਸ਼ੀ ਦੇ ਟਵਿੱਟਰ ਅਕਾਊਂਟ ਮੁਤਾਬਕ ਉਹ ਡਿਜੀਟਲ ਕੰਸਲਟੈਂਟ ਹਨ। ਉਨ੍ਹਾਂ ਨੇ ਟਵੀਟ ਕੀਤਾ ਹੈ ਕਿ ਜੇ ਤੁਸੀਂ ਕੇਰਲਾ ਵਿੱਚ ਆਪਣੇ ਮੋਬਾਈਲ ਨੂੰ ਡਾਟਾ/ਟੌਕ ਟਾਈਮ ਪੱਖੋਂ ਰੀਚਾਰਜ ਨਹੀਂ ਕਰਵਾ ਪਾ ਰਹੇ ਤਾਂ ਆਪਣਾ ਨੰਬਰ ਅਤੇ ਸਰਵਿਸ ਪ੍ਰੋਵਾਈਡਰ ਦਾ ਨਾਮ ਲਿਖ ਕੇ ਭੇਜ ਦਿਓ ਜਾਂ ਈਮੇਲ ਕਰ ਦਿਓ ਮੈਂ ਇਹ ਕੰਮ ਕਰਵਾ ਦਿਆਂਗਾ।

ਅਭਿਸ਼ੇਕ ਨੂੰ ਅਚਾਰਿਆ ਅਰੋੜਾ ਦੇ ਟਵਿੱਟਰ ਹੈਂਡਲ ਤੋਂ ਸਲਾਹ ਦਿੱਤੀ ਗਈ ਕਿ ਇਸ ਮੌਕੇ ਮਦਦ ਮੰਗਣ ਵਾਲੇ ਧੋਖੇਬਾਜ਼ ਵੀ ਹੋ ਸਕਦੇ ਹਨ।

ਅਭਿਸ਼ੇਕ ਨੇ ਜੁਆਬ ਦਿੱਤਾ ਕਿ ਮੈਂ ਚੰਗਿਆਈ ਵਿੱਚ ਯਕੀਨ ਰੱਖਦਾ ਹਾਂ। ਮੈਂ ਉਮੀਦ ਕਰਦਾ ਹਾਂ ਕਿ ਕੋਈ ਮੇਰੀ ਪੇਸ਼ਕਸ਼ ਦੀ ਦੁਰਵਰਤੋਂ ਨਹੀਂ ਕਰੇਗਾ। ਜੇ ਕੋਈ ਇੱਕ-ਦੋ ਗਲਤ ਬੰਦੇ ਮੌਕਾ ਦਾ ਲਾਹਾ ਲੈ ਲੈਣਗੇ ਤਾਂ ਵੀ ਕੋਈ ਗੱਲ ਨਹੀਂ।

ਇਸੇ ਕੜੀ ਵਿੱਚ ਯਾਰੋ ਨਾਮ ਦੇ ਟਵਿੱਟਰ ਹੈਂਡਲ ਤੋਂ ਤਜਰਬਾ ਸਾਂਝਾ ਕੀਤਾ ਗਿਆ ਹੈ ਕਿ ਉਸ ਨਾਲ 2015 ਵਿੱਚ ਚੇਨਈ ਦੇ ਹੜ੍ਹ ਦੌਰਾਨ ਠੱਗੀ ਹੋਈ ਸੀ ਇਸ ਕਾਰਨ ਕੁਝ ਖੋਜ ਕਰਨਾ ਠੀਕ ਰਹੇਗਾ।

ਕੇਰਲ ਦੇ ਮੁੱਖ-ਮੰਤਰੀ ਰਾਹਤ ਫੰਡ ਵਿੱਚ ਹਿੱਸਾ ਪਾਉਣ ਦੀਆਂ ਬੇਨਤੀਆਂ ਸਰਕਾਰੀ ਅਤੇ ਗ਼ੈਰ-ਸਰਕਾਰੀ ਪੱਧਰ ਉੱਤੇ ਚੱਲ ਰਹੀਆਂ ਹਨ।

ਸੋਸ਼ਲ ਮੀਡੀਆ 'ਤੇ ਕੇਰਲ ਦੇ ਮੁੱਖ-ਮੰਤਰੀ ਰਾਹਤ ਫੰਡ ਵਿੱਚ ਹਿੱਸਾ ਨਾ ਪਾਉਣ ਦੀ ਮੁਹਿੰਮ ਵੀ ਚੱਲ ਰਹੀ ਹੈ। ਜਸਦੀਪ ਸਿੰਘ ਨੇ ਆਪਣੇ ਟਵਿੱਟਰ ਉੱਤੇ ਕੇਰਲ ਦੇ ਮੁੱਖ-ਮੰਤਰੀ ਰਾਹਤ ਫੰਡ ਵਿੱਚ ਹਿੱਸਾ ਪਾ ਕੇ ਮਿਲਿਆ ਸਰਟੀਫਿਕੇਟ ਸਾਂਝਾ ਕੀਤਾ ਹੈ।

ਉਨ੍ਹਾਂ ਨੇ ਇਸ ਸਰਟੀਫਿਕੇਟ ਵਿੱਚ ਰਕਮ ਅਤੇ ਆਪਣਾ ਪਤਾ ਮਿਟਾ ਦਿੱਤਾ ਹੈ ਅਤੇ ਲਿਖਿਆ ਹੈ, "ਕੇਰਲ ਦੇ ਮੁੱਖ-ਮੰਤਰੀ ਰਾਹਤ ਫੰਡ ਵਿੱਚ ਹਿੱਸਾ ਪਾਉਣਾ ਬਹੁਤ ਸੁਖਾਲਾ ਹੈ ਅਤੇ ਤੁਸੀਂ ਟੈਕਸ ਛੋਟ ਲਈ ਸਰਕਾਰੀ ਪੋਰਟਲ ਤੋਂ ਸਰਟੀਫਿਕੇਟ ਡਾਊਨਲੋਡ ਕਰ ਸਕਦੇ ਹੋ।"

ਜਸਦੀਪ ਸਿੰਘ ਨੇ ਬੀਬੀਸੀ ਪੰਜਾਬੀ ਨਾਲ ਟੈਲੀਫੋਨ ਉੱਤੇ ਗੱਲਬਾਤ ਕਰਦਿਆਂ ਕਿਹਾ ਕਿ ਇਸ ਸਰਟੀਫਿਕੇਟ ਨੂੰ ਸਾਂਝਾ ਕਰਨ ਦਾ ਮਕਸਦ ਰਾਹਤ ਕਾਰਜ ਵਿੱਚ ਹਿੱਸਾ ਪਾਉਣ ਦੀ ਅਹਿਮੀਅਤ ਨੂੰ ਉਘਾੜਨਾ ਸੀ।

ਸੋਸ਼ਲ ਮੀਡੀਆ ਉੱਤੇ ਆਪਣੇ ਸਮਾਜਿਕ ਘੇਰੇ ਵਿੱਚ ਇਹ ਸੁਨੇਹਾ ਦੇਣ ਦਾ ਇਹ ਵੀ ਤਰੀਕਾ ਹੈ।

ਇਸ ਨਾਲ ਉਨ੍ਹਾਂ ਮੁਹਿੰਮਾਂ ਦਾ ਪਾਜ ਆਪਣੇ ਆਪ ਉਘੜ ਜਾਂਦਾ ਹੈ ਜੋ ਮੁੱਖ-ਮੰਤਰੀ ਰਾਹਤ ਫੰਡ ਵਿੱਚ ਹਿੱਸਾ ਪਾਉਣ ਦੇ ਖ਼ਿਲਾਫ਼ ਹਨ।

**ਲਗਾਤਾਰ ਪੈਣ ਵਾਲੇ ਮੀਂਹ ਤੋਂ ਰਾਹਤ ਪਰ ਬਿਮਾਰੀਆਂ ਦਾ ਖ਼ਤਰਾ ਬਰਕਰਾਰ**

ਜਸਦੀਪ ਸਿੰਘ ਦੀ ਇਸ ਦਲੀਲ ਦੀ ਅਹਿਮੀਅਤ ਉਸ ਦੀ ਆਪਣੀ ਸ਼ਨਾਖ਼ਤ ਵਿੱਚ ਨਿਹਿਤ ਹੈ ਕਿਉਂਕਿ ਉਹ ਆਪਣਾ ਹਿੱਸਾ ਪਾ ਕੇ ਆਪਣੇ-ਆਪ ਨੂੰ ਬਿਨਾਂ ਬੋਲੇ ਮੁੱਖ-ਮੰਤਰੀ ਰਾਹਤ ਫੰਡ ਵਿੱਚ ਹਿੱਸਾ ਪਾਉਣ ਦੇ ਖ਼ਿਲਾਫ਼ ਚੱਲ ਰਹੀਆਂ ਮੁਹਿੰਮਾਂ ਦੇ ਸਾਹਮਣੇ ਖੜ੍ਹਾ ਕਰ ਦਿੰਦੇ ਹਨ।

ਇਸ ਨਾਲ ਉਨ੍ਹਾਂ ਦੇ ਸੋਸ਼ਲ ਮੀਡੀਆ ਘੇਰੇ ਵਿਚਲੇ ਜੀਆਂ ਨੂੰ ਫ਼ੈਸਲਾ ਕਰਨ ਵਿੱਚ ਇਮਦਾਦ ਮਿਲਦੀ ਹੈ।

**ਕੇਰਲ ਦੇ ਹੜ੍ਹ ਦਾ ਔਰਤਾਂ ਦੇ ਸਬਰੀਮਲਾ ਮੰਦਰ ਜਾਣ ਨਾਲ ਕੀ ਸਬੰਧ**

ਲੇਖਕ ਅਤੇ ਕਾਲਮਨਵੀਸ ਅਮਿਤ ਵਰਮਾ ਨੇ ਹੜ੍ਹ ਰਾਹਤ ਫੰਡ ਵਿੱਚ ਹਿੱਸਾ ਪਾਉਣ ਅਤੇ ਲੋਕਾਂ ਨੂੰ ਹੱਲਾਸ਼ੇਰੀ ਦੇਣ ਦਾ ਅਨੋਖਾ ਤਰੀਕਾ ਅਖ਼ਤਿਆਰ ਕੀਤਾ ਹੈ।

ਉਨ੍ਹਾਂ ਨੇ ਲਿਖਿਆ ਹੈ, "ਕੇਰਲ ਦੀ ਹੋਣੀ ਦਿਲ ਤੋੜਨ ਵਾਲੀ ਹੈ। ਕਾਸ਼ ਮੈਂ ਕੁਝ ਹੋਰ ਕਰ ਸਕਦਾ। ਮੇਰੀ ਪੇਸ਼ਕਸ਼ ਇਹ ਹੈ: ਜੇ ਤੁਸੀਂ ਮੁੱਖ-ਮੰਤਰੀ ਰਾਹਤ ਫੰਡ ਵਿੱਚ ਪੰਜ ਹਜ਼ਾਰ ਜਾਂ ਇਸ ਤੋਂ ਵੱਧ ਹਿੱਸਾ ਪਾਉਂਦੇ ਹੋ ਤਾਂ ਮੈਂ ਤੁਹਾਡੇ ਮਨਪਸੰਦ ਵਿਸ਼ੇ ਉੱਤੇ ਲੈਮਰਿਕ (ਪੰਜ ਸਤਰਾਂ ਦੀ ਮਜ਼ਾਹੀਆ ਕਵਿਤਾ) ਲਿਖ ਕੇ ਇਸ ਕੜੀ ਵਿੱਚ ਪੋਸਟ ਕਰਾਂਗਾ।"

ਇਸ ਤੋਂ ਅੱਗੇ ਉਨ੍ਹਾਂ ਨੇ ਮੁੱਖ-ਮੰਤਰੀ ਰਾਹਤ ਫੰਡ ਵਿੱਚ ਹਿੱਸਾ ਪਾਉਣ ਲਈ ਲਿੰਕ ਦਿੱਤਾ ਹੈ ਅਤੇ ਲਿਖਿਆ ਹੈ, "ਮੈਨੂੰ ਮੁੱਖ-ਮੰਤਰੀ ਰਾਹਤ ਫੰਡ ਦੀ ਰਸੀਦ ਦੇ ਨਾਲ ਆਪਣਾ ਮਨਪਸੰਦ ਵਿਸ਼ਾ ਲਿਖ ਕੇ ਭੇਜੋ, ਮੈਂ ਲੈਮਰਿਕ ਲਿਖ ਕੇ ਇਸ ਕੜੀ ਵਿੱਚ ਪੋਸਟ ਕਰਾਂਗਾ।"

ਉਨ੍ਹਾਂ ਦੇ ਇਸ ਟਵੀਟ ਦੀ ਕੜੀ ਵਿੱਚ 86 ਟਵੀਟ ਆ ਚੁੱਕੇ ਹਨ। ਇਸ ਤੋਂ ਬਿਨਾਂ ਇਸ ਟਵੀਟ ਨੂੰ 825 ਵਾਰ ਰੀਟਵੀਟ ਕੀਤਾ ਗਿਆ ਹੈ ਅਤੇ ਇਸ ਨੂੰ 1437 ਲੋਕਾਂ ਨੇ ਪਸੰਦ ਕੀਤਾ ਹੈ।

ਉਨ੍ਹਾਂ ਨੂੰ ਆਧਾਰ, ਅਮਿਤ ਸ਼ਾਹ, ਚੀਨੀ, ਨਾਸਤਿਕ ਅਰਦਾਸ, ਜੁਮਲਾ ਖ਼ੁਰਾਕ ਅਤੇ ਮਨੁੱਖੀ ਆਫ਼ਤ ਵਰਗੇ ਵਿਸ਼ਿਆਂ ਉੱਤੇ ਲੈਮਰਿਕ ਲਿਖਣ ਦੀਆਂ ਸਿਫ਼ਾਰਿਸ਼ਾਂ ਆਈਆਂ ਹਨ।

ਕੇਰਲ ਵਿੱਚ ਭਿਆਨਕ ਹੜ੍ਹਾਂ ਨਾਲ ਮਚੀ ਤਬਾਹੀ ਜਾਰੀ ਹੈ। ਅਜਿਹੇ ਵਿੱਚ ਆਰਬੀਆਈ ਬੋਰਡ ਦੇ ਮੈਂਬਰ ਅਤੇ ਸਵਦੇਸ਼ੀ ਜਾਗਰਨ ਮੰਚ ਦੇ ਸਹਿ-ਕਨਵੀਨਰ ਸਵਾਮੀਨਾਥਨ ਗੁਰੂਮੂਰਤੀ ਨੇ ਇੱਕ ਬਿਆਨ ਦੇ ਕੇ ਨਵਾਂ ਵਿਵਾਦ ਖੜ੍ਹਾ ਕਰ ਦਿੱਤਾ ਹੈ।

ਉਨ੍ਹਾਂ ਨੇ ਕੇਰਲ ਵਿੱਚ ਆਏ ਹੜ੍ਹਾਂ ਨੂੰ ਸਬਰੀਮਲਾ ਮੰਦਿਰ ਵਿੱਚ ਔਰਤਾਂ ਦੇ ਜਾਣ 'ਤੇ ਪਾਬੰਦੀ ਦੇ ਸੁਪਰੀਮ ਕੋਰਟ ਵਿੱਚ ਚੱਲ ਰਹੇ ਮਾਮਲੇ ਨਾਲ ਜੋੜਿਆ , ਭਾਵੇਂ ਕਿ ਬਾਅਦ ਵਿਚ ਉਨ੍ਹਾਂ ਇਸ ਮੁੱਦੇ ਉੱਤੇ ਸਫ਼ਾਈ ਦਿੰਦਿਆਂ ਲਿਖਿਆ ਸੀ ਕੀ ਉਨ੍ਹਾਂ ਸਿਰਫ਼ ਇੰਨਾ ਕਿਹਾ ਕਿ ਜੇ 10 ਲੱਖ ਵਿੱਚੋਂ ਸਿਰਫ਼ ਇੱਕ ਵੀ ਕੇਸ ਅਤੇ ਮੀਂਹ ਦੇ ਆਪਸੀ ਸਬੰਧ ਦਾ ਹੈ ਤਾਂ ਕੇਸ ਭਗਵਾਨ ਦੇ ਖਿਲਾਫ਼ ਨਹੀਂ ਜਾ ਸਕਦਾ। ਉਸ ਨੇ ਕਿਹਾ ਕਿ ਇਹ ਲੋਕਾਂ ਦੇ ਵਿਸ਼ਵਾਸ਼ ਦਾ ਮਾਮਲਾ ਹੈ। ਉਹ ਨਿੱਜੀ ਤੌਰ ਉੱਤੇ ਸਬਰੀਮਲਾ ਨਹੀਂ ਜਾਂਦੇ।

ਐੱਸ ਗੁਰੂਮੂਰਤੀ ਨੇ ਟਵਿੱਟਰ 'ਤੇ ਲਿਖਿਆ ਹੋ ਸਕਦਾ ਹੈ ਕਿ ਸੁਪਰੀਮ ਕੋਰਟ ਦੇ ਜੱਜ ਇਹ ਦੇਖਣਾ ਪਸੰਦ ਕਰਨ ਸਬਰੀਮਲਾ ਵਿੱਚ ਜੋ ਵੀ ਹਿਰਾ ਹੈ, ਉਸਦਾ ਇਸ ਕੇਸ ਨਾਲ ਕੋਈ ਸਬੰਧ ਹੈ। ਜੇਕਰ ਇਸ ਮਾਮਲੇ ਨਾਲ ਥੋੜ੍ਹਾ ਵੀ ਸਬੰਧ ਹੋਇਆ ਤਾਂ ਲੋਕ ਨਹੀਂ ਚਾਹੁਣਗੇ ਕਿ ਫ਼ੈਸਲਾ ਅਯੱਪਨ (ਭਗਵਾਨ) ਦੇ ਖ਼ਿਲਾਫ਼ ਆਵੇ।

ਐੱਸ ਗੁਰੂਮੂਰਤੀ ਵੱਲੋਂ ਇਹ ਪੋਸਟ ਲਿਖਣ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਉਨ੍ਹਾਂ ਦੇ ਇਸ ਬਿਆਨ ਦੀ ਸਖ਼ਤ ਨਿੰਦਾ ਹੋ ਰਹੀ ਹੈ।

# 'ਕਨੇਡਾ-ਦ ਗੁਡ' ਦੀ ਮਿੱਥ ਨੂੰ ਤੋੜਦੀ ਅਤੇ ਕਨੇਡਾ ਦੇ ਅਸਲ ਖਾਸੇ ਨੂੰ ਨੰਗਿਆਂ ਕਰਦੀ ਇਕ ਤਸਵੀਰ

ਅਮਨ ਹੁੰਦਲ




ਸਾਰੇ ਦੇਸ਼ਾਂ ਵਿੱਚ ਸਰਮਾਏਦਾਰੀ ਦਾ ਇਤਿਹਾਸ ਲੋਕਾਂ ਦੇ ਲਹੂ ਨਾਲ ਲਥਪਥ ਹੈ। ਪਿਛਲੀ ਸਦੀ ਸਮਾਜਵਾਦੀ ਇਨਕਲਾਬਾਂ ਦੀ ਸਦੀ ਸੀ, ਸਮਾਜਵਾਦੀ ਮੁਲਕ ਆਰਥਕ-ਸਮਾਜਕ-ਸੱਭਿਆਚਾਰਕ ਖੇਤਰ ਵਿੱਚ ਤੇਜ ਪੁਲਾਂਘਾਂ ਪੁੱਟਦੇ ਹੋਏ ਵਿਕਾਸ ਕਰ ਰਹੇ ਸਨ ਅਤੇ ਉਸ ਸਮੇਂ ਸਰਮਾਏਦਾਰੀ ਮੁਲਖਾਂ ਵਿੱਚ ਵੀ ਸਰਮਾਏਦਾਰਾਂ ਨੂੰ ਇਨਕਲਾਬਾਂ ਦਾ ਖੌਫ਼ ਲਗਾਤਾਰ ਸਤਾ ਰਿਹਾ ਸੀ, ਨਾਲ ਹੀ ਸਰਮਾਏਦਾਰੀ ਪ੍ਰਬੰਧ ਨੂੰ ਆਪਣੇ ਵਜੂਦ ਸਮੋਏ ਆਰਥਿਕ ਸੰਕਟਾਂ ਨਾਲ ਨਜਿੱਠਣਾ ਪੈ ਰਿਹਾ ਸੀ, ਜੋ ਉਸ ਸਮੇਂ ਵੱਡੀ ਮਹਾਂਮੰਦੀ ਵਿੱਚੋਂ ਲੰਘ ਰਹੀ ਸੀ। ਸੰਸਾਰ ਜੰਗ ਦੀ ਮਾਰ ਝੱਲਣ ਤੋਂ ਬਾਅਦ ਅਤੇ ਆਪਣੇ-ਆਪਣੇ ਦੇਸ਼ ਦੀ ਮਜ਼ਦੂਰ ਜਮਾਤ ਦੇ ਸਮਾਜਵਾਦ ਵੱਲ ਲਗਾਤਾਰ ਵਧ ਰਹੇ ਰੁਝਾਨ ਨੂੰ ਰੋਕਣ ਲਈ, ਇਸ ਬਿਮਾਰ ਸਰਮਾਏਦਾਰੀ ਢਾਂਚੇ ਨੂੰ ਉਸ ਸਮੇਂ ਕੀਨਸ ਦੇ ਕਲਿਆਣਕਾਰੀ ਰਾਜ ਦੇ ਨੁਸਖੇ ਨੇ ਕੁੱਝ ਰਾਹਤ ਦਿੱਤੀ। ਕਲਿਆਣਕਾਰੀ ਰਾਜ ਦੇ ਸੰਕਲਪ ਨੇ ਲੋਕ-ਪੱਖੀ ਹੁੰਗਾਰੇ ਵਜੋਂ ਉਸ ਸਮੇਂ ਮਜ਼ਦੂਰ ਅਬਾਦੀ ਦੇ ਨਿਯੰਤ੍ਰਣ ਅਤੇ ਅਨੁਸ਼ਾਸਨ ਵਿੱਚ ਸਰਮਾਏਦਾਰੀ ਦੇ ਪੱਖ ਤੋਂ ਇੱਕ ਵਿਚਾਰਧਾਰਕ ਕਾਰਜ ਕੀਤਾ, ਏਨਾ ਨਿਯੰਤ੍ਰਣ ਸਰਮਾਏਦਾਰੀ ਵੱਲੋਂ ਪਾਏ ਜਾਂਦੇ ਕਿਸੇ ਤਰਾਂ ਦੇ ਵੀ ਹੋਰ ਦਬਾ ਨਾਲ ਸੰਭਵ ਨਹੀਂ ਸੀ। ਇਸ ਨੇ ਇਹਨਾਂ ਮੁਲਖਾਂ ਵਿੱਚ ਤਾਂ ਸਰਮਾਏਦਾਰੀ ਦੀ ਉਮਰ ਲੰਮੀ ਕੀਤੀ ਹੀ ਨਾਲ ਹੀ ਤੀਜੀ ਦੁਨੀਆਂ ਦੇ ਹੋਰਨਾਂ ਦੇਸ਼ਾਂ ਵਿੱਚ ਵੀ ਇਸ ਨੂੰ ਸਰਮਾਏਦਾਰੀ ਦੇ ਇੱਕ ਮਾਡਲ ਵਜੋਂ ਪੇਸ਼ ਕੀਤਾ ਜਾਣ ਲੱਗਾ। ਇਹੋ ਕਾਰਨ ਸੀ ਜਿਸ ਵਿੱਚੋਂ ਕਨੇਡਾ ਬਹੁਤ ਵਧੀਆ ਹੈ ਵਰਗੀਆਂ ਧਾਰਨਾਵਾਂ ਨੇ ਜਨਮ ਲਿਆ। ਅਮਰੀਕਾ-ਕਨੇਡਾ ਵਰਗੇ ਦੇਸ਼ਾਂ ਨੂੰ ਸਰਮਾਏਦਾਰੀ ਦੇ (ਅਤੇ ਨਾਲ ਹੀ ਮਨੁੱਖ ਜਾਤੀ ਦੇ ਸਮਾਜਾਂ ਦੇ) ਸਰਵਉੱਚ ਮਾਡਲ ਵਜੋਂ ਪੇਸ਼ ਕੀਤਾ ਜਾਣ ਲੱਗਾ।

ਕੁੱਝ ਲੋਕ ਕਨੇਡਾ ਨੂੰ ਮਨੁੱਖੀ ਅਧਿਕਾਰਾਂ ਦੇ ਚੈਂਪੀਅਨ ਅਤੇ ਨਿਯਮਾਂ ਅਨੁਸਾਰ ਕੰਮ ਕਰਨ ਵਾਲੇ ਲੋਕਾਂ ਲਈ 'ਵਿਭਿੰਨਤਾ ਦਾ ਸਹਿਣਸ਼ੀਲ ਮਾਡਲ' ਮੰਨਦੇ ਹਨ। ਇਹ ਹੀ 'ਕਨੇਡਾ ਦਿ ਗੁੱਡ' ਦੀ ਧਾਰਣਾ ਹੈ, ਜਿਸ ਦੇ ਸਿੱਟੇ ਵਜੋਂ ਸਰਮਾਏਦਾਰੀ ਦੇ ਅਸਾਵੇਂ ਵਿਕਾਸ ਕਾਰਨ ਘੱਟ ਵਿਕਸਤ ਦੇਸ਼ਾਂ ਵਿੱਚੋਂ ਲੋਕ ਆਪਣੇ ਗੁਜ਼ਾਰੇ ਲਈ ਅਜਿਹੇ ਦੇਸ਼ਾਂ ਵੱਲ ਨੂੰ ਪ੍ਰਵਾਸ ਕਰਦੇ ਹਨ। ਪਰ ਕਨੇਡਾ ਦੇ 'ਪ੍ਰਵਾਸੀ ਮਜ਼ਦੂਰਾਂ ਦਾ ਪ੍ਰੋਗਰਾਮ' ਇਸ ਦੀ ਸਾਮਰਾਜੀ ਅਤੇ ਲੋਕ ਦੋਖੀ ਬਣਤਰ ਨੂੰ ਨੰਗਿਆਂ ਕਰਦੇ ਹਨ। ਕਨੇਡਾ ਸਰਕਾਰ ਵੱਲੋਂ ਉੱਥੋਂ ਦੇ ਸਰਮਾਏਦਾਰਾਂ ਨੂੰ ਸਸਤੇ ਕਾਮੇ ਮੁਹੱਈਆ ਕਰਾਉਣ ਲਈ ਅਤੇ ਅਲੱਗ ਅਲੱਗ ਦੇਸ਼ਾਂ ਤੋਂ ਪ੍ਰਵਾਸੀ ਕਾਮਿਆਂ ਨੂੰ ਬੁਲਾਉਣ ਲਈ ਇੱਕ 'ਆਰਜੀ ਵਿਦੇਸ਼ੀ ਕਾਮਿਆਂ ਦੀ ਨੀਤੀ' ਬਣਾਈ ਗਈ ਹੈ। ਜਿਸ ਤਹਿਤ ਪ੍ਰਵਾਸੀ ਕਾਮਿਆਂ ਦੀ ਲੁੱਟ ਦੀ ਸ਼ੁਰੂਆਤ ਵਿਚੋਲਿਆਂ (Recruiter) ਵੱਲੋਂ ਭਰਤੀ ਦੇ ਨਾਂ ਵਸੂਲੀ ਜਾਂਦੀ ਭਾਰੀ ਫੀਸ ਤੋਂ ਹੀ ਸ਼ੁਰੂ ਹੋ ਜਾਂਦੀ ਹੈ। ਅਲ ਜਜ਼ੀਰਾ ਦੀ ਇੱਕ ਰਿਪੋਰਟ ਮੁਤਾਬਕ ਇਸ ਸਮੇਂ ਕਨੇਡਾ ਵਿੱਚ 5 ਲੱਖ ਤੋਂ ਵੱਧ ਪ੍ਰਵਾਸੀ ਕਾਮੇ ਹਨ ਜੋ ਦੁਨੀਆਂ ਦੇ 80 ਤੋਂ ਵੱਧ ਮੁਲਕਾਂ ਵਿੱਚੋਂ ਇਥੇ ਆਏ ਹਨ ਜਿਹਨਾਂ ਵਿੱਚੋਂ 1 ਲੱਖ 10 ਹਜ਼ਾਰ ਬੇਹੱਦ ਘੱਟ ਤਨਖਾਹ 'ਤੇ ਕੰਮ ਕਰਦੇ ਹਨ। ਇਥੇ ਆ ਕੇ ਉਹ ਖੇਤਾਂ ਵਿੱਚ, ਨੈਨੀ ਵਜੋਂ, ਸਫ਼ਾਈ ਕਰਮੀ, ਫਾਸਟ ਫੂਡ ਕਾਮੇ ਆਦਿ ਵਜੋਂ ਕੰਮ ਕਰਦੇ ਹਨ ਅਤੇ ਸਰਕਾਰ ਦੀ 'ਆਰਜੀ ਕਾਮਿਆਂ ਦੀ ਵਿਦੇਸ਼ ਨੀਤੀ' ਤਹਿਤ ਇਥੇ ਲਿਆਂਦੇ ਜਾਂਦੇ ਹਨ। ਇਥੇ ਉਹ ਮਜ਼ਬੂਰਨ ਇੱਕ ਹੀ ਮਾਲਕ ਨਾਲ ਬੱਝੇ ਹੁੰਦੇ ਹਨ ਅਤੇ ਖਾਣ-ਪੀਣ, ਰਿਹਾਇਸ਼, ਇਲਾਜ, ਆਵਾਜਾਈ ਆਦਿ ਹਰ ਪੱਖੋਂ ਉਸੇ ਤੇ ਹੀ ਨਿਰਭਰ ਹੁੰਦੇ ਹਨ, ਇਹ ਇੱਕ ਤਰਾਂ ਦੇ ਆਧੁਨਿਕ ਬੰਧੂਆ ਮਜ਼ਦੂਰ ਹਨ ਜਿਹਨਾਂ ਨੂੰ ਮਾਲਕ ਕਦੇ ਵੀ ਬਾਹਰ ਦਾ ਰਸਤਾ ਵਿਖਾ ਸਕਦਾ ਹੈ। ਇਹਨਾਂ ਨੂੰ ਨਾਂ ਤਾਂ ਤਨਖਾਹਾਂ ਸਹੀ ਤਰੀਕੇ ਨਾਲ ਮਿਲਦੀਆਂ ਹਨ (ਉਹਨਾਂ ਤੇ ਕਈ ਤਰਾਂ ਦੇ ਕੱਟ ਲਾ ਦਿੱਤੇ ਜਾਂਦੇ ਹਨ), ਨਾਂ ਸਿਹਤ ਸਹੂਲਤਾਂ ਦਾ ਕੋਈ ਫਾਇਦਾ, ਅਸੁਰੱਖਿਅਤ ਮਹੌਲ ਵਿੱਚ ਇਹਨਾਂ ਨੂੰ ਕੰਮ ਕਰਨਾ ਪੈਂਦਾ ਹੈ, ਬੇਸਮੈਂਟਾਂ ਵਿੱਚ 25-30 ਜਣੇ ਠੁਸ ਦਿੱਤੇ ਜਾਂਦੇ ਹਨ, ਜਿੱਥੇ ਬੇਹੱਦ ਘੁਟਣ ਭਰੇ ਮਹੌਲ ਵਿੱਚ ਉਹ ਲਗਾਤਾਰ ਬਿਮਾਰੀਆਂ ਦੇ ਸ਼ਿਕਾਰ ਹੁੰਦੇ ਰਹਿੰਦੇ ਹਨ। ਇਹਨਾਂ ਨਾਲ ਗਾਲ਼ੀ ਗਲੌਚ ਤਾਂ ਆਮ ਹੀ ਹੁੰਦਾ ਹੈ ਅਤੇ ਇਹਨਾਂ ਦੀ ਹਾਲਤ ਦਾ ਫਾਇਦਾ ਚੁੱਕ ਕੇ ਇਹਨਾਂ ਨੂੰ ਬਿਨਾਂ ਕੋਈ ਵੱਧ ਤਨਖਾਹ ਦਿੱਤੇ ਇਹਨਾਂ ਤੋਂ ਓਵਰਟਾਈਮ ਲਵਾਏ ਜਾਂਦੇ ਹਨ। ਉਹਨਾਂ ਨੂੰ ਨਸਲੀ ਵਿਤਕਰਾ ਤੱਕ ਸਹਿਣਾ ਪੈਂਦਾ ਹੈ।

ਇਹਨਾਂ ਕਾਮਿਆਂ ਨੂੰ ਦਰਪੇਸ਼ ਇਹ ਸਭ ਸਮੱਸਿਆਵਾਂ ਕਿਸੇ ਇੱਕ ਬੁਰੇ ਮਾਲਕ ਵੱਲੋਂ ਖੜੀਆਂ ਕੀਤੀਆਂ ਨਹੀਂ ਹਨ, ਸਗੋਂ ਢਾਂਚਾਗਤ ਹਨ ਜੋ ਬਕਾਇਦਾ ਕਨੇਡਾ ਸਰਕਾਰ ਦੀ ਨਿਗਰਾਨੀ ਹੇਠ ਚੱਲ ਰਹੀਆਂ ਹਨ। 'ਆਰਜੀ ਵਿਦੇਸ਼ੀ ਕਾਮਿਆਂ ਦੀ ਨੀਤੀ' ਉਥੇ ਪ੍ਰਵਾਸੀ ਕਾਮਿਆਂ ਨਾਲ ਹੁੰਦੀ ਇਸ ਨਾਬਰਾਬਰੀ ਨੂੰ ਕਨੂੰਨੀ ਜਾਮਾ ਪਵਾਉਂਦੀ ਹੈ ਅਤੇ ਉਥੋਂ ਦੇ ਮਾਲਕਾਂ ਨੂੰ ਉਹਨਾਂ ਦੀ ਖੁੱਲੀ ਲੁੱਟ ਦਾ ਅਖਤਿਆਰ ਦਿੰਦੀ ਹੈ। ਕਨੇਡੀਅਨ ਸਰਮਾਏਦਾਰੀ ਪ੍ਰਬੰਧ ਦੀ ਅਸਲੀਅਤ ਉਜਾਗਰ ਕਰਦੀ ਸਿਰਫ ਇਹ ਇੱਕੋ-ਇੱਕ ਉਦਾਹਰਣ ਨਹੀਂ ਹੈ।

ਕਨੇਡਾ ਵਿੱਚ 48 ਲੱਖ ਲੋਕ ਕਨੇਡਾ ਸਰਕਾਰ ਵੱਲੋਂ ਤੈਅ ਕੀਤੀ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ ਜਿਸ ਵਿੱਚੋਂ ਇਕ ਚੌਥਾਈ (12 ਲੱਖ) 18 ਸਾਲ ਤੋਂ ਘੱਟ ਉਮਰ ਦੇ ਹਨ।

(ਬਾਕੀ ਸਫ਼ਾ 37 'ਤੇ)

# ਭਾਰਤ ਦਾ 72ਵਾਂ ਅਜਾਦੀ ਦਿਵਸ ਤੇ ਪ੍ਰਧਾਨ-ਮੰਤਰੀ ਦਾ ਲਾਲ ਕਿਲੇ ਤੋਂ ਆਖਰੀ ਭਾਸ਼ਨ

ਗੁਰਮੇਲ ਬਰਗਾੜੀ
416 845 7534



ਪ੍ਰਧਾਨ ਮੰਤਰੀ ਮੋਦੀ ਜੀ ਨੇ ਅਪਣਾ ਰਾਜਨੀਤਕ ਜੀਵਨ 15 ਸਾਲ ਦੀ ਉਮਰ ਵਿਚ ਸਕੂਲ ਦੀ ਪੜਾਈ ਵਿਚੇ ਛੱਡ ਕੇ ਰਾਸ਼ਟਰੀ, ਸਵੈਮ, ਸੇਵਕ ਸੰਗ (ਆਰ. ਐਸ. ਐਸ.) ਵਿਚ ਸ਼ਾਮਲ ਹੋ ਕੇ ਸ਼ੁਰੂ ਕੀਤਾ। ਇਹਨਾਂ ਗੁਜਰਾਤ ਤੋਂ ਸ਼ੁਰੂ ਹੋ ਕੇ ਪੂਰਬ ਵੱਲ ਕਲਕਤੇ ਤੱਕ ਅਤੇ ਉਥੋਂ ਵਾਪਸ ਪੱਛਮ ਵੱਲ ਵੱਖ ਵੱਖ ਸ਼ਹਿਰਾਂ ਦੀਆਂ ਯੂਨਿਟਾਂ ਵਿਚ ਕੰਮ ਕੀਤਾ। ਹਰ ਯੂਨਿਟ ਵਿਚ ਤਨਦੇਹੀ ਤੇ ਇਮਾਨਦਾਰੀ ਨਾਲ ਕੰਮ ਕੀਤਾ ਤੇ ਆਖਰ ਦਿੱਲੀ ਆ ਕੇ ਬੀ.ਜੇ.ਪੀ. ਦੀ ਸਰਗਰਮ ਰਾਜਨੀਤੀ ਵਿਚ ਸ਼ਾਮਲ ਹੋ ਗਏ। ਗੁਜਰਾਤ ਵਿਚ ਬੀ. ਜੇ. ਪੀ. ਦੀ ਸਰਕਾਰ ਆਪਸੀ ਕਲੇਸ ਵਿਚ ਉਲਝੀ ਹੋਈ ਸੀ, ਗੁਜਰਾਤ ਵਿਚ ਲੀਡਰੀ ਦਾ ਝਗੜਾ ਨਿਬੇੜਣ ਲਈ, ਮੋਦੀ ਨੂੰ ਗੁਜਰਾਤ ਦਾ ਮੁੱਖ-ਮੰਤਰੀ ਬਣਾ ਕੇ ਭੇਜ ਦਿਤਾ। ਮੋਦੀ ਨੂੰ ਬਿਨਾਂ ਐਮ. ਐਲ. ਏ. ਬਣੇ ਮੁੱਖ-ਮੰਤਰੀ ਦੀ ਕੁਰਸੀ ਮਿਲ ਗਈ, ਇਹ ਆਰ. ਐਸ.ਐਸ. ਵਿਚ ਕੀਤੀ ਸੇਵਾ ਦਾ ਫੱਲ ਸੀ। ਮੋਦੀ ਦੇ ਗੱਦੀ ਸੰਭਾਲਣ ਤੋਂ ਕੁਝ ਦਿਨਾਂ ਬਾਅਦ, ਸਾਬਰ ਮੱਤੀ ਐਕਸ ਪਰੈਸ ਗੱਡੀ ਦੇ ਇਕ ਡੱਬੇ ਨੂੰ ਅੱਗ ਲੱਗ ਗਈ। ਉਸ ਵਿਚ ਰਾਮ ਜਨਮ ਭੂਮੀ ਤੋਂ ਸੇਵਾ ਕਰ ਕੇ ਕਾਰ-ਸੇਵਕ ਵਾਪਿਸ ਆ ਰਹੇ ਸਨ, ਇਹ ਘਟਨਾ ਗੋਧਰਾ ਨੇੜੇ ਇਕ ਮੁਸਲਿਮ ਅਬਾਦੀ ਵਾਲੇ ਪਿੰਡ ਨੇੜੇ ਵਾਪਰੀ। ਮੋਦੀ ਦੇ ਬੀ.ਜੇ.ਪੀ. ਵਿਚਲੇ ਵਿਰੋਧੀਆਂ ਨੇ ਬਗੈਰ ਕੋਈ ਜਾਂਚ ਕੀਤੇ ਇਸ ਦਾ ਇਲਜਾਮ ਮੁਸਲਮਾਨ ਅਬਾਦੀ ਵਾਲੇ ਪਿੰਡ ਉਪਰ ਲਾ ਕੇ ਮੁਸਲਮ ਅਬਾਦੀ ਉਪਰ ਵੱਡੇ ਸ਼ਹਿਰਾਂ ਵਿਚ ਹਮਲੇ ਕਰਨੇ ਸ਼ੁਰੂ ਕਰ ਦਿਤੇ। ਇੰਨੀ ਜਲਦੀ ਮੋਦੀ ਦਾ ਪੁਲੀਸ ਅਤੇ ਅਫਸਰਸ਼ਾਹੀ ਉਪਰ ਵੀ ਜੋ ਪਹਿਲੇ ਗੱਦੀਓਂ ਲੱਥੇ ਟੋਲੇ ਦੇ ਅਸਰ ਹੇਠ ਸੀ, ਕੰਟਰੋਲ ਨਹੀਂ ਸੀ ਹੋ ਸਕਿਆ। ਕਾਂਗਰਸ ਨੇ ਵੀ ਕਤਲੋ ਗਾਰਤ ਦੀ ਜੁੰਮੇਵਾਰੀ ਮੋਦੀ ਉਪਰ ਪਾ ਦਿਤੀ। ਮੋਦੀ ਦੀ ਗੱਦੀ ਇਸ ਕਰਕੇ ਬੱਚ ਗਈ ਕਿ ਆਰ.ਐਸ.ਐਸ. ਮੋਦੀ ਦੀ ਪਿੱਠ ਤੇ ਸੀ, ਅਤੇ ਉਹ ਮੁਸਲਮ ਅਬਾਦੀ ਦੇ ਕਤਲਾਂ ਤੇ ਵਿਡੋਂ ਖੁਸ਼ ਸੀ। ਮੋਦੀ ਦਾ ਮਾੜਾ ਕੰਮ ਇਹ ਸੀ ਕਿ ਉਸ ਨੇ ਕਤਲੋ ਗਾਰਤ ਦੇ ਅਸਲੀ ਮੁਰਜਮਾਂ ਨੂੰ ਜੋ ਕਿ ਜਿਆਦਾ ਕਰਕੇ ਗੱਦੀਉਂ ਲੱਥੇ ਬੀ. ਜੇ. ਪੀ. ਆਗੂ ਅਤੇ ਸ਼ਹਿਰੀ ਗੁੰਡਾ ਅਨਸਰ ਜਿਨ੍ਹਾਂ ਨੂੰ ਕਾਂਗਰਸ ਦੀ ਸ਼ਹਿ ਪ੍ਰਾਪਤ ਸੀ, ਨੂੰ ਕਾਨੂੰਨੀ ਕਟਹਿਰੇ ਵਿਚ ਖੜ੍ਹੇ ਕਰਕੇ ਸਜ਼ਾਵਾਂ ਨਹੀਂ ਦਿਵਾ ਸਕਿਆ। ਮੋਦੀ ਨੇ ਆਪਣੀ ਸਵੈ ਜੀਵਨੀ ਵਿਚ ਮੰਨਿਆਂ ਹੈ ਕਿ ਮੇਰੀ ਨਿਯੁਕਤੀ ਨੂੰ ਥੋੜਾ ਚਿਰ ਹੋਇਆ ਕਰਕੇ ਕੰਟਰੌਲ ਠੀਕ ਨਹੀ ਹੋ ਸਕਿਆ।

ਇਕ ਅੰਡਰ ਮੈਟ੍ਰਿਕ ਆਦਮੀ ਦਾ ਤਿੰਨ ਵਾਰ ਗੁਜਰਾਤ ਦਾ ਮੁੱਖ ਮੰਤਰੀ ਬਣਨਾ ਅਤੇ ਫੇਰ ਚੌਥੀ ਵਾਰ ਦੇਸ ਦਾ ਪ੍ਰਧਾਨ-ਮੰਤਰੀ ਬਣਨਾ ਹੈਰਾਨ ਕਰਨ ਵਾਲਾ ਵਿਸ਼ਾ ਹੈ। ਆਓ ਇਸ ਤੇ ਵਿਚਾਰ ਕਰੀਏ ਕਿ ਅਜੇਹਾ ਕਿਵੇਂ ਹੋ ਸਕਿਆ, ਚਾਂਕਿਆ ਰਾਜਨੀਤੀ ਮੁਤਾਬਕ, ਰਾਜ ਸ਼ਕਤੀ ਹਥਿਆਉਣ ਲਈ, ਕੀਤੇ ਕੌਲ ਇਕਰਾਰ ਤੋਂ ਮੁਕਰਨਾ, ਫਰੇਬ ਕਰਨਾ ਤੇ ਗੱਪ ਮਾਰਨਾ ਕੋਈ ਗੁਨਾਹ ਨਹੀਂ। ਇਸ ਤੇ ਮੋਦੀ ਨੂੰ ਪੱਕਾ ਵਿਸ਼ਵਾਸ਼ ਹੈ, ਉਸ ਨੇ ਇਸ ਤੇ ਪਹਿਰਾ ਦਿੰਦਿਆਂ ਇਸ ਨੀਤੀ ਨੂੰ ਅਪਣਾਇਆ ਹੋਇਆ ਹੈ। ਇਸੇ ਕਰਕੇ ਇਸ ਨੇ ਭਾਰਤ ਦੀ ਜਨਤਾ ਅੱਗੇ ਮਹਾਂ ਝੂਠ ਪਰੋਸਿਆ ਕਿ ਲਮੇਂ ਸਮੇਂ ਤੋਂ ਰਾਜ ਕਰਦੀ ਆ ਰਹੀ ਕਾਂਗਰਸ ਪਾਰਟੀ ਦੇ ਆਗੂਆਂ ਦੇ ਅਰਬਾਂ ਖਰਬਾਂ ਰੁਪੈ ਸਵਿਸ ਦੇ ਬੈਂਕਾਂ ਵਿਚ ਜਮਾਂ ਹਨ। ਅਗਰ ਮੈਂ ਪ੍ਰਧਾਨ-ਮੰਤਰੀ ਬਣ ਗਿਆ ਤਾਂ ਸਾਰਾ ਧੰਨ ਵਾਪਿਸ ਲੇ ਕਰ ਆਊਂਗਾ, ਉਸ ਕੋ ਗਰੀਬ ਲੋਕੋਂ ਮੇਂ ਬਾਂਟ ਦੀਆਂ ਜਾਏਗਾ, ਹਰ ਭਾਰਤੀ ਕੇ ਹਿੱਸੇ ਮੇਂ ਤੀਨ ਲਾਖ ਰੁਪਈਆ ਆ ਜਾਏਗਾ। ਲੋਕਾਂ ਨੇ ਮੋਦੀ ਦੀ ਗੱਲ ਤੇ ਯਕੀਨ ਕਰਕੇ ਵੋਟਾਂ ਬੀ,ਜੇ,ਪੀ, ਨੂੰ ਪਾ ਦਿਤੀਆਂ ਤੇ ਬੀ,ਜੇ,ਪੀ ਦੀ ਸਰਕਾਰ ਬਣ ਗਈ ਅਤੇ ਮੋਦੀ ਜੀ ਪ੍ਰਧਾਨ-ਮੰਤਰੀ ਬਣ ਗਏ। ਅੰਡਰ ਮੈਟਰਕ ਪਰਧਾਨ-ਮੰਤਰੀ ਨੇ ਪਹਿਲਾ ਕੰਮ ਇਹ ਕੀਤਾ ਕਿ ਝਾੜੂ ਹੱਥ ਲੈ ਕੇ, ਵੱਡੇ ਅਫਸਰਾਂ ਅਤੇ ਵਜੀਰਾਂ ਨੂੰ ਵੀ ਝਾੜੂ ਫੜਾ ਕੇ ਦਿੱਲੀ ਦੀਆਂ ਸੜਕਾਂ ਸਾਫ ਕਰਨ ਲੱਗ ਤੁਰਿਆ। ਨਾਅਰਾ ਇਹ ਲਾਇਆ ਕਿ ਹਮ ਨੇ ਸਵਛ ਭਾਰਤ ਬਨਾਣਾ ਹੈ, ਔਰ ਦੁਨੀਆਂ ਕੋ ਦਿਖਾਨਾ ਹੈ। ਸਾਰੇ ਸ਼ਹਿਰੋਂ ਕੀ ਸਫਾਈ ਕੀ ਜਾਏਗੀ, ਇਸ ਸੇ ਬਿਮਾਰੀਆਂ ਨਹੀ ਆਏਂਗੀ, ਹਸਪਤਾਲੋਂ ਮੇਂ ਨਹੀਂ ਜਾਨਾ ਪੜੇਗਾ, ਅਗਰ ਫਿਰ ਵੀ ਕੋਈ ਬਿਮਾਰੀ ਆ ਜਾਏ ਤੋ ਜੋਗਾ ਕਰ ਲੇਨਾ। ਲੋਗੋਂ ਨੇ ਕਹਿਨਾ ਸ਼ੁਰੂ ਕਰ ਦੀਆ, ਅਰੇ ਬਈ ਅਨਪੜ ਪ੍ਰਧਾਨ -ਮੰਤਰੀ ਜੋ ਠਹਿਰਾ, ਯੇਹ ਐਸਾ ਕਾਮ ਹੀ ਕਰੇਗਾ। ਜਦ ਲੋਗੋਂ ਕੀ ਅਵਾਜ ਪ੍ਰਧਾਨ ਮੰਤਰੀ ਦਫਤਰ ਪਹੁੰਚੀ ਤਾਂ ਮੋਦੀ ਦੇ ਅਫਸਰਾਂ ਨੇ ਗਰੈਜੂਏਸ਼ਨ ਦੀ ਇਕ ਜਾਹਲੀ ਡਿਗਰੀ ਤਿਆਰ ਕਰਵਾ ਕੇ ਮਿਡੀਆ ਵਾਲੋਂ ਕੋ ਦਿਖਾ ਦੀ। ਜੱਦ ਉਸ ਡਿਗਰੀ ਦੀ ਪੜਤਾਲ ਕੀਤੀ ਗਈ ਤਾਂ ਉਹ ਜਾਅਲੀ ਨਿਕਲੀ। ਮੋਦੀ ਜੀ ਕੋ ਯਾਦ ਆਇਆ ਕਿ ਹਮ ਨੇ ਜੋ ਰੁਪੈ ਬਦੇਸ਼ੀ ਬੈਂਕੋਂ ਸੇ ਲੇ ਕਰ ਆਨੇ ਹੈਂ, ਗਰੀਬ ਲੋਗ ਉਨੇ ਰੱਖੇਂਗੇ ਕਹਾਂ। ਸਾਰੇ ਦੇਸ ਕੇ ਬੈਂਕੋਂ ਕੋ ਆਰਡਰ ਕਰ ਦੀਏ, ਸਾਰੇ ਗਰੀਬ ਲੋਕਾਂ ਦੇ ਬਗੈਰ ਪੈਸਾ ਜਮਾਂ ਕਰਾਏ ਬੈਂਕ ਖਾਤੇ ਖੋਲੇ ਜਾਣ, ਬਾਹਰ ਸੇ ਪੈਸਾ ਆਨੇ ਵਾਲਾ ਹੈ। 40 ਕਰੋੜ ਤੌਂ ਉਪਰ ਬੈਂਕ ਖਾਤੇ ਖੋਲੇ ਗਏ, ਲੋਕਾਂ ਨੂੰ ਵਿਸ਼ਵਾਸ਼ ਹੋ ਗਿਆ ਕਿ ਪੈਸੇ ਜਰੂਰ ਮਿਲੇਂਗੇ। ਏਕ ਸਾਲ ਗੁਜਰ ਜਾਨੇ ਕੇ ਬਾਅਦ ਜੱਬ ਮੀਡੀਆ ਵਾਲੋਂ ਨੇ ਬੀਜੇਪੀ ਲੀਡਰੋਂ ਕੋ ਪੂਛਨਾ ਸ਼ੁਰੂ ਕੀਆ ਕਿ ਸਵਿਸ ਬੈਂਕੌਂ ਵਾਲੀ ਬਲੈਕ ਮੰਨੀ ਕਬ ਆਏਗੀ, ਤੋ ਬੀਜੇਪੀ ਪ੍ਰਧਾਨ ਅਮਿਤਸ਼ਾਹ ਨੇ ਸਾਫ ਕਹਿ ਦਿਤਾ ਕਿ ਵੋ ਤੋ ਚੋਣ ਜੁਮਲਾ ਥਾ। ਬਲੈਕ ਮੰਨੀ ਤੋ ਦੇਸ ਕੇ ਅੰਦਰ ਚਲ ਰਹੀ ਹੈ, ਉਸ ਕੇ ਬਾਰੇ ਮੇ ਸੋਚਾ ਜਾ ਰਿਹਾ ਹੈ, ਕੈਸੇ ਹਾਸਲ ਕੀ ਜਾਏ।

ਮੋਦੀ ਜੀ ਦੇ ਬਣਨ ਤੋਂ ਪਹਿਲਾਂ 10 ਸਾਲ ਕਾਂਗਰਸ ਰਾਜ ਰਿਹਾ, ਉਸ ਵਿਚ ਵੱਡੇ ਘਪਲੇ ਹੋਣ ਦਾ ਰੌਲਾ ਪੈਂਦਾ ਰਿਹਾ, ਮੋਦੀ ਜੀ ਦਾ ਖਿਆਲ ਸੀ ਕਿ ਦੇਸ ਅੰਦਰ ਅਰਬਾਂ ਖਰਬਾਂ ਦਾ ਕਾਲਾ ਧੰਨ ਵੱਡੇ ਨੋਟਾਂ ਵਿਚ ਚੱਲ ਰਿਹਾ ਹੈ। ਮੋਦੀ ਜੀ ਨੇ ਬਗੈਰ ਕੋਈ ਪਲੇਨਿੰਗ ਕੀਤੇ ਰਾਤ 12 ਵਜੇ ਟੀ,ਵੀ, ਤੇ ਜਾ ਕੇ ਐਲਾਨ ਕਰ ਦਿਤਾ, ਕਿ ਅੱਜ ਤੋਂ 100 ਰੁਪੈ ਤੋਂ ਉਪਰ ਦੇ ਨੋਟ ਬੰਦ ਕਰ ਦਿਤੇ ਗਏ ਹਨ ਉਨਾਂ ਨੂੰ ਬੈਂਕਾਂ ਵਿਚੋਂ ਬਦਲਿਆ ਜਾਂ ਸਕਦਾ ਹੈ। ਸੂਰਜ ਚੜਨ ਤੋਂ ਪਹਿਲਾਂ ਹੀ ਬੈਂਕਾਂ ਅਗੇ ਲੰਮੀਆਂ ਲਾਈਨਾਂ ਲਗ ਗਈਆਂ, ਬੈਂਕਾਂ ਕੋਲ ਐਡੀ ਵੱਡੀ ਤਦਾਦ ਵਿਚ ਰਕਮਾਂ ਬਦਲ ਕੇ ਦੇਣ ਦਾ ਪ੍ਰਬੰਦ ਨਹੀ ਸੀ, ਬੈਂਕਾਂ ਨੇ ਸਿਰਫ ਵੱਡੇ ਨੋਟ ਜਮਾਂ ਕਰਨੇ ਸ਼ੁਰੂ ਕਰ ਦਿੱਤੇ। ਸਾਰੇ ਦੇਸ ਵਿਚ ਹਾ ਹਾ ਕਾਰ ਮੱਚ ਗਈ, ਸਾਰੇ ਕਾਰੋਬਾਰ ਇਕ ਦਮ ਰੁਕ ਗਏ, ਲੋਕਾਂ ਦੇ ਲਈ ਮੁਸੀਬਤ ਖੱੜੀ ਹੋ ਗਈ, ਮੋਦੀ ਜੀ ਨੇ ਰਿਜਰਵ ਬੈਂਕ ਨੂੰ ਨਵੇਂ ਨੋਟ ਛਾਪਣ ਦੇ ਹੁਕਮ ਕੀਤੇ, ਰਿਜਰਵ ਬੈਂਕ ਦੇ ਅਫਸਰ ਵੀ ਹੈਰਾਨ। ਪਹਿਲਾਂ ਨੋਟ ਛਪਣੇ ਤੇ ਫੇਰ ਸਾਰੇ ਦੇਸ ਦੇ ਬੈਂਕਾਂ ਵਿਚ ਪਹੁੰਚਦੇ ਕਰਨੇ, ਏਹ ਇਕ ਵੱਡਾ ਕਾਰਜ ਸੀ ਜੋ ਛੇ ਮਹੀਨੇ ਥਾਂ ਸਿਰ ਨਹੀ ਆਇਆ। ਦੇਸ ਦੇ ਕਾਰੋਬਾਰ ਨੂੰ ਵੱਡਾ ਧੱਕਾ ਲਗਿਆ, ਲਖਾਂ ਗਰੀਬ ਲੋਕਾਂ ਦੇ ਕਾਰੋਬਾਰ ਚੌਪਟ ਹੋ ਗਏ। ਦੇਸ ਵਿੱਚ ਨੋਟ ਬੰਦੀ 1978 ਵਿਚ ਜਨਤਾ ਪਾਰਟੀ ਦੀ ਸਰਕਾਰ ਵੇਲੇ ਵੀ ਹੋਈ ਸੀ, ਪਰਧਾਨ ਮੰਤਰੀ ਮੁਰਾਰਜੀ ਡਿਸਾਈ ਸਨ ਉਹ ਹੰਡੇ ਵਰਤੇ ਰਾਜ ਨੇਤਾ ਸਨ। ਉਨਾਂ ਰਿਜਰਵ ਬੈਂਕ ਦੇ ਗਵਰਨਰ ਨਾਲ ਵਿਉਂਤ ਬੰਦੀ ਕੀਤੀ, ਬੈਂਕ ਨੇ ਜਿੰਨੀ ਕੀਮਤ ਦੇ ਨੋਟ ਬੰਦ ਕਰਨੇ ਸਨ, ਪਹਿਲਾਂ ਉਸ ਜਿੰਨੀ ਨਵੀਂ ਕਰੰਸੀ ਛਾਪੀ, ਫੇਰ ਸਾਰੇ ਦੇਸ ਦੇ ਵੱਡੇ ਬੈਂਕਾਂ ਵਿਚ ਪਹੁੰਚਦੀ ਕੀਤੀ। ਫੇਰ ਰਿਜਰਵ ਬੈਂਕ ਦੇ ਗਵਨਰ ਨੇ ਨੋਟ-ਬੰਦੀ ਦਾ ਐਲਾਨ ਕੀਤਾ, ਸਾਰਾ ਕੰਮ ਲੱਗ ਭੱਗ ਦੋ ਹਫਤਿਆਂ ਵਿਚ ਪੂਰਾ ਕਰ ਦਿਤਾ ਗਿਆ। ਉਸ ਨੋਟ-ਬੰਦੀ ਨਾਲ ਕੁਲ ਚਲਦੀ ਕਰੰਸੀ ਦੇ ਕਾਲੇ ਧੰਨ ਵਿਚ ਚਲਦੇ ਤੀਜਾ ਹਿੰਸਾ ਨੋਟ ਵਾਪਸ ਨਹੀਂ ਮੁੜੇ ਤੇ ਖਤਮ ਹੋ ਗਏ। ਮੋਦੀ ਜੀ ਦੀ ਕੀਤੀ ਨੋਟ-ਬੰਦੀ ਨਾਲ, ਕਿਆਸੇ ਗਏ ਕਾਲੇ ਧੰਨ ਦਾ ਦਸਵਾਂ ਹਿੰਸਾ ਵੀ ਖਤਮ ਨਹੀਂ ਹੋਇਆ। ਰਿਜਰਵ ਬੈਂਕ ਅਨੁਸਾਰ ਦੇਸ ਵਿਚ ਚੱਲ ਰਹੀ ਕਰੰਸੀ ਵਿਚ ਸੌ ਰੁਪੈ ਤੋਂ ਉਪਰ ਦੇ ਨੋਟਾਂ ਦੀ ਕੀਮਤ 15 ਲੱਖ ਕ੍ਰੋੜ ਸੀ, ਜਿਸ ਵਿਚੋਂ 10 ਲੱਖ ਕ੍ਰੋੜ ਮੁੜਣ ਦੀ ਉਮੀਦ ਸੀ, ਪਰ 14 ਲੱਖ ਤੌਂ ਥੋੜਾ ਉਪਰ ਵਾਪਿਸ ਆ ਗਿਆ। ਸਰਕਾਰ ਦੀ ਸਾਰੀ ਸਕੀਮ ਫੇਲ ਹੋ ਗਈ, ਕਾਲੇ ਧੰਨ ਵਾਲਿਆਂ ਅਪਣਾ ਕਾਲਾ ਧੰਨ ਬੈਕ ਅਫਸਰਾਂ ਨਾਲ ਮਿਲ ਕੇ ਬੈਕਾਂ ਵਿਚ ਜਮਾਂ ਕਰਵਾ ਲਿਆ। ਇਹ ਹਫੜਾ ਦਫੜੀ ਲੋਕਾਂ ਦੀ ਖਜਲ ਖੁਆਰੀ ਜਿਸ ਦਾ ਕੋਈ ਨਤੀਜਾ ਨਹੀ ਨਿਕਲਿਆ, ਮੋਦੀ ਜੀ ਦੇ ਰਾਜਨੀਤਕ ਤਜਰਬੇ ਦੀ ਘਾਟ ਕਰਕੇ ਅਤੇ ਅਪਣੇ ਆਪ ਨੂੰ ਸਰਬ ਗਿਆਤਾ ਸਮਝਣ ਕਰਕੇ ਹੋਇਆ।

ਇਸ ਤੋਂ ਅਗਲਾ ਕੰਮ ਜੋ ਮੋਦੀ ਜੀ ਨੇ ਸ਼ੁਰੂ ਕੀਤਾ ਉਹ ਸੀ 'ਮੇਕ ਇਨ ਇੰਡੀਆ' ਦੇਸ ਵਿੱਚ ਇੰਡਸਟ੍ਰੀ ਲਾਉਣ ਲਈ ਬਦੇਸੀ ਸਰਮਾਏਦਾਰਾਂ ਨੂੰ ਖਿੱਚ ਕੇ ਲਿਆਉਣਾ। ਮੋਦੀ ਜੀ ਨੇ ਦੁਨੀਆਂ ਦੇ ਛੋਟੇ ਵੱਡੇ ਹਰ ਮੁਲਕ ਤਕ ਮੇਕ ਇਨ ਇੰਡੀਆ ਦਾ ਸੁਨੇਹਾ ਖੁੱਦ ਆਪ ਜਾ ਕੇ ਪਹੁੰਚਦਾ ਕੀਤਾ ਪਰ ਗੱਲ ਨੀ ਬਣੀ। ਜਦ ਕਿ ਇਸ ਕੰਮ ਦੀ ਜੁਮੇਂਵਾਰੀ ਬਦੇਸ ਮੰਤਰੀ ਸ਼ੁਸਮਾ ਸਵਰਾਜ ਦੀ ਸੀ, ਪਰ ਉਸ ਨੂੰ ਤਾਂ ਉਸ ਦੇ ਕੰਮ ਦੀ ਜੁਮੇਂਵਾਰੀ ਨਹੀਂ ਨਿਭਾਉਣ ਦਿੱਤੀ ਗਈ। ਇਨੀ ਸੱਖਤ ਮੇਹਨਤ ਦੇ ਬਾਵਜੂਦ ਮੇਕ ਇੰਨ ਇੰਡੀਆ ਦੇ ਨਾਅਰੇ ਵਿਚ, ਧੰਨ ਦੀ ਬਰਬਾਦੀ ਤੇ ਸਮੇ ਦੀ ਖਰਾਬੀ ਤੋਂ ਬਿਨਾ ਪਲੇ ਕੁਝ ਨਹੀ ਪਿਆ। ਵੱਡੀਆਂ ਕਾਰਪੋਰੇਟ ਕੰਪਨੀਆਂ ਅਪਣਾ ਸਰਮਾਇਆ ਉਸ ਦੇਸ ਵਿਚ ਲਾਉਂਦੀਆਂ

(ਬਾਕੀ ਸਫ਼ਾ 25 'ਤੇ)


Punjabi Rang Radio
CHKT 1430AM
11pm to 12am Every Friday
Producer/ Host
Chamkaur Singh Cell 416 662 1313
Email punjabirang13@hotmail.com

GILL
Truck & Trailer Repair
and Mobile Service
"Hiring Full and Part Time mechanics"
Open 7 days a week and, make it nice
Cell: 416.312.4707
Tel: 905.458.3455
Fax: 905.458.3456
04 Blair Dr.
Brampton, ON
L6P 2X5
gilltruckandtrailer@yahoo.com

Inderjit Gill
Heavy Duty Truck & Trailer Mechanic

RushLube Inc.
Complete Truck Repairs & Truck Wash with Drive Thru Truck Services
Jaskaranjit Singh (Jas)

TEL: 905 - 453 - 6344
FAX: 905 - 456 - 2065
EMAIL: rushlube@hotmail.com
32 Rutherford Road South
Brampton, ON, L6W 3J1

SANTOKH SINGH
BASSI
We Also Do All Kinds of Car Repair

"Quality Service at Unbeatable retes"
FIRST MOBILE MECHANIC IN THE PUNJABI COMMUNITY
SPECIALIZING IN REBUILDING:
Alternators, Starters, Generators

Santokh S. Bassi
TEL: 905-451-4561
TEL: 905-951-9900
24 HRS. EMERGENCY SERVICE

# ਦਾਦੀ-ਪੋਤੀ ਦੀ ਵਾਇਰਲ ਤਸਵੀਰ ਦਾ ਪੂਰਾ ਸੱਚ








**ਕਲਪਿਤ**

ਕਿਹਾ ਜਾਂਦਾ ਹੈ ਕਿ ਇੱਕ ਤਸਵੀਰ ਹਜ਼ਾਰ ਸ਼ਬਦਾਂ ਤੋਂ ਵੱਧ ਦੀ ਕਹਾਣੀ ਬਿਆਨ ਕਰ ਜਾਂਦੀ ਹੈ। ਇੱਕ ਅਜਿਹੀ ਹੀ ਤਸਵੀਰ 20-21 ਅਗਸਤ ਤੋਂ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ।

ਇਸ ਤਸਵੀਰ ਨੂੰ ਸ਼ੇਅਰ ਕਰ ਰਹੇ ਲੋਕਾਂ ਨੇ ਇਸ ਦੇ ਨਾਲ ਲਿਖੀ ਗੱਲ ਨੂੰ ਵੀ ਵਾਇਰਲ ਕਰ ਦਿੱਤਾ ਹੈ।

ਪੋਸਟ ਕੀਤੀ ਗਈ ਤਸਵੀਰ ਦੇ ਨਾਲ ਲਿਖਿਆ ਜਾ ਰਿਹਾ ਹੈ, "ਇੱਕ ਸਕੂਲ ਨੇ ਵਿਦਿਆਰਥੀਆਂ ਲਈ ਬਿਰਧ-ਆਸ਼ਰਮ ਦਾ ਟੂਰ ਬਣਾਇਆ ਅਤੇ ਇਸ ਕੁੜੀ ਨੇ ਆਪਣੀ ਦਾਦੀ ਨੂੰ ਉੱਥੇ ਦੇਖਿਆ।"

"ਦਰਅਸਲ ਜਦੋਂ ਇਸ ਬੱਚੀ ਨੇ ਆਪਣੇ ਮਾਪਿਆਂ ਤੋਂ ਦਾਦੀ ਬਾਰੇ ਪੁੱਛਿਆ ਤਾਂ ਉਸ ਨੂੰ ਦੱਸਿਆ ਗਿਆ ਸੀ ਕਿ ਉਹ ਆਪਣੇ ਰਿਸ਼ਤੇਦਾਰ ਕੋਲ ਰਹਿਣ ਗਈ ਹੈ। ਇਹ ਕਿਸ ਤਰ੍ਹਾਂ ਦਾ ਸਮਾਜ ਬਣਾ ਰਹੇ ਹਾਂ ਅਸੀਂ?" ਦੇਖਦਿਆਂ-ਦੇਖਦਿਆਂ ਇਹ ਤਸਵੀਰ ਅਤੇ ਸੁਨੇਹਾ ਵਾਇਰਲ ਹੋ ਗਿਆ। ਆਮ ਲੋਕਾਂ ਦੇ ਨਾਲ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਕ੍ਰਿਕਟ ਖਿਡਾਰੀ ਹਰਭਜਨ ਸਿੰਘ ਵਰਗੇ ਮਸ਼ਹੂਰ ਲੋਕ ਵੀ ਆਪਣੇ ਫੇਸਬੁੱਕ ਅਤੇ ਟਵਿੱਟਰ 'ਤੇ ਇਸ ਨੂੰ ਸਾਂਝਾ ਕਰਨ ਲੱਗੇ।

ਪਰ ਕੀ ਇਹ ਤਸਵੀਰ ਅਤੇ ਨਾਲ ਲਿਖੀ ਗੱਲ ਸੱਚ ਹੈ? ਕੀ ਇਹ ਤਸਵੀਰ ਹਾਲ ਦੀ ਹੈ? ਇਨ੍ਹਾਂ ਸਾਰੇ ਸਵਾਲਾਂ ਦੇ ਜਵਾਬ ਗੁਜਰਾਤ ਦੇ ਸੀਨੀਅਰ ਫੋਟੋ ਪੱਤਰਕਾਰ ਕਲਪਿਤ ਭਚੇਚ ਨੇ ਬੀਬੀਸੀ ਗੁਜਰਾਤੀ ਨੂੰ ਦਿੱਤੇ।

**ਕੀ ਹੈ ਸੱਚ**

ਦਰਅਸਲ ਇਹ ਤਸਵੀਰ ਕਲਪਿਤ ਨੇ ਤਕਰੀਬਨ 11 ਸਾਲ ਪਹਿਲਾਂ 2007 ਵਿੱਚ ਖਿੱਚੀ ਸੀ। ਖੁਦ ਕਲਪਿਤ ਨੇ ਇਸ ਤਸਵੀਰ ਅਤੇ ਇਸ ਦੇ ਪਿੱਛੇ ਪੂਰੀ ਘਟਨਾ ਬਿਆਨ ਕੀਤੀ। ਤੁਸੀਂ ਵੀ ਪੜ੍ਹੋ:

"ਪੱਤਰਕਾਰਿਤਾ ਵਿੱਚ ਕਿਸ ਤਰ੍ਹਾਂ ਦੇ ਸੰਜੋਗ ਬਣ ਜਾਂਦੇ ਹਨ, ਇਹ ਕਹਾਣੀ ਇਸੇ ਬਾਰੇ ਹੈ।

ਉਹ ਦਿਨ 12 ਸਿਤੰਬਰ, 2007 ਸੀ। ਮੇਰੇ ਜਨਮ ਦਿਨ ਤੋਂ ਇੱਕ ਦਿਨ ਪਹਿਲਾਂ ਮੈਂ ਸਵੇਰੇ 9 ਵਜੇ ਘਰੋਂ ਨਿਕਲਿਆ। ਉਸ ਦਿਨ ਪਤਨੀ ਨੇ ਕਿਹਾ ਕਿ ਰਾਤ ਨੂੰ ਸਮੇਂ 'ਤੇ ਘਰ ਆ ਜਾਣਾ ਕਿਉਂਕਿ ਕੱਲ੍ਹ ਤੁਹਾਡਾ ਜਨਮਦਿਨ ਹੈ ਅਤੇ ਰਾਤ 12 ਵਜੇ ਕੇਕ ਕੱਟਾਂਗੇ। ਮੈਂ ਕਾਫ਼ੀ ਖੁਸ਼ ਹੋ ਕੇ ਘਰੋਂ ਨਿਕਲਿਆ। ਕੁਝ ਦੇਰ ਵਿੱਚ ਮੇਰੇ ਮੋਬਾਈਲ 'ਤੇ ਅਹਿਮਦਾਬਾਦ ਦੇ ਮਣੀਨਗਰ ਦੇ ਜੀਐਨਸੀ ਸਕੂਲ ਤੋਂ ਕਾਲ ਆਇਆ।

ਕਾਲ ਸਕੂਲ ਦੀ ਪ੍ਰਿੰਸੀਪਲ ਰੀਟਾ ਬਹਿਨ ਪੰਡਿਆ ਦਾ ਸੀ। ਉਨ੍ਹਾਂ ਨੇ ਕਿਹਾ ਕਿ ਸਕੂਲੀ ਬੱਚਿਆਂ ਦੇ ਨਾਲ ਉਹ ਲੋਕ ਬਿਰਧ-ਆਸ਼ਰਮ ਜਾ ਰਹੇ ਹਨ। ਕੀ ਮੈਂ ਇਸ ਦੌਰੇ ਨੂੰ ਕਵਰ ਕਰਨ ਲਈ ਆ ਸਕਦਾ ਹਾਂ।

ਮੈਂ ਤਿਆਰ ਹੋ ਗਿਆ ਅਤੇ ਉੱਥੋਂ ਘੋੜਾਸਰ ਦੇ ਮਣੀਲਾਲ ਗਾਂਧੀ ਬਿਰਧ-ਆਸ਼ਰਮ ਪਹੁੰਚਿਆ।

ਉੱਥੇ ਇੱਕ ਪਾਸੇ ਬੱਚੇ ਬੈਠੇ ਸਨ ਅਤੇ ਦੂਜੇ ਪਾਸੇ ਬਜ਼ੁਰਗ ਲੋਕ ਸਨ। ਮੈਂ ਬੇਨਤੀ ਕੀਤੀ ਕਿ ਬੱਚਿਆਂ ਅਤੇ ਬਜ਼ੁਰਗਾਂ ਨੂੰ ਇਕੱਠੇ ਬੈਠਾ ਦਿੱਤਾ ਜਾਵੇ ਤਾਂ ਕਿ ਮੈਂ ਚੰਗੀ ਤਸਵੀਰ ਲੈ ਸਕਾਂ।

ਜਿਵੇਂ ਹੀ ਬੱਚੇ ਖੜ੍ਹੇ ਹੋਏ, ਇੱਕ ਸਕੂਲੀ ਬੱਚੀ ਉੱਥੇ ਮੌਜੂਦ ਇੱਕ ਬਜ਼ੁਰਗ ਮਹਿਲਾ ਵੱਲ ਦੇਖ ਕੇ ਬੁਰੀ ਤਰ੍ਹਾਂ ਰੋਣ ਲੱਗੀ।

ਹੈਰਾਨੀ ਦੀ ਗੱਲ ਇਹ ਸੀ ਕਿ ਸਾਹਮਣੇ ਬੈਠੀ ਬਜ਼ੁਰਗ ਵੀ ਉਸ ਬੱਚੀ ਨੂੰ ਦੇਖ ਕੇ ਰੋਣ ਲੱਗੀ ਅਤੇ ਉਦੋਂ ਬੱਚੀ ਦੌੜ ਕੇ ਬਜ਼ੁਰਗ ਮਹਿਲਾ ਦੇ ਗਲੇ ਲੱਗ ਗਈ ਅਤੇ ਇਹ ਦੇਖ ਕੇ ਉੱਥੇ ਮੌਜੂਦ ਸਾਰੇ ਲੋਕ ਹੈਰਾਨ ਰਹਿ ਗਏ।

ਮੈਂ ਉਸੇ ਵੇਲੇ ਇਹ ਤਸਵੀਰ ਆਪਣੇ ਕੈਮਰੇ ਵਿੱਚ ਕੈਦ ਕਰ ਲਈ ਅਤੇ ਫਿਰ ਜਾ ਕੇ ਮਹਿਲਾ ਤੋਂ ਪੁੱਛਿਆ ਤਾਂ ਰੋਂਦੇ ਹੋਏ ਉਨ੍ਹਾਂ ਨੇ ਜਵਾਬ ਦਿੱਤਾ ਕਿ ਉਹ ਦੋਵੇਂ ਦਾਦੀ-ਪੋਤੀ ਹਨ।


ਬੱਚੀ ਨੇ ਵੀ ਰੋਂਦੇ ਹੋਏ ਦੱਸਿਆ ਕਿ ਮਹਿਲਾ ਉਸ ਦੀ ਬਾ ਹੈ। ਗੁਜਰਾਤੀ ਵਿੱਚ ਦਾਦੀ ਨੂੰ ਬਾ ਕਿਹਾ ਜਾਂਦਾ ਹੈ। ਬੱਚੀ ਨੇ ਵੀ ਇਹੀ ਦੱਸਿਆ ਕਿ ਦਾਦੀ ਦੇ ਬਿਨਾਂ ਉਸ ਦੀ ਜ਼ਿੰਦਗੀ ਕਾਫ਼ੀ ਸੁੰਨੀ ਹੋ ਗਈ ਸੀ।

ਇਹ ਵੀ ਦੱਸਿਆ ਕਿ ਬੱਚੀ ਦੇ ਪਿਤਾ ਨੇ ਉਸ ਨੂੰ ਦੱਸਿਆ ਸੀ ਕਿ ਉਸ ਦੀ ਦਾਦੀ ਰਿਸ਼ਤੇਦਾਰਾਂ ਨੂੰ ਮਿਲਣ ਗਈ ਹੈ। ਪਰ ਜਦੋਂ ਉਹ ਬਿਰਧ-ਆਸ਼ਰਮ ਪਹੁੰਚੀ ਤਾਂ ਪਤਾ ਲੱਗਿਆ ਕਿ ਅਸਲ ਵਿੱਚ ਦਾਦੀ ਕਿੱਥੇ ਗਈ ਸੀ।

ਦਾਦੀ ਅਤੇ ਪੋਤੀ ਦਾ ਉਹ ਮਿਲਣ ਦੇਖ ਕੇ ਮੇਰੇ ਨਾਲ ਖੜ੍ਹੇ ਹੋਰ ਲੋਕਾਂ ਦੀਆਂ ਅੱਖਾਂ ਵੀ ਨਮ ਹੋ ਗਈਆਂ। ਉਸ ਹਾਲਾਤ ਨੂੰ ਹਲਕਾ ਬਣਾਉਣ ਲਈ ਕੁਝ ਬੱਚਿਆਂ ਨੇ ਭਜਨ ਗਾਉਣੇ ਸ਼ੁਰੂ ਕਰ ਦਿੱਤੇ।

ਇਹ ਫੋਟੋ ਅਗਲੇ ਦਿਨ ਦਿਵਿਆ ਭਾਸਕਰ ਅਖ਼ਬਾਰ ਦੇ ਪਹਿਲੇ ਪੰਨੇ 'ਤੇ ਛਪੀ ਸੀ ਅਤੇ ਉਸ ਵੇਲੇ ਪੂਰੇ ਗੁਜਰਾਤ ਵਿੱਚ ਇਸ 'ਤੇ ਚਰਚਾ ਸ਼ੁਰੂ ਹੋ ਗਈ। ਇਸ ਤਸਵੀਰ ਨੇ ਕਈ ਲੋਕਾਂ ਨੂੰ ਹਿਲਾ ਕੇ ਰੱਖ ਦਿੱਤਾ। ਮੇਰੇ 30 ਸਾਲ ਦੇ ਕਰੀਅਰ ਵਿੱਚ ਪਹਿਲੀ ਵਾਰੀ ਅਜਿਹਾ ਹੋਇਆ ਕਿ ਮੇਰੀ ਕੋਈ ਤਸਵੀਰ ਅਖਬਾਰ ਵਿੱਚ ਛਪਣ ਦੇ ਦਿਨ ਮੈਨੂੰ ਇੱਕ ਹਜ਼ਾਰ ਤੋਂ ਵੱਧ ਲੋਕਾਂ ਦੇ ਫੋਨ ਕੀਤੇ। ਉਸ ਵੇਲੇ ਪੂਰੇ ਸੂਬੇ ਵਿੱਚ ਇਸ ਤਸਵੀਰ 'ਤੇ ਚਰਚਾ ਹੋ ਰਹੀ ਸੀ।

ਪਰ ਜਦੋਂ ਦੂਜੇ ਦਿਨ ਮੈਂ ਦੂਜੇ ਮੀਡੀਕਰਮੀਆਂ ਨਾਲ ਇਸ ਬਜ਼ੁਰਗ ਔਰਤ ਦਾ ਇੰਟਰਵਿਊ ਲੈਣ ਪਹੁੰਚਿਆ ਤਾਂ ਉਨ੍ਹਾਂ ਨੇ ਕਿਹਾ ਕਿ ਉਹ ਆਪਣੀ ਮਰਜ਼ੀ ਨਾਲ ਬਿਰਧ ਆਸ਼ਰਮ ਆਈ ਹੈ ਅਤੇ ਮਰਜ਼ੀ ਨਾਲ ਉੱਥੇ ਰਹਿ ਰਹੀ ਹੈ।"










# ਸੰਘਰਸ਼ਸ਼ੀਲ ਜ਼ਿੰਦਗੀ ਦਾ ਵਿਰਤਾਂਤ

**ਜਰਨੈਲ ਸਿੰਘ ਅੱਚਰਵਾਲ**

ਕਾਮਰੇਡ ਗੁਰਬਖਸ਼ ਸਿੰਘ ਦੀ ਜੀਵਨੀ ਲਿਖਵਾਉਣੀ ਉਸ ਦੇ ਵੱਡੇ ਲੜਕੇ ਸੁਖਦੇਵ ਸਿੰਘ ਦਾ ਫਰਜ਼ ਹੈ, ਜੋ ਹਰ ਸਾਲ ਬਦੇਸ਼ ਵਿਚ ਬੈਠਾ ਆਪਣੇ ਪਿਤਾ ਦੀ ਬਰਸੀ ਮਨਾਉਂਦਾ ਹੈ। ਇਹ ਬਰਸੀ ਮਨਾਉਂਦਿਆਂ-ਮਨਾਉਂਦਿਆਂ ਹੀ ਇਸ ਦੇ ਦਿਮਾਗ ਵਿਚ ਆਇਆ, ਕਿਉਂ ਨਾ! ਬਾਪੂ ਦੀ ਜੀਵਨੀ ਲਿਖਵਾਈ ਜਾਵੇ। ਇਹ ਵਿਚਾਰ ਜਦ ਸੁਖਦੇਵ ਸਿੰਘ ਨੇ ਆਪਣੇ ਦੂਸਰੇ ਭਰਾਵਾਂ ਨਾਲ ਸਾਂਝੇ ਕੀਤੇ ਤਾਂ ਉਨ੍ਹਾਂ ਨੂੰ ਖੁਸ਼ੀ ਮਹਿਸੂਸ ਕਰਦਿਆਂ ਸਾਰੀ ਜ਼ਿੰਮੇਵਾਰੀ ਸੁਖਦੇਵ ਸਿੰਘ ਨੂੰ ਹੀ ਸੌਂਪ ਦਿੱਤਾ। ਇਹ ਸੋਚਦਿਆਂ ਹੀ ਲੇਖਕ ਬਲਦੇਵ ਸਿੰਘ 'ਸੜਕਨਾਮਾ' ਦੀ ਯਾਦ ਆ ਗਈ। ਜਦ ਇੰਡੀਆ ਗਿਆ ਤਾਂ ਇਸ ਨੇ ਇਹੀ ਬੇਨਤੀ 'ਸੜਕਨਾਮੇ' ਨੂੰ ਜਾ ਕੀਤੀ। ਉਹ ਆਪ ਖੱਬੀ ਸੋਚ ਦਾ ਧਾਰਨੀ ਹੈ ਤੇ ਉਸ ਨੇ ਰੁਲਦੂ ਖਾਂ 'ਖੋਟੇ' ਦੀ ਜੀਵਨੀ ਨੂੰ ਵੀ ਨਾਵਲੀ ਰੂਪ ਦਿੱਤਾ ਹੈ। ਬੇਨਤੀ ਸੁਣ ਕੇ ਝੱਟ ਸੁਖਦੇਵ ਸਿੰਘ ਨੂੰ ਹੁੰਗਾਰਾ ਭਰ ਦਿੱਤਾ। ਸੁਖਦੇਵ ਸਿੰਘ ਨੇ ਉਸ ਨੂੰ ਜੀਵਨੀ ਲਿਖਣ ਦੀ ਬੇਨਤੀ ਹੀ ਨਹੀਂ ਕੀਤੀ ਸਗੋਂ ਕਾ. ਗੁਰਬਖਸ਼ ਸਿੰਘ ਦੇ ਐਮ. ਐਲ. ਏ. ਹੋਣ ਸਮੇਂ ਅਸੈਂਬਲੀ ਵਿਚ ਕੀਤੀਆਂ ਤਕਰੀਰਾਂ ਦੀਆਂ ਨਕਲਾਂ ਵੀ ਕਢਵਾ ਕੇ ਲਿਆ ਦਿੱਤੀਆਂ ਜੋ ਨਾਵਲ ਦਾ ਅਹਿਮ ਅਧਾਰ ਬਣੀਆਂ।

ਆਲੋਚਨਾ ਵਰਤਮਾਨ ਦੌਰ ਵਿਚ ਗਿਆਨਮਈ ਵਰਤਾਰਾ ਹੈ। ਇਹ ਬੁੱਧ-ਵਿਵੇਕ ਜਗਿਆਸੂ ਕਰਮ ਹੈ ਜਿਸ ਵਿਚ ਆਸਥਾ ਜਾਂ ਸ਼ਰਧਾਭਾਵਨਾ ਨਹੀਂ ਹੁੰਦੀ। ਇਹ ਸਾਹਿਤ ਦੇ ਸਮੁੱਚੇ ਵਰਤਾਰੇ ਨੂੰ ਸੁਚੇਤ ਸੁਹਜ ਤੇ ਗਿਆਨ ਪ੍ਰਬੰਧ ਵਜੋਂ ਵੇਖਦੀ ਹੈ। ਜਦ ਆਲੋਚਨਾ ਭਾਵਿਕਤਾਵਸ, ਸ਼ਰਧਾਵੱਸ ਜਾਂ ਧੜੇਬੰਦੀਵੱਸ ਹੋ ਕੇ, ਟਿੱਪਣੀ ਸਿਰਫ਼ ਕਲਾਤਮਕ, ਰੂਪਕ ਜਾਂ ਭਾਸ਼ਕ ਵਰਤਾਰੇ ਤੱਕ ਸੀਮਤ ਹੋ ਜਾਂਦੀ ਹੈ ਤਾਂ ਆਲੋਚਨਾ ਆਪਣੇ ਸੁਭਾਅ ਤੋਂ ਪਾਸੇ ਹਟ ਜਾਂਦੀ ਹੈ।

ਪਰ ਮੈਂ ਜੋ ਲਿਖਤ ਪੇਸ਼ ਕਰਨ ਲੱਗਿਆਂ ਹਾਂ, ਇਹ ਕੋਈ ਆਲੋਚਨਾਤਮਿਕ ਪੇਪਰ ਨਹੀਂ। ਨਾ ਮੈਂ ਕਦੇ ਪੇਪਰ ਲਿਖਿਆ ਹੈ। ਇਹ ਸਿਰਫ਼ ਕਿਤਾਬ ਦੇ ਅੰਤਰੀਵ ਬੋਧ ਦਾ ਪ੍ਰਗਟਾਵਾ ਹੈ, ਜਿਸ ਵਿਚ ਬਲਦੇਵ ਸਿੰਘ ਨੇ ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ ਦੀ ਸਮੁੱਚੀ ਜ਼ਿੰਦਗੀ ਨੂੰ ਨਾਵਲ ਵਿਧਾ ਰਾਹੀਂ ਪ੍ਰਭਾਵਿਤ ਕੀਤਾ ਹੈ। ਇਸ ਲਈ ਇਸ ਨੂੰ ਸੀਮਤ ਦਾਇਰੇ ਅੰਦਰ ਰੱਖ ਲਿਆ ਜਾਵੇ।

ਨਾਵਲ ਨੂੰ 192 ਸਫ਼ਿਆਂ ਵਿਚ ਸਮੇਟਿਆ ਗਿਆ ਹੈ। ਸਮੁੱਚੀ ਰਚਨਾ ਨੂੰ ਤਿੰਨ ਹਿੱਸਿਆਂ ਵਿਚ ਵੰਡ ਕੇ, ਪਹਿਲੇ ਭਾਗ ਵਿਚ ਵਸੀਲਿਆਂ ਤੋਂ ਇਕੱਤਰ ਕੀਤੀ ਜਾਣਕਾਰੀ, ਦੂਜੇ ਭਾਗ ਵਿਚ ਵਿਸ਼ੇਸ਼ ਵਿਅਕਤੀਆਂ ਨਾਲ ਕੀਤੀਆਂ ਮੁਲਾਕਾਕਤਾਂ, ਤੀਜੇ ਭਾਗ ਵਿਚ ਪੇਸ਼ ਕੀਤੀਆਂ ਗਈਆਂ ਸ਼ਰਧਾਂਜਲੀਆਂ ਹਨ। ਸਾਰੀ ਰਚਨਾ ਨੂੰ ਮਾਲਾ ਦੇ ਮਣਕਿਆਂ ਦੀ ਤਰ੍ਹਾਂ ਤਰਤੀਬ ਵਿਚ ਰੱਖਿਆ ਗਿਆ ਹੈ। ਕਿਤਾਬ ਦਾ ਨਾਂ 'ਕਾਲੇ ਪਾਣੀਆਂ ਦਾ ਸੁੱਚਾ ਮੋਤੀ' ਇਸ ਕਰਕੇ ਦਿੱਤਾ ਗਿਆ ਹੈ ਕਿ ਗੁਰਬਖਸ਼ ਸਿੰਘ ਦਾ ਜਨਮ ਕਾਲੇ ਪਾਣੀਆਂ ਦੀ ਜੇਲ੍ਹ ਅੰਡੇਮਾਨ ਵਿਚ ਹੋਇਆ, ਜਿਥੇ ਉਸ ਦਾ ਪਿਤਾ ਸੂਬੇਦਾਰ ਉਤਮ ਸਿੰਘ ਫੌਜ ਵਿਚ ਨੌਕਰੀ ਕਰਦਾ ਸੀ। ਇਹ ਉਹੀ ਜੇਲ੍ਹ ਸੀ ਜਿਸ ਵਿਚ ਗ਼ਦਰੀ ਬਾਬਿਆਂ, ਸ਼ਹੀਦ ਭਗਤ ਸਿੰਘ ਦੇ ਸਾਥੀਆਂ ਅਤੇ ਹੋਰ ਅਨੇਕ ਦੇਸ਼-ਭਗਤਾਂ ਦਾ ਸਬਰ ਸਿਦਕ ਪਰਖਿਆ ਗਿਆ ਸੀ। ਇਸ ਜੇਲ੍ਹ ਵਿਚ ਜੰਮਿਆ ਕਾ. ਗੁਰਬਖਸ਼ ਸਿੰਘ ਵੀ ਉਨ੍ਹਾਂ ਰਾਹਾਂ 'ਤੇ ਤੁਰਦਿਆਂ ਇਸ ਸੰਸਾਰ ਤੋਂ ਰੁਖ਼ਸਤ ਹੋਇਆ ਸੀ।


ਬਲਦੇਵ ਸਿੰਘ ਉਚੇ ਬੁਰਜ 'ਤੇ ਬੈਠਾ ਪੰਜਾਬੀ ਦਾ ਵਾਰਤਾਕਾਰ ਲੇਖਕ ਹੈ। ਉਸ ਨੇ ਕਾ. ਗੁਰਬਖਸ਼ ਸਿੰਘ ਦੀ ਸੰਘਰਸ਼ਮਈ ਜ਼ਿੰਦਗੀ ਨੂੰ ਆਪਣੀ ਕਲਮ ਰਾਹੀਂ ਲਿੱਪੀਬੱਧ ਕੀਤਾ ਹੈ। ਮੁੱਖ ਸਫ਼ੇ 'ਤੇ ਫੋਟੋ ਹੇਠਾਂ 'ਕਾ. ਗੁਰਬਖਸ਼ ਸਿੰਘ ਧਾਲੀਵਾਲ ਦੀ ਜੀਵਨ-ਗਾਥਾ' ਲਿਖਿਆ ਹੋਇਆ, ਜਦ ਪਾਠਕ ਪੜ੍ਹਦਾ ਹੈ ਤਾਂ ਉਸ ਦੀ ਅਸਲ ਜੀਵਨੀ ਹੋਣ ਦਾ ਭੁਲੇਖਾ ਖਾਂਦਾ ਹੈ। ਇਸ ਨੂੰ ਕਾ. ਗੁਰਬਖਸ਼ ਸਿੰਘ ਦੀ ਜੀਵਨੀ ਅਧਾਰਤ ਇਤਿਹਾਸਕ ਨਾਵਲ ਹੀ ਕਹਿ ਸਕਦੇ ਹਾਂ। ਨਾਵਲ ਇਤਿਹਾਸ ਵਿਚ ਜਦ ਸਭ ਤੋਂ ਪਹਿਲੇ ਨਾਵਲ 'ਸੁੰਦਰੀ' ਦੀ ਗੱਲ ਚਲਦੀ ਹੈ ਤਾਂ ਉਹ ਵੀ ਇਤਿਹਾਸਕ ਪਿਛੋਕੜ ਵਿਚ ਲਿਖਿਆ ਗਿਆ ਨਾਵਲ ਸੀ। ਇਹ ਨਾਵਲ 1899 ਈਸਵੀ ਵਿਚ ਭਾਈ ਵੀਰ ਸਿੰਘ ਨੇ ਲਿਖਿਆ ਸੀ। ਇਸ ਤੋਂ ਬਾਅਦ ਭਾਈ ਵੀਰ ਸਿੰਘ ਦੇ ਹੋਰ ਨਾਵਲ ਬਿਜੈ ਸਿੰਘ, ਸਤਵੰਤ ਕੌਰ ਵੀ ਇਸੇ ਦਿਸ਼ਾ ਵਿਚ ਸਨ। ਗਿਆਨੀ ਕੇਸਰ ਸਿੰਘ ਦੇ ਗ਼ਦਰ ਲਹਿਰ ਦੇ ਨਾਇਕ ਅਧਾਰਤ ਨਾਵਲ ਵੀ ਪਾਠਕਾਂ ਦਾ ਚੋਖਾ ਧਿਆਨ ਖਿੱਚਦੇ ਹਨ। ਬਲਦੇਵ ਸਿੰਘ ਨੇ ਵੀ ਸੰਗਰਾਮੀ ਯੋਧਿਆਂ ਨੂੰ ਅਧਾਰ ਬਣਾ ਕੇ ਆਪਣੇ ਨਾਵਲ ਦੀ ਰਚਨਾ ਕੀਤੀ ਹੈ। ਪਾਠਕ ਦੂਸਰੇ ਨਾਵਲਾਂ ਨਾਲੋਂ ਇਤਿਹਾਸਕ ਨਾਵਲ ਪੜ੍ਹਨ ਵਿਚ ਰੁਚੀ ਵੀ ਵੱਧ ਰੱਖਦਾ ਹੈ। ਇਸੇ ਸੰਦਰਭ ਵਿਚ ਹੀ 'ਕਾਲੇ ਪਾਣੀਆਂ ਦਾ ਸੁੱਚਾ ਮੋਤੀ' ਨੂੰ ਕਲਮਬੰਦ ਕੀਤਾ ਹੈ।

ਨਾਵਲ ਦਾ ਆਗਾਜ਼ ਇਨ੍ਹਾਂ ਸ਼ਬਦਾਂ ਤੋਂ ਹੁੰਦਾ ਹੈ।

"ਬਿਨਾਂ ਬੂਹੇ ਵਾਲੇ ਦਲਾਨ ਵਿਚ, ਗੁਰਬਖਸ਼ ਅਕਲਕਾਣ ਹੋਇਆ ਬੈਠਾ ਸੀ, ਅਪ੍ਰੈਲ ਮਹੀਨੇ ਦੇ ਆਖਰੀ ਦਿਨ ਸਨ। ਏਨਾ ਗੁੰਮ, ਏਨੀ ਹੁੰਮਸ, ਹੱਥ ਵਿਚ ਫੜੇ ਕਾਪੀ ਦੇ ਗੱਤੇ ਦੀ ਝੱਲੀ ਹਵਾ ਨਾਲ ਵੀ ਮੁੜ੍ਹਕਾ ਨਹੀਂ ਸੀ ਸੁੱਕਦਾ।" ਇਹਨਾਂ ਸ਼ਬਦਾਂ ਨਾਲ ਹੀ ਪਾਠਕ ਨਾਵਲ ਨਾਲ ਜੁੜ ਜਾਂਦਾ ਹੈ। ਫੇਰ ਜਿਉਂ ਜਿਉਂ ਨਾਵਲ ਦੀ ਕਹਾਣੀ ਤੁਰਦੀ ਹੈ, ਪਾਠਕ ਨਾਲ ਵਗਿਆ ਜਾਂਦਾ ਹੈ।

1945 ਵਿਚ ਗੁਰਬਖਸ਼ ਸਿੰਘ ਆਪਣੇ ਹਮਜਮਾਤੀ ਦੋਸਤ ਬੇਅੰਤ ਨੂੰ ਮਿਲਣ ਉਸ ਦੇ ਦਾਖੇ ਪਿੰਡ (ਮੁਲਾਪੁਰ-ਦਾਖੇ) ਨੂੰ ਸਾਈਕਲ 'ਤੇ ਜਾਂਦਾ ਹੈ ਜੋ ਇਸ ਪਿੰਡ ਤੋਂ 60-65 ਕਿਲੋਮੀਟਰ ਦੂਰ ਹੈ। ਤੁਰਦਾ ਵੀ ਦੁਪਹਿਰ ਦੇ ਸਮੇਂ ਤੋਂ ਬਾਅਦ ਹੈ। ਉਸ ਸਮੇਂ ਪਿੰਡਾਂ ਵਿਚ ਪੱਕੀਆਂ ਸੜਕਾਂ ਨਹੀਂ ਸਨ ਬਣੀਆਂ। ਇਹ ਆਪਣੇ ਪਿੰਡ ਦੇ ਨੇੜੇ ਲੰਘਦੇ ਸੂਏ ਦੀ ਪਟੜੀ ਰਾਏਕੋਟ ਨੂੰ ਹੋ ਤੁਰਦਾ ਹੈ। ਰਾਏਕੋਟ ਤੋਂ ਮੁਲਾਂਪੁਰ-ਦਾਖੇ ਨੂੰ ਜਾਂਦਿਆਂ ਸੁਧਾਰ ਦੇ ਪੁਲ 'ਤੇ ਹਨ੍ਹੇਰਾ ਹੋ ਜਾਂਦਾ ਹੈ। ਸੁਧਾਰ ਆਉਣ ਤੋਂ ਪਹਿਲਾਂ ਗੁਰਬਖਸ਼ ਸਿੰਘ ਨੂੰ ਇਕ ਹੋਰ ਸਾਈਕਲ ਸਵਾਰ ਮਿਲ ਜਾਂਦਾ ਹੈ। ਇਨ੍ਹਾਂ ਨੂੰ ਗੱਲਾਂ ਕਰਦਿਆਂ ਜਦ ਸੁਧਾਰ ਨਹਿਰ ਦਾ ਪੁਲ ਆ ਜਾਂਦਾ ਹੈ ਤਾਂ ਦੂਸਰਾ ਸਾਈਕਲ ਸਵਾਰ ਬੜੇ ਅਪਣਤ ਭਰੇ ਲਹਿਜੇ ਵਿਚ ਗੁਰਬਖਸ਼ ਸਿੰਘ ਨੂੰ ਹੁਕਮ ਕਰਦਾ ਹੈ। 'ਹਨ੍ਹੇਰਾ ਹੋ ਗਿਆ, ਹੁਣ ਤੂੰ ਅੱਗੇ ਨਹੀਂ ਜਾਣਾ, ਮੇਰੇ ਮਗਰ ਮਗਰ ਸਾਈਕਲ ਰੋੜ੍ਹੀ ਆ'। ਗੁਰਬਖਸ਼ ਸਿੰਘ ਨੇ ਹੁਕਮ ਮੰਨਿਆ ਤੇ ਉਸ ਦੇ ਮਗਰ ਸਾਈਕਲ ਤੋਰ ਲਿਆ। ਉਸ ਦਾ ਪਿੰਡ ਆਇਆ ਤੇ ਉਸ ਦੇ ਘਰ ਪਹੁੰਚ ਗਏ। ਘਰ ਪਹੁੰਚਦਿਆਂ ਹੀ ਉਸ ਦੀ ਮਾਂ ਪਹਿਲਾਂ ਗੁਰਬਖਸ਼ ਸਿੰਘ ਨੂੰ ਦੁੱਧ ਦਾ ਛੰਨਾ ਦਿੰਦੀ ਹੈ। ਨਹਾਉਣ ਤੋਂ ਬਾਅਦ ਸ਼ੱਕਰ ਘਿਓ ਤੇ ਦਾਲ ਵਿਚ ਤੈਰਦੇ ਘਿਉ ਨਾਲ ਰੋਟੀ ਖਿਲਾਉਂਦੀ ਹੈ। ਸੌਣ ਤੋਂ ਪਹਿਲਾਂ ਕੰਗਣੀ ਵਾਲਾ ਭਰਿਆ ਦੁੱਧ ਦਾ ਗਲਾਸ ਫੇਰ ਪੀਣ ਲਈ ਆਖਦੀ ਹੈ, ਜੋ ਗੁਰਬਖਸ਼ ਸਿੰਘ ਔਖਾ-ਸੌਖਾ ਪੀ ਲੈਂਦਾ ਹੈ। ਇਥੇ ਮੈਨੂੰ ਬਹੁਤ ਪੁਰਾਣੀ ਪੜ੍ਹੀ ਕਹਾਣੀ 'ਭੂਆ' ਦਾ ਚੇਤਾ ਆ ਜਾਂਦਾ ਹੈ। ਲੱਗਿਆ ਜਿਵੇਂ ਗੁਰਬਖਸ਼ ਸਿੰਘ ਹੀ ਉਸ ਕਹਾਣੀ ਦਾ ਭਤੀਜਾ ਬਣਿਆ ਪਾਤਰ ਹੋਵੇ ਤੇ ਉਹ ਮਾਂ 'ਭੂਆ' ਹੋਵੇ।

ਇਸ ਤਰ੍ਹਾਂ ਇਹ ਨਾਵਲ ਬੀਤੇ ਭਲੇ ਵੇਲੇ ਨੂੰ ਚੇਤੇ ਕਰਾਉਂਦਾ ਹੈ ਕਿ ਨਾਵਾਕਫ਼ ਰਾਹੀ ਦੀ ਹਨੇਰੇ ਤੁਰਨ ਦੀ ਤਕਲੀਫ਼ ਨੂੰ ਸਮਝ ਕੇ ਉਹ ਭਲਾ ਪੁਰਸ਼ ਨੌਜਵਾਨ ਗੁਰਬਖਸ਼ ਸਿੰਘ ਨੂੰ ਘਰ ਲਿਜਾ ਕੇ ਰਾਤ ਕਟਾਉਂਦਾ ਹੈ ਤੇ ਪੂਰੀ ਸੇਵਾ ਕਰਦਾ ਹੈ। ਦੂਸਰੇ ਦਿਨ ਸਵੇਰੇ ਫਿਰਨੀ ਤੱਕ ਗੁਰਬਖਸ਼ ਸਿੰਘ ਨੂੰ ਛੱਡਣ ਆਉਂਦਾ ਹੈ। ਗੁਰਬਖਸ਼ ਸਿੰਘ ਵਿਛੜਨ ਸਮੇਂ ਉਸ ਦਾ ਨਾਂ ਤੇ ਪਿੰਡ ਦਾ ਨਾਂ ਵੀ ਨਹੀਂ ਪੁੱਛਦਾ ਜਿਸ ਦਾ ਬਾਅਦ ਵਿਚ ਉਸ ਨੂੰ ਪਛਤਾਵਾ ਰਹਿੰਦਾ ਹੈ।





ਕਾਮਰੇਡ ਰੁਲਦੂਖਾਨ ਤੇ ਕਾ. ਗੁਰਬਖਸ਼ ਸਿੰਘ ਧਾਲੀਵਾਲ

ਕਾ. ਗੁਰਬਖਸ਼ ਦਾ ਜਨਮ 17 ਨਵੰਬਰ 1928 ਨੂੰ ਅੰਡੇਮਾਨ ਜੇਲ੍ਹ ਵਿਚ ਹੋਇਆ। ਪੜ੍ਹਨ ਸਮਾਂ ਹੋਇਆ ਤਾਂ ਉਥੇ ਹੀ ਪੜ੍ਹਨ ਪਾ ਦਿੱਤਾ। ਪਰ ਪ੍ਰਾਇਮਰੀ ਦੀ ਪੂਰੀ ਪੜ੍ਹਾਈ ਆਪਣੇ ਪਿੰਡ ਧੂਰਕੋਟ-ਰਣਸੀਹ ਆ ਕੇ ਕੀਤੀ। ਛੇਵੀਂ ਜਮਾਤ ਵਿਚ ਪੱਤੋ ਹੀਰਾ ਸਿੰਘ ਦੇ ਸਕੂਲ ਵਿਚ ਦਾਖਲ ਹੋ ਗਿਆ। ਦਸਵੀਂ ਜਮਾਤ ਇਸੇ ਸਕੂਲ ਪੜ੍ਹਦਿਆਂ ਪਾਸ ਕੀਤੀ। ਇਸ ਸਮੇਂ ਦੌਰਾਨ ਉਹ ਆਪਣੇ ਮਿੱਤਰ ਬੇਅੰਤ ਸਿੰਘ ਨੂੰ ਮਿਲਣ ਲਈ ਦਾਖੇ (ਲੁਧਿਆਣਾ) ਚਲਾ ਜਾਂਦਾ ਹੈ ਤੇ ਇਥੋਂ ਹੀ ਦੋਵੇਂ ਮਿੱਤਰ ਸਕੀਮ ਬਣਾ ਕੇ ਫਿਰੋਜ਼ਪੁਰ ਪਹੁੰਚ ਫੌਜ ਵਿਚ ਭਰਤੀ ਹੋ ਜਾਂਦੇ ਹਨ।

ਫੌਜ ਵਿਚ ਡੇਢ ਸਾਲ ਦਾ ਸਮਾਂ ਹੀ ਲੰਘਿਆ ਸੀ ਕਿ ਗੁਰਬਖਸ਼ ਸਿੰਘ ਦੇ ਸੈਕਸ਼ਨ ਵਿਚ ਕੈਪਟਨ ਗੁਰਦਿਆਲ ਸਿੰਘ ਆ ਗਿਆ। ਜਦ ਇਸ ਨੂੰ ਪਤਾ ਲੱਗਿਆ ਕਿ ਗੁਰਬਖਸ਼ ਸਿੰਘ, ਸੂਬੇਦਾਰ ਉਤਮ ਸਿੰਘ ਦਾ ਮੁੰਡਾ ਹੈ ਤਾਂ ਉਸ ਨੇ ਇਸ ਨੂੰ ਅੱਗੇ ਪੜ੍ਹਨ ਦੀ ਸਲਾਹ ਦੇ ਕੇ ਫੌਜ ਵਿਚੋਂ ਨਾਂਅ ਕਟਵਾਉਣ ਦੀ ਸਿਫਾਰਸ਼ ਕਰ ਦਿੱਤੀ। ਨਾਂ ਕੱਟ ਦਿੱਤਾ ਗਿਆ।

ਪੱਤੋ ਪੜ੍ਹਦਿਆਂ ਇਸ ਦਾ ਵਾਅ ਕਾਮਰੇਡ ਰੁਲਦੂ ਖਾਂ (ਖੋਟੇ) ਨਾਲ ਪੈ ਗਿਆ ਸੀ। ਉਹ ਸੀ. ਪੀ. ਆਈ. ਵਿਚ ਪੂਰਾ ਸਰਗਰਮ ਸੀ। ਉਸ ਨੇ ਗੁਰਬਖਸ਼ ਸਿੰਘ ਨੂੰ ਪ੍ਰਭਾਵਿਤ ਕਰਕੇ ਪੜ੍ਹਨ ਸਮੇਂ ਹੀ ਨਾਲ ਤੋਰ ਲਿਆ ਸੀ।

1947 ਦੇ ਪਹਿਲੇ ਮਹੀਨਿਆਂ ਵਿਚ ਹੀ ਪੰਜਾਬ ਦੀ ਫਿਜ਼ਾ ਦੋ ਫਿਰਕਿਆਂ ਦੇ ਟਕਰਾਅ ਵਾਲੀ ਬਣ ਗਈ। ਕਾ. ਰੁਲਦੂ ਖਾਂ ਜ਼ਿਆਦਾਤਰ ਨਿਹਾਲ ਸਿੰਘ ਵਾਲੇ ਹੀ ਰਹਿੰਦਾ ਸੀ। ਫਸਾਦੀ ਇਕ ਦਿਨ ਉਸ ਨੂੰ ਮਾਰਨ ਆ ਗਏ ਜੋ ਰੌਲਾ ਪੈਣ 'ਤੇ ਭੱਜ ਗਏ। ਫੇਰ ਜਦ ਕਤਲੋਗਾਰਤ ਹੋਣ ਲੱਗੀ ਤਾਂ ਕਾ. ਰੁਲਦੂ ਖਾਂ ਨੂੰ ਵੀ ਪਾਕਿਸਤਾਨ ਜਾਣ ਦੀ ਸਲਾਹ ਦਿੱਤੀ ਜੋ ਉਸ ਨੇ ਠੁਕਰਾਅ ਕੇ ਆਪਣਾ ਮਨ ਇਥੇ ਰਹਿਣ ਦਾ ਬਣਾ ਲਿਆ।

ਨਿਹਾਲ ਸਿੰਘ ਇਲਾਕੇ ਦੇ ਕਾਮਰੇਡਾਂ ਨੇ ਮੁਸਲਮਾਨ ਭਰਾਵਾਂ ਦੀ ਜਾਨ-ਹੀਲ ਕੇ ਮਦਦ ਕੀਤੀ। ਉਨ੍ਹਾਂ ਨੂੰ ਰਾਏਕੋਟ ਕੈਂਪ ਵਿਚ ਆਪ ਪਹੁੰਚਾ ਕੇ ਆਏ। ਗੁਰਬਖਸ਼ ਸਿੰਘ ਨੇ ਇਸ ਕੰਮ ਵਿਚ ਮੋਹਰੀ ਫਰਜ਼ ਨਿਭਾਇਆ।

ਇਸ ਕੰਮ ਦਾ ਅਹਿਸਾਸ ਉਸ ਦੇ ਛੋਟੇ ਲੜਕੇ ਕੇਵਲ ਸਿੰਘ ਨੂੰ ਜੋ ਇੰਗਲੈਂਡ ਵਿਚ ਰਹਿ ਰਿਹਾ ਹੈ, ਉਸ ਸਮੇਂ ਹੋਇਆ, ਜਦ ਇੰਗਲੈਂਡ ਵਿਚ ਪਾਕਿਸਤਾਨ ਤੋਂ ਆਏ ਇਕ ਮੁਸਲਮਾਨ ਬਜ਼ੁਰਗ ਨੇ ਦੱਸਿਆ। ਉਸ ਦੀ ਗੱਲਬਾਤ ਕੇਵਲ ਸਿੰਘ ਦੇ ਮਾਮੇ ਨਾਲ ਹੋਈ ਸੀ।

ਉਸ ਨੇ ਸਿਆਣ ਕੇ ਕਿਹਾ, "ਤੁਸੀਂ ਕਾ. ਗੁਰਬਖਸ਼ ਸਿੰਘ ਧੂਰਕੋਟ ਵਾਲੇ ਦੇ ਰਿਸ਼ਤੇਦਾਰ ਹੋ?

"ਹਾਂ"

ਪਰ ਤੁਸੀਂ ਕਾਮਰੇਡ ਗੁਰਬਖਸ਼ ਨੂੰ ਕਿਵੇਂ ਜਾਣਦੇ ਹੋ? ਇਸ ਸਵਾਲ ਦੇ ਉਤਰ ਵਿਚ ਉਸ ਨੇ 1947 ਦੀ ਬਿਪਤਾ ਦੀ ਘੜੀ ਨੂੰ ਦੁਹਰਾਅ ਦਿੱਤਾ। ਜਿਥੋਂ ਕਾ. ਗੁਰਬਖਸ਼ ਸਿੰਘ ਤੇ ਸਾਥੀ ਉਨ੍ਹਾਂ ਨੂੰ ਬਚਾ ਕੇ ਰਾਏਕੋਟ ਕੈਂਪ ਵਿਚ ਛੱਡ ਕੇ ਆਏ ਸਨ। "ਭਰਾਵਾ ਉਸ ਦੇ ਬਚਾਏ ਹੀ ਅੱਜ ਤੈਨੂੰ ਮਿਲ ਰਹੇ ਹਾਂ। ਨਹੀਂ ਤਾਂ ਹੁਣ ਨੂੰ ......। ਇਹ ਗੱਲਾਂ ਕੇਵਲ ਸਿੰਘ ਨੂੰ ਹੁਣ ਵੀ ਧੀਰਜ ਦਿੰਦੀਆਂ ਹਨ।

ਗੁਰਬਖਸ਼ ਸਿੰਘ ਦੇ ਚੱਜ ਵੇਖ ਕੇ ਪਿਤਾ ਸੂਬੇਦਾਰ ਉਤਮ ਸਿੰਘ ਸੋਚਣ ਲੱਗਾ, 'ਮੁੰਡਾ ਬਿਗੜ ਚੱਲਿਐ। ਇਸ ਦੇ ਨੱਥ ਪਾਉਣੀ ਹੀ ਪਊ।' ਇਹ ਸੋਚ ਕੇ ਗੁਰਬਖਸ਼ ਸਿੰਘ ਦੀ ਮੰਗਣੀ ਡਾਲ਼ੇ ਪਿੰਡ ਕਰ ਦਿੱਤੀ ਤੇ ਤਾੜਨਾ ਕਰਕੇ ਮੋਗੇ ਪੜ੍ਹਨ ਵੀ ਲਾ ਦਿੱਤਾ।

ਪੜ੍ਹਾਈ ਦੌਰਾਨ ਹੀ ਕਾਮਰੇਡ ਦਾ ਵਿਆਹ ਹੋ ਗਿਆ। ਕਾਲਜ ਪੜ੍ਹਦਿਆਂ ਹੀ ਕਮਿਊਨਿਸਟ ਪਾਰਟੀ ਆਫ਼ ਇੰਡੀਆ ਦਾ ਮੈਂਬਰ ਬਣ ਗਿਆ। 1948 ਵਿਚ ਵੱਡੇ ਲੜਕੇ ਸੁਖਦੇਵ ਸਿੰਘ ਦੇ ਜਨਮ ਦੀਆਂ ਵਧਾਈਆਂ ਮਿਲਣ ਲੱਗੀਆਂ।

19 ਅਗਸਤ 1949 ਨੂੰ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਫਿਰੋਜ਼ਪੁਰ ਆਇਆ। ਸੀ. ਪੀ. ਆਈ. ਨੂੰ ਅਜ਼ਾਦੀ ਪ੍ਰਾਪਤ ਹੋਣ ਤੋਂ ਬਾਅਦ ਗੈਰ ਕਾਨੂੰਨੀ ਕਰਾਰ ਦਿੱਤਾ ਗਿਆ ਸੀ। ਸੀ. ਪੀ. ਆਈ. ਨੇ ਆਪਣਾ ਕਿਸਾਨ ਵਿਅੰਗ ਤੇ ਵਿਦਿਆਰਥੀ ਵਿਅੰਗ ਦੇ ਸਾਥ ਨਾਲ ਮੁਜ਼ਾਹਰਾ ਕਰਨ ਦਾ ਫੈਸਲਾ ਲੈ ਲਿਆ। ਪਾਰਟੀ ਦੇ ਦੋਵੇਂ ਵਿਅੰਗ ਇਸ ਮੌਕੇ ਫਿਰੋਜ਼ਪੁਰ ਪਹੁੰਚ ਗਏ। ਜਦ ਪ੍ਰਧਾਨ ਮੰਤਰੀ

Century 21
Green Realty Inc. Brokerage
Each Office Independently Owned and Operated
Sohan Mann
Sales Representative
Dir: 416-564-1699
Off: 905-565-9565
6980 Maritz Dr., Unit 8
Mississauga, ON L5W 1Z3
Fax: 905-565-9522
Email: sohanmann@hotmail.com
Buy Green, Build Green, Save Environment!!!
www.SohanMann.com



AMAN SIDHU MBA
C.E.O.
DIAMOND
INSURANCE GROUP
ATUO | HOME | BUSINESS
COMMERCIAL | LIFE | FIEET DISABILITY
12577 Airport Rd. Caledon, ON, L7C 2X4
905 951 0029 x 106 D : 647 282 4606 F : 888 878 2828
asidhu@pbnet.ca www.diamondinsurancegroup.ca



ਆਪਣੀ ਤਕਰੀਰ ਕਰਨ ਲੱਗਿਐ ਤਾਂ ਮੁਜ਼ਾਹਰਾਕਾਰੀਆਂ ਨੇ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ। ਇਸ ਸਮੇਂ ਪੰਡਾਲ ਵਿਚ ਬੈਠੇ ਕਾ. ਸ਼ਿੰਗਾਰਾ ਸਿੰਘ ਨੇ ਆਪਣਾ ਝੰਡਾ ਲਹਿਰਾ ਦਿੱਤਾ। ਪੁਲਿਸ ਨੇ ਗੋਲੀ ਚਲਾ ਦਿੱਤੀ। ਗੋਲੀ ਨਾਲ ਸ਼ਿੰਗਾਰਾ ਸਿੰਘ ਮੌਕੇ ’ਤੇ ਹੀ ਸ਼ਹੀਦ ਹੋ ਗਿਆ। ਪ੍ਰਧਾਨ ਮੰਤਰੀ ਨੂੰ ਵਿਚੋਂ ਹੀ ਆਪਣਾ ਪ੍ਰੋਗਰਾਮ ਛੱਡ ਕੇ ਭੱਜਣਾ ਪਿਆ। ਗੁਰਬਖਸ਼ ਸਿੰਘ ਇਸ ਮੌਕੇ ਬਗੈਰ ਕਿਸੇ ਸੱਟ-ਫੇਟ ਤੋਂ ਬਚ ਕੇ ਮੋਗੇ ਆ ਗਿਆ।

ਪੁਲਿਸ ਨੇ ਘਰ ਧੂਰਕੋਟ ਛਾਪਾ ਮਾਰਿਆ ਤੇ ਪਿਤਾ ਸ੍ਰ. ਉਤਮ ਸਿੰਘ ਨੂੰ ਫੜ ਕੇ ਫਿਰੋਜ਼ਪੁਰ ਲੈ ਗਈ ਤੇ ਗੁਰਬਖਸ਼ ਸਿੰਘ ਗੁਪਤਵਾਸ ਹੋ ਗਿਆ। ਪਾਰਟੀ ਨੇ ਇਸ ਨੂੰ ਪਾਰਟੀ ਕੰਮਾਂ ਦੇ ਨਾਲ ਵਿਦਿਆਰਥੀ ਫਰੰਟ ਦੀ ਡਿਊਟੀ ਵੀ ਸੰਭਾਲ ਦਿੱਤੀ।

1950 ਵਿਚ ਸਟੂਡੈਂਟ ਫੈਡਰੇਸ਼ਨ ਨੇ ਅੰਮ੍ਰਿਤਸਰ ਰਾਜ ਪੱਧਰੀ ਕਾਨਫਰੰਸ ਕਰਨ ਦਾ ਐਲਾਨ ਕਰ ਦਿੱਤਾ। ਇਸ ਮੌਕੇ ਵਿਦਿਆਰਥੀਆਂ ਨੇ ਸ਼ਹਿਰ ਵਿਚ ਮੁਜ਼ਾਹਰਾ ਵੀ ਕੀਤਾ। ਰਸਤੇ ਵਿਚ ਜਦ ਕਾਂਗਰਸ ਪਾਰਟੀ ਦਾ ਦਫ਼ਤਰ ਆਇਆ ਤਾਂ ਵਿਦਿਆਰਥੀਆਂ ਨੇ ਦਫ਼ਤਰ ਉਪਰ ਹਮਲਾ ਕਰ ਦਿੱਤਾ। ਅੰਦਰ ਬੈਠੇ ਕਾਂਗਰਸੀ ਵੀ ਕੁੱਟ ਧਰੇ। ਪੁਲਿਸ ਨਾਲ ਮੁੱਠ-ਭੇੜ ਹੋ ਗਈ। ਪੁਲਿਸ ਨੇ ਵਿਦਿਆਰਥੀਆਂ ’ਤੇ ਲਾਠੀਚਾਰਜ ਕਰ ਦਿੱਤਾ। ਹਵਾਈ ਫਾਇਰ ਵੀ ਕੀਤੇ। ਕਈ ਵਿਦਿਆਰਥੀਆਂ ਦੇ ਸੱਟਾਂ ਲੱਗੀਆਂ ਤੇ 50-60 ਪੜ੍ਹਾਕੂ ਗ੍ਰਿਫ਼ਤਾਰ ਕਰ ਲਏ ਗਏ। ਗੁਰਬਖਸ਼ ਸਿੰਘ ਇਸ ਮੌਕੇ ਅਗਵਾਈਕਾਰਾਂ ਵਿਚ ਸੀ।

ਛੇਤੀ ਹੀ ਗੁਰਬਖਸ਼ ਸਿੰਘ ਦਾ ਭੇਦ ਖੁੱਲ੍ਹ ਗਿਆ। ਕਾ. ਵਿਦਿਆਰਥੀ ਜਥੇਬੰਦੀ ਵਿਚ ਵੀ ਕੰਮ ਕਰਦਾ ਸੀ ਤੇ ਪਾਰਟੀ ਦਾ ਕੁੱਲ ਵਕਤੀ ਮੈਂਬਰ ਵੀ ਸੀ। ਪੁਲਿਸ ਨੇ ਛਾਪਾ ਮਾਰਿਆ ਪਰ ਫੜਿਆ ਨਾ ਗਿਆ। ਪੁਲਿਸ ਜਦ ਮੱਝਾਂ ਖੋਲ੍ਹ ਕੇ ਥਾਣੇ ਲਿਜਾਣ ਲੱਗੀ ਤਾਂ ਉਸ ਦੀ ਪਤਨੀ ਬਸੰਤ ਕੌਰ ਨੇ ਡਾਂਗ ਚੁੱਕ ਲਈ। ਪਿੰਡ ਵਾਲੇ ਉਸ ਦੇ ਹੱਕ ਵਿਚ ਡਟ ਗਏ। ਪੁਲਿਸ ਨੂੰ ਖ਼ਾਲੀ ਹੱਥ ਜਾਣਾ ਪਿਆ।

1952 ਵਿਚ ਅਜ਼ਾਦ ਹਿੰਦੁਸਤਾਨ ਦੀਆਂ ਪਹਿਲੀਆਂ ਚੋਣਾਂ ਹੋਈਆਂ। ਕਮਿਊਨਿਸਟ ਪਾਰਟੀ ਨੇ ਨਿਹਾਲ ਸਿੰਘ ਵਾਲਾ ਸੀਟ ਤੋਂ ਗ਼ਦਰੀ ਬਾਬਾ ਨਿਧਾਨ ਸਿੰਘ ਮਹੇਸ਼ਰੀ ਨੂੰ ਜਿਤਾ ਲਿਆ। ਕੁਝ ਸਮੇਂ ਬਾਅਦ ਬਾਬਾ ਹਮੇਸ਼ਰੀ ਦੀ ਮੌਤ ਹੋ ਗਈ। ਇਸ ਤੋਂ ਬਾਅਦ ਇਸ ਸੀਟ ’ਤੇ ਜਸਵੰਤ ਸਿੰਘ ਚੂਹੜਚੱਕ ਨੂੰ ਚੋਣ ਲੜਾਈ ਪਰ ਕਾਂਗਰਸੀ ਉਮੀਦਵਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ ਚੋਣ ਜਿੱਤ ਗਿਆ। ਕਾ. ਗੁਰਬਖਸ਼ ਸਿੰਘ ਦਾ ਪਿਤਾ ਸ੍ਰ. ਉਤਮ ਸਿੰਘ ਵਕਫ ਬੋਰਡ ਦਾ ਮੈਂਬਰ ਸੀ। ਇਸ ਮੌਕੇ ਉਸ ਨੇ ਆਪਣੇ ਪਿੰਡ ਵਿਚ ਦੋ ਮਿਡਲ ਸਕੂਲ ਮਨਜ਼ੂਰ ਕਰਵਾਏ। ਇਕ ਲੜਕੀਆਂ ਦਾ ਤੇ ਦੂਸਰਾ ਮੁੰਡਿਆਂ ਦਾ। ਬਿਮਾਰੀ ਕਾਰਨ ਸੂਬੇਦਾਰ ਛੇਤੀ ਹੀ ਦੁਨੀਆਂ ਤੋਂ ਰੁਖ਼ਸਤ ਹੋ ਗਿਆ।

1957 ਦੀਆਂ ਚੋਣਾਂ ਵਿਚ ਜਿੱਤ ਪ੍ਰਾਪਤ ਕਰਨ ਲਈ ਪੰਡਿਤ ਜਵਾਹਰ ਲਾਲ ਨਹਿਰੂ ਨੇ 1956 ਵਿਚ ਪੈਪਸੂ ਦਾ ਰਲੇਵਾਂ ਕਰ ਦਿੱਤਾ। ਦੂਸਰਾ ਦਾਅ ਮੁਰੱਬਾਬੰਦੀ ਕਰਕੇ ਮਾਰਿਆ ਸੀ। ਅਕਾਲੀਆਂ ਨੇ ਮੌਕਾ ਵੇਖ ਕੇ ਕਾਂਗਰਸ ਪਾਰਟੀ ਨਾਲ ਰਲ ਕੇ ਚੋਣਾਂ ਲੜੀਆਂ। ਕਾਂਗਰਸ ਨੇ ਵੱਡੀ ਜਿੱਤ ਪ੍ਰਾਪਤ ਕੀਤੀ। ਅਕਾਲੀ ਦਲ ਦੇ ਪੱਲੇ 18 ਸੀਟਾਂ ਪਈਆਂ। ਗੁਰਬਖ਼ਸ਼ ਸਿੰਘ ਦੀ ਪਾਰਟੀ ਸੀ. ਪੀ. ਆਈ. ਪਹਿਲਾਂ ਜਿੱਤੀਆਂ ਹੋਈਆਂ ਸੀਟਾਂ ਹਲਕਾ ਨਿਹਾਲ ਸਿੰਘ ਵਾਲਾ ਤੇ ਬਾਘਾਪੁਰਾਣਾ ਹਾਰ ਗਈ।

ਕਮਿਊਨਿਸਟ ਪਾਰਟੀ ਅਜੇ ਹਾਰ ਦਾ ਮੁਤਾਲਿਆ ਹੀ ਕਰ ਰਹੀ ਸੀ ਕਿ 1959 ਵਿਚ ਕੈਰੋਂ ਸਰਕਾਰ ਨੇ ਪੰਜਾਬ ਦੇ ਕਿਸਾਨਾਂ ਸਿਰ ਖੁਸ਼ਹੈਸੀਅਤੀ ਟੈਕਸ ਠੋਕ ਦਿੱਤਾ। ਕਮਿਊਨਿਸਟ ਪਾਰਟੀ ਇਸ ਦਾ ਵਿਰੋਧ ਕਰਨ ਲਈ ਤਿਆਰ ਹੋ ਗਈ। ਥਾਂ ਥਾਂ ਮੀਟਿੰਗਾਂ ਹੋਣ ਲੱਗੀਆਂ। ਧਰਨਿਆਂ ਮੁਜ਼ਾਹਰਿਆਂ ਵਿਚੋਂ ਅਵਾਜ਼ਾਂ ਆਉਣ ਲੱਗੀਆਂ-

ਪੈਸੇ ਨੀ ਬਣਦਾ ਮਿਟੀ ਦਾ।
ਕੈਰੋਂ ਘਰ ਘਰ ਪਿੱਟੀ ਦਾ।

ਕਿਸਾਨ ਮੋਰਚਾ ਗੱਜੂਗਾ।
ਕੈਰੋਂ ਗਿੱਦੜ ਭੱਜੂਗਾ।



ਕਾਮਰੇਡ ਗੁਰਬਖਸ਼ ਸਿੰਘ ਧਾਲੀਵਾਲ 1968-ਰੂਸ ਵਿਚ

ਪੰਜਾਬ ਵਿਚ ਵੱਡਾ ਅੰਦੋਲਨ ਚੱਲਿਐ। ਆਖਰ ਜਿੱਤ ਕਿਸਾਨਾਂ ਦੀ ਹੋਈ।

1961 ਵਿਚ ਪੰਚਾਇਤ ਦੀਆਂ ਚੋਣਾਂ ਆ ਗਈਆਂ। ਪਿੰਡ ਤੇ ਪਾਰਟੀ ਵਾਲਿਆਂ ਨੇ ਕਾ. ਗੁਰਬਖਸ਼ ਸਿੰਘ ਨੂੰ ਸਰਪੰਚੀ ਦੀ ਚੋਣ ਵਿਚ ਖੜ੍ਹਾ ਕਰ ਦਿੱਤਾ। ਕਾਮਰੇਡ ਸਰਪੰਚੀ ਦੀ ਚੋਣ ਹਾਰ ਗਿਆ।

1962 ਵਿਚ ਅਸੈਂਬਲੀ ਚੋਣਾਂ ਦਾ ਐਲਾਨ ਹੋ ਗਿਆ। ਪਾਰਟੀ ਨੇ ਫੈਸਲਾ ਕਰਕੇ ਕਾ. ਗੁਰਬਖਸ਼ ਸਿੰਘ ਨੂੰ ਹਲਕਾ ਨਿਹਾਲ ਸਿੰਘ ਵਾਲਾ ਤੋਂ ਖੜ੍ਹਾ ਕਰ ਦਿੱਤਾ। ਸਭ ਸਾਥੀਆਂ ਨੇ ਆਪਣੀਆਂ ਡਿਊਟੀਆਂ ਸੰਭਾਲ ਲਈਆਂ। ਇਸ ਦਾ ਮੁਕਾਬਲਾ ਕਾਂਗਰਸੀ ਉਮੀਦਵਾਰ ਬਸੰਤ ਸਿੰਘ ਮੋਗਾ ਨਾਲ ਸੀ। ਪਾਰਟੀ ਵਰਕਰਾਂ ਨੇ ਤਕੜੇ ਹੋ ਕੇ ਕੰਮ ਕੀਤਾ। ਕਾ. ਗੁਰਬਖਸ਼ ਸਿੰਘ 1188 ਵੋਟਾਂ ਦੇ ਫਰਕ ਨਾਲ ਜਿੱਤ ਗਿਆ। ਐਮ. ਐਲ. ਏ. ਬਣ ਕੇ ਕਾ. ਗੁਰਬਖਸ਼ ਦੀ ਇਕ ਲੱਤ ਚੰਡੀਗੜ੍ਹ ਤੇ ਦੂਸਰੀ ਨਿਹਾਲ ਸਿੰਘ ਵਾਲਾ ਹੁੰਦੀ। ਇਲਾਕੇ ਦਾ ਹਰ ਵੱਡਾ-ਛੋਟਾ ਮਸਲਾ ਵਿਧਾਨ ਸਭਾ ਵਿਚ ਉਠਾਉਂਦਾ ਰਿਹਾ ਤੇ ਹੱਲ ਵੀ ਕਰਵਾਉਂਦਾ।

1964 ਵਿਚ ਇਕ ਸੈਸ਼ਨ ਵਿਚ ਬੋਲਦਿਆਂ ਕਾ. ਗੁਰਬਖਸ਼ ਨੇ ਕਿਹਾ, ਸਰਕਾਰ ਨੂੰ ਰਾਜਿਆਂ ਦੇ ਪਰੀਵੀ ਪਰਸ ਬੰਦ ਕਰਨੇ ਚਾਹੀਦੇ ਹਨ। ਬੈਂਕਾਂ ਨੂੰ ਨੈਸ਼ਨਲਾਈਜ਼ ਕਰਨਾ ਚਾਹੀਦਾ ਹੈ। ਪੰਚਾਇਤਾਂ ਨੂੰ ਵੱਧ ਅਧਿਕਾਰ ਮਿਲਣੇ ਚਾਹੀਦੇ ਹਨ। ਅਸੈਂਬਲੀ ਅੰਦਰ ਕੋਈ ਵੀ ਲੋਕ ਹਿੱਤ ਵਾਲਾ ਮਸਲਾ ਹੁੰਦਾ ਕਾਮਰੇਡ ਉਸ ਦੀ ਪ੍ਰੋੜ੍ਹਤਾ ਹੀ ਨਾ ਕਰਦਾ ਸਗੋਂ ਉਸ ਦੇ ਹੱਕ ਵਿਚ ਖੁੱਲ੍ਹ ਕੇ ਬੋਲਦਾ ਵੀ।

1962 ਤੋਂ ਪਹਿਲਾਂ ਪੰਚਾਇਤ ਦਾ ਚੋਣ ਸਮਾਂ ਤਿੰਨ ਸਾਲ ਬਾਅਦ ਹੁੰਦਾ ਸੀ। ਕਾਮਰੇਡ ਨੇ ਇਸ ਦਾ ਵਿਰੋਧ ਕਰਕੇ ਤਿੰਨ ਸਾਲ ਤੋਂ 5 ਸਾਲ ਬਾਅਦ ਚੋਣ ਕਰਾਉਣ ’ਤੇ ਜ਼ੋਰ ਦਿੱਤਾ। ਇਸ ਦੇ ਹੱਕ ਵਿਚ ਬੜੀਆਂ ਦਲੀਲਾਂ ਦਿੱਤੀਆਂ ਜੋ ਸਰਕਾਰ ਨੇ ਮੰਨ ਕੇ ਪੰਚਾਇਤ ਦੀ ਚੋਣ 5 ਸਾਲ ਬਾਅਦ ਕਰਾਉਣ ਲਈ ਸਹਿਮਤ ਹੋ ਗਈ।

ਕਾਮਰੇਡ ਮੁਸ਼ਕਲਾਂ ਵਿਚ ਲੋਕਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਦਾ। ਇਕ ਦਿਨ ਇਕ ਦੁਖੀ ਬਾਪ ਆਇਆ, ਜਿਸ ਦੀ ਵੱਡੀ ਕੁੜੀ ਕਿਸੇ ਮੁੰਡੇ ਨਾਲ ਨਿਕਲ ਗਈ ਤੇ ਛੋਟੀ ਕੁੜੀ ਨੂੰ ਪੁਲਿਸ ਵਾਲੇ ਥਾਣੇ ਲੈ ਗਏ। ਕਹਿਣ ਲੱਗੇ, ਅਸੀਂ ਇਸ ਵਿਚੋਂ ਵੱਡੀ ਕੁੜੀ ਬਾਰੇ ਤਬਤੀਸ਼ ਕਰਨੀ ਹੈ। ਉਹ ਦੁਖੀ ਹੋਇਆ ਐਮ. ਐਲ. ਏ. ਗੁਰਬਖਸ਼ ਸਿੰਘ ਕੋਲ ਪਹੁੰਚ ਗਿਆ। ਸੁਣ ਕੇ ਗੁਰਬਖਸ਼ ਸਿੰਘ ਦੇ ਮੱਥੇ ਤਿਊੜੀਆਂ ਪੈ ਗਈਆਂ। ਨਹਾਉਣ ਲਈ ਪਾਇਆ ਪਾਣੀ ਛੱਡ ਕੇ ਉਸ ਨਾਲ ਥਾਣੇ ਨੂੰ ਹੋ ਤੁਰਿਆ।

ਅੱਗੇ ਥਾਣੇਦਾਰ ਦਫ਼ਤਰ ਵਿਚ ਹੀ ਬੈਠਾ ਸੀ। ਉਹ ਗੁਰਬਖਸ਼ ਸਿੰਘ ਨੂੰ ਕਹਿਣ ਲੱਗਾ, ਸਾਨੂੰ ਸ਼ੱਕ ਹੈ, ਕੁੜੀ ਭਜਾਉਣ ਵਿਚ ਘਰਦਿਆਂ ਦਾ ਹੱਥ ਨਾ ਹੋਵੇ। ਇਹ ਸੁਣ ਕੇ ਕਾ. ਗੁਰਬਖਸ਼ ਸਿੰਘ ਨੂੰ ਗੁੱਸਾ ਆ ਗਿਆ।

ਬੋਲਿਆ, “ਥਾਣੇਦਾਰਾ, ਤੂੰ ਬੋਲਦਾ ਕਿਵੇਂ ਆਂ! ਤੇਰੀ ਕੁੜੀ ਜਾਵੇ ਨਿਕਲ ਤੇ ਦੂਸਰੀ ਲੈ ਜਾਣ ਪੁਲਿਸ ਵਾਲੇ ਫੜਕੇ! ਫੇਰ ਤੈਨੂੰ ਪਤਾ ਲੱਗੇ....”

ਥਾਣੇਦਾਰ ਨੇ ਅੱਗੋਂ ਅਜੇ ਇਕ ਦੋ ਗੱਲਾਂ ਹੀ ਕਹੀਆਂ ਸਨ, ਕਿ ਕਾ. ਗੁਰਬਖਸ਼ ਦਾ ਠਾਹ ਕਰਦਾ ਥੱਪੜ ਉਸ ਦੇ ਮੂੰਹ ’ਤੇ ਲੱਗਾ। ਇਸ ਘਟਨਾ ਤੋਂ ਕਾ. ਗੁਰਬਖਸ਼ ਸਿੰਘ ਦੇ ਸੁਭਾਅ ’ਤੇ ਲੋਕਾਂ ਦੇ ਹੱਕ ਵਿਚ ਖੜ੍ਹਨ ਵਾਲੇ ਕਿਰਦਾਰ ਪਤਾ ਲੱਗਦਾ ਹੈ।

16 ਮਾਰਚ 1965 ਨੂੰ ਕਿਸਾਨੀ ਮਸਲੇ ’ਤੇ ਬੋਲਦਿਆਂ ਕਿਹਾ, “ਸਰਾਏਨਾਗਾ ਦਾ ਜਾਗੀਰਦਾਰ ਜੋ ਪ੍ਰਤਾਪ ਸਿੰਘ ਕੈਰੋਂ ਦਾ ਜਵਾਈ ਹੈ ਤੇ ਇਸ ਵਿਧਾਨ ਸਭਾ ਦਾ ਮੈਂਬਰ ਹੈ, ਉਸ ਕੋਲ 1400 ਏਕੜ ਜ਼ਮੀਨ ਹੈ। 30 ਏਕੜ ਸਟੈਂਡਰਡ ਕਾਨੂੰਨ ਅਧੀਨ ਉਸ ਨੇ ਆਪਣਾ ਇਕ ਏਕੜ ਜ਼ਮੀਨ ਦਾ ਟੁਕੜਾ ਵੀ ਬਾਹਰ ਨਹੀਂ ਜਾਣ ਦਿੱਤਾ। ਇਸੇ ਤਰ੍ਹਾਂ ਦੂਸਰੇ ਜਾਗੀਰਦਾਰਾਂ ਦਾ ਕੰਮ ਹੈ। ਇਹ ਰੱਖੀਆਂ ਚੋਰ ਮੋਰੀਆਂ ਬੰਦ ਹੋਣੀਆਂ ਚਾਹੀਦੀਆਂ ਹਨ।

1965 ਵਿਚ ਪ੍ਰਤਾਪ ਸਿੰਘ ਕੈਰੋਂ ਦਿੱਲੀਓਂ ਆਉਂਦਾ ਰਸਤੇ ਵਿਚ ਕਤਲ ਕਰ ਦਿੱਤਾ ਗਿਆ। ਇਸ ਕਤਲ ਦਾ ਨਿੱਜੀ ਕਾਰਨ ਸੀ ਜੋ ਹੈਂਕੜਬਾਜ ਸੁਭਾਅ ਕਾਰਨ ਮਾਰਿਆ ਸੀ। ਜੁਲਾਈ 1966 ਵਿਚ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ। ਉਸ ਸਮੇਂ ਕਾ. ਰਾਮ ਕਿਸ਼ਨ ਮੁੱਖ ਮੰਤਰੀ ਸੀ ਜੋ ਪ੍ਰਤਾਪ ਸਿੰਘ ਕੈਰੋਂ ਦੀ ਥਾਂ ਬਣਿਆ ਸੀ। ਇਸ ਸਮੇਂ ਕਾ. ਗੁਰਬਖਸ਼ ਸਿੰਘ ਆਪਣੀ ਬਿਮਾਰੀ ਮਿਰਗੀ ਦੇ ਦੌਰਿਆਂ ਦਾ ਇਲਾਜ ਕਰਵਾਉਣ ਲਈ ਰੂਸ ਚਲਿਆ ਗਿਆ। ਇਥੇ ਜਾ ਕੇ ਕਾਮਰੇਡ ਦੀ ਮਾਰਕਸ ਬਾਰੇ ਸਮਝ ਹੋਰ ਪਕੇਰੀ ਹੋ ਗਈ। ਰੂਸ ਵਿਚ ਜਾ ਕੇ ਉਸ ਨੇ ਆਪਣਾ ਹੁਲੀਆ ਵੀ ਬਦਲ ਲਿਆ। ਕੇਸ ਕਟਵਾ ਕੇ ਪਟੇ ਕਰ ਲਏ। ਦਾੜ੍ਹੀ ਵੀ ਚਟਮ ਕਰ ਦਿੱਤੀ। ਸਿਰ ’ਤੇ ਦਸਤਾਰ ਸਜਾਉਣੀ ਬੰਦ ਕਰ ਦਿੱਤੀ। ਪਿੰਡ ਮੁੜਿਆ ਤਾਂ ਲੋਕਾਂ ਨੇ ਬਾਬੂ ਜੀ ਬਣੇ ਨੂੰ ਸਿਆਣਿਆਂ ਤੱਕ ਨਾ, ਲੋਕਾਂ ਨੇ ਸਤਿਕਾਰ ਵਿਚ ਉਸ ਨੂੰ ਮੰਡੀ ਨਿਹਾਲ ਸਿੰਘ ਵਾਲਾ ਵਾਪਸ ਆਉਣ ’ਤੇ ਪਾਰਟੀ ਦਿੱਤੀ।

ਉਸ ਸਮੇਂ ਪ੍ਰਮੋਦ ਚੰਦਰ ਵਿਦਿਆ ਮੰਤਰੀ ਸੀ। ਉਸ ਨੇ ਕਾਮਰੇਡ ਗੁਰਬਖਸ਼ ਸਿੰਘ ਦੇ ਹਲਕੇ ਦੇ ਸਕੂਲ ਬਲਾਸਪੁਰ ਨੂੰ ਪਹਿਲਾਂ ਹੀ ਅਪਗਰੇਡ ਕਰਕੇ ਹਾਈ ਸਕੂਲ ਬਣਾਉਣ ਦਾ ਮਨ ਬਣਾ ਲਿਆ ਸੀ। ਚਰਚਾ ਇਸ ਗੱਲ ਦੀ ਵੀ ਸੀ ਕਿ ਨਿਹਾਲ ਸਿੰਘ ਵਾਲੇ ਵਿਚ ਕੇਵਲ ਇਕ ਸਕੂਲ ਹੀ ਅਪਗਰੇਡ ਕੀਤਾ ਜਾਵੇਗਾ। ਕਾਮਰੇਡ ਦੀ ਰੁਚੀ ਆਪਣੇ ਪਿੰਡ ਦੇ ਧੂਰਕੋਟ ਵਿਚ ਹਾਈ ਸਕੂਲ ਬਣਾਉਣ ਦੀ ਸੀ ਜਿਥੇ ਪਹਿਲਾਂ ਮੁੰਡੇ ਤੇ ਕੁੜੀਆਂ ਦੋ ਦੋ ਮਿਡਲ ਸਕੂਲ ਸਨ। ਕਾਮਰੇਡ ਦੀਆਂ ਦਲੀਲਾਂ ਅੱਗੇ ਝੁਕਦਿਆਂ ਵਿਦਿਆ ਮੰਤਰੀ ਨੇ ਇਸ ਪਿੰਡ ਦੀ ਹਾਈ ਸਕੂਲ ਬਣਾਉਣ ਦੀ ਮਨਜ਼ੂਰੀ ਦੇ ਦਿੱਤੀ। ਫੇਰ ਕੀ ਸੀ ? ਕਾਮਰੇਡ ਦੀ ਹਲਕੇ ਵਿਚ ਧੰਨ ਧੰਨ ਹੋ ਗਈ।

1967 ਦੀਆਂ ਚੋਣਾਂ ਸਮੇਂ ਨਿਹਾਲ ਸਿੰਘ ਵਾਲਾ ਹਲਕੇ ਨੂੰ ਜਨਰਲ ਤੋਂ ਰਿਜ਼ਰਵ ਕਰ ਦਿੱਤਾ। ਪਾਰਟੀ ਨੇ ਫੈਸਲਾ ਕਰਕੇ ਕਾ. ਮੁਨਸ਼ਾ ਸਿੰਘ ਤਖਤੂਪੁਰਾ ਨੂੰ ਆਪਣਾ ਉਮੀਦਵਾਰ ਐਲਾਨ ਦਿੱਤਾ। ਇਹ ਚੋਣਾ ਗੁਰਬਖਸ਼ ਸਿੰਘ ਦੀ ਇੱਜ਼ਤ ਦਾ ਸਵਾਲ ਬਣ ਗਈਆਂ। ਇਸ ਸਮੇਂ ਕਾ. ਪਾਰਟੀ ਦਾ ਜ਼ਿਲ੍ਹਾ ਸੈਕਟਰੀ ਸੀ। ਚੋਣਾਂ ਪੂਰੇ ਜ਼ੋਰ ਸ਼ੋਰ ਨਾਲ ਲੜੀਆਂ ਗਈਆਂ ਤੇ ਕਾਮਰੇਡ ਮੁਨਸ਼ਾ ਸਿੰਘ ਜਿੱਤ ਗਿਆ। ਕਾਮਰੇਡ ਗੁਰਬਖਸ਼ ਦੀ ਹੋਰ ਬੱਲੇ-ਬੱਲੇ ਹੋ ਗਈ। ਇਸ ਸਮੇਂ ਅਕਾਲੀ ਦਲ ਨੇ ਸਾਂਝਾ ਮੋਰਚਾ ਬਣਾ ਕੇ ਸਰਕਾਰ ਬਣਾ ਲਈ ਜਿਸ ਦਾ ਮੁੱਖ ਮੰਤਰੀ ਜਸਟਿਸ ਗੁਰਨਾਮ ਸਿੰਘ ਨੂੰ ਬਣਾਇਆ ਗਿਆ। ਇਸ ਸਮੇਂ ਹੀ ਕਣਕ ਦਾ ਸਮਰਥਨ ਮੁੱਲ 67 ਰੁਪਏ ਬੰਨ੍ਹ ਕੇ ਸਰਕਾਰੀ ਖਰੀਦ ਸ਼ੁਰੂ ਕੀਤੀ ਗਈ।

5 ਅਕਤੂਬਰ 1972 ਨੂੰ ਵਿਦਿਆਰਥੀ ਅੰਦੋਲਨ ਦੌਰਾਨ ਮੋਗਾ ਗੋਲ਼ੀ ਕਾਂਡ ਵਾਪਰ ਗਿਆ। ਵਿਦਿਆਰਥੀ ਹਰਜੀਤ ਸਿੰਘ ਤੇ ਸਵਰਨ ਸਿੰਘ ਥਾਂ ’ਤੇ ਮਾਰੇ ਗਏ। ਕਈ ਵਿਦਿਆਰਥੀ ਜ਼ਖ਼ਮੀ ਹੋ ਗਏ। ਰੋਹ ਵਿਚ ਆਏ ਵਿਦਿਆਰਥੀਆਂ ਰੀਗਲ ਸਿਨੇਮੇ ਨੂੰ ਅੱਗ ਲਾਉਣ ਲੱਗੇ ਤਾਂ ਪੁਲਿਸ ਨੇ ਫੇਰ ਗੋਲ਼ੀ ਚਲਾ ਦਿੱਤੀ ਜਿਸ ਨਲ ਤਿੰਨ ਮੁਜ਼ਾਹਰਾਕਾਰੀ ਮਾਰੇ ਗਏ।

ਪੰਜਾਬ ਦੇ ਹਾਲਾਤ ਬੜੇ ਗੰਭੀਰ ਹੋ ਗਏ। ਉਸ ਸਮੇਂ ਸਟੂਡੈਂਟ ਫੈਡਰੇਸ਼ਨ ਦਾ ਆਗੂ ਕਾ. ਜਗਰੂਪ ਸਿੰਘ ਸੀ। ਕਾ. ਗੁਰਬਖਸ਼ ਸਿੰਘ, ਵਿਦਿਆਰਥੀ ਆਗੂ ਜਗਰੂਪ ਸਿੰਘ ਤੇ ਹੋਰ ਐਕਸ਼ਨ ਕਮੇਟੀ ਦੇ ਮੈਂਬਰਾਂ ਨੂੰ ਨਾਲ ਲੈ ਕੇ ਸਥਾਨਕ ਪ੍ਰਸ਼ਾਸਨ ਨਾਲ ਮੁਲਾਕਾਤਾਂ ਕਰਦਾ ਰਿਹਾ। ਅੰਦੋਲਨ ਚਲਾ ਰਹੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਅਗਾਂਹਵਧੂ ਵਿਦਿਆਰਥੀਆਂ ਵਲੋਂ ਇਨ੍ਹਾਂ ਦਾ ਵਿਰੋਧ ਵੀ ਹੁੰਦਾ ਰਿਹਾ। ਆਖਰ ਨੂੰ ਪੰਜਾਬ ਸਟੂਡੈਂਟਸ ਯੂਨੀਅਨ ਦੇ ਅੰਦੋਲਨ ਕਾਰਨ ਰੀਗਲ ਸਿਨੇਮੇ ਨੂੰ ਵਿਦਿਆਰਥੀਆਂ ਦੀ ਯਾਦਗਾਰ ਬਣਾਉਣ ਦੀ ਮੰਗ ਮੰਨ ਲਈ ਗਈ।

26 ਜੂਨ 1975 ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਆਪਣੀਆਂ ਕਮਜ਼ੋਰੀਆਂ ਨੂੰ ਢੱਕਣ ਲਈ ਦੇਸ਼ ਭਰ ਵਿਚ ਐਮਰਜੈਂਸੀ ਲਾਗੂ ਕਰ ਦਿੱਤੀ। ਪ੍ਰੈਸ ਤੇ ਖ਼ਬਰਾਂ ਉਪਰ ਪਾਬੰਦੀ ਲਾ ਦਿੱਤੀ ਗਈ। ਸੰਵਿਧਾਨ ਦੀ ਆੜ ਹੇਠ ਲੋਕਾਂ ਤੋਂ ਜਮਹੂਰੀ ਅਧਿਕਾਰ ਖੋਹ ਲਏ। ਪੰਜਾਬ ਵਿਚ ਅਕਾਲੀ, ਜਨਸੰਘ, ਗਰਮਖ਼ਿਆਲੀ, ਕਮਿਊਨਿਸਟਾਂ ਦੇ ਸਭ ਲੀਡਰ ਜੇਲ੍ਹਾਂ ਵਿਚ ਬੰਦ ਕਰ ਦਿੱਤਾ। ਇਹੀ ਹਾਲ ਦੂਸਰੇ ਸੂਬਿਆਂ ਦਾ ਸੀ। ਪਰ ਕਾ. ਗੁਰਬਖਸ਼ ਸਿੰਘ ਦੀ ਪਾਰਟੀ ਸੀ. ਪੀ. ਆਈ. ਅਤੇ ਉਸ ਨਾਲ ਸਬੰਧਤ ਟਰੇਡ ਯੂਨੀਅਨਾਂ ਨੇ ਐਮਰਜੈਂਸੀ ਦੀ ਹਮਾਇਤ ਕੀਤੀ। ਇਸ ਕਰਕੇ ਇਹ ਸਰਕਾਰ ਦੀ ਮਾਰ ਤੋਂ ਬਚੇ ਰਹੇ।

ਕਾਂਗਰਸ ਪਾਰਟੀ 1980 ਵਿਚ ਸੰਸਦੀ ਚੋਣਾਂ ਸਾਰੇ ਭਾਰਤ ਵਿਚੋਂ ਬਹੁਮਤ ਲੈ ਕੇ ਜਿੱਤ ਗਈ। ਇੰਦਰਾ ਗਾਂਧੀ ਦੁਬਾਰਾ ਪ੍ਰਧਾਨ ਮੰਤਰੀ ਬਣ ਗਈ। ਉਸ ਨੇ ਬਣਨ ਸਾਰ 20 ਫਰਵਰੀ 1980 ਨੂੰ ਪੰਜਾਬ ਦੀ ਬਾਦਲ ਸਰਕਾਰ ਭੰਗ ਕਰ ਦਿੱਤੀ। ਜੂਨ ਮਹੀਨੇ ਪੰਜਾਬ ਵਿਚ ਵਿਧਾਨ ਸਭਾ ਦੀਆਂ ਚੋਣਾਂ ਕਰਵਾ ਕੇ ਕਾਂਗਰਸ ਪਾਰਟੀ ਜਿੱਤ ਗਈ। ਅਕਾਲੀਆਂ ਨੂੰ ਸਿਰਫ਼ 37 ਸੀਟਾਂ ਮਿਲੀਆਂ। ਹਲਕਾ ਨਿਹਾਲ ਸਿੰਘ ਵਾਲਾ ਸੀਟ ਗੁਰਬਖਸ਼ ਸਿੰਘ ਦੀ ਅਗਵਾਈ ਵਿਚ ਸੀ. ਪੀ. ਆਈ. ਵਲੋਂ ਸੱਘੜ ਸਿੰਘ ਰੌਂਤਾ ਨੇ ਲੜੀ ਤੇ ਜਿੱਤ ਪ੍ਰਾਪਤ ਕੀਤੀ।

ਪੰਜਾਬ ਵਿਚ ਅੱਤਵਾਦ ਦਾ ਮੁੱਢ 1978 ਵਿਚ ਹੀ ਬੱਝ ਗਿਆ ਸੀ। ਜੂਨ 1984 ਨੂੰ ਫੌਜ ਨੇ ਅਕਾਲ ਤਖ਼ਤ ’ਤੇ ਹਮਲਾ ਕਰ ਦਿੱਤਾ। ਇਸ ਹਮਲੇ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਵੀ ਮਾਰਿਆ ਗਿਆ। ਪੰਜਾਬ ਵਿਚ ਹਰ ਕਿਸਮ ਦੀ ਅੰਧੇਰਗਰਦੀ ਦਾ ਯੁੱਗ ਸ਼ੁਰੂ ਹੋ ਗਿਆ। ਸੂਬੇ ਅੰਦਰ ਦਫ਼ਾ 144 ਲਾਗੂ ਕਰ ਦਿੱਤੀ। ਪੰਜਾਬ ਦੇ ਲੋਕ ਤਰਾਹ ਤਰਾਹ ਕਰਕੇ ਜੀਣ ਲੱਗੇ। ਰਹਿੰਦੀ ਕਸਰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਹੋਏ ਕਤਲ ਨੇ ਕੱਢ ਦਿੱਤੀ। 31 ਅਕਤੂਬਰ 1984 ਵਿਚ ਹੋਏ ਕਤਲ ਤੋਂ ਬਾਅਦ ਸਾਰੇ ਹਿੰਦੁਸਤਾਨ ਵਿਚ ਹੀ ਅੱਗ ਦੇ ਭਾਂਬੜ ਮੱਚ ਉਠੇ। ਵੱਡੇ ਸ਼ਹਿਰਾਂ ਵਿਚ ਸਿੱਖਾਂ ਨੂੰ ਚੁਣ ਚੁਣ ਕੇ ਮਾਰਿਆ ਗਿਆ। ਇਨ੍ਹਾਂ ਦਿਨਾਂ ਵਿਚ ਗੁਰਬਖਸ਼ ਸਿੰਘ ਬੜਾ ਉਦਾਸ ਰਹਿਣ ਲੱਗਿਆ। ਉਹ ਨਿਹਾਲ ਸਿੰਘ ਇਲਾਕੇ ਦੇ ਲੋਕਾਂ ਦਾ ਪਤਾ ਲੈਣ ਲਈ ਦਿੱਲੀ ਵੀ ਗਿਆ। ਉਨ੍ਹਾਂ ਦੇ ਟਿਕਾਣਿਆਂ ਦਾ ਇਸ ਨੂੰ ਪਹਿਲਾਂ ਪਤਾ ਸੀ।

ਪੰਜਾਬ ਦੇ ਹਰ ਆਦਮੀ ਦੇ ਦਿਮਾਗ ’ਤੇ ਮੌਤ ਦਾ ਸਹਿਮ ਰਹਿੰਦਾ। ਵੱਡੇ ਸ਼ਹਿਰਾਂ ਦੇ ਸਿੱਖ ਕਤਲੇਆਮ ਨੇ ਉਨ੍ਹਾਂ ਦਾ ਦਿਲ ਵਲੂੰਦਰ ਦਿੱਤਾ। ਜਦ ਸਿੱਖਾਂ ਦੇ ਗਲਾਂ ’ਚ ਟਾਇਰ ਪਾ ਕੇ ਅੱਗ ਵਿਚ ਸਾੜੇ ਜਾਣ ਦੀਆਂ ਖ਼ਬਰਾਂ ਸੁਣਦੇ ਤਾਂ ਉਨ੍ਹਾਂ ਨੂੰ ਆਪਣਾ ਦੇਸ਼ ਵੀ ਆਪਣਾ ਨਾ ਲੱਗਦਾ।

ਮੋਗਾ ਜ਼ਿਲ੍ਹੇ ਦੇ ਬਹੁਤ ਸਾਰੇ ਕਮਿਊਨਿਸਟ ਅੱਤਵਾਦੀਆਂ ਨੇ ਸ਼ਹੀਦ ਕਰ ਦਿੱਤੇ। ਸਭ ਗੁਰਬਖਸ਼ ਸਿੰਘ ਦੇ ਅੰਗ-ਸੰਗ ਰਹਿਣ ਵਾਲੇ ਸਨ। ਇਕ ਦਿਨ ਬੜੀ ਮਨਹੂਸ ਖ਼ਬਰ ਆਈ ਪੰਜਾਬ ਦੇ ਟ੍ਰੇਡ ਯੂਨੀਅਨ ਦਾ ਪ੍ਰਧਾਨ ਕਾ. ਨਛੱਤਰ ਸਿੰਘ ਧਾਲੀਵਾਲ ਅੱਤਵਾਦੀਆਂ ਨੇ ਮਾਰ ਦਿੱਤਾ। ਇਕੱਲੀ ਸੀ. ਪੀ. ਆਈ. ਪਾਰਟੀ ਹੀ ਨਹੀਂ, ਇਲਾਕੇ ਦਾ ਹਰ ਸਿਆਣਾ ਮਨੁੱਖ ਸੁਣ ਕੇ ਸੁੰਨ ਹੋ ਗਿਆ। ਧਾਲੀਵਾਲ ਮੁਲਾਜ਼ਮਾਂ ਦਾ ਲੀਡਰ ਸੀ, ਲੋਕਾਂ ਦਾ ਲੀਡਰ ਸੀ, ਸਭ ਵਿਚਾਰਧਾਰਾ, ਸਭ ਧਰਮਾਂ ਦੇ ਲੋਕਾਂ ਦਾ ਹਰਮਨਪਿਆਰਾ ਮਨੁੱਖ ਸੀ।

1992 ਵਿਚ ਕਾਮਰੇਡ ਗੁਰਬਖਸ਼ ਸਿੰਘ ਆਪਣੀ ਲੜਕੀ ਦੇ ਸੱਦੇ ’ਤੇ ਕੈਨੇਡਾ ਚਲਾ ਗਿਆ। ਉਸ ਸਮੇਂ ਵੀ ਪੰਜਾਬ ਅੱਤਵਾਦ ਦੀ ਅੱਗ ਵਿਚ ਜਲ ਰਿਹਾ ਸੀ। ਪੰਜਾਬ ਦੀ ਪੁਲਿਸ ਵੀ ਅੱਤਵਾਦੀਆਂ ਤੋਂ ਪਿਛੇ ਨਹੀਂ ਸੀ। ਦੋਹਾਂ ਤਰਫ਼ਾਂ ਤੋਂ ਲੋਕਾਂ ਦਾ ਘਾਣ ਹੋ ਰਿਹਾ ਸੀ। ਕੈਨੇਡਾ ਗਿਆ ਕਾ. ਗੁਰਬਖਸ਼ ਸਿੰਘ 1994 ਵਿਚ ਆਪਣੇ ਵੱਡੇ ਲੜਕੇ ਸੁਖਦੇਵ ਸਿੰਘ ਦੀ ਲੜਕੀ ਦੇ ਵਿਆਹ ਸਮੇਂ ਵਾਪਸ ਆਇਆ। ਕੈਨੇਡਾ ਰਹਿੰਦਾ ਹੀ ਉਹ ਆਪਣੇ ਦੂਸਰੇ ਲੜਕੇ ਬਲਦੇਵ ਸਿੰਘ ਤੇ ਨਵਦੀਪ ਸਿੰਘ ਪਾਸ ਅਮਰੀਕਾ ਚਲਾ ਗਿਆ। ਉਸ ਨੇ ਕੈਲੇਫੋਰਨੀਆਂ ਦੇ ਸ਼ਹਿਰ ਫਰਿਜ਼ਨੋ ਵਿਖੇ ਦੂਸਰੇ ਸਾਥੀਆਂ ਨਾਲ ਮਿਲ ਕੇ ‘ਮੇਲਾ ਗ਼ਦਰੀ ਬਾਬਿਆਂ ਦਾ’ 2001 ਤੋਂ ਚਾਲ ਕੀਤਾ ਜ ਲਗਾਤਾਰ ਹਰ ਸਾਲ ਮਨਾਇਆ ਜਾਂਦਾ ਹੈ।

ਕਾਮਰੇਡ ਗੁਰਬਖਸ਼ ਸਿੰਘ ਮਲਵਈ ਜਥ੍ਹੇ ਵਾਲਾ ਸਾਦਾ, ਫਰਾਕਦਿਲ ਤੇ ਖੁਦਦਾਰ ਮਨੁੱਖ ਸੀ। ਉਹ ਤਕੜੇ ਜੁੱਸੇ, ਲੰਮਾ ਕੱਦ, ਗੋਰਦਾ ਰੰਗ ਤੇ ਖੁੱਲ੍ਹੇ-ਡੁੱਲ੍ਹੇ ਸੁਭਾਅ ਵਾਲਾ ਸਬਰ ਸੰਤੋਖੀ ਆਗੂ ਸੀ। ਉਸ ਦਾ ਹਸਮੁੱਖ ਸੁਭਾਅ ਰੋਂਦੂ ਚਿਹਰਿਆਂ ਨੂੰ ਵੀ ਹੱਸਣ ਲਾ ਦਿੰਦਾ। ਜਦ ਮਖੌਲ ਦੀ ਵਾਛੜ ਕਰਦਾ ਤਾਂ ਅੱਗਾ-ਪਿੱਛਾ ਨਾ ਵੇਖਦਾ। ਕੀ ਚਾਚੀ, ਤਾਈ, ਭੈਣ, ਭਰਜਾਈ, ਜੋ ਵੀ ਅੱਗੇ ਆਇਆ ਸਭ ਨੂੰ ਇਕ ਰੰਗੇ ਬੰਨ੍ਹ ਦਿੰਦਾ। ਅੰਦਰੋਂ-ਅੰਦਰੋਂ ਇਕ ਹੋਇਆ ਸਭ ਨੂੰ ਇਕੋ ਜਿਹੀ ਸ਼ੱਕਰ ਵੰਡਦਾ। ਉਸ ਨੇ ਸਾਰੀ ਉਮਰ ਕਿਰਦਾਰ ਦੀ ਸੁੱਚੀ ਪੁਸ਼ਾਕ ਪਹਿਨੀ। ਲੋਕ ਉਸ ਦੀ ਕਹੀ ਗੱਲ ਨੂੰ ਆਖਰੀ ਫੈਸਲਾ ਮੰਨਦੇ ਸਨ। ਜਿਥੇ ਖੁੱਲ੍ਹਾ-ਡੁੱਲ੍ਹਾ ਸੁਭਾਅ ਸੀ ਉਥੇ ਸੁਭਾਅ ਵਿਚ ਸੰਜਮ ਤੇ ਗੰਭੀਰਤਾ ਕੁੱਟ-ਕੁੱਟ ਕੇ ਭਰੀ ਪਈ ਸੀ। ਚਿਹਰੇ ਦੀ ਚੁੱਪ ਕਿਸੇ ਸੰਕਟਮਈ ਸਮੇਂ ਆਮਦ ਨੂੰ ਜਾਹਿਰ ਕਰਦੀ । ਉਸ ਦੀ ਕੀਤੀ ਪੇਸ਼ੀਨਗੋਈ ਕਦੇ ਵੀ ਅਜ਼ਾਈਂ ਨਾ ਗਈ। ਅਜਿਹੇ ਗੌਰਵਮਈ ਕਿਰਦਾਰ ਵਾਲੇ ਮਨੁੱਖ ਨੇ ਆਪਣਾ ਆਖਰੀ ਸਾਹ ਵਤਨ ਤੋਂ ਦੂਰ 16 ਅਗਸਤ 2005 ਨੂੰ ਅਮਰੀਕਾ ਦੇ ਸੂਬੇ ਕੈਲੇਫੋਰਨੀਆਂ ਦੀ ਧਰਤੀ ਫਰਿਜ਼ਨੋ ਸ਼ਹਿਰ ਵਿਚ ਲਿਆ। ਉਸ ਦੀ ਜ਼ਿੰਦਗੀ ਵਿਚ ਕੀਤੀ ਘਾਲਣਾ ਭਵਿੱਖ ਲਈ ਰਾਹ ਦਸੇਰਾ ਬਣ ਗਈ। ਉਸ ਦੀਆਂ ਚੰਦਨ ਦੀ ਖੁਸ਼ਬੋ ਵਰਗੀਆਂ ਯਾਦਾਂ ਲੋਕਾਂ ਆਪਣੇ ਦਿਲਾਂ ਵਿਚ ਸੰਭਾਲੀ ਬੈਠੇ ਹਨ। ਉਸ ਦਾ ਘਰ ਨਿਹਾਲ ਸਿੰਘ ਵਾਲਾ ਇਲਾਕੇ ਦੇ ਕਮਿਊਨਿਸਟਾਂ ਦਾ ਕੇਂਦਰਬਿੰਦੂ ਸੀ। ਲੋਕ ਅੱਜ ਵੀ ਉਸ ਦੇ ਪਰਿਵਾਰ ਨੂੰ ਉਸੇ ਨਜ਼ਰੀਏ ਨਾਲ ਤੱਕਦੇ ਹਨ।


## Matrimonial Advertisement

- ਜੱਟ ਸਿੱਖ ਦਿਓਲ 26 ਸਾਲ , 5’-8”, ਬਰਨਾਲੇ ਤੋਂ ਵਿਨੀਪੈਗ ਵਿਚ ਰਹਿ ਰਹੀ ਲੜਕੀ ਲਈ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ ਕਰੋ +919417034180 ਜਾਂ jaspreetd96@gmail.com
- ਜੱਟ ਸਿੱਖ ਢਿੱਲੋਂ 32 ਸਾਲਾ , 5’-11” ਕੈਨੇਡੀਅਨ ਸਿਟੀਜਨ, ਵਿਨੀਪੈਗ, ਲਈ ਪੜ੍ਹੀ ਲਿਖੀ ਹੋਣਹਾਰ ਲੜਕੀ ਦੀ ਲੋੜ ਹੈ। ਸੰਪਰਕ ਕਰੋ -204-960-9055 ਜਾਂ dhillon_jasvirsingh@yahoo.com
- ਜੱਟ ਸਿੱਖ ਸਿੱਧੂ 29 ਸਾਲਾ , 5’-8” ਕੈਨੇਡੀਅਨ ਸਿਟੀਜਨ, ਵਿਨੀਪੈਗ, ਲਈ ਪੜ੍ਹੀ ਲਿਖੀ ਹੋਣਹਾਰ ਵਰ ਦੀ ਲੋੜ ਹੈ। ਸੰਪਰਕ ਕਰੋ -204-333-5094 ਜਾਂ rivereastpharmacy@hotmail.com
- ਜੱਟ ਸਿੱਖ ਗਿੱਲ ਕੈਨੇਡੀਅਨ ਪੀ.ਆਰ. 1991 ’ਚ ਜਨਮੇ ਐਮ.ਏ. 5-9” ਲੜਕੇ ਲਈ ਲੜਕੀ ਦੀ ਲੋੜ। ਸਟੂਡੈਂਟ ਵੀ ਵਿਚਾਰਨ ਯੋਗ। ਲੜਕੇ ਦਾ ਸਾਰਾ ਪਰਿਵਾਰ ਕੈਲਗਰੀ ਵਿਚ ਸੈਟਲ ਹੈ। ਲੁਧਿਆਣਾ ਜ਼ਿਲੇ ਨੂੰ ਪਹਿਲ। ਸੰਪਰਕ: 780-850-7730 ਜਾਂ 780-762-4681, navgill72@gmail.com
- A healthy fit 38 year old male looking for a life partner! For more information email lookingforlifepartner@outlook.com or phone 204-488-6960.
- ਦਹੇਜ ਅਤੇ ਹੋਰ ਰੀਤੀ ਰਿਵਾਜਾਂ ਤੋਂ ਮੁਕਤ, ਚੰਗੇ ਸਿਹਤਮੰਦ ਅਤੇ ਨਵੇਂ ਉਸਾਰੂ ਖਿਆਲਾਂ ਵਾਲੇ 39 ਸਾਲਾ ਨੌਜਵਾਨ ਵਾਸਤੇ ਜੀਵਨ ਸਾਥਣ ਦੀ ਲੋੜ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ Lookingforlifepartner@outlook.com ਜਾਂ ਫੋਨ 204 488 6960, 204488696

# ਹਿੰਦੂਤਵ ਫਾਸ਼ੀਵਾਦ ਦੀਆਂ ਜੱਗ ਜ਼ਾਹਿਰ ਹੋ ਰਹੀਆਂ ਦਹਿਸ਼ਤੀ ਸਾਜ਼ਿਸ਼ਾਂ



ਬੂਟਾ ਸਿੰਘ ਨਵਾਂਸ਼ਹਿਰ
94634-74342



10 ਅਗਸਤ ਨੂੰ ਮਹਾਂਰਾਸ਼ਟਰ ਦੇ ਏ.ਟੀ.ਐੱਸ.(ਦਹਿਸ਼ਤਵਾਦ ਵਿਰੋਧੀ ਦਸਤੇ) ਵਲੋਂ ਮੁੰਬਈ ਅਤੇ ਪੁਣੇ ਤੋਂ ਤਿੰਨ ਵਿਅਕਤੀਆਂ ਵੈਭਵ ਰਾਵਤ, ਸ਼ਰਦ ਕਲਾਸਕਰ ਅਤੇ ਸੁਧਨਵਾ ਗੌਂਡਾਲੇਕਰ ਦੀ ਗ੍ਰਿਫ਼ਤਾਰੀ ਅਤੇ ਉਹਨਾਂ ਕੋਲੋਂ 8 ਤਿਆਰਸ਼ੁਦਾ ਬੰਬ ਅਤੇ ਬੰਬ ਬਣਾਉਣ ਵਿਚ ਵਰਤੀ ਜਾਣ ਵਾਲੀ ਸਮੱਗਰੀ ਦੀ ਥੋਕ ਵਿਚ ਬਰਾਮਦਗੀ ਨੇ ਸੰਘ ਬਰਗੇਡ ਦਾ ਦਹਿਸ਼ਤਗਰਦ ਚਿਹਰਾ ਇਕ ਵਾਰ ਫਿਰ ਬੇਨਕਾਬ ਕਰ ਦਿੱਤਾ ਹੈ। ਗ੍ਰਿਫ਼ਤਾਰ ਕੀਤੇ ਵਿਅਕਤੀ ਹਿੰਦੂ ਜਨਜਾਗਰਣ ਸੰਮਤੀ ਨਾਲ ਸਬੰਧਤ 'ਹਿੰਦੂ ਗੌਵੰਸ਼ ਰਕਸ਼ਾ ਸੰਮਤੀ' ਅਤੇ 'ਸ਼੍ਰੀਸ਼ਿਵ ਪਰਿਸਠਾਨ ਹਿੰਦੂਸਤਾਨ' ਦੇ ਕਾਰਕੁੰਨ ਹਨ ਅਤੇ ਉਹਨਾਂ ਦੀ ਯੋਜਨਾ ਗਣਪਤੀ ਮੰਡਪਾਂ (ਹਿੰਦੂ ਧਾਰਮਿਕ ਸਮਾਗਮ ਦੇ ਪੰਡਾਲ) ਅਤੇ ਈਦ ਦੇ ਇਕੱਠਾਂ ਨੂੰ ਬੰਬਾਂ ਨਾਲ ਉਡਾਉਣ ਦੀ ਸੀ। ਉਹਨਾਂ ਕੋਲੋਂ ਬੰਬ ਅਤੇ ਬੰਬ ਬਣਾਉਣ ਲਈ ਜੋ ਵਿਸਫੋਟਕ ਸਮਾਨ, ਡਾਇਆਗ੍ਰਾਮ ਅਤੇ ਲਿਟਰੇਚਰ ਵਗੈਰਾ ਬਰਾਮਦ ਹੋਇਆ ਹੈ ਉਹ ਵਿਆਪਕ ਹਿੰਦੂਤਵੀ ਦਹਿਸ਼ਤਗਰਦ ਤਾਣੇਬਾਣੇ ਦੀ ਮਹਿਜ਼ ਝਲਕ ਮਾਤਰ ਹੈ। ਇਸ ਤੋਂ ਪਹਿਲਾਂ ਮੱਧ ਪ੍ਰਦੇਸ ਵਿਚ ਸੰਘ ਪਰਿਵਾਰ ਦੇ ਕਾਰਕੁੰਨਾਂ ਦੇ ਘਰਾਂ ਵਿਚ ਬੰਬ ਫਟਣ ਅਤੇ ਹੋਰ ਥਾਵਾਂ ਉੱਪਰ ਹਿੰਦੂਤਵੀ ਲਸ਼ਕਰਾਂ ਨੂੰ ਹਥਿਆਰਾਂ ਦੀ ਸਿਖਲਾਈ ਦੇਣ ਦੀਆਂ ਖ਼ਬਰਾਂ ਕਈ ਵਾਰ ਚਰਚਾ ਦਾ ਵਿਸ਼ਾ ਬਣ ਚੁੱਕੀਆਂ ਹਨ। ਜੇ ਸਹੀ ਤਰੀਕੇ ਨਾਲ ਜਾਂਚ ਹੋਵੇ ਤਾਂ ਪੂਰੇ ਮੁਲਕ ਦੇ ਅੰਦਰ ਇਸ ਦਹਿਸ਼ਤੀ ਤਾਣੇਬਾਣੇ ਵੱਲੋਂ ਜਮਾਂ ਕੀਤੇ ਘਾਤਕ ਹਥਿਆਰਾਂ ਦੇ ਜ਼ਖੀਰਿਆਂ ਅਤੇ ਸਿਖਲਾਈਯਾਫ਼ਤਾ ਦਹਿਸ਼ਤੀ ਦਸਤਿਆਂ ਦੀਆਂ ਪਰਤਾਂ ਸਾਹਮਣੇ ਆ ਸਕਦੀਆਂ ਹਨ ਜੋ ਜੰਗੀ ਪੈਮਾਨੇ 'ਤੇ ਤਿਆਰੀਆਂ ਦਾ ਹਿੱਸਾ ਹਨ। ਸੱਚ ਇਹ ਹੈ ਕਿ ਇਸ ਰਾਜ ਪ੍ਰਬੰਧ ਵਿਚ ਇਹ ਸੰਭਵ ਨਹੀਂ। ਕੋਈ ਵੀ ਹਾਕਮ ਜਮਾਤੀ ਪਾਰਟੀ ਆਰ.ਐੱਸ.ਐੱਸ. ਅਤੇ ਇਸ ਦੀਆਂ ਫਰੰਟ ਜਥੇਬੰਦੀਆਂ ਦਾ ਖ਼ੂਨੀ ਚਿਹਰਾ ਬੇਨਕਾਬ ਕਰਕੇ ਇਹਨਾਂ ਨੂੰ ਕਟਹਿਰੇ ਵਿਚ ਖੜਾ ਕਰਨ ਲਈ ਤਿਆਰ ਨਹੀਂ ਕਿਉਂਕਿ ਆਰ.ਐੱਸ.ਐੱਸ. ਨੇ ਦਹਾਕਿਆਂ ਦੌਰਾਨ ਫਿਰਕੂ ਉੱਚਜਾਤੀ ਪਾਲਾਬੰਦੀ ਰਾਹੀਂ ਉੱਚਜਾਤੀ ਹਿੰਦੂ ਅਵਾਮ ਨੂੰ ਬਹੁਤ ਹੀ ਸਿਲਸਿਲੇਵਾਰ ਤਰੀਕੇ ਨਾਲ ਹਿੰਦੂਤਵ ਦੇ ਏਜੰਡੇ ਉੱਪਰ ਲਾਮਬੰਦ ਕਰ ਲਿਆ ਹੈ ਅਤੇ ਕੋਈ ਵੀ ਪਾਰਟੀ ਕਾਰਵਾਈ ਕਰਕੇ ਸੰਘ ਨੂੰ ਨਾਰਾਜ਼ ਨਹੀਂ ਕਰਨਾ ਚਾਹੁੰਦੀ।

ਹਿੰਦੂ ਜਨਜਾਗਰਣ ਸੰਮਤੀ ਗੋਆ ਅਧਾਰਤ ਸਨਾਤਨ ਸੰਸਥਾ ਦੀ ਫਰੰਟ ਜਥੇਬੰਦੀ ਹੈ। ਰਾਜਕੀ ਸਰਪ੍ਰਸਤੀ ਹਾਸਲ ਇਸੇ ਸਨਾਤਨ ਸੰਸਥਾ ਵੱਲੋਂ ਨਰਿੰਦਰ ਡਭੋਲਕਰ, ਡਾ. ਕਲਬੁਰਗੀ, ਗੋਬਿੰਦ ਪਾਨਸਰੇ ਅਤੇ ਗੌਰੀ ਲੰਕੇਸ਼ ਦੇ ਕਤਲ ਕਰਵਾਏ ਗਏ। ਵਿਸ਼ੇਸ਼ ਜਾਂਚ ਟੀਮ ਅਤੇ ਸੀ.ਬੀ.ਆਈ. ਨੂੰ ਹਾਈਕੋਰਟ ਦੀਆਂ ਹਦਾਇਤਾਂ ਦੇ ਦਬਾਓ ਹੇਠ ਕੁਛ ਦਹਿਸ਼ਤੀ ਕਾਤਲ ਗ੍ਰਿਫ਼ਤਾਰ ਕਰਨੇ ਪਏ ਹਨ। ਗੌਰੀ ਲੰਕੇਸ਼ ਕਤਲ ਦੀ ਜਾਂਚ ਦੌਰਾਨ ਖ਼ੁਲਾਸਾ ਹੋ ਚੁੱਕਾ ਹੈ ਕਿ ਇਕੱਲੇ ਕਰਨਾਟਕਾ ਵਿਚ ਇਸੇ ਗਰੁੱਪ ਵਲੋਂ 60 ਵਿਅਕਤੀ ਭਰਤੀ ਕੀਤੇ ਗਏ ਜਿਹਨਾਂ ਵਿੱਚੋਂ 22 ਨੂੰ ਹਥਿਆਰਾਂ ਦੀ ਬਾਕਾਇਦਾ ਸਿਖਲਾਈ ਦਿੱਤੀ ਗਈ ਜਿਹਨਾਂ ਦੀ ਬਾਕਾਇਦਾ ਸ਼ਨਾਖ਼ਤ ਹੋ ਚੁੱਕੀ ਹੈ ਅਤੇ 12 ਜਣੇ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਹਨ। ਇਹਨਾਂ ਕੋਲੋਂ 34 ਹੋਰ ਅਗਾਂਹਵਧੂ ਸ਼ਖਸੀਅਤਾਂ ਦੇ ਨਾਵਾਂ ਦੀ ਹਿੱਟ ਲਿਸਟ ਮਿਲੀ ਹੈ ਜਿਹਨਾਂ ਨੂੰ ਕਤਲ ਕੀਤਾ ਜਾਣਾ ਸੀ। ਹਾਲ ਹੀ ਵਿਚ ਉਮਰ ਖ਼ਾਲਿਦ (ਜੇ.ਐੱਨ.ਯੂ.) ਉੱਪਰ ਸੰਸਦ ਦੇ ਐਨ ਨੱਕ ਹੇਠ ਉੱਚ ਸੁਰੱਖਿਆ ਵਾਲੇ ਖੇਤਰ ਸੰਵਿਧਾਨ ਕਲੱਬ ਵਿਖੇ ਕਾਤਲਾਨਾ ਹਮਲਾ ਸਾਬਤ ਕਰਦਾ ਹੈ ਕਿ ਇਹ ਦਹਿਸ਼ਤੀ ਦਸਤੇ ਕਿੰਨੀ ਆਸਾਨੀ ਨਾਲ ਕਿਤੇ ਵੀ ਆਪਣੇ ਮਨਸੂਬਿਆਂ ਨੂੰ ਅੰਜਾਮ ਦੇ ਸਕਦੇ ਹਨ। ਸ਼੍ਰੀਸ਼ਿਵ ਪਰਿਸਥਾਨ ਆਰ.ਐੱਸ.ਐੱਸ. ਦੇ ਕੱਟੜ ਕਾਰਕੁੰਨ ਅਤੇ ਮੋਦੀ ਦੇ "ਗੁਰੂ" ਸੰਭਾਜੀ ਭੀੜੇ ਵਲੋਂ ਖੜਾ ਕੀਤਾ ਉੱਚ ਜਾਤੀ ਹਿੰਦੂਤਵੀ ਮੁਹਾਜ ਹੈ ਜਿਸ ਵਲੋਂ ਇਕ ਹੋਰ ਕੱਟੜ ਹਿੰਦੂਤਵੀ ਆਗੂ ਮਿਲਿੰਦ ਏਕਬੋਟੇ ਨਾਲ ਮਿਲਕੇ ਭੀਮਾ-ਕੋਰੇਗਾਓਂ ਵਿਖੇ ਦਲਿਤਾਂ ਉੱਪਰ ਯੋਜਨਾਬੱਧ ਹਿੰਸਕ ਹਮਲੇ ਕੀਤੇ ਗਏ ਸਨ। ਇਹਨਾਂ ਦੋਨਾਂ ਨੂੰ ਅੱਜ ਤਕ ਗ੍ਰਿਫ਼ਤਾਰ ਨਹੀਂ ਕੀਤਾ ਗਿਆ। ਆਰ.ਐੱਸ.ਐੱਸ. ਆਗੂ ਹਮੇਸ਼ਾ ਇਹੀ ਦਾਅਵਾ ਕਰਦੇ ਹਨ ਕਿ ਸੰਘ ਦਾ ਇਹਨਾਂ ਜਥੇਬੰਦੀਆਂ ਨਾਲ ਕੋਈ ਸਬੰਧ ਨਹੀਂ ਅਤੇ ਇਹ ਬਾਹਰੋਂ ਹਿੰਦੂਤਵ ਦੀ ਹਮਾਇਤ ਕਰਦੀਆਂ ਹਨ। ਜਦਕਿ ਤੱਥ ਜੱਗ ਜ਼ਾਹਰ ਹਨ ਕਿ ਐਸਾ ਵੰਨ-ਸੁਵੰਨਾ, 'ਦੂਰ ਦੇ ਰਿਸ਼ਤੇ' ਵਾਲਾ ਤਾਣਾਬਾਣਾ ਸੰਘ ਦੀ ਬਾਕਾਇਦਾ ਯੁੱਧਨੀਤੀ ਹੈ ਅਤੇ ਇਹ ਸਾਰੇ ਮੁਹਾਜ਼ ਰਲ਼-ਮਿਲਕੇ ਕੰਮ ਕਰਦੇ ਹਨ।

ਹਾਲੀਆ ਗ੍ਰਿਫ਼ਤਾਰੀਆਂ ਨੂੰ ਲੈਕੇ ਹਿੰਦੂਤਵ ਆਗੂਆਂ ਨੇ ਉਹੀ ਪੁਰਾਣਾ ਰਾਗ ਅਲਾਪਣਾ ਸ਼ੁਰੂ ਕਰ ਦਿੱਤਾ ਹੈ ਕਿ ਏ.ਟੀ.ਐੱਸ. ਦੀ ਇਹ ਕਾਰਵਾਈ ਹਿੰਦੂਤਵ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਹੈ। ਇਸ ਨੂੰ ਉਹ "ਮਾਲੇਗਾਓਂ ਭਾਗ ਦੂਜਾ" ਦਾ ਨਾਂ ਦੇ ਰਹੇ ਹਨ। "ਮਾਲੇਗਾਓਂ ਭਾਗ ਦੂਜਾ" ਤੋਂ ਉਹਨਾਂ ਦੀ ਮੁਰਾਦ ਕੀ ਹੈ? ਮਾਲੇਗਾਓਂ ਬੰਬ ਕਾਂਡ ਸਤੰਬਰ 2008 ਨੂੰ ਨਾਸਿਕ ਜ਼ਿਲੇ ਦੇ ਮਾਲੇਗਾਓਂ ਵਿਚ ਹੋਇਆ ਸੀ। ਇਹ 2007-2008 ਵਿਚ ਮੁਲਕ ਦੇ ਚੋਣਵੇਂ ਥਾਵਾਂ ਉੱਪਰ ਅੰਜਾਮ ਦਿੱਤੇ ਗਏ ਲੜੀਵਾਰ ਬੰਬ ਕਾਂਡਾਂ ਦਾ ਹਿੱਸਾ ਸੀ ਜਿਹਨਾਂ ਵਿਚ ਵੱਡੀ ਤਾਦਾਦ ਵਿਚ ਬੇਕਸੂਰ ਲੋਕ ਮਾਰੇ ਗਏ ਸਨ। (29 ਸਤੰਬਰ 2008 ਨੂੰ ਮਹਾਂਰਾਸ਼ਟਰ ਵਿਚ ਮਾਲੇਗਾਓਂ ਅਤੇ ਗੁਜਰਾਤ ਵਿਚ ਮੋਡਾਸਾ ਵਿਚ ਹੋਏ ਬੰਬ ਧਮਾਕਿਆਂ ਵਿਚ 7 ਬੰਦੇ ਮਾਰੇ ਗਏ ਸਨ ਅਤੇ 100 ਹੋਰ ਜ਼ਖ਼ਮੀ ਹੋ ਗਏ ਸਨ। 18 ਫਰਵਰੀ 2007 ਨੂੰ ਹਰਿਆਣਾ ਦੇ ਪਾਣੀਪਤ ਨੇੜੇ ਦਿਵਾਨਾ ਪਿੰਡ ਕੋਲ ਸਮਝੌਤਾ ਐਕਸਪ੍ਰੈੱਸ ਦੇ ਦੋ ਡੱਬਿਆਂ ਵਿਚ ਬੰਬ ਫਟੇ ਸਨ ਜੋ ਲਾਹੌਰ ਜਾ ਰਹੀ ਸੀ। ਸੂਟ ਕੇਸਾਂ ਵਿਚ ਲੁਕਾ ਕੇ ਰੱਖੇ ਗਏ ਬੰਬਾਂ ਦੇ ਫਟਣ ਨਾਲ ਹਿੰਦ-ਪਾਕਿ ਦੋਸਤੀ ਦੀ ਪ੍ਰਤੀਕ ਇਸ ਗੱਡੀ ਵਿਚ ਸਵਾਰ ਔਰਤਾਂ ਤੇ ਬੱਚਿਆਂ ਸਮੇਤ 68 ਮੁਸਾਫ਼ਰ ਮਾਰੇ ਗਏ ਸਨ ਅਤੇ 12 ਗੰਭੀਰ ਜ਼ਖ਼ਮੀ ਹੋਏ ਸਨ। 18 ਮਈ 2007 ਨੂੰ ਹੈਦਰਾਬਾਦ ਦੀ ਮੱਕਾ ਮਸਜਿਦ ਵਿਚ ਹੋਏ ਬੰਬ ਧਮਾਕਿਆਂ ਵਿਚ 14 ਬੰਦੇ ਮਾਰੇ ਗਏ ਸਨ। 11 ਅਕਤੂਬਰ 2007 ਨੂੰ ਅਜਮੇਰ ਦੀ ਦਰਗਾਹ ਸ਼ਰੀਫ਼ ਵਿਚ ਬੰਬ ਧਮਾਕਿਆਂ ਵਿਚ ਤਿੰਨ ਬੰਦੇ ਮਾਰੇ ਗਏ ਸਨ।) ਸ਼ੁਰੂ ਵਿਚ ਪੁਲਿਸ ਅਤੇ ਹੋਰ ਏਜੰਸੀਆਂ ਵਲੋਂ ਆਪਣੀ ਗ਼ੁਲਾਮ ਖ਼ਸਲਤ ਅਨੁਸਾਰ ਇਹਨਾਂ ਪਿੱਛੇ 'ਮੁਸਲਮਾਨ ਦਹਿਸ਼ਤਗਰਦਾਂ ਦਾ ਹੱਥ ਹੋਣ ਦਾ ਸ਼ੱਕ' ਦੇ ਬਹਾਨੇ ਮੁਸਲਿਮ ਫਿਰਕੇ ਵਿਰੁੱਧ ਹਮਲਾ ਵਿੱਢ ਦਿੱਤਾ ਗਿਆ। ਬਹੁਤ ਸਾਰੇ ਬੇਕਸੂਰ ਮੁਸਲਿਮ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰਕੇ ਅਣਮਨੁੱਖੀ ਤਸ਼ੱਦਦ ਕੀਤਾ ਗਿਆ ਅਤੇ ਉਹਨਾਂ ਨੂੰ ਕਈ ਕਈ ਸਾਲ ਜੇਲਾਂ ਵਿਚ ਸਾੜਿਆ ਗਿਆ। ਲੇਕਿਨ ਜਾਂਚ ਦੇ ਅਮਲ ਦੌਰਾਨ ਇਕ ਪੁਲਿਸ ਅਧਿਕਾਰੀ ਅਤੇ ਏ.ਟੀ.ਐੱਸ. ਦੇ ਮੁਖੀ ਹੇਮੰਤ ਕਰਕਰੇ ਵਲੋਂ, ਜਿਸ ਦੀ ਬਾਦ ਵਿਚ ਇਕ ਮੁਕਾਬਲੇ ਦੌਰਾਨ ਸ਼ੱਕੀ ਹਾਲਾਤ ਵਿਚ ਹੱਤਿਆ ਕਰਵਾ ਦਿੱਤੀ ਗਈ, ਥੋੜਾ ਡੂੰਘਾਈ ਵਿਚ ਜਾਕੇ ਕੀਤੀ ਛਾਣਬੀਣ ਨਾਲ ਇਕ ਵੱਖਰੀ ਤਰਾਂ ਦੀ ਕਹਾਣੀ ਦੇ ਨਕਸ਼ ਉੱਘੜਨੇ ਸ਼ੁਰੂ ਹੋ ਗਏ। ਠੋਸ ਸੁਰਾਗ਼ ਸਾਹਮਣੇ ਆਏ ਕਿ ਦਰਅਸਲ ਇਹ ਬੰਬ ਧਮਾਕੇ ਹਿੰਦੂਤਵ ਦਹਿਸ਼ਤੀ ਤਾਣੇਬਾਣੇ ਦੀ ਸਾਜ਼ਿਸ਼ ਸੀ। ਇਸ ਸਬੰਧ ਵਿਚ 'ਅਭਿਨਵ ਭਾਰਤ' ਦੇ ਸਵਾਮੀ ਅਸੀਮਾ ਨੰਦ, ਪ੍ਰਸਾਦ ਸ਼੍ਰੀਕਾਂਤ ਪੁਰੋਹਿਤ (ਲੈਫਟੀਨੈਂਟ ਕਰਨਲ ਦੇ ਅਹੁਦੇ ਵਾਲਾ ਇਹ ਅਫ਼ਸਰ ਹਿੰਦੁਸਤਾਨੀ ਫ਼ੌਜ ਦੇ ਇੰਟੈਲੀਜੈਂਸ ਵਿੰਗ ਵਿਚ ਨਾਸਿਕ ਵਿਖੇ ਤਾਇਨਾਤ ਸੀ), ਸਾਧਵੀ ਪ੍ਰੱਗਿਆ ਸਿੰਘ ਠਾਕੁਰ, ਸੁਨੀਲ ਜੋਸ਼ੀ ਆਦਿ 10 ਹਿੰਦੂਤਵ ਸਰਗਣਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਐਨੀ ਖ਼ਤਰਨਾਕ ਸਾਜ਼ਿਸ਼ ਦੇ ਪੁਖ਼ਤਾ ਸਬੂਤ ਮਿਲਣ ਦੇ ਬਾਵਜੂਦ ਕਾਂਗਰਸ ਦੀ ਕੇਂਦਰ ਸਰਕਾਰ ਵਲੋਂ ਇਹਨਾਂ ਨੂੰ ਦਹਿਸ਼ਤਗਰਦ ਸਾਜ਼ਿਸ਼ ਕਰਾਰ ਦੇਕੇ ਸੰਘ ਪਰਿਵਾਰ ਦੀਆਂ ਜਥੇਬੰਦੀਆਂ ਉੱਪਰ ਪਾਬੰਦੀ ਨਹੀਂ ਲਗਾਈ ਗਈ। ਇਹਨਾਂ ਵਿੱਚੋਂ ਕਿਸੇ ਉੱਪਰ ਵੀ ਉਹ ਜਾਬਰ ਕਾਨੂੰਨ ਯੂ.ਏ.ਪੀ.ਏ. ਨਹੀਂ ਲਗਾਇਆ ਗਿਆ ਜੋ ਮਹਿਜ਼ ਸ਼ੱਕ ਦੇ ਅਧਾਰ 'ਤੇ ਗ੍ਰਿਫ਼ਤਾਰ ਕੀਤੇ ਕਿਸੇ ਵੀ ਮਾਓਵਾਦੀ ਹਮਾਇਤੀ, ਆਦਿਵਾਸੀ, ਮੁਸਲਿਮ, ਦਲਿਤ, ਸਿੱਖ ਜਾਂ ਕਾਰਕੁੰਨ ਉੱਪਰ ਆਮ ਹੀ ਲਗਾ ਦਿੱਤਾ ਜਾਂਦਾ ਹੈ।

ਅੱਜਕੱਲ ਸੱਤਾ ਵਿਹੂਣੀ ਕਾਂਗਰਸ ਦੇ ਤਰਜ਼ਮਾਨ ਸੰਘ ਪਰਿਵਾਰ ਦੀ 'ਘਿਰਣਾ ਮੁਹਿੰਮ' ਦੇ ਖ਼ਿਲਾਫ਼ ਸਿਆਸੀ ਚਾਂਦਮਾਰੀ ਕਰਦੇ ਅਕਸਰ ਦੇਖੇ ਜਾ ਸਕਦੇ ਹਨ ਲੇਕਿਨ ਜਦੋਂ ਮੁਲਕ ਦੀ ਕੇਂਦਰੀ ਸੱਤਾ ਇਹਨਾਂ ਦੇ ਹੱਥ ਵਿਚ ਸੀ ਉਦੋਂ ਹਿੰਦੂਤਵ ਦਹਿਸ਼ਤੀ ਤਾਣੇਬਾਣੇ ਦੇ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੀ ਬਜਾਏ ਕੇਂਦਰੀ ਏਜੰਸੀਆਂ ਵੱਲੋਂ ਕਾਨੂੰਨੀ ਅਮਲ ਨੂੰ ਇਸ ਤਰੀਕੇ ਨਾਲ ਲਮਕਾਇਆ ਗਿਆ ਤਾਂ ਜੋ ਅਹਿਮ ਸਬੂਤ ਨਸ਼ਟ ਹੋ ਜਾਣ। ਗਵਾਹਾਂ ਦੇ ਮੁੱਕਰਨ ਲਈ ਪੂਰਾ ਮੌਕਾ ਦਿੱਤਾ ਗਿਆ। ਜਨਵਰੀ 2013 ਵਿਚ ਇਹਨਾਂ ਮਾਮਲਿਆਂ ਵਿਚ ਇਕ ਦਿਲਚਸਪ ਮੋੜ ਆਇਆ ਜਦੋਂ ਕਾਂਗਰਸ ਵਜ਼ਾਰਤ ਦੇ ਤੱਤਕਾਲੀ ਕੇਂਦਰੀ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਨੇ ਇਹ ਬਿਆਨ ਦੇ ਦਿੱਤਾ ਕਿ "ਭਾਜਪਾ ਅਤੇ ਆਰ.ਐਸ.ਐਸ. ਦੋਨਾਂ ਦੇ ਸਿਖਲਾਈ ਕੈਂਪ ਹਿੰਦੂ ਦਹਿਸ਼ਤਗਰਦੀ ਨੂੰ ਪ੍ਰੋਮੋਟ ਕਰ ਰਹੇ ਹਨ। ਚਾਹੇ ਸਮਝੌਤਾ ਬੰਬ ਧਮਾਕਾ ਹੈ ਜਾਂ ਮੱਕਾ ਮਸਜਿਦ ਬੰਬ ਧਮਾਕਾ ਜਾਂ ਮਾਲੇਗਾਓਂ ਬੰਬ ਧਮਾਕਾ, ਉਹ ਬੰਬ ਰੱਖਦੇ ਹਨ ਅਤੇ ਇਸ ਦਾ ਇਲਜ਼ਾਮ ਘੱਟਗਿਣਤੀਆਂ 'ਤੇ ਲਾਉਂਦੇ ਹਨ।" ਭਾਜਪਾ ਆਗੂਆਂ ਨੇ ਇਸ ਬਿਆਨ ਨੂੰ ਮੁੱਦਾ ਬਣਾ ਕੇ ਸ਼ਿੰਦੇ ਨੂੰ ਮਾਫ਼ੀ ਮੰਗਣ ਲਈ ਦਬਾਓ ਪਾਇਆ। ਕਾਂਗਰਸ ਦੇ ਬੁਲਾਰੇ ਜਨਾਰਧਨ ਦਿਵੇਦੀ ਨੇ ਤੁਰੰਤ ਸ਼੍ਰੀ ਸ਼ਿੰਦੇ ਦੀ "ਭਗਵੀਂ ਦਹਿਸ਼ਤਗਰਦੀ" ਵਾਲੀ ਟਿੱਪਣੀ ਤੋਂ ਇਹ ਕਹਿ ਕੇ ਪੱਲਾ ਝਾੜ ਲਿਆ ਕਿ "ਪਾਰਟੀ ਵਰਤੇ ਗਏ ਲਫ਼ਜ਼ਾਂ ਨਾਲ ਸਹਿਮਤ ਨਹੀਂ। ਜ਼ਰੂਰ ਹੀ ਸ਼ਿੰਦੇ ਨੇ ਅਣਜਾਣੇ ਹੀ ਇਹ ਟਿੱਪਣੀ ਕੀਤੀ ਹੋਵੇਗੀ।" ਇਸ ਪਿੱਛੋਂ ਕੇਂਦਰੀ ਗ੍ਰਹਿ ਸਕੱਤਰ ਆਰ.ਕੇ. ਸਿੰਘ ਵਲੋਂ ਬਾਕਾਇਦਾ ਇਹ ਬਿਆਨ ਦੇਣ ਦੇ ਬਾਵਜੂਦ ਕਿ ਆਰ.ਐਸ.ਐਸ. ਵਾਲੇ ਦਹਿਸ਼ਤਗਰਦ ਸਰਗਰਮੀਆਂ ਵਿਚ ਸ਼ਾਮਲ ਹਨ ਅਤੇ "ਸਰਕਾਰ ਕੋਲ ਬੰਬ ਧਮਾਕਿਆਂ ਵਿਚ ਸ਼ਾਮਲ ਆਰ.ਐਸ.ਐਸ. ਨਾਲ ਸਬੰਧਤ ਦਸ ਬੰਦਿਆਂ ਦੇ ਨਾਂ ਹਨ" ਭਗਵੀਂ ਦਹਿਸ਼ਤਗਰਦੀ ਦੇ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਗਈ। ਇਤਿਹਾਸ ਗਵਾਹ ਹੈ, ਕਾਂਗਰਸ ਹਮੇਸ਼ਾ ਹੀ ਸੰਘ ਪਰਿਵਾਰ ਨਾਲ ਦੋਸਤਾਨਾ ਸਿਆਸੀ ਮੈਚ ਖੇਡ ਕੇ ਹਿੰਦੂਤਵ ਤਾਣੇਬਾਣੇ ਦੇ ਪ੍ਰਫੁੱਲਤ ਹੋਣ ਵਿਚ ਸਹਾਇਤਾ ਕਰਦੀ ਆ ਰਹੀ ਹੈ।

ਜਦੋਂ ਸੱਤਾ ਦੀ ਕਮਾਨ ਆਰ.ਐੱਸ.ਐੱਸ. ਦੇ ਪ੍ਰਚਾਰਕਾਂ ਨੇ ਸਾਂਭ ਲਈ ਉਹਨਾਂ ਨੇ ਰਾਜਕੀ ਦਖ਼ਲ ਦੇ ਜ਼ੋਰ ਜੇਲਾਂ ਵਿਚ ਡੱਕੇ ਆਪਣੇ ਦਹਿਸ਼ਤੀ ਕਾਰਿੰਦਿਆਂ ਨੂੰ ਪਹਿਲ ਦੇ ਅਧਾਰ 'ਤੇ ਦੋਸ਼ਮੁਕਤ ਕਰਵਾਉਣ ਲਈ ਅਦਾਲਤੀ ਅਮਲ ਨੂੰ ਪੁੱਠਾ ਗੇੜਾ ਦੇ ਦਿੱਤਾ। ਮਾਮਲੇ ਏ.ਟੀ.ਐੱਸ. ਤੋਂ ਲੈਕੇ ਕੌਮੀ ਜਾਂਚ ਏਜੰਸੀ ਦੇ ਹਵਾਲੇ ਕਰ ਦਿੱਤੇ ਗਏ ਅਤੇ ਐੱਨ.ਆਈ.ਏ. ਅਦਾਲਤ ਨੇ ਇਕ ਇਕ ਕਰਕੇ ਇਹ ਸਾਰੇ ਮੁਜਰਿਮ ਬਰੀ ਕਰ ਦਿੱਤੇ। ਸਮਝੌਤਾ ਐਕਸਪ੍ਰੈੱਸ ਬੰਬ ਕਾਂਡ ਮਾਮਲੇ ਵਿਚ ਸਾਬਕਾ ਸਪੈਸ਼ਲ ਪਬਲਿਕ ਪ੍ਰਾਸੀਕਿਊਟਰ ਰੋਹਿਨੀ ਸਾਲਿਆਨ ਨੇ ਸਿੱਧਾ ਇਲਜ਼ਾਮ ਲਾਇਆ ਸੀ ਕਿ ਕੌਮੀ ਜਾਂਚ ਏਜੰਸੀ ਵੱਲੋਂ ਉਸ ਨੂੰ ਹਦਾਇਤ ਕੀਤੀ ਗਈ ਕਿ ਮਾਮਲੇ ਵਿਚ ਨਰਮਾਈ ਨਾਲ ਹੀ ਚੱਲਣਾ ਹੈ। ਭਾਵ ਅਦਾਲਤੀ ਅਮਲ ਨੂੰ ਇੰਵ ਲਮਕਾਉਣਾ ਹੈ ਕਿ ਮੁਜਰਿਮਾਂ ਨੂੰ ਬਰੀ ਹੋਣ ਦਾ ਪੂਰਾ ਮੌਕਾ ਮਿਲ ਜਾਵੇ। ਹਿੰਦੂਤਵੀ ਆਗੂ ਇਹਨਾਂ ਰਿਹਾਈਆਂ ਨੂੰ ਬੇਕਸੂਰ ਹਿੰਦੂਆਂ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਵਜੋਂ ਉਛਾਲਕੇ ਇਹ ਪ੍ਰਭਾਵ ਦੇਣਾ ਚਾਹੁੰਦੇ ਹਨ ਕਿ ਹਾਲੀਆ ਗ੍ਰਿਫ਼ਤਾਰੀਆਂ ਵੀ ਉਸੇ 'ਹਿੰਦੂ ਵਿਰੋਧੀ ਸਾਜ਼ਿਸ਼' ਦਾ ਹਿੱਸਾ ਹਨ। ਸੰਘ ਬਰਗੇਡ ਸਫ਼ਾਈਆਂ ਦੇ ਰਿਹਾ ਹੈ ਕਿ ਵੈਭਵ ਰਾਵਤ ਤਾਂ ਇਕ ਉੱਘਾ 'ਗਊ ਰਖਵਾਲਾ' ਹੈ ਅਤੇ ਉਸਨੂੰ ਮਹਿਜ਼ ਇਸ ਕਰਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਕਿਉਂਕਿ ਉਹ ਗਊ ਹੱਤਿਆ ਅਤੇ ਲਵ ਜੇਹਾਦ ਵਿਰੁੱਧ ਮੁਹਿੰਮਾਂ ਚਲਾ ਰਿਹਾ ਸੀ! ਉਸਦੇ ਹੱਕ ਵਿਚ "ਦੇਸ਼ ਕਾ ਨੇਤਾ ਕੈਸਾ ਹੋ, ਵੈਭਵ ਰਾਵਤ ਜੈਸਾ ਹੋ", 'ਭਾਰਤ ਮਾਤਾ ਕੀ ਜੈ' ਦੇ ਨਾਅਰਿਆਂ ਲਾਉਂਦਿਆਂ ਕਰਨਾਟਕਾ ਵਿਚ ਵੱਡੇ ਵੱਡੇ ਮੁਜ਼ਾਹਰੇ ਕੀਤੇ ਜਾ ਰਹੇ ਹਨ।

**18 ਫਰਵਰੀ 2007 ਨੂੰ ਹਰਿਆਣਾ ਦੇ ਪਾਣੀਪਤ ਨੇੜੇ ਦਿਵਾਨਾ ਪਿੰਡ ਕੋਲ ਸਮਝੌਤਾ ਐਕਸਪ੍ਰੈੱਸ ਦੇ ਦੋ ਡੱਬਿਆਂ ਵਿਚ ਬੰਬ ਫਟੇ ਸਨ ਜੋ ਲਾਹੌਰ ਜਾ ਰਹੀ ਸੀ। ਸੂਟ ਕੇਸਾਂ ਵਿਚ ਲੁਕਾ ਕੇ ਰੱਖੇ ਗਏ ਬੰਬਾਂ ਦੇ ਫਟਣ ਨਾਲ ਹਿੰਦ-ਪਾਕਿ ਦੋਸਤੀ ਦੀ ਪ੍ਰਤੀਕ ਇਸ ਗੱਡੀ ਵਿਚ ਸਵਾਰ ਔਰਤਾਂ ਤੇ ਬੱਚਿਆਂ ਸਮੇਤ 68 ਮੁਸਾਫ਼ਰ ਮਾਰੇ ਗਏ ਸਨ ਅਤੇ 12 ਗੰਭੀਰ ਜ਼ਖ਼ਮੀ ਹੋਏ ਸਨ। 18 ਮਈ 2007 ਨੂੰ ਹੈਦਰਾਬਾਦ ਦੀ ਮੱਕਾ ਮਸਜਿਦ ਵਿਚ ਹੋਏ ਬੰਬ ਧਮਾਕਿਆਂ ਵਿਚ 14 ਬੰਦੇ ਮਾਰੇ ਗਏ ਸਨ।**

ਸੰਘ ਬਰਗੇਡ ਦੀਆਂ ਇਹ ਚਾਲਾਂ ਨਵੀਂ ਗੱਲ ਨਹੀਂ। ਉਹ ਦਹਿਸ਼ਤਵਾਦ ਨੂੰ ਸਦਾ ਹੀ ਖ਼ਾਸ ਧਰਮਾਂ ਨਾਲ ਜੋੜਕੇ ਪੇਸ਼ ਕਰਦੇ ਹਨ ਅਤੇ ਇਹ ਕੁਤਰਕ ਆਮ ਹੀ ਦਿੰਦੇ ਹਨ ਕਿ ਹਿੰਦੂ ਤਾਂ ਜਮਾਂਦਰੂ ਤੌਰ 'ਤੇ ਸਹਿਣਸ਼ੀਲ ਫਿਰਕਾ ਹੈ ਜੋ ਕਦੇ ਦਹਿਸ਼ਤਗਰਦ ਹੋ ਹੀ ਨਹੀਂ ਸਕਦੇ। 2007-08 ਦੇ ਬੰਬ ਕਾਂਡਾਂ ਵਿਚ ਹਿੰਦੂਤਵ ਸਰਗਨਿਆਂ ਨੂੰ ਠੋਸ ਸਬੂਤਾਂ ਸਹਿਤ ਨਾਮਜ਼ਦ ਕੀਤੇ ਜਾਣ 'ਤੇ ਐੱਲ.ਕੇ.ਅਡਵਾਨੀ ਅਤੇ ਸੰਘ ਦੇ ਆਗੂਆਂ ਨੇ ਬਹੁਤ ਚੀਕ-ਚਿਹਾੜਾ ਪਾਇਆ ਸੀ। ਦੂਜੇ ਪਾਸੇ, ਇਹੀ ਹਿੰਦੂਤਵ ਆਗੂ ਬਾਕਾਇਦਾ ਸਿਆਸੀ ਏਜੰਡੇ ਦੇ ਤਹਿਤ ਘੱਟਗਿਣਤੀ ਧਾਰਮਿਕ ਫਿਰਕਿਆਂ, ਖ਼ਾਸ ਕਰਕੇ ਮੁਸਲਿਮ ਫਿਰਕੇ ਨੂੰ ਜਮਾਂਦਰੂ ਤੌਰ 'ਤੇ ਦਹਿਸ਼ਤਗਰਦ ਬਣਾਕੇ ਪੇਸ਼ ਕਰਨ ਦਾ ਕੋਈ ਮੌਕਾ ਹੱਥੋਂ ਨਹੀਂ ਜਾਣ ਦਿੰਦੇ। ਸੰਘ ਬਰਗੇਡ ਅਨੁਸਾਰ ਰੋਹਿੰਗਿਆ ਸ਼ਰਣਾਰਥੀ ਅਤੇ ਬੰਗਲਾਦੇਸ਼ੀ ਮੁਸਲਮਾਨ ਕੱਟੜ ਦਹਿਸ਼ਤਗਰਦ ਘੁਸਪੈਠੀਏ ਹਨ ਅਤੇ ਉਹਨਾਂ ਨੂੰ ਤੁਰੰਤ ਮੁਲਕ ਵਿੱਚੋਂ ਬਾਹਰ ਕੱਢਿਆ ਜਾਣਾ ਚਾਹੀਦਾ ਹੈ। ਹਾਲ ਹੀ ਵਿਚ ਕਾਂਵੜੀਆਂ (ਸ਼ਿਵ ਭਗਤਾਂ) ਵੱਲੋਂ ਸੜਕਾਂ ਉੱਪਰ ਕੀਤੀ ਗੁੰਡਾਗਰਦੀ ਬਾਰੇ ਵੀ ਭਗਵੀਂ ਟਰੋਲ ਫ਼ੌਜ ਸੋਸ਼ਲ ਮੀਡੀਆ ਉੱਪਰ ਇਹੀ ਕੂੜ ਪ੍ਰਚਾਰ ਕਰ ਰਹੀ ਹੈ ਕਿ ਭੰਨਤੋੜ ਕਰਨ ਵਾਲੇ ਕਾਂਵੜੀਆ ਦੇ ਭੇਖ ਵਿਚ ਮੁਸਲਮਾਨ ਘੁਸਪੈਠੀਏ ਸਨ। ਇਹ ਕੂੜ ਪ੍ਰਚਾਰ ਨਿਰਾ ਬਿਆਨਬਾਜ਼ੀ ਤਕ ਸੀਮਤ ਨਹੀਂ ਬਲਕਿ 'ਯੂਨਾਈਟਿਡ ਹਿੰਦੂ ਫਰੰਟ' ਵਰਗੀਆਂ ਜਥੇਬੰਦੀਆਂ ਬਾਕਾਇਦਾ ਧਰਨੇ-ਮੁਜ਼ਾਹਰੇ ਕਰਕੇ ਰੋਹਿੰਗਿਆ ਅਤੇ ਬੰਗਲਾਦੇਸ਼ੀ ਸ਼ਰਣਾਰਥੀਆਂ ਵਿਰੁੱਧ ਇਹ ਜ਼ਹਿਰੀਲੀ ਮੁਹਿੰਮ ਚਲਾ ਰਹੀਆਂ ਹਨ। ਲਿਹਾਜ਼ਾ ਇਹ ਕੂੜ ਪ੍ਰਚਾਰ ਸੰਘ ਪਰਿਵਾਰ ਦੀਆਂ ਫਿਰਕੂ ਕਤਲੇਆਮ ਕਰਵਾਉਣ ਦੀਆਂ ਗੁਪਤ ਤਿਆਰੀਆਂ ਦਾ ਹਿੱਸਾ ਹੈ ਜਿਸਦਾ ਮਨੋਰਥ ਧਾਰਮਿਕ ਘੱਟਗਿਣਤੀਆਂ ਦੇ ਖ਼ਿਲਾਫ਼ ਹਿੰਦੂ ਫਿਰਕੇ ਨੂੰ ਭੜਕਾਕੇ ਵਿਆਪਕ ਲੋਕ-ਰਾਇ ਪੈਦਾ ਕਰਨਾ, ਹਿੰਦੂਤਵ ਦੇ ਏਜੰਡੇ ਨੂੰ ਅੱਗੇ ਵਧਾਉਣਾ ਅਤੇ ਆਪਣੀ ਦਹਿਸ਼ਤੀ ਖ਼ਸਲਤ ਨੂੰ ਲੁਕੋਣਾ ਹੈ।

ਮੌਜੂਦਾ ਜਾਂਚ ਨਾਲ ਹੇਠਲੇ ਦਰਜੇ ਦੇ ਕੁਛ ਸੰਘੀ ਕਾਰਿੰਦੇ ਥੋੜ੍ਹੇ ਸਮੇਂ ਲਈ ਜੇਲ੍ਹਾਂ ਵਿਚ ਜ਼ਰੂਰ ਚਲੇ ਜਾਣਗੇ। ਲੇਕਿਨ ਜਾਂਚ ਦੇ ਦਾਇਰੇ ਵਿਚ ਅਜੇ ਤਕ ਵੀ ਸਨਾਤਨ ਸੰਸਥਾ ਨੂੰ ਸ਼ਾਮਲ ਨਹੀਂ ਕੀਤਾ ਗਿਆ। ਸੰਘ ਦੇ ਸਿਖ਼ਰਲੇ ਆਗੂਆਂ ਨੂੰ ਕਟਹਿਰੇ ਵਿਚ ਖੜਾ ਕਰਨ ਦਾ ਤਾਂ ਸਵਾਲ ਹੀ ਨਹੀਂ ਹੈ।

# ਹਿੰਦੂਤਵੀ ਦਹਿਸ਼ਤ ਨਾਲ ਮੱਥੇ ਲਾਉਂਦੇ ਜੁਝਾਰੂ ਕਾਫ਼ਲੇ

-ਬੂਟਾ ਸਿੰਘ ਨਵਾਂਸ਼ਹਿਰ
94634-74342



ਪਿਛਲੇ ਦੋ ਹਫ਼ਤਿਆਂ 'ਚ ਭਾਰਤ ਵਿਚ ਹੋਏ ਚਾਰ ਵਿਰੋਧ ਪ੍ਰਦਰਸ਼ਨ ਇਸ ਦੇ ਸੂਚਕ ਹਨ ਕਿ ਮੁਲਕ ਦੇ ਲੋਕਾਂ ਨੂੰ ਸੰਘ ਬਰਗੇਡ ਦੇ ਫਿਰਕੂ ਫਾਸ਼ੀਵਾਦ ਅੱਗੇ ਗੋਡੇ ਟੇਕਣਾ ਮਨਜ਼ੂਰ ਨਹੀਂ। ਉਹ ਇਕਜੁੱਟ ਹੋ ਕੇ ਸੱਤਾ ਉੱਪਰ ਕਾਬਜ਼ ਆਰ.ਐੱਸ.ਐੱਸ. ਦੇ ਹਮਲਿਆਂ ਦਾ ਮੁਕਾਬਲਾ ਕਰ ਰਹੇ ਹਨ। ਇਹ ਵਿਰੋਧ ਪ੍ਰਦਰਸ਼ਨ ਮਈ 2014 ਤੋਂ ਲੈਕੇ ਮੋਦੀ ਸਰਕਾਰ ਦੀ ਰਾਜਕੀ ਪੁਸ਼ਤਪਨਾਹੀ ਹੇਠ ਸੰਘ ਬਰਗੇਡ ਵੱਲੋਂ ਫੈਲਾਏ ਹਿੰਦੂਤਵ ਦਹਿਸ਼ਤਵਾਦ ਵਿਰੁੱਧ ਸਮਾਜ ਦੇ ਵੱਖ-ਵੱਖ ਹਿੱਸਿਆਂ ਵੱਲੋਂ ਲੜੇ ਜਾ ਰਹੇ ਸੰਘਰਸ਼ਾਂ ਦੀ ਲਗਾਤਾਰਤਾ ਵੀ ਹਨ ਅਤੇ ਉਹਨਾਂ ਦਾ ਹੋਰ ਬੱਝਵੀਂ ਸ਼ਕਲ ਅਖ਼ਤਿਆਰ ਕਰਨਾ ਵੀ।

3 ਅਗਸਤ ਨੂੰ ਮੁਲਕ ਦੇ ਵੱਖ-ਵੱਖ ਹਿੱਸਿਆਂ ਤੋਂ ਆਏ ਜਮਹੂਰੀ ਅਤੇ ਇਨਸਾਫ਼ਪਸੰਦ ਲੋਕਾਂ ਨੇ ਸੰਸਦ ਮਾਰਗ ਦਿੱਲੀ ਉੱਪਰ ਜ਼ਬਰਦਸਤ ਪ੍ਰਦਰਸ਼ਨ ਕੀਤਾ ਜਿਸ ਵਿਚ ਸਾਰੇ ਸਿਆਸੀ ਕੈਦੀਆਂ ਨੂੰ ਰਿਹਾਅ ਕੀਤੇ ਜਾਣ ਦੀ ਮੰਗ ਕੀਤੀ ਗਈ। 'ਕਿਸ ਕਿਸ ਕੋ ਕੈਦ ਕਰੋਗੇ' ਦੇ ਝੰਡੇ ਹੇਠ ਇਹ ਪ੍ਰੋਗਰਾਮ ਜਮਹੂਰੀ ਕਾਰਕੁੰਨਾਂ, ਵਕੀਲਾਂ ਅਤੇ ਬੁੱਧੀਜੀਵੀਆਂ ਦੀ ਜ਼ੁਬਾਨਬੰਦੀ ਕਰਨ ਲਈ ਮਨਘੜਤ ਮਾਮਲਿਆਂ ਵਿਚ ਉਹਨਾਂ ਦੀਆਂ ਗ੍ਰਿਫ਼ਤਾਰੀਆਂ ਦੇ ਖ਼ਿਲਾਫ਼ ਜਥੇਬੰਦ ਕੀਤਾ ਗਿਆ ਸੀ। ਇਸਦੇ ਪਿਛੋਕੜ ਵਿਚ ਜੂਨ ਦੇ ਪਹਿਲੇ ਹਫ਼ਤੇ ਨਾਗਪੁਰ, ਮੁੰਬਈ ਅਤੇ ਦਿੱਲੀ ਤੋਂ ਪ੍ਰੋਫੈਸਰ ਸ਼ੋਮਾ ਸੇਨ, ਪੱਤਰਕਾਰ ਸੁਧੀਰ ਧਾਵਲੇ, ਐਡਵੋਕੇਟ ਸੁਰਿੰਦਰ ਗਾਡਲਿੰਗ, ਮਹੇਸ਼ ਰਾਵਤ ਅਤੇ ਰੋਨਾ ਵਿਲਸਨ ਦੀ ਤਾਜ਼ਾ ਗ੍ਰਿਫ਼ਤਾਰੀ ਸੀ। ਇਸਦੀ ਅਗਲੀ ਕੜੀ ਵਜੋਂ ਛੱਤੀਸਗੜ ਤੋਂ ਐਡਵੋਕੇਟ ਸੁਧਾ ਭਾਰਦਵਾਜ ਤੇ ਪ੍ਰੋਫੈਸਰ ਜੀ.ਐੱਨ. ਸਾਈਬਾਬਾ ਦੀ ਪਤਨੀ ਨੂੰ 'ਸ਼ਹਿਰੀ ਮਾਓਵਾਦੀ' ਦੇ ਨਾਂ ਹੇਠ ਨਿਸ਼ਾਨਾ ਬਣਾਉਣ ਦੀ ਤਿਆਰੀ ਵਿੱਢ ਦਿੱਤੀ ਗਈ ਸੀ ਅਤੇ ਇਕ ਗਿਣੀ-ਮਿਥੀ ਯੋਜਨਾ ਤਹਿਤ ਆਰ.ਐੱਸ.ਐੱਸ. ਦੇ ਹਮਾਇਤੀ ਰਿਪਬਲਿਕ ਟੀਵੀ ਵੱਲੋਂ ਦੋਨਾਂ ਦੇ ਖ਼ਿਲਾਫ਼ ਜ਼ਹਿਰੀਲਾ ਪ੍ਰਚਾਰ ਸ਼ੁਰੂ ਕਰ ਦਿੱਤਾ ਗਿਆ ਸੀ। ਪੰਜ ਜਮਹੂਰੀ ਕਾਰਕੁੰਨਾਂ ਅਤੇ ਬੁੱਧੀਜੀਵੀਆਂ ਨੂੰ ਪਾਬੰਦੀਸ਼ੁਦਾ ਮਾਓਵਾਦੀ ਪਾਰਟੀ ਦੇ ਸ਼ਹਿਰੀ ਤਾਣਬਾਣੇ ਦਾ ਹਿੱਸਾ ਕਰਾਰ ਦੇਕੇ ਗ੍ਰਿਫ਼ਤਾਰ ਕਰਨਾ ਪ੍ਰੋਫੈਸਰ ਸਾਈਬਾਬਾ ਸਮੇਤ ਛੇ ਕਾਰਕੁੰਨਾਂ ਨੂੰ ਉਮਰ ਕੈਦ ਦੀ ਸਜ਼ਾ ਦੇਕੇ ਜੇਲ ਵਿਚ ਡੱਕਣ ਤੋਂ ਬਾਦ ਜਮਹੂਰੀ ਤਾਕਤਾਂ ਦੇ ਖ਼ਿਲਾਫ਼ ਰਚੀ ਗਈ ਇਕ ਹੋਰ ਵੱਡੀ ਸਾਜ਼ਿਸ਼ ਸੀ। ਇਸ ਪਿੱਛੋਂ ਇਹਨਾਂ ਸ਼ਖਸੀਅਤਾਂ ਉੱਪਰ ਨਰਿੰਦਰ ਮੋਦੀ ਦੀ ਹੱਤਿਆ ਦੀ ਸਾਜ਼ਿਸ਼ ਘੜਨ ਦਾ ਇਲਜ਼ਾਮ ਲਾਕੇ ਇਹ ਯਕੀਨੀ ਬਣਾਇਆ ਗਿਆ ਕਿ ਉਹ ਲੰਮੇ ਅਦਾਲਤੀ ਖਲਜਗਣ ਜ਼ਰੀਏ ਖ਼ੁਦ ਨੂੰ ਬੇਕਸੂਰ ਸਾਬਤ ਕੀਤੇ ਜਾਣ ਦੇ ਅਨਿਸ਼ਚਿਤ ਸਮੇਂ ਲਈ ਜੇਲ ਵਿਚ ਸੜਦੇ ਰਹਿਣ। ਫਾਸ਼ੀਵਾਦੀ ਨਮੂਨੇ 'ਤੇ ਇਸ ਰਾਜਕੀ ਦਹਿਸ਼ਤਵਾਦ ਦਾ ਮਤਲਬ ਇਹ ਹੈ ਕਿ ਸੱਤਾਧਾਰੀ ਧਿਰ ਕਿਸੇ ਵੀ ਐਸੀ ਆਵਾਜ਼ ਨੂੰ ਖ਼ਾਮੋਸ਼ ਕਰਨ ਲਈ ਇਸ ਬਹਾਨੇ ਦਾ ਸਹਾਰਾ ਲੈ ਸਕਦੀ ਹੈ ਜਿਸਦੇ ਖ਼ਿਆਲ ਸੱਤਾਧਾਰੀਆਂ ਨੂੰ ਪਸੰਦ ਨਹੀਂ। ਇਹ ਸਮਾਜੀ ਸਰੋਕਾਰਾਂ ਨਾਲ ਜੁੜੇ ਸਮੂਹ ਚਿੰਤਨਸ਼ੀਲ ਲੋਕਾਂ ਲਈ ਵੱਡੀ ਚੁਣੌਤੀ ਸੀ। ਉਹ ਡਰਕੇ ਘਰਾਂ ਵਿਚ ਦੁਬਕਣ ਦੀ ਬਜਾਏ ਜੇ.ਐੱਨ.ਯੂ. ਉੱਪਰ ਹਮਲੇ ਦੀ ਤਰਾਂ ਇਸ ਹਮਲੇ ਨੂੰ ਠੱਲ ਪਾਉਣ ਲਈ ਵੀ ਨਵੇਂ ਅਹਿਦ ਨਾਲ ਸੜਕਾਂ ਉੱਪਰ ਆਏ। ਇਸ ਇਕੱਠ ਵਿਚ ਜਮਹੂਰੀ ਅਤੇ ਮਨੁੱਖੀ ਹੱਕਾਂ ਦੀਆਂ ਜਥੇਬੰਦੀਆਂ ਦੀ ਭਰਪੂਰ ਹਾਜ਼ਰੀ ਦੇ ਨਾਲ-ਨਾਲ ਬੁੱਕਰ ਇਨਾਮ ਜੇਤੂ ਲੇਖਿਕਾ ਅਰੁੰਧਤੀ ਰਾਏ, ਉੱਘੇ ਵਕੀਲ ਪ੍ਰਸ਼ਾਂਤ ਭੂਸ਼ਨ, ਕੋਰੇਗਾਓਂ-ਭੀਮਾ ਸ਼ਤਾਬਦੀ ਸਮਾਗਮ ਦੇ ਮੁੱਖ ਆਯੋਜਕ ਜਸਟਿਸ ਕੋਲਸੇ ਪਾਟਿਲ ਆਦਿ ਸ਼ਖਸੀਅਤਾਂ ਵੀ ਸ਼ਾਮਲ ਹੋਈਆਂ।

ਦੂਸਰੀ ਮਹੱਤਵਪੂਰਨ ਮਿਸਾਲ ਸੀ 16 ਅਗਸਤ ਨੂੰ ਨਵੀਂ ਦਿੱਲੀ ਵਿਚ ਸੈਂਕੜੇ ਵਿਦਿਆਰਥੀਆਂ, ਜਮਹੂਰੀ ਆਗੂਆਂ ਅਤੇ ਕਾਰਕੁੰਨਾਂ ਵਲੋਂ ਰੋਹ ਭਰਿਆ ਮੁਜ਼ਾਹਰਾ। ਇਹ ਜੇ.ਐੱਨ.ਯੂ. ਦੇ ਵਿਦਿਆਰਥੀ ਆਗੂ ਉਮਰ ਖ਼ਾਲਿਦ ਉੱਪਰ ਹਾਲੀਆ ਕਾਤਲਾਨਾ ਹਮਲੇ ਦੇ ਖ਼ਿਲਾਫ਼ ਕੀਤਾ ਗਿਆ ਸੀ। ਦਰਅਸਲ 13 ਅਗਸਤ ਨੂੰ 'ਯੂਨਾਈਟਿਡ ਅਗੇਂਸਟ ਹੇਟ' ਵੱਲੋਂ ਸੰਸਦ ਕਲੱਬ ਵਿਚ 'ਖ਼ੌਫ਼ ਸੇ ਆਜ਼ਾਦੀ' ਸਮਾਰੋਹ ਰੱਖਿਆ ਗਿਆ ਸੀ ਜਿਸ ਦਾ ਮਨੋਰਥ ਸੀ ਆਰ.ਐੱਸ.ਐੱਸ. ਦੀਆਂ ਵੱਖ-ਵੱਖ ਫਰੰਟ ਜਥੇਬੰਦੀਆਂ ਵੱਲੋਂ ਮੁਸਲਮਾਨਾਂ, ਦਲਿਤਾਂ ਅਤੇ ਹਿੰਦੂਤਵ ਦੇ ਆਲੋਚਕ ਵੱਖ-ਵੱਖ ਹਿੱਸਿਆਂ ਉੱਪਰ ਲਗਾਤਾਰ ਹਮਲਿਆਂ ਰਾਹੀਂ ਪੈਦਾ ਕੀਤੇ ਦਹਿਸ਼ਤੀ ਖ਼ੌਫ਼ ਨੂੰ ਤੋੜਨਾ। ਇਸ ਵਿਚ ਜਮਹੂਰੀ ਸੋਚ ਵਾਲੇ ਬੁੱਧੀਜੀਵੀਆਂ ਤੇ ਕਾਰਕੂੰਨਾਂ ਦੇ ਨਾਲ ਉਹਨਾਂ ਪਰਿਵਾਰਾਂ ਨੂੰ ਵੀ ਉਚੇਚੇ ਤੌਰ 'ਤੇ ਬੁਲਾਇਆ ਗਿਆ ਸੀ ਜਿਹਨਾਂ ਦੇ ਜੀਅ ਪਿਛਲੇ ਸਾਲਾਂ ਵਿਚ ਸੰਘ ਵੱਲੋਂ ਤਿਆਰ ਕੀਤੇ ਹਜੂਮੀ ਗਰੋਹਾਂ ਵੱਲੋਂ ਕਤਲ ਕਰ ਦਿੱਤੇ ਗਏ। ਨਜੀਬ ਅਹਿਮਦ ਦੇ ਮਾਤਾ ਫ਼ਾਤਿਮਾ ਨਫ਼ੀਸ (ਸੰਘ ਦੇ ਬਦਮਾਸ਼ਾਂ ਵੱਲੋਂ ਅਗਵਾ ਕਰਕੇ ਅਕਤੂਬਰ 2016 ਤੋਂ ਗੁੰਮ ਕੀਤੇ ਜੇ.ਐੱਨ.ਯੂ. ਦੇ ਇਸ ਵਿਦਿਆਰਥੀ ਦੀ ਅਜੇ ਤਕ ਕੋਈ ਉੱਘ-ਸੁੱਘ ਨਹੀਂ ਮਿਲੀ), ਅਲੀਮੂਦੀਨ ਅੰਸਾਰੀ ਦੀ ਪਤਨੀ ਮਰੀਅਮ (ਝਾਰਖੰਡ ਨਾਲ ਮੀਟ ਵੇਚਕੇ ਗੁਜ਼ਾਰਾ ਕਰਨ ਵਾਲੇ ਇਸ ਗ਼ਰੀਬ ਮੁਸਲਮਾਨ ਨੂੰ ਅਖਾਉਤੀ ਗਊ ਰਾਖਿਆਂ ਵੱਲੋਂ ਕੁੱਟ-ਕੁੱਟਕੇ ਮਾਰ ਦਿੱਤਾ ਗਿਆ ਸੀ), ਜੁਨੈਦ ਖ਼ਾਨ ਦੇ ਮਾਤਾ ਫ਼ਾਤਿਮਾ (16 ਸਾਲ ਦੇ ਇਸ ਬੱਚੇ ਨੂੰ ਜੂਨ 2016 ਵਿਚ ਹਰਿਆਣਾ ਅੰਦਰ ਚੱਲਦੀ ਰੇਲ ਗੱਡੀ ਵਿਚ ਹਿੰਦੂ ਜਨੂੰਨੀ ਹਜੂਮ ਵੱਲੋਂ ਕਤਲ ਕਰ ਦਿੱਤਾ ਗਿਆ ਸੀ) ਅਤੇ ਅਕਬਰ ਖ਼ਾਨ (ਜੋ ਰਕਬਰ ਖ਼ਾਨ ਦੇ ਭਰਾ ਹਨ ਜਿਸ ਨੂੰ ਰਾਜਸਥਾਨ ਦੇ ਅਲਵਰ ਵਿਚ ਅਖਾਉਤੀ ਗਊ ਰਾਖਿਆਂ ਵੱਲੋਂ ਪਿਛਲੇ ਦਿਨੀਂ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ) ਸ਼ਾਮਲ ਹੋਏ। ਇਸ ਪ੍ਰੋਗਰਾਮ ਵਿਚ ਦਹਿਸ਼ਤ ਪਾਉਣ ਲਈ ਇਕ ਹੋਰ ਸਾਜ਼ਿਸ਼ ਘੜੀ ਗਈ। ਇਸ ਪ੍ਰੋਗਰਾਮ ਵਿਚ ਹਿੱਸਾ ਲੈਣ ਆਇਆ ਉਮਰ ਖ਼ਾਲਿਦ ਜਦੋਂ ਇਮਾਰਤ ਦੇ ਬਾਹਰ ਆਪਣੇ ਦੋਸਤਾਂ ਨਾਲ ਚਾਹ ਪੀ ਰਿਹਾ ਸੀ ਤਾਂ ਇਕ ਅਣਪਛਾਤੇ ਪਿਸਤੌਲਧਾਰੀ ਵੱਲੋਂ ਉਸ ਦੀ ਹੱਤਿਆ ਕਰਨ ਦੀ ਕੋਸ਼ਿਸ਼ ਕੀਤੀ ਗਈ। ਹਥਿਆਰ ਜਾਮ ਹੋਣ ਕਾਰਨ ਹਮਲਾਵਰ ਆਪਣੇ ਮਨੋਰਥ ਵਿਚ ਕਾਮਯਾਬ ਨਾ ਹੋਇਆ ਅਤੇ ਹਫੜਾਦਫੜੀ ਵਿਚ ਹਥਿਆਰ ਸੁੱਟਕੇ ਭੱਜ ਗਿਆ। ਲੇਕਿਨ ਗੁਪਤ ਕੈਮਰਿਆਂ ਦੀ ਰਿਕਾਰਡਿੰਗ ਅਤੇ ਹੋਰ ਵਸੀਲਿਆਂ ਤੋਂ ਹਮਲਾਵਰ ਦਾ ਸੰਘ ਬਰਗੇਡ ਦੇ ਚਰਚਿਤ ਚਿਹਰਿਆਂ ਨਾਲ ਰਿਸ਼ਤਾ ਨੰਗਾ ਹੋ ਗਿਆ। ਇਹ ਹਮਲਾ ਉਮਰ ਖ਼ਾਲਿਦ ਉੱਪਰ ਨਾ ਹੋ ਕੇ ਹਿੰਦੂਤਵ ਦੀਆਂ ਆਲੋਚਕ ਸਮੁੱਚੀਆਂ ਤਾਕਤਾਂ ਉੱਪਰ ਸੀ ਅਤੇ ਇਸ ਦਹਿਸ਼ਤ ਨੂੰ ਤੋੜਨਾ ਜ਼ਰੂਰੀ ਸੀ।

ਤੀਸਰੀ ਮਿਸਾਲ ਸੀ ਇਤਿਹਾਸਕ ਪਿੰਡ ਸਰਾਭਾ ਵਿਖੇ ਪਹੁੰਚਕੇ ਪੰਜਾਬ ਦੇ ਇਨਕਲਾਬੀ ਨੌਜਵਾਨਾਂ ਅਤੇ ਹੋਰ ਜਮਹੂਰੀ ਤਾਕਤਾਂ ਵੱਲੋਂ ਉਸ ਚੁਣੌਤੀ ਨੂੰ ਸਵੀਕਾਰ ਕਰਨਾ ਜੋ ਉਮਰ ਖ਼ਾਲਿਦ ਉੱਪਰ ਹਮਲਾ ਕਰਨ ਵਾਲੇ ਕਾਤਲਾਂ ਵੱਲੋਂ 17 ਅਗਸਤ ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਘਰ ਅੱਗੇ ਗ੍ਰਿਫ਼ਤਾਰੀ ਦੇਣ ਦੇ ਐਲਾਨ ਕੀਤੇ ਜਾਣ ਨਾਲ ਉੱਭਰੀ ਸੀ। ਹਰਿਆਣਾ ਦੇ ਦੋ ਹਿੰਦੂਤਵ ਪੈਰੋਕਾਰਾਂ ਦਰਵੇਸ਼ ਸ਼ਾਹਪੁਰ ਅਤੇ ਨਵੀਨ ਦਲਾਲ ਵੱਲੋਂ, ਜੋ ਆਪਣੇ ਇਲਾਕੇ ਵਿਚ ਗਊ ਰੱਖਿਆ ਟੋਲਿਆਂ ਦੇ ਮੁਖੀ ਵੀ ਹਨ, ਆਪਣੇ ਫੇਸਬੁੱਕ ਅਕਾਊਂਟ ਉੱਪਰ ਵੀਡੀਓ ਕਲਿੱਪ ਸ਼ੇਅਰ ਕਰਕੇ ਇਸ ਹਮਲੇ ਦੀ ਜ਼ਿੰਮੇਵਾਰੀ ਲੈਂਦੇ ਹੋਏ ਐਲਾਨ ਕੀਤਾ ਗਿਆ ਕਿ 'ਟੁਕੜੇ ਟੁਕੜੇ ਗੈਂਗ' ਦੇ ਮੈਂਬਰ ਖ਼ਾਲਿਦ ਨੂੰ ਕਤਲ ਕਰਕੇ ਉਹ ਭਾਰਤ ਦੇ ਲੋਕਾਂ ਨੂੰ "15 ਅਗਸਤ ਉੱਪਰ ਤੋਹਫ਼ਾ" ਦੇਣਾ ਚਾਹੁੰਦੇ ਸਨ ਕਿਉਂਕਿ "ਦੇਸ਼ ਨੂੰ ਟੁਕੜੇ ਟੁਕੜੇ ਕਰਨ ਵਾਲੇ ਜੇ.ਐੱਨ.ਯੂ. ਦੇ ਹਲਕੇ ਕੁੱਤਿਆਂ ਦੀ ਤਾਦਾਦ ਵੱਧਦੀ ਜਾ ਰਹੀ ਹੈ। ਅਤੇ ਸੰਵਿਧਾਨ ਵਿਚ ਇਹਨਾਂ ਹਲਕੇ ਕੁੱਤਿਆਂ ਨੂੰ ਸਜ਼ਾ ਦੇਣ ਦੀ ਕੋਈ ਵਿਵਸਥਾ ਨਹੀਂ।" ਇਸ ਦੀ ਇਬਾਰਤ ਸਨਾਤਨ ਸੰਸਥਾ, ਜਿਸਦੀ ਡਭੋਲਕਰ, ਪਾਨਸਰੇ, ਕਲਬੁਰਗੀ ਅਤੇ ਗੌਰੀ ਲੰਕੇਸ਼ ਦੇ ਕਤਲਾਂ ਵਿਚ ਭੂਮਿਕਾ ਸਾਹਮਣੇ ਆ ਚੁੱਕੀ ਹੈ, ਵੱਲੋਂ ਆਪਣੇ ਤਰਜ਼ਮਾਨ 'ਸਨਾਤਨ ਪ੍ਰਭਾਤ' ਦੇ ਸਤੰਬਰ 2015 ਅੰਕ ਵਿਚ ਯਾਕੂਬ ਮੈਮਨ ਨੂੰ ਫਾਂਸੀ ਦਿੱਤੇ ਜਾਣ ਬਾਬਤ ਛਾਪੇ ਬਿਆਨ ਨਾਲ ਕਿੰਨਾ ਮਿਲਦੀ-ਜੁਲਦੀ ਹੈ ਜਿਸ ਵਿਚ ਸਤਾਰਵੀਂ ਸਦੀ ਦੇ ਕਿਸੇ ਸਾਮਾਰਥ ਰਾਮਦਾਸ ਸਵਾਮੀ ਦੀਆਂ ਸਿੱਖਿਆਵਾਂ ਦਾ ਹਵਾਲਾ ਦਿੰਦਿਆਂ ਕਿਹਾ ਗਿਆ ਸੀ, 'ਰਾਸ਼ਟਰ ਵਿਰੋਧੀ ਕੁੱਤਿਆਂ ਦੀ ਤਰਾਂ ਹਨ, ਉਹਨਾਂ ਨੂੰ ਲਾਜ਼ਮੀ ਮਾਰਿਆ ਜਾਣਾ ਚਾਹੀਦਾ ਹੈ।' ਸ਼ਹੀਦ ਸਰਾਭਾ ਪੰਜਾਬ ਦੀ ਜਵਾਨੀ ਲਈ ਇਨਕਲਾਬੀ ਆਦਰਸ਼ ਹੈ ਅਤੇ ਪੰਜਾਬ ਦੇ ਜਾਗਰੂਕ ਨੌਜਵਾਨਾਂ ਦੀ ਅਣਖ ਲਈ ਇਹ ਚੁਣੌਤੀ ਸੀ ਕਿ ਨਫ਼ਰਤ ਦੀ ਸਿਆਸਤ ਕਰਨ ਵਾਲੇ ਅਤੇ ਦਲਿਤਾਂ, ਮੁਸਲਮਾਨਾਂ ਤੇ ਹੋਰ ਨਿਤਾਣੇ ਹਿੱਸਿਆਂ ਨੂੰ ਕਤਲ ਕਰਨ ਵਾਲੇ ਆਪਣੇ ਘਿਣਾਉਣੇ ਏਜੰਡੇ ਉੱਪਰ ਦੇਸ਼ਭਗਤੀ ਦਾ ਨਕਾਬ ਪਾ ਕੇ ਇਸ ਨੂੰ ਵਾਜਬ ਠਹਿਰਾਉਣ ਲਈ ਸ਼ਹੀਦ ਦੇ ਪਿੰਡ ਪਹੁੰਚਕੇ ਗ੍ਰਿਫ਼ਤਾਰੀ ਦੇਣ ਦਾ ਐਲਾਨ ਕਰ ਰਹੇ ਸਨ। ਨੌਜਵਾਨ ਭਾਰਤ ਸਭਾ ਤੇ ਹੋਰ ਅਗਾਂਹਵਧੂ ਜਥੇਬੰਦੀਆਂ ਦੇ ਆਗੂ ਤੇ ਕਾਰਕੁੰਨ 17 ਅਗਸਤ ਨੂੰ ਸਵੇਰੇ ਸਾਝਰੇ ਹੀ ਪਿੰਡ ਸਰਾਭਾ ਵਿਚ ਇਕੱਠੇ ਹੋ ਗਏ ਤਾਂ ਜੋ ਹਿੰਦੂਤਵ ਅਨਸਰਾਂ ਨੂੰ ਇਸ ਇਤਿਹਾਸਕ ਸਥਾਨ ਉੱਪਰ ਨਾਪਾਕ ਪੈਰ ਪਾਉਣ ਤੋਂ ਰੋਕਿਆ ਜਾ ਸਕੇ। ਪੂਰਾ ਦਿਨ ਬੀਤ ਗਿਆ ਪਰ ਐਲਾਨ ਕਰਨ ਵਾਲੇ ਬੁਜ਼ਦਿਲ ਨਹੀਂ ਆਏ। ਲੇਕਿਨ ਨੌਜਵਾਨਾਂ ਦੀ ਇਹ ਚੇਤਨਾ ਅਤੇ ਵਿਰੋਧ ਦੀ ਤੱਤਪਰਤਾ ਸੰਘ ਬਰਗੇਡ ਲਈ ਇਕ ਸੰਦੇਸ਼ ਹੈ ਕਿ ਉਹ ਇਹ ਭਰਮ ਨਾ ਪਾਲਣ ਕਿ ਟੀਵੀ ਚੈਨਲਾਂ ਦੇ ਇਕ ਵੱਡੇ ਹਿੱਸੇ ਦੀ ਮਦਦ ਨਾਲ ਹਿੰਦੂ ਰਾਸ਼ਟਰਵਾਦ ਅਤੇ ਗਊ ਹੱਤਿਆਵਾਂ ਵਰਗੇ ਜਾਅਲੀ ਮੁੱਦੇ ਖੜੇ ਕਰਕੇ ਨੌਜਵਾਨਾਂ ਦੇ ਦਿਮਾਗਾਂ ਵਿਚ ਫਿਰਕੂ ਜ਼ਹਿਰ ਭਰਨ ਦਾ ਉਹਨਾਂ ਦਾ ਏਜੰਡਾ ਕਾਮਯਾਬ ਹੋ ਰਿਹਾ ਹੈ, ਇਸ ਸਰਜ਼ਮੀਨ ਉੱਪਰ ਉਹਨਾਂ ਦੀ ਦਹਿਸ਼ਤੀ ਸਿਆਸਤ ਨੂੰ ਸਿੱਧੇ ਮੱਥੇ ਟੱਕਰਨ ਲਈ ਅਗਾਂਹਵਧੂ ਜੁਝਾਰੂ ਜਜ਼ਬਾ ਵੀ ਅੰਗੜਾਈ ਲੈ ਰਿਹਾ ਹੈ।

ਚੌਥਾ ਪ੍ਰਦਰਸ਼ਨ, 19 ਅਗਸਤ ਨੂੰ ਭੀਮ ਆਰਮੀ ਵੱਲੋਂ ਆਪਣੇ ਆਗੂ ਚੰਦਰਸ਼ੇਖ਼ਰ ਆਜ਼ਾਦ ਉਰਫ਼ ਰਾਵਣ ਦੀ ਰਿਹਾਈ ਦੀ ਮੁੱਖ ਮੰਗ ਨੂੰ ਲੈਕੇ ਕੀਤਾ ਗਿਆ ਜਿਸ ਨੂੰ ਭਗਵੀਂ ਸਰਕਾਰ ਨੇ ਜੂਨ 2017 ਤੋਂ ਲੈਕੇ ਅਣਮਿੱਥੇ ਸਮੇਂ ਲਈ ਜੇਲ ਵਿਚ ਬੰਦ ਰੱਖਿਆ ਹੋਇਆ ਹੈ। ਮੁੱਖ ਮੰਗ ਦੇ ਨਾਲ ਨਾਲ 2 ਅਪ੍ਰੈਲ ਦੇ ਭਾਰਤ ਬੰਦ ਦੌਰਾਨ ਗ੍ਰਿਫ਼ਤਾਰ ਕੀਤੇ ਦਲਿਤਾਂ ਨੂੰ ਰਿਹਾਅ ਕਰਨ, ਮੇਰਠ ਵਿਚ ਹਾਲ ਹੀ ਵਿਚ ਇਕ ਦਲਿਤ ਨੌਜਵਾਨ ਦਾ ਕਤਲ ਕਰਨ ਵਾਲੇ ਹਜੂਮੀ ਕਾਤਲਾਂ ਨੂੰ ਗ੍ਰਿਫ਼ਤਾਰ ਕਰਨ, ਕੋਰੇਗਾਓਂ-ਭੀਮਾ ਵਿਖੇ ਦਲਿਤਾਂ ਉੱਪਰ ਹਿੰਸਕ ਹਮਲੇ ਕਰਨ ਵਾਲੇ ਹਿੰਦੂਤਵ ਸਰਗਣਿਆਂ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਵੀ ਮੁਜ਼ਾਹਰਾਕਾਰੀਆਂ ਦੇ ਮੰਗਪੱਤਰ ਵਿਚ ਸ਼ਾਮਲ ਸੀ ਅਤੇ ਉਹਨਾਂ ਵੱਲੋਂ ਕਿਸਾਨਾਂ, ਮੁਸਲਮਾਨਾਂ, ਔਰਤਾਂ ਅਤੇ ਕਬਾਇਲੀਆਂ ਸਮੇਤ ਹੋਰ ਦੱਬੇਕੁਚਲੇ ਲੋਕਾਂ ਦੇ ਮੁੱਦੇ ਵੀ ਉਠਾਏ ਗਏ। ਉਤਰ ਪ੍ਰਦੇਸ਼ ਵਿਚ ਮਹੰਤ ਅਦਿੱਤਿਆਨਾਥ ਦੀ ਸਰਕਾਰ ਬਣ ਜਾਣ ਨਾਲ ਜਾਤ ਹੰਕਾਰ ਵਿਚ ਗ੍ਰਸਤ ਉੱਚ ਜਾਤੀਆਂ ਨੂੰ ਬਹੁਤ ਜ਼ਿਆਦਾ ਸ਼ਹਿ ਮਿਲ ਗਈ ਸੀ ਅਤੇ ਉਹਨਾਂ ਨੇ ਮੁਸਲਮਾਨਾਂ ਅਤੇ ਦਲਿਤਾਂ ਨੂੰ ਦਬਾਉਣ ਲਈ ਹਮਲੇ ਤੇਜ਼ ਕਰ ਦਿੱਤੇ ਸਨ। ਮਈ 2017 ਵਿਚ ਜਾਤ ਹੰਕਾਰੀ ਠਾਕੁਰਾਂ ਅਤੇ ਦਲਿਤਾਂ ਦਰਮਿਆਨ ਸਹਾਰਨਪੁਰ ਵਿਚ ਹੋਏ ਟਕਰਾਓ ਨੂੰ ਬਹਾਨਾ ਬਣਾਕੇ ਚੰਦਰਸ਼ੇਖਰ ਅਤੇ ਹੋਰ ਨੌਜਵਾਨ ਦਲਿਤ ਆਗੂਆਂ ਵਿਰੁੱਧ 27 ਵੱਖੋ-ਵੱਖਰੇ ਕੇਸ ਦਰਜ ਕੀਤੇ ਗਏ ਜਿਸਦਾ ਅਸਲ ਮਨੋਰਥ ਦਲਿਤ ਹੱਕ-ਜਤਾਈ ਦਾ ਲੱਕ ਤੋੜਨਾ ਸੀ। ਨਵੰਬਰ ਵਿਚ ਅਲਾਹਾਬਾਦ ਹਾਈਕੋਰਟ ਵੱਲੋਂ ਇਹ ਟਿੱਪਣੀ ਕਰਦੇ ਹੋਏ ਇਹਨਾਂ ਮਾਮਲਿਆਂ ਵਿਚ ਚੰਦਰਸ਼ੇਖਰ ਨੂੰ ਜ਼ਮਾਨਤ ਦੇ ਦਿੱਤੀ ਗਈ ਕਿ ਉਸ ਉੱਪਰ ਲਾਏ ਗਏ ਦੋਸ਼ ਸਿਆਸਤ ਤੋਂ ਪ੍ਰੇਰਤ ਹਨ। ਲੇਕਿਨ ਹਿੰਦੂਤਵੀ ਮਹੰਤ ਦੀ ਸਰਕਾਰ ਨੇ ਇਹਤਿਆਤੀ ਨਜ਼ਰਬੰਦੀ ਦੀ ਤਾਨਾਸ਼ਾਹ ਤਾਕਤ ਦਾ ਇਸਤੇਮਾਲ ਕਰਦੇ ਹੋਏ ਕੌਮੀ ਸੁਰੱਖਿਆ ਕਾਨੂੰਨ ਲਗਾਕੇ ਉਸ ਦੀ ਰਿਹਾਈ ਰੋਕ ਦਿੱਤੀ ਅਤੇ ਹਰ ਤਿੰਨ ਮਹੀਨੇ ਬਾਦ ਨਜ਼ਰਬੰਦੀ ਦੀ ਮਿਆਦ ਵਧਾ ਦਿੱਤੀ ਜਾਂਦੀ ਹੈ। ਇਸ ਤਾਨਾਸ਼ਾਹੀ ਦੇ ਖ਼ਿਲਾਫ਼ ਸੁਪਰੀਮ ਕੋਰਟ ਵਿਚ ਪਟੀਸ਼ਨ ਸੁਣਵਾਈ ਅਧੀਨ ਹੈ। ਐਸੇ ਮਾਮਲੇ ਆਪਣੇ-ਆਪ ਵਿਚ ਹੀ 'ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ' ਦੇ ਮਖੌਟੇ ਵਾਲੇ ਰਾਜ ਉੱਪਰ ਸਭ ਤੋਂ ਵੱਡਾ ਵਿਅੰਗ ਹਨ ਜਿਥੇ 'ਕੌਮੀ ਸੁਰੱਖਿਆ ਨੂੰ ਖ਼ਤਰਾ' ਦੀ ਦੁਹਾਈ ਦੇਣ ਵਾਲੇ ਭਗਵੇਂ ਦਹਿਸ਼ਤਗਰਦ ਸੱਤਾ ਉੱਪਰ ਕਾਬਜ਼ ਹੋਕੇ ਜਮਹੂਰੀ ਤੇ ਇਨਸਾਫ਼ਪਸੰਦ ਸ਼ਖਸੀਅਤਾਂ ਨੂੰ ਜੇਲਾਂ ਵਿਚ ਸਾੜਨ ਦੀ ਤਾਕਤ ਹਥਿਆਈ ਬੈਠੇ ਹਨ ਜਿਹਨਾਂ ਦਾ ਆਪਣਾ ਹਿੰਦੂਤਵ ਦਾ ਏਜੰਡਾ ਮੁਲਕ ਦੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ ਹੈ।

2019 ਦੀਆਂ ਆਮ ਚੋਣਾਂ ਵਿਚ ਆਪਣੀ ਜਿੱਤ ਯਕੀਨੀਂ ਬਣਾਉਣ ਲਈ ਇਹਨਾਂ ਤਾਕਤਾਂ ਵੱਲੋਂ ਫਿਰਕੂ-ਜਾਤਪਾਤੀ ਪਾੜਾ ਵਧਾਉਣ ਦੀ ਮਨਸ਼ਾ ਨਾਲ ਹੋਰ ਵੀ ਖ਼ਤਰਨਾਕ ਚਾਲਾਂ ਚੱਲੀਆਂ ਜਾਣਗੀਆਂ। ਲਿਹਾਜ਼ਾ ਮਨੁੱਖਤਾਵਾਦੀ ਤਾਕਤਾਂ ਅੱਗੇ ਇਸਦਾ ਟਾਕਰਾ ਕਰਨ ਦੀ ਜ਼ਰੂਰਤ ਹੋਰ ਵੀ ਵਧੇਗੀ। ਉਪਰੋਕਤ ਵਿਰੋਧ ਪ੍ਰਦਰਸ਼ਨ ਇਸੇ ਉਮੀਦ ਦੀ ਕਿਰਨ ਹਨ।

## ਖਤਰਨਾਕ ਖੇਡ ਰਚਾ ਰਹੀ ਹੈ ਪੰਜਾਬ ਦੀ ਕਾਂਗਰਸ ਸਰਕਾਰ !

### "ਧਾਰਮਿਕ ਬੇਅਦਬੀ" ਲਈ ਉਮਰ ਕੈਦ ਦੀ ਸਜ਼ਾ ਦੇ ਫੈਸਲੇ ਦਾ ਡਟਵਾਂ ਵਿਰੋਧ ਕਰੀਏ !

### ਪਾਕਿਸਤਾਨ ਦੇ ਕੌੜੇ ਤਜ਼ਰਬੇ ਤੋਂ ਸਬਕ ਸਿਖੀਏ !

ਪੰਜਾਬ ਮੰਤਰੀ ਮੰਡਲ ਨੇ ਕੀਤੇ ਇੱਕ ਫੈਸਲੇ ਅਨੁਸਾਰ "ਸ਼੍ਰੀ ਗੁਰੂ ਗ੍ਰੰਥ ਸਾਹਿਬ, ਸ਼੍ਰੀਮਦ ਭਾਗਵਤ ਗੀਤਾਂ, ਕੁਰਾਨ ਸ਼ਰੀਫ ਅਤੇ ਬਾਈਬਲ" ਦੀ ਬੇਅਦਬੀ ਕਰਨ ਦੇ "ਦੋਸ਼" ਲਈ ਸਜ਼ਾ ਵਧਾ ਕੇ ਉਮਰ ਕੈਦ ਕਰਨ ਦਾ ਫੈਸਲਾ ਕੀਤਾ ਹੈ। ਇਸ ਮਕਸਦ ਲਈ ਅਕਾਲੀ ਭਾਜਪਾ ਸਰਕਾਰ ਵੱਲੋਂ ਪਾਸ ਕੀਤਾ ਬਿੱਲ ਰੱਦ ਕਰਕੇ, ਜਿਸ ਵਿਚ ਉਮਰ ਕੈਦ ਦੀ ਸਜ਼ਾ ਸਿਰਫ "ਸ਼੍ਰੀ ਗੁਰੂ ਗ੍ਰੰਥ ਸਾਹਿਬ" ਦੀ ਬੇਅਦਬੀ ਲਈ ਸੀ, ਹੁਣ ਸਾਰੇ ਧਰਮਾਂ ਦੇ ਕੱਟੜਪੰਥੀਆਂ ਦੀ ਹਉਮੈਂ ਨੂੰ ਪੱਠੇ ਪਾਉਣ ਲਈ ਅਤੇ ਕਾਂਗਰਸ ਮਾਰਕਾ ਧਰਮ ਨਿਰਪਖੱਤਾ ਦਾ ਵਿਖਾਲਾ ਪਾਉਣ ਲਈ ਇਸ ਵਿਚ ਹੋਰਾਂ ਧਰਮਾਂ ਦੇ ਗ੍ਰੰਥ ਵੀ ਜੋੜ ਦਿੱਤੇ ਗਏ ਹਨ।

ਇੱਕ ਸਮੇਂ ਪੰਜਾਬ ਚ ਕਾਂਗਰਸ ਨੇਂ ਸਿਆਸੀ ਲਾਹਾ ਖੱਟਣ ਅਤੇ ਆਵਦੀ ਸਰਕਾਰ ਬਣਾਉਣ ਲਈ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਉਭਾਰਿਆ ਸੀ। ਇਸ ਦਾ ਸੰਤਾਪ ਪੰਜਾਬ ਦੇ ਲੋਕਾਂ ਨੂੰ ਕਈ ਦਹਾਕੇ ਭੁਗਤਣਾ ਪਿਆ। ਹਜ਼ਾਰਾਂ ਬੇਦੋਸ਼ੇ ਪੁਲਸ, ਹਾਕਮਾਂ ਦੀਆਂ ਉਕਸਾਈਆਂ ਹਿੰਸਕ ਫਿਰਕੂ ਭੀੜਾਂ ਜਾਂ ਖਾੜਕੂਆਂ ਦੀਆਂ ਗੋਲੀਆਂ ਨਾਲ ਮੌਤ ਦੇ ਮੂੰਹ ਚ ਜਾ ਪਏ, ਲੱਖਾਂ ਘਰ ਉੱਜੜ ਗਏ, ਹਜ਼ਾਰਾਂ ਔਰਤਾਂ ਦੀ ਪੁਲਸ, ਖਾੜਕੂਆਂ ਅਤੇ ਹਿੰਸਕ ਭੀੜਾਂ ਹੱਥੋਂ ਬੇਪਤੀ ਹੋਈ। ਪੁਲਸ ਅਤੇ ਖਾੜਕੂਆਂ, ਦੋਹਾਂ ਨੇਂ ਹੀ ਲੋਕਾਂ ਨੂੰ ਲੁੱਟਣ ਅਤੇ ਕੁੱਟਣ ਚ ਕੋਈ ਕਸਰ ਨਹੀਂ ਛੱਡੀ। ਸਿਆਸੀ ਆਗੂ ਇੱਕ ਪਾਸੇ ਧਰਮ ਦੇ ਨਾਂ ਤੇ ਅਤੇ ਦੂਜੇ ਪਾਸੇ ਦੇਸ਼ ਦੀ ਏਕਤਾ ਅਤੇ ਅਖੰਡਤਾ ਦੇ ਝੂਠੇ ਮੁਖੌਟੇ ਪਾ ਕੇ ਲੋਕਾਂ ਨੂੰ ਗੁਮਰਾਹ ਕਰਦੇ ਰਹੇ, ਭਰਾ ਮਾਰ ਜੰਗ 'ਚ ਉਲਝਾਉਂਦੇ ਰਹੇ। ਹੁਣ ਫਿਰ ਕਾਂਗਰਸ ਓਸੇ ਰਾਹ ਚੱਲ ਪਈ ਹੈ। ਮੁਰਦਾ ਦੇਹਾਂ ਨੂੰ ਸ਼ਿੰਗਾਰ ਕੇ ਬਰਗਾੜੀ ਦੇ ਮੋਰਚੇ ਤੇ ਤਾਇਨਾਤ ਕਰ ਦਿੱਤਾ ਹੈ। ਜਿਨ੍ਹਾਂ ਦੀਆਂ ਸਿਆਸੀ ਗੱਤਕੇਬਾਜ਼ੀਆਂ ਦੂਰ ਦੂਰ ਤੱਕ ਮਸ਼ਹੂਰ ਹਨ, ਉਹਨਾਂ ਨੂੰ ਪੰਜਾਬ, ਖਾਸ ਤੌਰ 'ਤੇ ਸਿੱਖ ਤਬਕੇ ਦੇ ਆਗੂ ਸਥਾਪਤ ਕਰਨ ਦੀਆਂ ਸਰ ਤੋੜ ਕੋਸ਼ਿਸ਼ਾਂ ਹੋ ਰਹੀਆਂ ਹਨ। ਸਰਕਾਰ ਦੀ ਪੁਲਸ ਅਤੇ ਸੰਵਿਧਾਨਿਕ ਸੰਸਥਾਵਾਂ ਪੂਰੀ ਬੇਸ਼ਰਮੀ ਨਾਲ ਉਹਨਾਂ ਦੀ ਪਿੱਠ ਥਾਪੜਨ ਤੇ ਲੱਗੀਆਂ ਹੋਈਆਂ ਹਨ।

ਕਾਂਗਰਸ ਨੂੰ ਪਤਾ ਹੈ ਕਿ ਕਿਸੇ ਵੀ ਲੋਕ ਮਸਲੇ ਦੇ ਹੱਲ ਲਈ ਪੈਸੇ ਦੀ ਲੋੜ ਹੈ, ਪਰ ਸਰਕਾਰੀ ਖਜ਼ਾਨੇ ਦਾ ਪੈਸੇ ਤਾਂ ਆਵਦਿਆਂ ਨੂੰ ਲੁਟਾਉਣਾ ਹੈ, ਮੰਤਰੀਆਂ ਸੰਤਰੀਆਂ ਨੇ ਅਯਾਸ਼ੀਆਂ ਕਰਨੀਆਂ ਹਨ ? ਇਸ ਲਈ ਵੋਟਾਂ ਹਾਸਲ ਕਰਨ ਲਈ ਧਰਮ ਦਾ ਆਸਰਾ ਲਓ ? ਬੇਅਦਬੀ ਦਾ ਮੁੱਦਾ ਕਾਂਗਰਸ ਅਤੇ ਬਰਗਾੜੀ 'ਚ ਬੈਠੀਆਂ ਮੁਰਦਾ ਦੇਹਾਂ-ਦੋਨਾਂ ਦੇ ਹੀ ਹੱਕ ਚ ਭੁਗਤਦਾ ਹੈ ? ਅਮਰਿੰਦਰ ਵੱਲੋਂ ਵੋਟਾਂ ਲੈਣ ਲਈ ਗੁਰਬਾਣੀ ਦੇ ਗੁੱਟਕੇ ਹੱਥ 'ਚ ਲੈਕੇ ਸਹੁੰਆਂ ਖਾ ਕੇ ਕੀਤੇ ਵਾਅਦਿਆਂ ਤੋਂ ਭੱਜਣ ਦਾ ਸੌਖਾ ਰਾਹ ਦਿੰਦਾ ਹੈ। ਆਓ ਇਸ ਹਕੀਕਤ ਨੂੰ ਸਮਝੀਏ ਅਤੇ ਇਸ ਗੈਰ ਜਮਹੂਰੀ ਕਾਨੂੰਨ ਦਾ ਵਿਰੋਧ ਕਰੀਏ ?

# ਕਾਲੇ ਦਿਨਾਂ ਦੀ ਹੱਡਬੀਤੀ ਭੈਣ ਨਰਿੰਦਰ ਸੋਹਲ ਦੀ ਜ਼ੁਬਾਨੀ

ਨਰਿੰਦਰ ਕੌਰ ਸੋਹਲ
94641-13255



## ਹੱਢੀਂ ਹੰਢਾਏ ਦੌਰ ਦਾ ਸੱਚ

21 ਜੁਲਾਈ ਮੇਰੇ ਪਾਪਾ ਕਾਮਰੇਡ ਸਵਰਨ ਸੋਹਲ ਤੇ ਪਰਵਾਰ ਦੇ ਚਾਰ ਮੈਂਬਰਾਂ ਦੀ 27ਵੀਂ ਬਰਸੀ ਹੈ। ਹਰ ਸਾਲ ਜਦੋਂ ਵੀ ਇਹ ਦਿਨ ਨੇੜੇ ਆਉਂਦਾ, ਬੀਤੇ ਸਮੇਂ ਦੀ ਹੋਰ ਵੀ ਵਧੇਰੇ ਯਾਦ ਦਿਵਾਉਂਦਾ। ਇਹ ਕਦੇ ਵੀ ਭੁਲਇਆ ਨਹੀਂ ਜਾ ਸਕਿਆ। ਕਾਮਰੇਡ ਸਵਰਨ ਸੋਹਲ ਇੱਕ ਫੌਜੀ ਸਨ। ਉਹ 1965 ਦੀ ਜੰਗ ਤੋਂ ਐਨ੍ਹ ਪਹਿਲਾਂ ਆਪਣੀ ਭੈਣ ਦੇ ਵਿਆਹ ਵਿੱਚ ਵੀ ਸ਼ਾਮਲ ਨਾ ਹੋ ਸਕੇ। ਬਾਅਦ 'ਚ ਆਪਣੀ ਇੱਛਾ ਨਾਲ ਬਿਨਾਂ ਪੈਨਸ਼ਨ ਦੇ ਨੌਕਰੀ ਛੱਡ ਕੇ ਆ ਗਏ। ਪਿੰਡ ਸੋਹਲ ਜਿਲ੍ਹਾ ਤਰਨਤਾਰਨ (ਪੁਰਾਣਾ ਅੰਮ੍ਰਿਤਸਰ) ਜਿੱਥੇ ਸਾਡਾ ਜਨਮ ਹੋਇਆ ਪਾਪਾ ਦਾ ਨਾਨਕਾ ਪਿੰਡ ਸੀ। ਏਥੇ ਇੱਕ ਮੱਧਵਰਗੀ ਸਫਲ ਕਿਸਾਨ ਵਜੋਂ ਖੇਤੀ ਕਰਦਿਆਂ ਜਿੰਦਗੀ ਵਧੀਆ ਗੁਜਰ ਰਹੀ ਸੀ। ਪਿੰਡ ਵਿੱਚ ਹੀ ਕਾਮਰੇਡ ਕੁੰਦਨ ਲਾਲ ( ਕਾ: ਦਵਿੰਦਰ ਸੋਹਲ ਅਤੇ ਅਸ਼ੋਕ ਸੋਹਲ ਦੇ ਪਿਤਾ) ਨਾਲ ਨੇੜਤਾ ਹੀ ਮੇਰੇ ਪਾਪਾ ਨੂੰ ਕਮਿਊਨਿਸਟ ਬਨਣ ਵੱਲ ਲੈ ਆਈ। ਉਹ ਬਹੁਤ ਜਲਦੀ ਹੀ ਇੱਕ ਨਿਧੜਕ ਆਗੂ ਵਜੋਂ ਉਭਰੇ। ਉਹ ਜਿਲ੍ਹਾ ਕਿਸਾਨ ਸਭਾ ਅਤੇ ਇਲਾਕਾ ਪਾਰਟੀ ਦੋਹਾਂ ਦੇ ਸਹਾਇਕ ਸਕੱਤਰ ਬਣ ਗਏ। ਪਾਰਟੀ ਅਤੇ ਕਿਸਾਨ ਸਭਾ ਵੱਲੋਂ ਲੜੇ ਜਾਂਦੇ ਹਰ ਘੋਲ ਦੀ ਮੂਹਰਲੀ ਕਤਾਰ ਵਿੱਚ ਹੁੰਦੇ। ਕਈ ਮੋਰਚਿਆਂ ਦੌਰਾਨ ਭਾਵੇਂ ਜੇਲ੍ਹ ਵੀ ਜਾਣਾ ਪਿਆ ਪਰ ਉਹਨਾਂ ਕਦੇ ਹਿੰਮਤ ਅਤੇ ਹੌਂਸਲਾ ਕਮਜੋਰ ਨਾ ਪੈਣ ਦਿੱਤਾ। ਲੋਕਾਂ ਵਿੱਚ ਕੰਮ ਕਰਦਿਆਂ ਉਹਨਾਂ ਦੀ ਵਧ ਰਹੀ ਹਰਮਨਪਿਆਰਤਾ ਨੂੰ ਇਲਾਕੇ ਅਤੇ ਪਿੰਡ ਦੇ ਧਨਾਢ ਪਸੰਦ ਨਹੀਂ ਕਰਦੇ ਸਨ। ਉਹ ਕਮਿਊਨਿਸਟਾਂ ਦੇ ਵਧਦੇ ਆਧਾਰ ਨੂੰ ਰਾਜਨੀਤਕ ਤੌਰ 'ਤੇ ਆਪਣੇ ਲਈ ਖਤਰਾ ਮਹਿਸੂਸ ਕਰਨ ਲੱਗੇ।

ਪੰਜਾਬ ਅੰਦਰ ਅੱਤਵਾਦ ਦਾ ਦੌਰ ਚੱਲਿਆ। ਨੌਜਵਾਨਾਂ ਨੂੰ ਡਾਕਟਰ, ਅਧਿਆਪਕ, ਖਿਡਾਰੀ, ਇੰਜੀਨੀਅਰ, ਵਿਗਿਆਨੀ ਅਤੇ ਹੋਰ ਹੁਨਰਮੰਦ ਕਾਮੇ ਬਣਾ ਕੇ, ਸੂਬੇ ਦੀ ਤਰੱਕੀ ਲਈ ਉਹਨਾਂ ਦੀਆਂ ਸੇਵਾਵਾਂ ਲੈਣ ਦੀ ਥਾਂ, ਸਰਮਾਏ ਦੀ ਸਿਆਸਤ ਨੇ ਉਹਨਾਂ ਦੇ ਹੱਥਾਂ ਵਿੱਚ ਹਥਿਆਰ ਫੜਾ ਦਿੱਤੇ। ਪੈਸੇ ਅਤੇ ਹਥਿਆਰਾਂ ਦਾ ਲਾਲਚ ਦੇ ਕੇ ਉਹਨਾਂ ਨੂੰ ਗੁੰਮਰਾਹ ਕੀਤਾ। ਘਰਾਂ ਦੀ ਕਮਜੋਰ ਆਰਥਿਕ ਸਥਿਤੀ ਨੇ ਬਲਦੀ 'ਤੇ ਤੇਲ ਪਾਇਆ। ਪੰਜਾਬ ਦੇ ਹੱਸਦੇ-ਵੱਸਦੇ ਘਰਾਂ ਵਿੱਚੋਂ ਅੱਗ ਦੀਆਂ ਲਪਟਾਂ ਉੱਠਣ ਲੱਗੀਆਂ। ਘਰਾਂ ਵਿੱਚ ਖੁਸ਼ੀਆਂ ਦੀ ਥਾਂ ਮਾਤਮ ਛਾ ਗਿਆ। ਜਦੋਂ ਆਮ ਪੰਜਾਬੀ ਇਸਦਾ ਸੰਤਾਪ ਭੋਗ ਰਹੇ ਸਨ, ਉੱਜੜ ਰਹੇ ਸਨ ਤਾਂ ਕਈ ਪੁਲਿਸ ਮੁਲਾਜਮਾਂ, ਸਮੱਗਲਰਾਂ, ਸਿਆਸਤਦਾਨਾਂ, ਕਾਰੋਬਾਰੀਆਂ ਨੇ ਇਸ ਦੌਰ ਨੂੰ ਕਮਾਈ ਦਾ ਸਾਧਨ ਬਣਾ ਲਿਆ।

1986 ਵਿੱਚ ਜਦੋਂ ਕਾਮਰੇਡ ਮਸਤਾਨਾ ਨੂੰ ਸ਼ਹੀਦ ਕੀਤਾ ਗਿਆ, ਮੇਰੀ ਉਮਰ ਮਸਾਂ 9-10 ਸਾਲ ਦੀ ਸੀ। ਮੇਰੇ ਪਾਪਾ ਆਪਣਾ ਟਰੱਕ ਲੈ ਕੇ ਸ਼ਰਧਾਂਜਲੀ ਸਮਾਗਮ ਚ ਗਏ ਅਤੇ ਮੈਂ ਵੀ ਨਾਲ ਸੀ। ਮੈਨੂੰ ਨਹੀਂ ਯਾਦ ਕਿ ਮੈਂ ਉਹਨਾਂ ਨਾਲ ਕਿਵੇਂ ਚਲੀ ਗਈ, ਪਰ ਜਿੰਦਗੀ 'ਚ ਇਹ ਪਹਿਲਾ ਮੌਕਾ ਸੀ ਜਦ ਏਨਾ ਇਕੱਠ ਦੇਖਿਆ, ਕਿ ਪੈਰ ਰੱਖਣ ਨੂੰ ਵੀ ਥਾਂ ਨਹੀਂ ਸੀ। ਟਰੱਕ, ਟਰੈਕਟਰ-ਟਰਾਲੀਆਂ, ਪੀਟਰ ਰੇਹੜੇ, ਟੈਕਸੀਆਂ ਦੀਆਂ ਹਰ ਪਾਸੇ ਲਾਈਨਾਂ ਸਨ। ਇਕੱਠ ਜੋ ਖੇਤਾਂ ਵਿੱਚ ਸੀ ਉਸਦੇ ਚਾਰੇ ਪਾਸੇ ਹਥਿਆਰਬੰਦ ਕਾਮਰੇਡ ਵੱਡੀ ਗਿਣਤੀ 'ਚ ਸਨ। ਹਰ ਅੱਖ ਅੱਥਰੂ ਭਿੱਜੀ ਲੱਗਦੀ ਸੀ। ਇਕੱਠ ਵੱਲੋਂ ਬਹੁਤ ਜੋਸ਼ ਨਾਲ ਨਾਅਰੇ ਲਗਾਏ ਜਾ ਰਹੇ ਸਨ; 'ਸ਼ਹੀਦੋ ਤੁਹਾਡੀ ਸੋਚ ਤੇ, ਪਹਿਰਾ ਦਿਆਂਗੇ ਠੋਕ ਕੇ', 'ਸ਼ਹੀਦੋ ਤੁਹਾਡੇ ਕਾਜ ਅਧੂਰੇ, ਲਾ ਕੇ ਜਿੰਦੜੀਆਂ ਕਰਾਂਗੇ ਪੂਰੇ' ਆਦਿ। ਪਹਿਲੀ ਵਾਰ ਜੋਸ਼ 'ਚ ਨਾਅਰੇ ਇੱਥੇ ਹੀ ਲਾਏ ਸਨ, ਜਦਕਿ ਮੈਨੂੰ ਪਤਾ ਵੀ ਨੀਂ ਸੀ ਕੀ ਹੋਇਆ, ਕਿਉਂ ਹੋਇਆ? ਅੱਤਵਾਦ ਕੀ ਬਲਾ ਹੈ ਕੁਝ ਵੀ ਪਤਾ ਨਹੀਂ ਸੀ। ਉਦੋਂ ਸੋਚਿਆ ਨਹੀਂ ਸੀ ਕਿ ਸਾਡੇ ਘਰ ਵੀ ਇੰਝ ਦਾ ਇਕੱਠ ਹੋਵੇਗਾ।

ਕਮਿਊਨਿਸਟ ਪਾਰਟੀ ਵੱਲੋਂ ਮਾੜੇ ਮਾਹੌਲ ਖਿਲਾਫ ਜੂਨ 1987 'ਚ ਇਤਿਹਾਸਕ ਦਸ ਦਿਨਾਂ ਮਾਰਚ ਕੀਤਾ ਗਿਆ। ਜਦੋਂ ਪਿੰਡ ਸੋਹਲ ਜਲਸਾ ਕੀਤਾ ਜਾ ਰਿਹਾ ਸੀ ਤਾਂ ਕੁਝ ਸ਼ਰਾਰਤੀ ਅਨਸਰਾਂ ਨੇ ਘੁਰ-ਘੁਰ ਕਰਨੀ ਸ਼ੁਰੂ ਕਰ ਦਿੱਤੀ। ਪਾਪਾ ਨੇ ਸਟੇਜ ਤੋਂ ਸਿੱਧਾ ਵੰਗਾਰਦਿਆਂ ਕਿਹਾ, 'ਏਥੇ ਸ਼ਰਾਰਤ ਨੀਂ ਚੱਲੇਗੀ, ਜਿਸ ਕਿਸੇ ਨੂੰ ਜਿਆਦਾ ਤੰਗੀ ਹੈ, ਬਾਹਰ ਨਿੱਕਲ ਕੇ ਵੇਖ ਲਵੇ।' ਸ਼ਰਾਰਤੀਆਂ ਨੇ ਓਥੋਂ ਖਿਸਕਣਾ ਹੀ ਠੀਕ ਸਮਝਿਆ। ਇਵੇਂ ਹੀ ਇੱਕ ਵਾਰ ਜਦੋਂ ਅਜਿਹੇ ਸ਼ਰਾਰਤੀ ਅਨਸਰਾਂ ਨੇ ਕਾ: ਕੁੰਦਨ ਲਾਲ ਨੂੰ ਧਮਕੀ ਦੇਣ ਦੀ ਕੋਸ਼ਿਸ਼ ਕੀਤੀ ਤਾਂ ਪਾਪਾ ਨੇ ਬੇਖੌਫ ਹੋ ਕੇ ਕਿਹਾ ਕਿ 'ਜਦ ਤੱਕ ਮੈਂ ਜਿਉਂਦਾ ਹਾਂ, ਇਹਨਾਂ ਨੂੰ ਕੋਈ ਹੱਥ ਨੀ ਲਾ ਸਕਦਾ।' ਪਾਪਾ ਭਾਵੇਂ ਕਾ: ਕੁੰਦਨ ਲਾਲ ਤੋਂ ਉਮਰ 'ਚ ਛੋਟੇ ਸਨ, ਪਰ ਉਹਨਾਂ ਦਾ ਆਪਸੀ ਰਿਸ਼ਤਾ ਹਾਣੀਆਂ ਵਰਗਾ ਸੀ।

ਅਸੀਂ ਪਿੰਡ ਤੋਂ ਦੂਰ ਖੇਤਾਂ 'ਚ ਬਣੇ ਆਪਣੇ ਘਰ ਵਿੱਚ ਇਸ ਸਭ ਤੋਂ ਬੇਫਿਕਰ ਆਪਣੀ ਹੀ ਮਸਤੀ ਚ ਰਹਿੰਦੇ ਸੀ। ਸਾਡੇ ਪਰਵਾਰ 'ਚ ਅਸੀਂ ਪੰਜ ਭੈਣਾਂ ਤੇ ਇੱਕ ਭਰਾ, ਮੰਮੀ-ਪਾਪਾ, ਦਾਦਾ-ਦਾਦੀ, ਸਭ ਤੋਂ ਛੋਟੀ ਭੂਆ ਪ੍ਰਸਿੰਨ ਕੌਰ 'ਤੇ ਉਹਨਾਂ ਦੇ ਤਿੰਨ ਬੱਚੇ ਵੀ ਸਾਡੇ ਨਾਲ ਹੀ ਰਹਿੰਦੇ ਸੀ।(ਕਿਉਂਕਿ ਫੁੱਫੜ ਦੀ ਇੱਕ ਸੜਕ ਹਾਦਸੇ ਵਿੱਚ ਮੌਤ ਹੋ ਚੁੱਕੀ ਸੀ) ਪਰਵਾਰ 'ਚ ਘਟਨਾ ਵਾਪਰਨ ਤੋਂ ਕੁਝ ਦਿਨ ਪਹਿਲਾਂ, ਮੇਰੀ ਮਾਮੀ ਅਤੇ ਉਸਦਾ ਬੇਟਾ ਘਰ ਆਏ ਸਨ, ਜਿਨ੍ਹਾਂ ਕੋਲ ਅਖਬਾਰ ਸੀ, ਜਿਸ 'ਚ ਅੱਤਵਾਦੀਆਂ ਵੱਲੋਂ ਮਾਰੇ ਗਏ ਪਰਵਾਰ ਦੀਆ ਫੋਟੋਆਂ ਸਨ। ਮੈਂ ਪਹਿਲੀ ਵਾਰ ਏਨਾ ਡਰਾਉਣਾ ਦ੍ਰਿਸ਼ ਦੇਖਿਆ। ਸਾਡਾ 14-15 ਜੀਆਂ ਦਾ ਏਨਾ ਵੱਡਾ ਟੱਬਰ ਜੋ ਖ਼ੁਸ਼ੀ ਨਾਲ ਰਹਿ ਰਿਹਾ ਸੀ ਕਿ ਅਚਾਨਕ ਉਹ ਮਨਹੂਸ ਰਾਤ ਆ ਪਹੁੰਚੀ ਜੋ ਸਭ ਕੁਝ ਖੋਹ ਕੇ ਲੈ ਗਈ। 21 ਜੁਲਾਈ 1987 ਦਿਨ ਵੇਲੇ ਪਿੰਡ ਵਿੱਚ ਖਰਾਬ ਹੋਈ ਕਣਕ ਦੀ ਫਸਲ ਦਾ ਮੁਆਵਜਾ ਵੰਡਿਆ ਜਾ ਰਿਹਾ ਸੀ। ਇਸਦੀ ਵੰਡ ਵਿੱਚ ਹੇਰਾ ਫੇਰੀ ਨਾ ਹੋਵੇ ਤਾਂ ਪਾਪਾ ਕਿਸਾਨ ਸਭਾ ਦੇ ਆਗੂ ਵਜੋਂ ਓਥੇ ਹਾਜਰ ਰਹੇ। ਅੱਤਵਾਦੀ ਜੋ ਉਹਨਾਂ ਨਾਲ ਸਿੱਧੇ ਮੁਕਾਬਲੇ ਵਿੱਚ ਨਹੀਂ ਸਨ ਪੈਣਾ ਚਹੁੰਦੇ, ਪਾਪਾ ਦੇ ਸਿਰਫ ਉਸ ਦਿਨ ਅਵੇਸਲੇ ਹੋਣ 'ਤੇ ਹਨੇਰੇ ਦਾ ਲਾਹਾ ਉਠਾ ਗਏ। ਰਾਤ ਰੋਜ ਦੀ ਤਰ੍ਹਾਂ ਮੇਰੇ ਪਾਪਾ ਅਤੇ ਘਰ 'ਚ ਕੰਮ ਕਰਦਾ ਕਾਮਾ ਹੀਰਾ ਸਿੰਘ (ਜਿਸਨੂੰ ਪਾਪਾ ਆਪਣੇ ਪੁੱਤ ਵਾਂਗ ਹੀ ਸਮਝਦੇ ਸਨ) ਛੱਤ ਉੱਤੇ ਤੇ ਬਾਕੀ ਸਾਰਾ ਪਰਵਾਰ ਵਿਹੜੇ 'ਚ ਸੁੱਤਾ ਪਿਆ ਸੀ, 11 ਵਜੇ ਦੇ ਲਗਭਗ ਅੱਤਵਾਦੀਆਂ ਨੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਮੈਂ ਇਸ ਸਭ ਤੋਂ ਬੇ-ਖ਼ਬਰ ਆਪਣੇ ਮੰਜੇ ਤੇ ਪਈ ਸੋਚ ਰਹੀ ਸੀ ਕਿ ਬੱਦਲ ਗਰਜ ਰਹੇ ਹਨ, ਬਿਜਲੀ ਚਮਕ ਰਹੀ ਹੈ ਅਤੇ ਬਾਹਰ ਕੋਈ ਆਵਾਜਾਂ ਮਾਰ ਰਿਹਾ ਹੈ। ਪਰ ਕੋਈ ਗੇਟ ਕਿਉਂ ਨਹੀਂ ਖੋਲ ਰਿਹਾ! ਜਦ ਹੀ ਮੈਂ ਇਹ ਸੋਚਦਿਆਂ ਪਾਸਾ ਲਿਆ ਤਾਂ ਛੱਤ ਤੇ ਖੜੇ ਇੱਕ ਬੰਦੇ ਨੇ ਗੋਲੀ ਚਲਾ ਦਿੱਤੀ ਜੋ ਮੇਰੀ ਸੱਜੀ ਲੱਤ ਵਿੱਚ ਵੱਜੀ ਅਤੇ ਮੈਨੂੰ ਇੰਝ ਲੱਗਾ ਜਿਵੇਂ ਲੋਹੇ ਦੀ ਬਹੁਤ ਭਾਰੀ ਚੀਜ ਮੇਰੇ ਉੱਪਰ ਡਿੱਗ ਪਈ ਹੋਵੇ। ਮੇਰੀਆਂ ਚੀਕਾਂ ਨਿੱਕਲ ਗਈਆਂ। ਮੇਰੀ ਸਭ ਤੋਂ ਵੱਡੀ ਭੈਣ ਭੁਪਿੰਦਰ ਨੇ ਭੱਜ ਕੇ ਮੈਨੂੰ ਚੁੱਕ ਲਿਆ ਤੇ ਵਿਹੜੇ ਦੇ ਇੱਕ ਪਾਸੇ ਰੁੱਖ ਕੋਲ ਖੜੀ ਟਰਾਲੀ ਦੀ ਓਟ 'ਚ ਲੈ ਗਈ। ਇੱਥੇ ਮੇਰੀਆਂ ਦੋ ਭੈਣਾਂ ਸਭ ਤੋਂ ਛੋਟੀ ਕੁਲਵਿੰਦਰ ਅਤੇ ਮੇਰੇ ਤੋਂ ਵੱਡੀ ਵੀਰਇੰਦਰ ਜਿਸਦੀ ਗੋੜ ਦੀ ਹੱਡੀ ਕੋਲ ਗੋਲੀ ਲੱਗੀ ਸੀ, ਵੀ ਲੁਕ ਕੇ ਬੈਠੀਆਂ ਸਨ। ਮੈਨੂੰ ਕੁਝ ਸਮਝ ਨਹੀਂ ਆ ਰਿਹਾ ਸੀ ਪਰ ਵੱਡੀ ਭੈਣ ਵੱਲੋਂ ਕੀਤਾ ਚੁੱਪ ਰਹਿਣ ਦਾ ਇਸ਼ਾਰਾ ਅਸੀਂ ਜਰੂਰ ਸਮਝ ਗਈਆਂ ਸਾਂ। ਤਕਰੀਬਨ ਅੱਧਾ ਘੰਟਾ ਗੋਲੀਆਂ ਚੱਲਦੀਆਂ ਰਹੀਆਂ ਫਿਰ ਸ਼ਾਂਤੀ ਹੋ ਗਈ। ਮੇਰੀ ਭੂਆ ਦੇ 8-9 ਸਾਲ ਦੇ ਮੁੰਡੇ 'ਭੇਜੇ' ਨੇ ਅਚਾਨਕ ਖੇਸ ਮੰਗ ਲਿਆ ਤੇ ਸ਼ਾਇਦ ਇਹ ਆਵਾਜ ਅੱਤਵਾਦੀਆਂ ਨੂੰ ਸੁਣ ਗਈ। ਉਹ ਦੁਬਾਰਾ ਆ ਕੇ ਗੋਲੀਆਂ ਚਲਾਉਣ ਲੱਗ ਪਏ। ਉਹਨਾਂ ਆਪਣੇ ਵੱਲੋਂ ਪੂਰਾ ਪਰਵਾਰ ਖਤਮ ਕਰਨ ਦੀ ਤਸੱਲੀ ਤੱਕ ਗੋਲੀ ਚਲਾਈ। ਪਰ ਉਹ ਘਰ ਦੇ ਅੰਦਰ ਆਉਣ ਦੀ ਹਿੰਮਤ ਨਾ ਕਰ ਸਕੇ। ਜਦੋਂ ਕਾਫੀ ਦੇਰ ਤੱਕ ਸ਼ਾਂਤੀ ਰਹੀ ਤਾਂ ਅਸੀਂ ਉੱਠ ਖੜੀਆਂ। ਮੇਰੇ ਨਾਲ ਦੇ ਮੰਜੇ 'ਤੇ ਪਈ ਛੋਟੀ ਭੈਣ ਰਾਜਵਿੰਦਰ ਦਰਦ ਨਾਲ ਹੂੰਗ ਰਹੀ ਸੀ ਜਿਸਦੇ ਸਿਰ ਅਤੇ ਸਰੀਰ ਉੱਪਰ ਅਣਗਿਣਤ ਗੋਲੀਆਂ ਵੱਜੀਆਂ ਸਨ, ਉਸਦੀ ਹਾਲਤ ਬੜੀ ਗੰਭੀਰ ਸੀ। ਅਸੀਂ ਉਸਦੇ ਮੂੰਹ 'ਚ ਪਾਣੀ ਪਾਉਣ ਲੱਗੇ, ਅਖੀਰ ਉਸਨੇ ਦਮ ਤੋੜ ਦਿੱਤਾ। ਮੇਰੀ ਮੰਮੀ ਜਮੀਨ 'ਤੇ ਡਿੱਗੀ ਪਈ ਸੀ, ਜਿਸਦੀ ਛਾਤੀ ਗੋਲੀਆਂ ਨਾਲ ਛਨਣੀ ਸੀ। ਦਾਦੀ, ਜੋ



ਸ਼ਾਇਦ ਉੱਠਣ ਦੀ ਕੋਸ਼ਿਸ਼ ਕਰਦਿਆਂ ਗੋਲੀਆਂ ਦਾ ਸ਼ਿਕਾਰ ਹੋਈ ਹੋਵੇਗੀ, ਉਸਦਾ ਬੇਜਾਨ ਸਰੀਰ ਅੱਧਾ ਮੰਜੇ ਤੋਂ ਉੱਪਰ ਅਤੇ ਅੱਧਾ ਥੱਲੇ ਸੀ। ਭੂਆ ਅਤੇ ਸਭ ਤੋਂ ਵੱਡੀ ਭੈਣ ਨੇ ਸਭ ਤੋਂ ਪਹਿਲਾ ਕੰਮ ਵੀਰ ਨੂੰ ਲੱਭਣ ਦਾ ਕੀਤਾ, ਕਿਉਂਕਿ ਉਸਦਾ ਮੰਜਾ ਖਾਲੀ ਸੀ। ਸਾਰੇ ਕਮਰਿਆਂ ਵਿੱਚ ਲੱਭਦਿਆਂ ਜਦੋਂ ਉਹ ਮੋਟਰ ਵਾਲੀ ਕੋਠੜੀ ਵਿੱਚ ਜਾ ਕੇ ਹੌਲੀ-ਹੌਲੀ ਆਵਾਜਾਂ ਮਾਰ ਰਹੀਆਂ ਸੀ ਤਾਂ ਵੀਰ ਨੇ ਭੂਆ ਦੀ ਸਲਵਾਰ ਦਾ ਪੌਂਚਾ ਫੜ ਲਿਆ ਤੇ ਹੌਲੀ ਜਿਹੇ ਕਿਹਾ 'ਮੈਂ ਠੀਕ ਹਾਂ, ਮੇਰਾ ਫਿਕਰ ਨਾ ਕਰੋ ਦੂਜਿਆਂ ਨੂੰ ਦੇਖੋ।' (ਵੀਰ ਨੂੰ ਪਾਪਾ ਨੇ ਪਹਿਲਾਂ ਹੀ ਇਸ ਬਾਰੇ ਸੁਚੇਤ ਕੀਤਾ ਹੋਇਆ ਸੀ, ਕਿ ਕਿਸੇ ਵੇਲੇ ਕੁਝ ਵੀ ਵਾਪਰ ਸਕਦਾ, 'ਤੂੰ ਮੇਰੀ ਚਿੰਤਾ ਨਾ ਕਰੀਂ, ਆਪਣੀ ਜਾਨ ਬਚਾਉਣ ਦੀ ਕੋਸ਼ਿਸ ਕਰੀਂ।')

ਛੱਤ ਤੇ ਕੀ ਵਾਪਰ ਚੁੱਕਾ, ਕਿਸੇ ਨੂੰ ਕੁਝ ਪਤਾ ਨਹੀਂ ਸੀ ਅਤੇ ਨਾ ਹੀ ਵੇਖਣ ਦਾ ਹੌਂਸਲਾ। ਭੂਆ ਤੇ ਵੱਡੀ ਭੈਣ ਉਸ ਸਮੇਂ ਹੀ ਜਿਸ ਬੈਠਕ ਦੇ ਦਰਵਾਜੇ ਸਹਾਰੇ ਅੱਤਵਾਦੀ ਛੱਤ 'ਤੇ ਚੜੇ ਸਨ, ਉਸ ਵੱਲ ਦੀ ਹੀ ਬਾਹਰ ਨਿੱਕਲੀਆਂ ਤੇ ਨਾਲ ਦੀ ਬਹਿਕ 'ਤੇ ਜਾ ਦੱਸਿਆ ਕਿ 'ਸਾਡੇ ਘਰ ਹਮਲਾ ਹੋ ਗਿਆ, ਕੌਣ ਬਚਿਆ ਕੌਣ ਨਹੀਂ, ਕੁਝ ਪਤਾ ਨਹੀਂ'। ਅੱਗੋਂ ਉਹਨਾਂ ਇਹ ਕਹਿ ਕੇ ਤੋਰ ਦਿੱਤਾ ਕਿ 'ਤੁਸੀਂ ਜਾਓ ਅਸੀਂ ਇਕੱਠੇ ਹੋ ਕੇ ਆਉਂਦੇ ਹਾਂ।' ਭੈਣ ਹੁਰਾਂ ਵਾਪਸ ਆ ਸਾਨੂੰ ਸਾਰਿਆਂ ਨੂੰ ਦੁੱਧ, ਜੋ ਸਾਡੀ ਮਾਂ ਨੇ ਸਵੇਰ ਲਈ ਰੱਖਿਆ ਸੀ, ਪਿਆਇਆ। ਅਸੀਂ ਚੁੱਪ ਚਾਪ ਪੀ ਲਿਆ। ਸਾਡੇ ਦੋਵਾਂ ਭੈਣਾਂ ਦੇ ਜਖਮਾਂ ਚੋਂ ਖ਼ੂਨ ਬਹੁਤ ਵਹਿ ਰਿਹਾ ਸੀ। ਵੱਡੀ ਭੈਣ ਅਤੇ ਭੂਆ ਨੇ ਆਪਣੇ ਸਿਰਾਂ ਤੋਂ ਚੁੰਨੀਆਂ ਲਾਹ ਕੇ ਜਖਮਾਂ 'ਤੇ ਬੰਨ੍ਹ ਦਿੱਤੀਆਂ। ਅਸੀਂ ਸਾਰੀ ਰਾਤ ਕਦੀ ਅੰਦਰ ਅਤੇ ਕਦੀ ਬਾਹਰ ਤੁਰੇ ਫਿਰਦੇ ਰਹੇ, ਖੁੱਲ ਕੇ ਰੋ ਵੀ ਨਹੀਂ ਸਾਂ ਸਕਦੇ। ਸਵੇਰੇ ਚਾਰ ਕੁ ਵਜੇ ਪਿੰਡ ਦੇ ਕੁਝ ਮੋਹਤਬਰ ਬੰਦੇ ਘਰ ਆਏ, ਗੱਲਬਾਤ ਕਰਕੇ ਵੀਰ ਨੂੰ ਆਪਣੇ ਨਾਲ ਲੈ ਗਏ।

ਇਧਰ ਏਨੀ ਵੱਡੀ ਘਟਨਾ ਵਾਪਰ ਚੁੱਕੀ ਸੀ ਤੇ ਓਧਰ ਪਿੰਡ ਦੇ ਦੂਜੇ ਪਾਸੇ ਕਾਮਰੇਡ ਕੁੰਦਨ ਲਾਲ ਇਸ ਗੱਲ ਤੋਂ ਬੇਖਬਰ ਸਨ। ਸੁਬਾ ਜਦੋਂ ਉਹਨਾਂ ਦਾ ਕਿਸੇ ਨੇ ਗੇਟ ਖੜਕਾਇਆ ਤਾਂ ਉਹਨਾਂ ਸਮਝਿਆ 'ਕਾਮਰੇਡ ਸਵਰਨ ਆਇਆ' ਕਿਉਂਕਿ ਰਾਤ ਚੱਲੀਆਂ ਗੋਲੀਆਂ ਨੂੰ ਉਹ 'ਕਿਤੇ ਮੁਕਾਬਲਾ ਹੋਇਆ' ਸਮਝਦੇ ਰਹੇ। ਪਰ ਗੇਟ ਖੋਹਲਣ 'ਤੇ ਪਤਾ ਲੱਗਾ ਕਿ ਮੈਂ ਜਿਸਦੀ ਉਡੀਕ ਕਰ ਰਿਹਾ ਹਾਂ, ਉਹ ਤਾਂ ਸਾਥ ਛੱਡ ਕੇ ਬਹੁਤ ਦੂਰ ਜਾ ਚੁੱਕਾ, ਜਿਥੋਂ ਕੋਈ ਵਾਪਸ ਨਹੀਂ ਆਉਂਦਾ। ਤੁਰੰਤ ਹਰ ਪਾਸੇ ਸੁਨੇਹੇ ਭੇਜ ਦਿੱਤੇ ਗਏ ਤੇ ਜਿਉਂ-ਜਿਉਂ ਦਿਨ ਚੜ੍ਹਦਾ ਜਾ ਰਿਹਾ ਸੀ, ਸਾਡੇ ਘਰ, ਪਿੰਡ ਅਤੇ ਇਲਾਕੇ ਦੇ ਲੋਕਾਂ ਦੀ ਗਿਣਤੀ ਵੱਧਦੀ ਜਾ ਰਹੀ ਸੀ। ਸਾਨੂੰ ਜਖਮੀ ਭੈਣਾਂ ਨੂੰ ਇੱਕ ਟੈਕਸੀ ਵਿੱਚ ਬਿਠਾ ਲਿਆ ਗਿਆ ਤੇ ਮੈਂ ਵੇਖ ਰਹੀ ਸੀ ਸ਼ਹੀਦ ਕਾਮਰੇਡ ਅਰਜਨ ਸਿੰਘ ਮਸਤਾਨੇ ਦੇ ਸ਼ਰਧਾਜਲੀ ਸਮਾਗਮ ਵਰਗਾ ਇੱਕਠ ਅੱਜ ਸਾਡੇ ਘਰ ਹੋਇਆ ਪਿਆ ਸੀ। ਅਸੀਂ ਅਜੇ ਟੈਕਸੀ ਵਿੱਚ ਬੈਠੀਆਂ ਘਰ ਵੱਲ ਵੇਖ ਹੀ ਰਹੀਆਂ ਸੀ ਕਿ ਸਾਡੇ ਪਾਪਾ ਦੇ ਮੰਜੇ ਨੂੰ ਰੱਸਿਆਂ ਨਾਲ ਬੰਨ ਕੇ ਥੱਲੇ ਲਾਹਿਆ ਜਾ ਰਿਹਾ ਸੀ। ਸਾਡਾ ਰੋਣ ਨਿੱਕਲ ਗਿਆ। ਮਨ ਵਿੱਚ ਆਇਆ ਕਿ ਉਹ ਦਲੇਰ ਵਿਆਕਤੀ ਜਿਸਤੋਂ ਜਾਲਮ ਤ੍ਰਬਕਦੇ ਸਨ, ਅੱਜ ਮੰਜੇ 'ਤੇ ਬੇਜਾਨ ਪਿਆ। ਸਾਨੂੰ ਰੋਂਦਿਆਂ ਦੇਖ ਟੈਕਸੀ ਓਸੇ ਵੇਲੇ ਹਸਪਤਾਲ ਨੂੰ ਤੁਰ ਪਈ ਤੇ ਅਸੀਂ ਆਪਣੇ ਸ਼ਹੀਦ ਪਰਵਾਰ ਚੋਂ ਕਿਸੇ ਦਾ ਮੂੰਹ ਵੀ ਨਾ ਵੇਖ ਸਕੀਆਂ। ਮੇਰੇ ਦਾਦਾ ਜੀ ਜੋ ਉਸ ਰਾਤ ਘਰ ਨਹੀਂ ਸੀ, ਆਪਣੇ ਜੱਦੀ ਪਿੰਡ 'ਭੈਣੀ ਮੱਟੂਆਂ' ਗਏ ਹੋਏ ਸਨ। ਉਹਨਾਂ ਨੂੰ ਓਥੋਂ ਲਿਆਂਦਾ ਗਿਆ। ਇਸ ਘਟਨਾ ਬਾਰੇ ਅਜੇ ਉਹਨਾਂ ਨੂੰ ਪੂਰਾ ਪਤਾ ਨਹੀਂ ਸੀ, ਉਹ ਭੁਲੇਖੇ 'ਚ ਸਨ ਕਿ ਉਹਨਾਂ ਦੀ ਨੂੰਹ (ਮੇਰੀ ਮੰਮੀ) ਜਿੰਦਾ ਹੈ। ਉਹਨਾਂ ਨੂੰ ਇਹ ਯਕੀਨ ਸੀ ਕਿ ਉਹ ਬਾਕੀ ਪਰਵਾਰ ਨੂੰ ਸੰਭਾਲ ਲਵੇਗੀ। ਪਰ ਜਦੋਂ ਉਹਨਾਂ ਨੂੰ ਸੱਚ ਪਤਾ ਲੱਗਾ ਤਾਂ ਉਹ ਪੂਰੀ ਤਰਾਂ ਟੁੱਟ ਗਏ। ਉਹਨਾਂ ਨੂੰ ਲੱਗੇ ਏਨੇ ਵੱਡੇ ਸਦਮੇ ਕਾਰਨ ਹੀ ਉਹ ਇਸ ਘਟਨਾ ਤੋਂ ਬਾਅਦ ਛੇ ਮਹੀਨੇ ਤੋਂ ਵੱਧ ਜਿਉਂਦੇ ਨਾ ਰਹਿ ਸਕੇ।

ਓਧਰ ਹਸਪਤਾਲ ਵਿੱਚ ਗੋਲੀ ਕੱਢ ਕੇ, ਮੇਰੀ ਲੱਤ 'ਤੇ ਪਲੱਸਰ ਲੱਗ ਚੁੱਕਾ ਸੀ, ਜਿਸਦਾ ਦਰਦ ਮੈਂ ਅੱਜ ਵੀ ਮਹਿਸੂਸ ਕਰ ਸਕਦੀ ਹਾਂ। ਅਗਲੇ ਦਿਨ ਰਿਸ਼ਤੇ ਚੋਂ ਲੱਗਦੀ ਮਾਸੀ ਜੋ ਅੰਮ੍ਰਿਤਸਰ ਹੀ ਰਹਿੰਦੀ ਸੀ, ਸਾਨੂੰ ਹਸਪਤਾਲ ਚੋਂ ਆਪਣੇ ਘਰ ਲੈ ਗਈ। ਓਥੇ ਹੀ ਅਸੀਂ ਆਪਣੇ ਪਰਵਾਰ ਦੀ ਤ੍ਰਾਸਦੀ ਅਤੇ ਸਭ ਦੇ ਮੂੰਹ ਅਖਬਾਰ ਵਿੱਚ ਦੇਖੇ। ਉਹ ਅਖਬਾਰ ਅੱਜ ਵੀ ਮੇਰੇ ਕੋਲ ਹੈ। ਹਫਤੇ ਬਾਅਦ ਜਦੋਂ ਸਾਨੂੰ ਘਰ ਲਿਆਂਦਾ ਗਿਆ ਤਾਂ ਆਲੇ-ਦੁਆਲੇ ਖੜੀ 'ਚਰੀ' ਵਿੱਚ ਇਹ ਘਰ ਵੀਰਾਨ ਲੱਗ ਰਿਹਾ ਸੀ। ਉਹ ਘਰ ਜਿੱਥੇ ਹਰ ਪਾਸੇ ਰੌਣਕ ਅਤੇ ਖੁਸ਼ੀਆਂ ਸੀ, ਹੁਣ ਦੁਖੀ ਅਤੇ ਉਦਾਸ ਸੀ। ਘਰ ਆ ਕੇ ਅਸੀਂ ਰੱਜ ਕੇ ਰੋਈਆਂ। ਵੱਡੀ ਭੈਣ ਨੇ ਸ਼ਹੀਦ ਜੀਆਂ ਦੀਆਂ ਚੀਜਾਂ ਥਾਂ-ਟਿਕਾਣੇ ਸਾਂਭ ਦਿੱਤੀਆਂ ਸਨ। ਪਾਪਾ ਦੀ ਰੋਜ ਪਾਉਣ ਵਾਲੀ ਜੁੱਤੀ ਬਾਰੀ ਦੇ ਉੱਤੇ ਪਈ ਸੀ, ਜੋ ਉਹਨਾਂ ਦੇ ਮੁੱਕ ਚੁੱਕੇ ਸਫਰ ਨੂੰ ਦਰਸਾਉਂਦੀ ਸੀ। ਜਿਸਨੂੰ ਵੇਖ ਕੇ ਰੋਣਾ ਰੁਕ ਨਹੀਂ ਸੀ ਰਿਹਾ। ਸ਼ਰਧਾਜਲੀ ਸਮਾਗਮ ਕਿਵੇਂ ਹੋਇਆ, ਕਿੰਨਾਂ ਇਕੱਠ ਹੋਇਆ ਮੈਨੂੰ ਕੁਝ ਯਾਦ ਨਹੀਂ ਰਿਹਾ, ਪਤਾ ਨਹੀਂ ਕਿਉਂ।

ਪਾਪਾ ਦੇ ਸਭ ਤੋਂ ਨੇੜਲੇ ਮਿੱਤਰ ਅਤੇ ਪੱਗ ਵੱਟ ਭਰਾ ਕਾਮਰੇਡ ਸੁਖਚੈਨ ਸਿੰਘ ਜੋ ਹਮੇਸ਼ਾ ਇਕੱਠੇ ਰਹਿੰਦੇ ਹੁੰਦੇ ਸਨ। ਉਹ ਪਰਵਾਰ ਸਮੇਤ ਝਬਾਲ ਸ਼ੈਲਰ 'ਤੇ ਰਹਿੰਦੇ ਸਨ, ਇਹ ਇਲਾਕੇ ਦੇ ਕਮਿਊਨਿਸਟਾਂ ਲਈ ਸਰਗਰਮੀਆ ਦਾ ਕੇਂਦਰ ਸੀ। ਇੱਥੇ ਵੱਡੀ ਗਿਣਤੀ ਵਿੱਚ ਹਥਿਆਰ ਸਨ ਅਤੇ 24 ਘੰਟੇ ਕਮਿਊਨਿਸਟ ਨੌਜਵਾਨ ਮੋਰਚਾ ਸੰਭਾਲੀ ਰੱਖਦੇ। ਕਾ: ਸੁਖਚੈਨ ਸਿੰਘ ਅਤੇ ਉਹਨਾਂ ਦੀ ਪਤਨੀ ਕਾ: ਰਜਿੰਦਰਪਾਲ ਕੌਰ ਨੇ ਘਟਨਾ ਤੋਂ ਬਾਅਦ ਸਾਡੇ ਪਰਵਾਰ ਦੀ ਜਿੰਮੇਵਾਰੀ ਸੰਭਾਲੀ। ਵੀਰ ਨੂੰ ਜਲੰਧਰ ਹੋਸਟਲ 'ਚ ਭੇਜ ਦਿੱਤਾ। ਸਭ ਤੋਂ ਵੱਡੀ ਭੈਣ ਦਾ ਵਿਆਹ ਛੇ ਮਹੀਨੇ ਦੇ ਅੰਦਰ-ਅੰਦਰ ਕਰ ਦਿੱਤਾ ਗਿਆ। ਮੇਰੇ ਤੋਂ ਵੱਡੀ ਭੈਣ ਨੂੰ ਸਕੂਲ 'ਚ ਨੌਕਰੀ ਮਿਲ ਗਈ ਅਤੇ ਸੁਰੱਖਿਆ ਨੂੰ ਧਿਆਨ 'ਚ ਰੱਖਦਿਆਂ ਉਹ ਝਬਾਲ ਸ਼ੈਲਰ 'ਤੇ ਉਹਨਾਂ ਕੋਲ ਰਹਿਣ ਲੱਗ ਪਈ। ਸਭ ਤੋਂ ਛੋਟੀ ਨੂੰ ਪਟਿਆਲੇ ਅਨਾਥ ਆਸ਼ਰਮ ਵਿੱਚ ਭੇਜ ਦਿੱਤਾ ਗਿਆ। ਸਾਡਾ ਪਰਵਾਰ ਤੀਲਾ-ਤੀਲਾ ਕਰਕੇ ਬਿਖਰ ਚੁੱਕਾ ਸੀ। ਸਿਰਫ ਮੈਂ ਅਤੇ ਭੂਆ ਦਾ ਪਰਵਾਰ ਹੀ ਘਰ ਵਿੱਚ ਰਹਿ ਗਏ, ਪਰ ਇਥੇ ਰਹਿਣ ਨੂੰ ਹੁਣ ਦਿਲ ਨਹੀਂ ਸੀ ਕਰਦਾ।

ਸਮੱਸਿਆਵਾਂ ਅਜੇ ਖਤਮ ਨਹੀਂ ਸਨ ਹੋਈਆਂ। ਇੱਕ ਰਾਤ ਮੈਂ, ਮੇਰੀ ਭੂਆ ਦਾ ਪਰਵਾਰ ਅਤੇ ਖਡੂਰ ਸਾਹਿਬ ਵਾਲੀ ਸਭ ਤੋਂ ਵੱਡੀ ਭੂਆ ਪ੍ਰਕਾਸ਼ ਦੀ ਬੇਟੀ, ਜੋ ਸਾਡੇ ਕੋਲ ਆਈ ਹੋਈ ਸੀ। ਅਸੀਂ ਅੰਦਰ ਸੌਣ ਲੱਗੇ ਸਾਂ ਕਿ ਬਾਹਰ ਸਾਡੇ ਪਰਵਾਸੀ ਮਜਦੂਰ ਦੀ ਚੀਕ ਸੁਣਾਈ ਦਿੱਤੀ। ਸਾਡੇ ਦਿਲ ਕੰਬ ਗਏ, ਅਸੀਂ ਉਹ ਕਮਰਾ ਛੱਡ ਦੂਜੇ ਵਿੱਚ ਚਲੇ ਗਏ। ਇਥੇ ਇੱਕ ਹੀ ਮੰਜਾ ਅਤੇ ਇੱਕ ਹੀ ਰਜਾਈ ਸੀ। ਮੈਂ ਅਤੇ ਭੂਆ ਦੇ ਬੱਚੇ ਉਸ ਰਜਾਈ ਵਿੱਚ ਦੁਬਕ ਗਏ। ਬਾਹਰ ਕਿਸੇ ਨੇ ਦਰਵਾਜੇ ਨੂੰ ਏਨੀ ਜੋਰ ਦੀ ਠੁੱਡ ਮਾਰਿਆ, ਇੰਝ ਲੱਗਾ ਜਿਵੇਂ ਬੰਬ ਚੱਲਿਆ ਹੋਵੇ। ਭੂਆ ਨੇ ਡਰਦਿਆਂ ਪੁੱਛਿਆ 'ਕੌਣ ਏਂ? ਉਹਨਾਂ ਦਰਵਾਜਾ ਖੋਹਲਣ ਲਈ ਕਿਹਾ। ਡਰਦਿਆਂ-ਡਰਦਿਆਂ ਭੂਆ ਨੇ ਦਰਵਾਜਾ ਖੋਹਲਿਆ ਤਾਂ ਦੋ ਆਦਮੀ ਜਿੰਨਾਂ ਦੇ ਮੂੰਹ ਬੰਨ੍ਹੇ ਹੋਏ ਸਨ ਅੰਦਰ ਆਏ। ਟਾਰਚ ਜਗਾਉਂਦੇ-ਬੁਝਾਉਂਦੇ ਇਹਨਾਂ ਬੰਦਿਆਂ ਦੀਆਂ ਸਿਰਫ ਅੱਖਾਂ ਹੀ ਦਿਖਾਈ ਦਿੰਦੀਆਂ ਸਨ। ਸਾਨੂੰ ਲੱਗਾ ਅੱਜ ਮੌਤ ਸਿਰ 'ਤੇ ਖੜੀ ਹੈ। ਉਹਨਾਂ ਪੈਸੇ ਮੰਗੇ, ਟਰੰਕ, ਪੇਟੀ, ਸੰਦੂਕ ਦੀ ਫਰੋਲਾ-ਫਰਾਲੀ ਕਰਾਈ ਤੇ ਜਿੰਨੇ ਵੀ ਪੈਸੇ ਮਿਲੇ ਲੈ ਕੇ ਚਲੇ ਗਏ, ਪਰ ਸਾਡੇ 'ਤੇ ਛੱਡ ਗਏ ਇੱਕ ਹੋਰ ਦਹਿਸ਼ਤ। ਮੈਂ ਬਹੁਤ ਡਰ ਚੁੱਕੀ ਸੀ ਤੇ ਮੈਨੂੰ ਇਸ ਗੱਲ ਦਾ ਦੁੱਖ ਵੀ ਸੀ ਕਿ ਜੋ ਤੁਰ ਗਏ ਉਹਨਾਂ ਤਾਂ ਵਾਪਸ ਨਹੀਂ ਆਉਣਾ ਪਰ ਜੋ ਜਿੰਦਾ ਭੈਣਾਂ-ਭਰਾ ਸਨ ਉਹ ਵੀ ਮੇਰੇ ਤੋਂ ਦੂਰ ਨੇ। ਸਾਰੀ ਰਾਤ ਅਸੀਂ ਕਮਰੇ ਚੋਂ ਬਾਹਰ ਨਹੀਂ ਨਿੱਕਲੇ ਜਦੋਂ ਦਿਨ ਚੜਿਆ ਤਾਂ ਮੈਂ ਆਪਣੇ ਸਾਰੇ ਕੱਪੜੇ ਇੱਕ ਲਿਫਾਫੇ 'ਚ ਪਾ ਲਏ ਕਿ 'ਹੁਣ ਇੱਥੇ ਨਹੀਂ ਰਹਿਣਾ।' ਅਸੀਂ ਕਾਮਰੇਡ ਕੁੰਦਨ ਲਾਲ ਦੇ ਘਰ ਚਲੇ ਗਏ ਤੇ ਮੈਂ ਆਪਣੇ ਕੱਪੜੇ ਵੀ ਨਾਲ ਲੈ ਗਈ। ਮੈਂ ਕਾਮਰੇਡ ਕੁੰਦਨ ਲਾਲ ਨੂੰ ਕਿਹਾ ਕਿ 'ਬਾਪੂ ਮੈਂ ਨੀਂ ਹੁਣ ਉਸ ਘਰ ਰਹਿਣਾ।' ਉਹਨਾਂ ਸਾਰਾ ਦਿਨ ਸਾਨੂੰ ਆਪਣੇ ਘਰ ਬਿਠਾ ਰੱਖਿਆ ਤੇ ਸ਼ਾਮ ਨੂੰ ਕਿਹਾ ਕਿ 'ਰਵੇਲ ਸਿੰਘ (ਮੇਰਾ ਨਾਗੋਕੇ ਵਾਲਾ ਫੁੱਫੜ, ਜਿੰਨ੍ਹਾਂ ਨੂੰ ਬਾਅਦ 'ਚ ਅੱਤਵਾਦੀਆਂ ਨੇ ਅਗਵਾ ਕਰਕੇ ਸ਼ਹੀਦ ਕਰ ਦਿੱਤਾ ਸੀ) ਬੰਦੂਕ ਲੈ ਕੇ ਆ ਰਿਹਾ ਤੁਸੀਂ ਘਰ ਚੱਲੋ।' ਬਿਨਾਂ ਮਨ ਮੰਨੇ ਮੈਨੂੰ ਫਿਰ ਉਸ ਘਰ ਆਉਣਾ ਪਿਆ। ਰਾਤ ਨੂੰ ਜਦ ਦੁਬਾਰਾ ਬਾਹਰ ਖੜਕਾ ਹੋਇਆ ਤਾਂ ਮੇਰੇ ਫੁੱਫੜ ਨੇ ਅੰਦਰੋਂ ਆਵਾਜ ਦਿੱਤੀ 'ਕੌਣ ਏਂ? ਤਾਂ ਉਹ ਭੱਜ ਗਏ। ਅਗਲੇ ਦਿਨ ਇਹ ਫੈਸਲਾ ਕੀਤਾ ਕਿ ਰਾਤ ਨੂੰ ਘਰ ਨਾ ਰਿਹਾ ਜਾਵੇ। ਅਸੀਂ ਗੁਆਂਢ ਸ਼ਰੀਕੇ ਚੋਂ ਲੱਗਦੇ ਤਾਏ ਦੇ ਘਰ ਰਾਤਾਂ ਗੁਜਾਰਨੀਆਂ ਸ਼ੁਰੂ ਕਰ ਦਿੱਤੀਆਂ। ਸ਼ਾਮ ਨੂੰ ਵੇਲੇ ਨਾਲ ਰੋਟੀ ਖਾ ਕੇ ਉਹਨਾਂ ਦੇ ਘਰ ਚਲੇ ਜਾਣਾ ਤੇ ਸਵੇਰੇ ਜਲਦੀ ਆ ਜਾਣਾ। ਇੱਕ ਸ਼ਾਮ ਤਾਈ ਬਹੁਤ ਘਬਰਾਈ ਹੋਈ ਸਾਡੇ ਘਰ ਆਈ, ਉਸਨੇ ਮੇਰੀ ਭੂਆ ਨੂੰ ਕਿਹਾ ਕਿ 'ਅਸੀਂ ਝਬਾਲ ਤੋਂ ਆ ਰਹੇ ਸਾਂ ਕਿ ਰਸਤੇ ਵਿੱਚ ਮੁਕਾਬਲਾ ਹੋ ਰਿਹਾ ਸੀ, ਅਸੀਂ ਮਸਾਂ ਜਾਨ ਬਚਾ ਕੇ ਆਏ ਹਾਂ, ਤੁਸੀਂ ਜਲਦੀ ਆਜੋ ਰੋਟੀ ਖਾ ਕੇ।'

ਇਹ ਸੁਣ ਕੇ ਮੇਰੀਆਂ ਤਾਂ ਲੱਤਾਂ ਹੀ ਜਾਮ ਹੋ ਗਈਆਂ। ਭੂਆ ਨੇ ਜਲਦੀ-ਜਲਦੀ ਕੰਮ ਸਮੇਟਣਾ ਸ਼ੁਰੂ ਕਰ ਦਿੱਤਾ। ਭੂਆ ਜਦੋਂ ਮੈਨੂੰ ਕੁਝ ਅੰਦਰੋਂ ਲੈ ਆਉਣ ਨੂੰ ਕਹਿੰਦੀ ਤਾਂ ਮੈਂ ਮਨ ਹੀ ਮਨ ਭੂਆ ਨੂੰ ਕੋਸਦੀ ਕਿਉਂਕਿ ਉਹਨਾਂ ਕਮਰਿਆਂ 'ਚ ਵੜਦਿਆਂ ਮੈਨੂੰ ਦਿਨੇ ਹੀ ਡਰ ਲੱਗਦਾ ਸੀ। ਅਸੀਂ ਜਲਦੀ ਨਾਲ ਕੰਮ ਨਿਬੇੜ ਕੇ ਤਾਏ ਦੇ ਘਰ ਵੱਲ ਤੁਰ ਪਈਆਂ। ਹਨੇਰਾ ਹੋ ਚੁੱਕਾ ਸੀ ਅਤੇ ਝੋਨਾ ਲਗਾਉਣ ਲਈ ਖੇਤਾਂ 'ਚ ਹਰ ਪਾਸੇ ਪਾਣੀ ਲੱਗਾ ਸੀ। ਜਦੋਂ ਅਸੀਂ ਕਾਹਲੀ-ਕਾਹਲੀ ਤੁਰੇ ਜਾ ਰਹੇ ਸੀ ਕਿ ਅਚਾਨਕ ਪੁਲਿਸ ਵੱਲੋਂ ਛੱਡੇ ਰਾਕਟ ਲਾਂਚਰ ਨੇ ਚਾਰ-ਚੁਫੇਰੇ ਮਨਾਂ ਮੂੰਹੀਂ ਚਾਨਣ ਕਰ ਦਿੱਤਾ। ਸਾਡੇ ਸਭ ਦੇ ਸਾਹ ਰੁਕ ਗਏ ਤੇ ਮੈਨੂੰ ਲੱਗਾ ਕਿ ਉਹਨਾਂ ਸਾਨੂੰ ਦੇਖ ਲਿਆ ਹੁਣ ਅਸੀਂ ਨਹੀਂ ਬਚਦੇ। ਲੱਤਾਂ ਭਾਰ ਨਹੀਂ ਸੀ ਚੁੱਕ ਰਹੀਆਂ, ਅਸੀਂ ਡਿੱਗਦੇ ਢਹਿੰਦੇ ਜਦ ਤਾਏ ਦੇ ਘਰ ਪਹੁੰਚੇ ਤਾਂ ਕਮਰ ਤੱਕ ਚਿੱਕੜ ਨਾਲ ਲਿੱਬੜ ਚੁੱਕੇ ਸੀ। ਮੈਨੂੰ ਰੋਜ ਰਾਤ ਨੂੰ ਕਿਸੇ ਦੇ ਘਰ ਜਾ ਕੇ ਸੌਣਾ ਚੰਗਾ ਨਹੀਂ ਸੀ ਲੱਗਦਾ। ਮੈਂ ਆਪਣੇ ਆਪ ਨੂੰ ਇਕੱਲੀ ਮਹਿਸੂਸ ਕਰਦੀ ਲੁਕ-ਲੁਕ ਰੋਂਦੀ ਰਹਿਣਾ। (ਕਿਉਂਕਿ ਮੈਂ ਕਿਸੇ ਸਹਾਮਣੇ ਆਪਣੇ-ਆਪ ਨੂੰ ਤਰਸ ਦੀ ਪਾਤਰ ਨਹੀਂ ਬਣਾਉਣਾ ਚਹੁੰਦੀ ਸੀ।) ਏਸੇ ਕਾਰਨ ਸੋਹਲ ਪਿੰਡ ਰਹਿ ਸਕਣਾ ਮੇਰੇ ਲਈ ਬਹੁਤ ਔਖਾ ਹੋ ਗਿਆ। ਮੈਂ ਨਿੱਕੀ-ਨਿੱਕੀ ਗੱਲ 'ਤੇ ਭੂਆ ਨਾਲ ਝਗੜਾ ਕਰਦੀ ਤੇ ਜਦੋਂ ਦਿਲ ਕਰਦਾ ਝਬਾਲ ਸ਼ੈਲਰ 'ਤੇ ਪਹੁੰਚ ਜਾਂਦੀ। ਅਖੀਰ ਮੈਨੂੰ ਵੀ ਭੈਣ ਜੀ ਵਿਮਲਾ ਡਾਂਗ ਹੁਰਾਂ ਪਟਿਆਲੇ ਅਨਾਥ ਆਸ਼ਰਮ ਵਿੱਚ ਛੋਟੀ ਭੈਣ ਕੋਲ ਪਹੁੰਚਾਉਣ ਦਾ ਪ੍ਰਬੰਧ ਕਰ ਦਿੱਤਾ। ਕਾਮਰੇਡ ਦਵਿੰਦਰ ਸੋਹਲ ਅਤੇ ਕਾਮਰੇਡ ਕਮਲ ਕ੍ਰਾਂਤੀ ਮੈਨੂੰ ਓਥੇ

ਛੱਡ ਆਏ। ਆਸ਼ਰਮ ਦੇ ਵਿੱਚ ਅਨਾਥ ਬੱਚਿਆਂ ਦੇ ਨਾਲ ਕੀਤੇ ਜਾਂਦੇ ਵਿਹਾਰ ਨੇ ਵੀ ਮੈਨੂੰ ਪ੍ਰੇਸ਼ਾਨ ਕਰ ਦਿੱਤਾ ਜਿਸ ਕਾਰਨ ਮੈਂ ਵੀਰ ਗੁਰਬਿੰਦਰ ਅਤੇ ਭੈਣ ਵੀਰਇੰਦਰ ਨੂੰ ਚਿੱਠੀਆਂ ਲਿਖ-ਲਿਖ ਕੇ ਆਸ਼ਰਮ ਵਿੱਚੋਂ ਸਾਨੂੰ ਲੈ ਜਾਣ ਲਈ ਮਜਬੂਰ ਕਰ ਦਿੱਤਾ।

ਬਾਰਵੀਂ ਕਰਨ ਤੋਂ ਬਾਅਦ ਮੈਂ ਭਾਜੀ ਬਲਕਾਰ ਵਲਟੋਹਾ (ਜੋ ਮੇਰੀ ਭੈਣ ਵਰਿੰਦਰ ਦੇ ਪਤੀ ਅਤੇ 'ਗੌਰਮਿੰਟ ਸਕੂਲ ਟੀਚਰਜ ਯੂਨੀਅਨ' ਦੇ ਪ੍ਰਧਾਨ ਨੇ) ਦੀ ਸਲਾਹ 'ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾਖਲਾ ਲੈ ਲਿਆ। ਦਸੰਬਰ 1996 ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਮੋਗੇ ਲੱਗੇ ਇੱਕ ਸਿਧਾਂਤਕ ਕੈਂਪ 'ਚ ਭਾਜੀ ਬਲਕਾਰ ਪਹਿਲੀ ਵਾਰ ਮੈਨੂੰ ਲੈ ਕੇ ਆਏ। ਇਹ ਕੈਂਪ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਵੱਲੋਂ ਲਗਾਇਆ ਗਿਆ ਸੀ। ਇਸ ਭਵਨ ਦੀਆਂ ਪੌੜੀਆਂ ਕੀ ਚੜ੍ਹੀ ਫਿਰ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ। ਏ.ਆਈ.ਐੱਸ.ਐੱਫ. ਅਤੇ ਸਰਵ ਭਾਰਤ ਨੌਜਵਾਨ ਸਭਾ ਵੱਲੋਂ ਪਹਿਲੀ ਵਾਰ 28 ਸਤੰਬਰ 1997 ਜਲੰਧਰ ਦੇਸ਼ਭਗਤ ਯਾਦਗਾਰ ਹਾਲ ਵਿੱਚ ਪਰਮਗੁਣੀ ਭਗਤ ਸਿੰਘ ਦਾ ਜਨਮ ਦਿਨ ਮਨਾਇਆ ਗਿਆ। ਅਗਲੇ ਸਾਲ ਇਸੇ ਦਿਨ ਵੱਡੀ ਰੈਲੀ ਮੋਗੇ ਕਰਕੇ 'ਰੁਜ਼ਗਾਰ ਪ੍ਰਾਪਤੀ ਚੇਤਨਾ ਮੁਹਿੰਮ' ਦਾ ਆਰੰਭ ਕੀਤਾ। ਇਸ ਮੁਹਿੰਮ ਨੂੰ ਕਾਮਯਾਬੀ ਨਾਲ ਚਲਾਉਣ ਲਈ ਵੱਡੀ ਗਿਣਤੀ ਵਿੱਚ ਆਗੂ ਮੁੰਡੇ ਕੁੜੀਆਂ ਦੀ ਲੋੜ ਸੀ। ਇਸ ਲੋੜ ਨੂੰ ਪੂਰਾ ਕਰਨ ਲਈ ਮੋਗੇ ਭਵਨ ਵਿੱਚ ਬਾਈ ਜਗਰੂਪ ਵੱਲੋਂ ਪੂਰੀ-ਪੂਰੀ ਰਾਤ ਦੇ ਕੈਂਪ ਲਗਾ ਕੇ ਮੁੰਡੇ-ਕੁੜੀਆਂ ਨੂੰ ਸਟੇਜ 'ਤੇ ਬੋਲਣਾ ਸਿਖਾਉਣ ਦੀ ਸਖਤ ਮਿਹਨਤ ਕੀਤੀ ਗਈ। ਉਹਨਾਂ ਵੱਲੋਂ ਨੌਜਵਾਨਾਂ ਨੂੰ ਸਿਧਾਂਤਕ ਤੌਰ 'ਤੇ ਪ੍ਰਪੱਕ ਕਰਨ ਦੇ ਯਤਨ ਅੱਜ ਵੀ ਜਾਰੀ ਹਨ। 'ਨਛੱਤਰ ਭਵਨ' 'ਚ ਹੀ ਮੈਂ ਸਟੇਜ 'ਤੇ ਬੋਲਣਾ ਸਿੱਖਿਆ। ਏ.ਆਈ.ਐੱਸ.ਐੱਫ. ਦੀ ਸੂਬਾ ਕੌਂਸਲ ਮੈਂਬਰ ਬਨਣ ਤੋਂ ਬਾਅਦ ਅੱਗੇ ਚੱਲਦਿਆਂ ਦਲਵੀਰ ਕੌਰ ਧੂੜਕੋਟ ਤੋਂ ਮਗਰੋਂ ਸੂਬਾ ਪ੍ਰਧਾਨ ਦੇ ਤੌਰ 'ਤੇ ਕੰਮ ਕਰਨ ਦਾ ਮੌਕਾ ਮਿਲਿਆ। ਜਿੱਥੇ ਭਾਜੀ ਬਲਕਾਰ ਮੈਨੂੰ ਇਸ ਪਾਸੇ ਤੋਰਨ ਵਾਲੇ ਪਹਿਲੇ ਇਨਸਾਨ ਹਨ ਤਾਂ ਕਾ: ਪ੍ਰਿਥੀਪਾਲ ਮਾੜੀਮੇਘਾ ਬਹੁਤ ਸਾਰੇ ਪ੍ਰੋਗਰਾਮਾਂ 'ਤੇ ਨਾਲ ਲੈ ਕੇ ਜਾਂਦੇ ਅਤੇ ਇਕੱਲੀ ਜਾਣ ਦਾ ਹੌਸਲਾ ਵੀ ਦਿੰਦੇ। ਜਿਵੇਂ ਪਰਵਾਰ ਵਿੱਚ ਸਾਨੂੰ ਪੰਜਾਂ ਭੈਣਾਂ ਨੂੰ ਪਾਪਾ ਨੇ ਕਦੇ ਇਹ ਅਹਿਸਾਸ ਨਾ ਹੋਣ ਦਿੱਤਾ ਕਿ ਅਸੀਂ ਕੁੜੀਆਂ। ਪੁੱਤਾਂ ਵਾਂਗ ਹੀ ਉਹਨਾਂ ਸਾਨੂੰ ਬਹੁਤ ਪਿਆਰ ਦਿੱਤਾ। ਜਦੋਂ ਬਚਪਨ 'ਚ ਮੇਰੀ ਲੱਤ ਟੁੱਟ ਗਈ ਤਾਂ ਸ਼ਰੀਕੇ ਚੋਂ ਕਈਆਂ ਨੇ ਕਿਹਾ ਕਿ 'ਸਵਰਨ ਤੇਰੀਆਂ ਵਾਧੂ ਧੀਆਂ, ਇਹਨੂੰ ਬੱਜਾ-ਰੱਤੀ ਨੂੰ ਕਿੱਥੇ ਚੱਕੀ ਫਿਰੇਂਗਾ, ਕਿਸੇ ਖੂਹ ਖਾਤੇ 'ਚ ਧੱਕਾ ਦੇ ਦੇ।' ਪਰ ਪਾਪਾ ਨੇ ਸਭ ਨੂੰ ਠੋਕਵਾਂ ਜਵਾਬ ਦਿੰਦਿਆਂ ਕਿਹਾ 'ਇਹ ਮੇਰੀ ਧੀ ਨਹੀਂ, ਮੇਰਾ ਪੁੱਤ ਈ ਆ'। ਉਹਨਾਂ ਦੋ-ਤਿੰਨ ਮਹੀਨੇ ਪੂਰੀ ਭੱਜ-ਨੱਠ ਕਰਕੇ ਮੇਰਾ ਵਧੀਆ ਇਲਾਜ ਕਰਵਾਇਆ। ਮੈਂ ਜਿਵੇਂ ਪਰਵਾਰ 'ਚ ਵੇਖਿਆ ਤੇ ਕਮਿਊਨਿਸਟਾਂ ਬਾਰੇ ਸੁਣਿਆਂ ਸੀ ਕਿ ਉਹ ਮੁੰਡੇ ਕੁੜੀ 'ਚ ਭੇਦਭਾਵ ਨਹੀਂ ਕਰਦੇ, ਉਹ ਜੱਥੇਬੰਦੀਆਂ 'ਚ ਵਿਚਰਦਿਆਂ ਮੈਂ ਮਹਿਸੂਸ ਕੀਤਾ। ਮੈਨੂੰ ਕਦੇ ਇਹ ਅਹਿਸਾਸ ਨਹੀਂ ਹੋਇਆ ਕਿ ਮੈਂ ਇੱਕ ਲੜਕੀ ਹਾਂ। ਇੱਕ ਲੜਕੀ ਹੋਣ ਦੇ ਬਾਵਜੂਦ ਲੜਕਿਆਂ ਦੇ ਬਰਾਬਰ ਕੰਮ ਕਰਨ ਦਾ ਮੌਕਾ ਮਿਲਿਆ।

2004 'ਚ ਮੇਰਾ ਵਿਆਹ ਮੋਗੇ ਸਾਥੀ ਬਲਵਿੰਦਰ ਮਿੱਠਾ ਨਾਲ ਹੋ ਗਿਆ। ਜੱਥੇਬੰਦੀ ਵਿੱਚ ਜਿਵੇਂ ਮੈਂ ਵਿਆਹ ਤੋਂ ਪਹਿਲਾਂ ਕੰਮ ਕਰਦੀ ਸੀ ਸਾਥੀ ਨੇ ਉਸ ਤੋਂ ਵੀ ਵੱਧ ਕੰਮ ਕਰਨ ਲਈ ਹੱਲਾਸ਼ੇਰੀ ਦਿੱਤੀ। ਮੇਰੇ ਨਾਲ ਕੰਮ ਕਰਦੀਆਂ ਜਿਆਦਾਤਰ ਲੜਕੀਆਂ ਦੀ ਵਿਆਹ ਤੋਂ ਬਾਅਦ ਜੱਥੇਬੰਦੀ ਵਿੱਚ ਓਨੀ ਸਰਗਰਮੀ ਨਾ ਰਹੀ। ਮੇਰੇ ਲਈ ਇਹ ਮਾਣ ਵਾਲੀ ਗੱਲ ਹੈ ਕਿ ਮੈਂ ਅੱਜ ਵੀ ਲਹਿਰ 'ਚ ਆਪਣਾ ਬਣਦਾ ਰੋਲ ਅਦਾ ਕਰ ਰਹੀ ਹਾਂ। ਜੱਥੇਬੰਦੀ ਵਿੱਚ ਵਿਚਰਦਿਆਂ ਅਣਗਿਣਤ ਅਜਿਹੇ ਰਿਸ਼ਤੇ ਮਿਲੇ ਜਿੰਨ੍ਹਾਂ ਨੇ ਬਚਪਣ 'ਚ ਰਿਸ਼ਤਿਆਂ ਦੀ ਪਈ ਘਾਟ ਨੂੰ ਪੂਰਾ ਕਰਨ ਦੀ ਕੋਸ਼ਿਸ ਕੀਤੀ। ਆਮ ਕੁੜੀਆਂ ਦੇ ਪੇਕੇ ਤਾਂ ਉਸ ਘਰ ਹੀ ਹੁੰਦੇ ਨੇ ਜਿੱਥੇ ਉਹਨਾਂ ਜਨਮ ਲਿਆ ਹੋਵੇ ਪਰ ਮੇਰੇ ਲਈ ਇਹ ਮਾਣ ਵਾਲੀ ਗੱਲ ਹੈ ਕਿ ਮੈਨੂੰ ਕਈ ਘਰਾਂ ਵਿੱਚ ਪੇਕਿਆਂ ਵਰਗਾ ਪਿਆਰ ਮਿਲਿਆ। ਪ੍ਰਿਥੀਪਾਲ ਮਾੜੀਮੇਘਾ ਤੇ ਭਾਬੀ ਰੁਪਿੰਦਰ, ਦਵਿੰਦਰ ਸੋਹਲ ਤੇ ਸੀਮਾ ਸੋਹਲ, ਕਾ: ਗੁਰਮੇਲ ਮੋਗਾ, ਹਰਲਾਭ ਦੂਹੇਵਾਲਾ (ਮੁਕਤਸਰ), ਹੰਸ ਰਾਜ ਗੋਲਡਨ ਆਦਿ। ਸੀਨੀਅਰ ਸਾਥੀਆਂ ਵੱਲੋਂ ਵਧੀਆ ਸਾਥ ਅਤੇ ਹੌਸਲਾ ਹਫਜਾਈ ਮਿਲੀ। ਬਰਾਬਰ ਦੇ ਅਤੇ ਛੋਟਿਆਂ ਵੱਲੋਂ ਵੀ ਬਹੁਤ ਇੱਜਤ ਮਾਣ ਮਿਲਿਆ। ਨਵਿਆਂ 'ਚੋਂ ਸੁਖਜਿੰਦਰ ਮਹੇਸਰੀ (ਸੂਬਾ ਸਕੱਤਰ ਸਰਵ ਭਾਰਤ ਨੌਜਵਾਨ ਸਭਾ, ਪੰਜਾਬ) ਜਿਸਦਾ ਸਾਥੀ ਬਲਵਿੰਦਰ ਮਿੱਠੇ ਨਾਲ ਰਿਸ਼ਤਾ ਦੋਸਤੀ ਤੋਂ ਸ਼ੁਰੂ ਹੋ ਕੇ ਅੱਜ ਭਰਾਵਾਂ ਤੋਂ ਵੀ ਵੱਧ ਹੈ। ਪਤਾ ਹੀ ਨਹੀਂ ਲੱਗਾ ਕਦੋਂ ਉਹ ਸਾਡੇ ਪਰਵਾਰ ਦਾ ਅਟੁੱਟ ਅੰਗ ਬਣ ਗਿਆ। ਉਹ ਹਮੇਸ਼ਾ ਸਾਨੂੰ ਪੜ੍ਹਨ-ਲਿਖਣ ਲਈ ਪ੍ਰੇਰਦਾ ਰਹਿੰਦਾ। ਜੇ ਮੈਂ ਬਹੁਤ ਕੁਝ ਖੋਇਆ ਹੈ ਤਾਂ ਬਹੁਤ ਕੁਝ ਪਾਇਆ ਵੀ ਹੈ। ਜੱਥੇਬੰਦੀਆਂ 'ਚ ਵਿਚਰਦਿਆਂ ਹੀ ਸੀ.ਪੀ.ਆਈ. ਦੀ 2002 ਸੰਗਰੂਰ ਹੋਈ ਸੂਬਾ ਕਾਨਫਰੰਸ ਵਿੱਚ ਪਹਿਲੀ ਵਾਰ ਸ਼ਾਮਲ ਹੋ ਕੇ ਵਿੱਦਿਆ ਬਾਰੇ ਮਤਾ ਪੇਸ਼ ਕਰਨ ਦਾ ਮੌਕਾ ਮਿਲਿਆ। ਏਥੇ ਹੀ ਪਹਿਲੀ ਵਾਰ ਪਾਰਟੀ ਦੀ ਸੂਬਾ ਕੌਂਸਲ ਮੈਂਬਰ ਚੁਣੀ ਗਈ। ਜਲੰਧਰ 'ਚ ਹੋਈ ਪਾਰਟੀ ਦੀ ਕਾਨਫਰੰਸ ਵਿੱਚ ਸਭ ਤੋਂ ਛੋਟੀ ਉਮਰ ਦੀ ਸੂਬਾ ਕਾਰਜਕਰਨੀ ਮੈਂਬਰ ਬਣੀ। ਜਦੋਂ ਹਰ ਇਕੱਠ 'ਚ ਸ਼ਾਮਲ ਹੋਏ ਅਣਗਿਣਤ ਹੱਥਾਂ ਦਾ ਸਿਰ 'ਤੇ ਪਿਆਰ ਮਿਲਦਾ ਤਾਂ ਹੋਰ ਅੱਗੇ ਵਧ ਕੇ ਕੰਮ ਕਰਨ ਦਾ ਉਤਸ਼ਾਹ ਮਿਲਦਾ ਹੈ।

ਇੱਕੀ ਸਾਲ ਬਾਅਦ ਪੀੜ੍ਹੀ ਬਦਲ ਜਾਂਦੀ ਹੈ। ਸਾਡੇ ਪਰਵਾਰ ਦੀ ਪੀੜ੍ਹੀ ਵੀ ਬਦਲ ਚੁੱਕੀ ਹੈ। ਉਦੋਂ ਅਸੀਂ ਬੱਚੇ ਸੀ, ਅੱਜ ਸਾਡੇ ਬੱਚੇ ਨੇ। ਬੱਚਿਆਂ ਨੂੰ ਜਦ ਉਸ ਘਟਨਾ ਬਾਰੇ ਦੱਸਦੇ ਹਾਂ ਤਾਂ ਉਹਨਾਂ ਨੂੰ ਯਕੀਨ ਨਹੀਂ ਆਉਂਦਾ, ਉਹ ਇਸਨੂੰ ਇੱਕ ਕਹਾਣੀ ਵਾਂਗ ਹੀ ਸਮਝਦੇ ਨੇ, ਜਿਵੇਂ ਅਸੀਂ ਛੋਟੇ ਹੁੰਦੇ 1947 ਦੀਆਂ ਘਟਨਾਵਾਂ ਬਾਰੇ ਸੁਣਦੇ ਹੁੰਦੇ ਸੀ ਤਾਂ ਸਾਨੂੰ ਵੀ ਇਹ ਸੱਚ ਨਹੀਂ ਲੱਗਦੀਆਂ ਸਨ। ਪਰ ਆਪਣੇ ਨਾਲ ਵਾਪਰੀ ਘਟਨਾ ਤੋਂ ਬਾਅਦ ਯਕੀਨ ਆਇਆ ਕਿ ਜੋ ਹੱਢੀਂ ਹੰਢਾਉਂਦਾ ਹੈ ਉਹੀ ਇਸਦਾ ਦਰਦ ਮਹਿਸੂਸ ਕਰ ਸਕਦਾ।

ਜਦੋਂ ਹੁਣ ਫਿਰ ਸਾਡਾ ਸਮਾਜ ਕਈ ਸਮੱਸਿਆਵਾਂ ਵਿੱਚ ਉਲਝਿਆ ਹੋਇਆ ਹੈ। ਖਾਸ ਕਰ ਜਵਾਨੀ ਕੋਈ ਕੰਮ ਨਾ ਮਿਲਣ ਕਾਰਨ ਆਤਮ ਹੱਤਿਆ ਜਾਂ ਨਸ਼ਿਆਂ ਦਾ ਸਹਾਰਾ ਲੈ ਰਹੀ ਹੈ। ਹਜਾਰਾਂ ਘਰ ਇਸਦੀ ਲਪੇਟ 'ਚ ਆ ਚੁੱਕੇ ਹਨ, ਜੇ ਇਹਨਾਂ ਵਿਹਲੇ ਹੱਥਾਂ ਨੂੰ ਯੋਗ ਕੰਮ ਤੇ ਨਾ ਲਗਾਇਆ ਗਿਆ ਤਾਂ ਸਾਡੇ ਸਮਾਜ ਲਈ ਇਸਦੇ ਨਤੀਜੇ ਬਹੁਤ ਮਾੜੇ ਨਿੱਕਲਣਗੇ। ਕਿਉਂਕਿ ਅਸੀਂ ਪਹਿਲਾਂ ਹੀ ਘਰਾਂ ਦੀ ਮਾੜੀ ਹਾਲਤ ਅਤੇ ਸਰਕਾਰਾਂ ਵੱਲੋਂ ਨੌਜਵਾਨਾਂ ਨੂੰ ਕੰਮ ਦੇ ਯੋਗ ਮੌਕੇ ਨਾ ਦੇਣ ਕਾਰਨ, ਅੱਤਵਾਦ ਦੇ ਰੂਪ ਵਿੱਚ ਇਸਦਾ ਸੰਤਾਪ ਹੰਢਾ ਚੁੱਕੇ ਹਾਂ। ਜਿਸ ਵਿੱਚ ਹਜਾਰਾਂ ਬੇਕਸੂਰ ਬੱਚਿਆਂ, ਬਜੁਰਗਾਂ, ਨੌਜਵਾਨਾਂ ਅਤੇ ਔਰਤਾਂ ਦੀ ਜਾਨ ਗਈ। ਪੰਜਾਬ ਦੀ ਇੱਜਤ, ਅਣਖ ਦਾ ਘਾਣ ਹੋਇਆ। ਆਰਥਿਕ ਪੱਖੋਂ ਵੀ ਮਾਰ ਸਹਿਣੀ ਪਈ। ਇਸ ਦੌਰ 'ਚ ਹੋਏ ਵੱਡੇ ਜਾਨੀ-ਮਾਲੀ ਨੁਕਸਾਨ ਦੀ ਭਰਪਾਈ ਨਹੀਂ ਹੋ ਸਕਦੀ। ਅੱਜ ਕਿਸਾਨਾਂ ਦੀ ਜਮੀਨ ਦੀ ਢੇਰੀ ਹਰ ਰੋਜ ਛੋਟੀ ਹੋ ਰਹੀ ਹੈ ਤੇ ਕਰਜੇ ਦੀ ਪੰਡ ਭਾਰੀ, ਜਿਸ ਕਾਰਨ ਉਹ ਖੁਦਕਸ਼ੀਆਂ ਕਰਨ ਲਈ ਮਜਬੂਰ ਹੋ ਰਹੇ ਹਨ। ਮਜਦੂਰਾਂ ਨੂੰ ਰੱਜਵੀਂ ਰੋਟੀ ਲਈ ਆਪਣਾ ਆਪ ਵੇਚਣਾ ਪੈ ਰਿਹਾ ਹੈ। ਇਲਾਜ ਖੁਣੋਂ ਲੋਕ ਘਾਤਕ ਬਿਮਾਰੀਆਂ ਦਾ ਸ਼ਿਕਾਰ ਹੋਏ, ਮੌਤ ਦੇ ਮੂੰਹ ਜਾ ਰਹੇ ਹਨ। ਨੌਜਵਾਨਾਂ ਨੂੰ ਉਹਨਾਂ ਦੀ ਯੋਗਤਾ ਅਨੁਸਾਰ ਕੰਮ ਨਾ ਦੇ ਕੇ, ਯੋਗਤਾ ਦਾ ਮਜਾਕ ਉਡਾਇਆ ਜਾ ਰਿਹਾ ਹੈ। ਉਹ ਸਰਕਾਰਾਂ ਦਾ ਆਪਣੇ ਵੱਲ ਧਿਆਨ ਖਿੱਚਣ ਲਈ ਜਾਨ ਜੋਖਮ ਵਿੱਚ ਪਾ ਕੇ ਟੈਂਕੀਆਂ 'ਤੇ ਚੜ ਰਹੇ ਹਨ। ਠੇਕੇਦਾਰੀ ਸਿਸਟਮ ਅਧੀਨ ਆਰਜੀ ਰੁਜਗਾਰ 'ਚ ਲੱਗੇ ਲੱਖਾਂ ਨੌਜਵਾਨ ਮਜਬੂਰੀ ਵੱਸ ਬਹੁਤ ਘੱਟ ਤਨਖਾਹਾਂ 'ਤੇ ਆਪਣਾ ਸ਼ੋਸ਼ਣ ਕਰਵਾ ਰਹੇ ਹਨ। ਫਿਰ ਸਵਾਰਥੀ ਘਰਾਣੇ/ਸਰਕਾਰਾਂ ਲੋਕਾਂ ਦਾ ਇਹਨਾਂ ਅਸਲ ਮੁੱਦਿਆਂ ਤੋਂ ਧਿਆਨ ਪਾਸੇ ਕਰਨ ਲਈ, ਖਾਸ ਕਰ ਜਵਾਨੀ ਨੂੰ ਇੰਟਰਨੈੱਟ ਅਤੇ ਹੋਰ ਸਾਧਨਾਂ ਰਾਹੀਂ ਕੁਰਾਹੇ ਪਾਉਣ ਲਈ ਯਤਨਸ਼ੀਲ ਹਨ। ਉਹਨਾਂ ਨੂੰ ਭਾੜੇ ਦੇ ਗੁੰਡੇ ਬਨਣ ਅਤੇ ਹੋਰ ਸਮਾਜਕ ਬੁਰਾਈਆਂ ਵੱਲ ਤੋਰਿਆ ਜਾ ਰਿਹਾ। ਇਸ ਸਭ ਦਾ ਮੁੱਖ ਕਾਰਨ ਹੈ ਬੇਰੁਜਗਾਰੀ। ਸਭ ਨੂੰ ਰੁਜਗਾਰ ਦੇਣਾ ਹੀ ਇਸਦਾ ਇੱਕੋ ਇੱਕ ਹੱਲ ਹੈ। ਇਸ ਲਈ ਪਾਰਲੀਮੈਂਟ ਦੁਆਰਾ 'ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ' (BNEGA) ਪਾਸ ਕਰਵਾਉਣ ਲਈ ਯਤਨ ਤੇਜ ਕਰੀਏ। ਇਸ ਕਾਨੂੰਨ ਤਹਿਤ ਹਰ ਇੱਕ ਨੂੰ ਉਸਦੀ ਯੋਗਤਾ ਅਨੁਸਾਰ ਕੰਮ ਜਾਂ ਕੰਮ ਇੰਤਜ਼ਾਰ ਭੱਤਾ ਹਾਸਲ ਕਰਨ ਦੀ ਗਰੰਟੀ ਬਣੇ। ਅਸੀਂ ਨੌਜਵਾਨ-ਵਿਦਿਆਰਥੀਆਂ ਨੇ 'ਰੁਜ਼ਗਾਰ ਪ੍ਰਾਪਤੀ ਮੁਹਿੰਮ' ਵੱਲੋਂ ਇਸ ਕਾਨੂੰਨ ਦੀ ਪ੍ਰਾਪਤੀ ਲਈ, ਨੌਜਵਾਨਾਂ ਨੂੰ ਚੇਤਨ ਅਤੇ ਲਾਮਬੰਦ ਕਰਦਿਆਂ 23 ਮਾਰਚ 2015 ਹੁਸੈਨੀਵਾਲਾ ਤੋਂ ਦਸਤਖਤੀ ਮੁਹਿੰਮ ਆਰੰਭੀ ਹੋਈ ਹੈ। ਆਓ ਇਸ ਵਿੱਚ ਬਣਦਾ ਯੋਗਦਾਨ ਪਾਉਂਦਿਆਂ, ਰਲ ਕੇ ਇਸ ਸਮਾਜ ਨੂੰ ਬਦਲਣ ਦਾ ਤਹੱਈਆ ਕਰੀਏ।?

---

**ਅੱਜ ਬਰਸੀ 'ਤੇ ਵਿਸ਼ੇਸ਼.....**

# ਜ਼ਿੰਦਗੀ ਭਰ ਜੂਝਦਾ ਰਿਹਾ ਕਾਮਰੇਡ ਦਰਸ਼ਨ ਦੁਸਾਂਝ, ਮੁਲਾਕਾਤੀ : ਅਜਮੇਰ ਸਿੱਧੂ

1967 ਵਿੱਚ ਉੱਠੀ ਨਕਸਲਬਾੜੀ ਦੀ ਬਗਾਵਤ ਭਾਰਤੀ ਲੋਕਾਂ ਦੇ ਮੁਕਤੀ ਸੰਘਰਸ਼ ਵਿੱਚ ਇੱਕ ਇਤਿਹਾਸਕ ਮੋੜ ਸੀ। ਪੰਜਾਬ ਵਿੱਚ ਸ਼ਹੀਦ ਬਾਬਾ ਬੂਝਾ ਸਿੰਘ, ਸ਼ਹੀਦ ਦਇਆ ਸਿੰਘ, ਸ਼ਹੀਦ ਬਾਬਾ ਹਰੀ ਸਿੰਘ ਮਰਗਿੰਦ, ਕਾਮਰੇਡ ਹਾਕਮ ਸਮਾਓਂ, ਕਾਮਰੇਡ ਦਰਸ਼ਨ ਖਟਕੜ ਅਤੇ ਬਹੁਤ ਸਾਰੇ ਨਕਸਲੀ ਆਗੂਆਂ ਨੇ ਨਕਸਲੀ ਬਗਾਵਤ ਜਥੇਬੰਦ ਕਰਕੇ ਅਤੇ ਸੀ.ਪੀ. ਆਈ. (ਐੱਮ.ਐੱਲ) ਦੀ ਸਥਾਪਨਾ ਕਰਕੇ ਕਮਿਊਨਿਸਟ ਵਿਚਾਰਧਾਰਾ ਨੂੰ ਇੱਕ ਨਵਾਂ ਮੋੜ ਦਿੱਤਾ। ਕਾਮਰੇਡ ਦਰਸ਼ਨ ਦੁਸਾਂਝ ਵੀ ਇਸ ਲਹਿਰ ਦੇ ਮੁੱਢਲੇ ਦੌਰ ਸਮੇਂ ਹੀ ਕੁੱਲ-ਵਕਤੀ ਕਾਮਰੇਡ ਵਜੋਂ ਸਾਹਮਣੇ ਆਏ। ਉਹ ਸੀ.ਟੀ.ਸੀ.ਪੀ.ਆਈ. (ਐੱਮ.ਐੱਲ) ਦੇ ਕੇਂਦਰੀ ਕਮੇਟੀ ਦੇ ਮੈਂਬਰ ਅਤੇ ਪੰਜਾਬ ਰਾਜ ਕਮੇਟੀ ਦੇ ਸੂਬਾ ਸਕੱਤਰ ਰਹੇ । ਮਾਸਿਕ ਮੈਗਜ਼ੀਨ 'ਸ਼ਹੀਦ' ਦੇ ਸੰਪਾਦਕ ਸਨ। ਉਨ੍ਹਾਂ ਜ਼ਿੰਦਗੀ ਦੇ 45 ਵਰ੍ਹੇ ਕੁੱਲ-ਵਕਤੀ ਇਨਕਲਾਬੀ ਵਜੋਂ ਲੋਕ ਸੰਗਰਾਮ ਨੂੰ ਸਮਰਪਿਤ ਕੀਤੇ। ਉਹ ਚੜ੍ਹਦੀ ਉਮਰੇ ਰਿਪਟਾ ਵਿੱਚ ਰੰਗਕਰਮੀ ਵਜੋਂ, ਸੀ.ਪੀ.ਆਈ. ਅਤੇ ਸੀ.ਪੀ. ਐੱਮ. ਪਾਰਟੀਆਂ ਵਿੱਚ ਸ਼ਹੀਦ ਭਗਤ ਸਿੰਘ ਅਤੇ ਸੰਸਾਰ ਮਜ਼ਦੂਰ ਜਮਾਤ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਜਦੋਜਹਿਦ ਕਰਦੇ ਰਹੇ।

ਨਕਸਲਬਾੜੀ ਲਹਿਰ ਦੇ ਸਿਧਾਂਤ ਦੇ ਅਨੁਸਾਰ ਉਨ੍ਹਾਂ ਕ੍ਰਾਂਤੀਕਾਰੀ ਯਥਾਰਥ ਪਰਿਵਰਤਨ ਲਈ ਗੁਰੀਲਾ ਯੁੱਧ ਨੂੰ ਮੁੱਖ ਵਿਚਾਰਧਾਰਕ ਸਾਧਨ ਬਣਾ ਲਿਆ ਜਿਸ ਕਾਰਨ 10 ਸਤੰਬਰ 1970 ਨੂੰ ਪੁਲਿਸ ਨੇ ਫਿਲੌਰ ਲਾਗੇ ਜੋਗਿੰਦਰ ਸਿੰਘ ਦੇ ਖੂਹ ਤੋਂ ਫੜ ਲਿਆ। ਅੰਤਾਂ ਦਾ ਤਸ਼ੱਦਦ ਕਰਕੇ ਜੇਲ੍ਹ ਭੇਜ ਦਿੱਤਾ। 14 ਸਤੰਬਰ 1972 ਨੂੰ ਜੇਲ੍ਹ ਤੋਂ ਰਿਹਾਅ ਹੋ ਕੇ ਮੁੜ ਰੂਪੋਸ਼ ਹੋ ਗਏ। 22 ਸਤੰਬਰ 1974 ਨੂੰ ਪੁਲੀਸ ਨੇ ਧੋਖੇ ਨਾਲ ਸੂਰਾਨਸੀ ਨੇੜੇ ਜਲੰਧਰ ਉਨ੍ਹਾਂ 'ਤੇ ਹਮਲਾ ਕਰ ਦਿੱਤਾ। ਇੱਕ ਕਾਮਰੇਡ ਜੋਗਿੰਦਰ ਜਿੰਦ ਨੂੰ ਖ਼ਤਮ ਕਰਕੇ ਦੁਸਾਂਝ ਨੂੰ ਗੋਲੀਆਂ ਨਾਲ ਛੱਲਣੀ ਕਰ ਦਿੱਤਾ। ਜੇਲ੍ਹ ਵਿੱਚ ਇੱਕ ਲੱਤ ਗੈਂਗਰੀਨ ਕਰਕੇ ਕੱਟਣੀ ਪਈ। ਐਮਰਜੈਂਸੀ ਤੋਂ ਬਾਅਦ ਰਿਹਾਅ ਹੋ ਕੇ ਮੁੜ ਲਹਿਰ ਨੂੰ ਜਥੇਬੰਦ ਕਰਨ ਲਈ ਆਗੂ ਭੂਮਿਕਾ ਨਿਭਾਉਣ ਲੱਗੇ।

ਨਕਸਲਾਬਾੜੀ ਲਹਿਰ ਨੇ ਰਾਜਨੀਤਕ ਖੇਤਰ ਦੇ ਨਾਲ-ਨਾਲ ਸਾਹਿਤ ਦੇ ਖੇਤਰ ਵਿੱਚ ਵੀ ਇੱਕ ਅਹਿਮ ਮੋੜ ਲਿਆਂਦਾ। ਜੁਝਾਰਵਾਦੀ ਸਾਹਿਤ ਧਾਰਾ ਇਸੇ ਲਹਿਰ ਦਾ ਉਭਾਰ ਸੀ। ਦੁਸਾਂਝ ਨੇ ਵੀ ਜੁਝਾਰਵਾਦੀ ਕਾਵਿ-ਧਾਰਾ ਦੇ ਦੂਜੇ ਲੇਖਕਾਂ ਵਾਂਗ ਸਾਹਿਤ ਵਿੱਚਲੇ ਆਦਰਸ਼ ਦੀ ਨੀਂਹ ਕਿਰਤ ਉਪਰ ਹੋ ਰਹੇ ਜ਼ੁਲਮ ਵਿਰੁੱਧ ਹਥਿਆਰਬੰਦ ਸੰਘਰਸ਼ ਕਰਨ ਉੱਤੇ ਰੱਖੀ। ਉਨ੍ਹਾਂ 'ਲੂਣੀ ਧਰਤੀ' (ਕਾਵਿ ਸੰਗ੍ਰਹਿ 1994) ਅਤੇ 'ਅਮਿੱਟ ਪੈੜਾਂ' (ਨਕਸਲੀ ਲਹਿਰ ਦੀਆਂ ਵਾਰਤਕ ਯਾਦਾਂ ਦਾ ਸੰਗ੍ਰਹਿ 2000) ਪੁਸਤਕਾਂ ਸਾਹਿਤ ਦੀ ਝੋਲੀ ਪਾਈਆਂ। ਉਨ੍ਹਾਂ ਨਾਲ ਕਿਸੇ ਸਮੇਂ ਕੀਤੀ ਮੁਲਾਕਾਤ ਦੇ ਪੇਸ਼ ਹਨ ਕੁੱਝ ਅੰਸ਼:



**ਤੁਸੀਂ ਲਹਿਰ ਨਾਲ ਕਿਵੇਂ ਜੁੜੇ?**

ਮੇਰੀ ਸਮਾਜਿਕ ਆਰਥਿਕ ਨਾਬਰਾਬਰੀ ਵਾਲੇ ਅਤੇ ਵਰਣ ਵਿਵਸਥਾ ਵਾਲੇ ਕਰੂਪੀ ਚਿਹਰੇ ਵਾਲੇ ਮੌਜੂਦਾ ਰਾਜ ਪ੍ਰਬੰਧ ਨਾਲ ਅਥਾਹ ਨ਼ਫ਼ਰਤ ਹੈ। ਸਾਡੀ ਲਹਿਰ ਪੂੰਜੀਵਾਦੀ ਜਾਗੀਰਦਾਰਾਨਾ ਨਿਜ਼ਾਮ ਪ੍ਰਤੀ ਅਸੰਤੁਸ਼ਟਤਾ 'ਚੋਂ ਪ੍ਰਗਟ ਹੋਈ। ਸਾਡੀ ਇੱਕ ਧੀ-ਭੈਣ ਨੂੰ ਪੱਠਿਆਂ ਦੀ ਪੰਡ ਜਾਂ ਸਾਗ ਚੀਰਨੀ ਲਈ ਇੱਜ਼ਤ ਲੁਟਾਉਣੀ ਪੈ ਜਾਂਦੀ ਹੈ। ਕਿਸਾਨ ਦੀ ਧੀਆਂ ਪੁੱਤਾਂ ਤੋਂ ਵੀ ਪਿਆਰੀ ਫ਼ਸਲ ਮੰਡੀਆਂ ਵਿੱਚ ਰੁਲਦੀ ਹੈ। ਗੱਲ ਕੀ, ਜਿਹੜਾ ਭੁੱਖਾ ਮਰੇਗਾ, ਉਹ ਲੜੇਗਾ। ਜਦੋਂ ਲੜਨ ਦੀ ਗੱਲ ਆਏਗੀ, ਉਹ ਲਹਿਰ ਨਾਲ ਜੁੜ ਜਾਏਗਾ।

**ਨਕਸਲੀ ਲਹਿਰ ਨੇ ਨਾਅਰਾ ਦਿੱਤਾ ਸੀ ਕਿ ਰਾਜਸੀ ਤਾਕਤ ਬੰਦੂਕ ਦੀ ਨਾਲੀ ਵਿੱਚੋਂ ਨਿਕਲਦੀ ਹੈ। ਤੁਸੀ ਅੱਜ ਦੇ ਸਮੇਂ ਵੀ ਇਸ ਨੂੰ ਸਹੀ ਮੰਨਦੇ ਹੋ?**

ਹਾਂ, ਸਾਡੀ ਪਾਰਟੀ ਸਹੀ ਮੰਨਦੀ ਹੈ। ਮਤਲਬ ਰਾਜ ਸੱਤਾ ਤਾਕਤ ਨਾਲ ਹਥਿਆਈ ਜਾਂਦੀ ਹੈ। ਵੋਟਾਂ ਜਾਂ ਗੋਲੀ ਨਾਲ ਨਹੀਂ। ਅਸੀਂ ਅੱਜ ਵੀ ਹਥਿਆਰਬੰਦ ਸੰਘਰਸ਼ ਨੂੰ ਤਰਜੀਹ ਦਿੰਦੇ ਹਾਂ। ਲੋਕ ਉਠਣ, ਲੋਕਾਂ ਨਾਲੋਂ ਵੱਡਾ ਕੋਈ ਹਥਿਆਰ ਨਹੀਂ ਹੈ।

**ਹੁਣ ਤਾਂ ਹਾਲਤ ਬਦਲ ਗਈ ਹੈ, ਇਨਕਲਾਬ ਆਉਣ ਦੇ ਆਸਾਰ ਨਜ਼ਰ ਨਹੀਂ ਆਉਂਦੇ। ਕਿਵੇਂ ਆਊ ਇਨਕਲਾਬ ?**

ਪੁੱਤਰਾ ਇਨਕਲਾਬ ਨੇ ਤਾਂ ਆਉਣੈ। ਕੋਈ ਮਾਈ ਦਾ ਲਾਲ ਰੋਕ ਨਹੀਂ ਸਕਦਾ। ਕਿਰਤੀ ਲੋਕਾਂ ਨੇ ਇਨਕਲਾਬ ਕਰਨਾ। ਜਿਸ ਦਿਨ ਮਜ਼ਦੂਰ ਜਮਾਤ ਜਾਗ ਗਈ, ਇਸ ਜਮਾਤ ਵਿੱਚੋਂ ਲੀਡਰ ਅੱਗੇ ਆ ਗਏ, ਸਮਝੋ ਇਨਕਲਾਬ ਹੋ ਗਿਆ। ਭਾਰਤੀ ਇਨਕਲਾਬ ਲੋਕਾਂ ਦੇ ਵਿਸ਼ਾਲ ਜਨ-ਸਮੂਹ ਨੂੰ ਉਭਾਰ ਵਿੱਚ ਲਿਆਕੇ ਜਥੇਵੰਦ ਕਰਕੇ ਲਮਕਵੇਂ ਲੋਕ ਯੁੱਧ ਨਾਲ ਹੀ ਹੋ ਸਕਦਾ ਹੈ। ਇਸ ਮਹਾਨ ਕੰਮ ਨੂੰ ਇਨਕਲਾਬੀ ਪਾਰਟੀ ਹੀ ਕਰ ਸਕਦੀ ਹੈ।

**ਪੁਲੀਸ ਤਸ਼ੱਦਦ ਦੌਰਾਨ ਤੁਹਾਡੀ ਇੱਕ ਲੱਤ ਨਾਕਾਮ ਕਰ ਦਿੱਤੀ ਗਈ। ਕਾ਼ਫ਼ੀ ਮੁਸ਼ਕਿਲ ਆਉਂਦੀ ਹੋਵੇਗੀ?**

ਇਕ ਇਨਕਲਾਬੀ ਸਾਹਮਣੇ ਕੋਈ ਵੀ ਮੁਸ਼ਕਿਲ ਰੁਕਾਵਟ ਨਹੀਂ ਬਣ ਸਕਦੀ। ਇਹ ਤਾਂ ਤੁਹਾਡੇ ਤੇ ਨਿਰਭਰ ਹੈ ਕਿ ਤੁਸੀਂ ਲਹਿਰ ਲਈ ਕਿੰਨੇ ਕੁ ਪ੍ਰਤੀਬੱਧ ਹੋ। ਪ੍ਰਤੀਬੱਧਤਾ ਤਾਂ ਪਰਬਤ ਵੀ ਸਰ ਕਰਾ ਦਿੰਦੀ ਹੈ।

**ਥਾਣੇ ਵਿੱਚ ਤੁਹਾਡੇ ਤੇ ਬਹੁਤ ਤਸ਼ੱਦਦ ਹੋਇਆ, ਜੇਲ੍ਹ ਵਿੱਚ ਤੁਹਾਡੀ ਲੱਤ ਗਲ ਗਈ। ਐਨੀ ਪੀੜ! ਤੁਸੀਂ ਘਬਰਾਏ ਨਹੀਂ?**

ਇੱਕ ਵਾਰ ਤਾਂ ਮੈਂ ਹੌਂਸਲਾ ਛੱਡ ਗਿਆ ਸੀ। ਫਿਰ ਮੈਨੂੰ ਇਤਿਹਾਸ ਦੀ ਤਵਾਰੀਖ ਨੇ ਬਲ ਬਖ਼ਸ਼ਿਆ। ਮੇਰੇ ਸਾਹਮਣੇ ੧੯ ਸਾਲ ਦਾ ਫਾਂਸੀ ਦਾ ਰੱਸਾ ਚੁੰਮਦਾ ਕਰਤਾਰ ਸਿੰਘ ਸਰਾਭਾ ਸੀ। 23 ਸਾਲ ਦਾ ਸਾਡਾ ਭਰਾ ਭਗਤ ਸਿੰਘ ਸੀ। ਮੇਰੇ ਆਲੇ-ਦੁਆਲੇ ਗਦਰੀ ਬਾਬੇ ਸਨ। ਸਾਰੀ ਪੀੜ ਜਾਂਦੀ ਰਹੀ।

**ਨਾਲ ਦੇ ਸਾਥੀ ਸ਼ਹੀਦ ਹੋ ਗਏ। ਲਹਿਰ ਖਿੰਡ-ਪੁੰਡ ਗਈ। ਇਨਕਲਾਬ ਲਿਆਉਣ ਦੇ ਜੋਸ਼ ਨੇ ਤੁਹਾਡਾ ਵਿਆਹ ਵੀ ਨਹੀਂ ਹੋਣ ਦਿੱਤਾ। ਇਕ ਤਰ੍ਹਾਂ ਕੱਲਮ-ਕੱਲ੍ਹੀ ਜ਼ਿੰਦਗੀ ਜੂਝ ਰਹੀ ਹੈ। ਤੁਸੀਂ ਟੁੱਟੇ ਹੋਏ ਮਹਿਸੂਸ ਨਹੀਂ ਕਰਦੇ? ਮੈਂ ਤੁਹਾਡੀ ਪੁਸਤਕ 'ਲੂਣੀ ਧਰਤੀ' ਪੜ੍ਹੀ ਹੈ। ਤੁਸੀਂ ਨਿਰਾਸ਼ ਹੋ ਗਏ ਲੱਗਦੇ ਹੋ।**

ਕਈ ਵਾਰ ਬੰਦਾ ਟੁੱਟ ਵੀ ਜਾਂਦਾ ਹੈ। ਨਿਰਾਸ਼ ਵੀ ਹੋ ਜਾਂਦੈ। ਖਾਸ ਕਰ ਉਦੋਂ ਜਦੋਂ ਤੁਹਾਡੇ ਸੁਪਨਿਆਂ ਦਾ ਕਤਲ ਹੋ ਜਾਵੇ। ਜਿਵੇਂ ਪਾਸ਼ ਕਹਿੰਦਾ-ਸੱਭ ਤੋਂ ਖਤਰਨਾਕ ਹੁੰਦਾ ਹੈ ਤੁਹਾਡੇ ਸੁਪਨਿਆਂ ਦਾ ਮਰ ਜਾਣਾ। ਇੱਥੇ ਬਹੁਤ ਸਾਰੇ ਲੋਕਾਂ ਦੇ ਸੁਪਨੇ ਮਰ ਗਏ ਹਨ। ਫਿਰ ਵੀ ਮੈਨੂੰ ਜੂਝਦੀ ਜ਼ਿੰਦਗੀ ਵਿੱਚ ਵਿਸ਼ਵਾਸ ਹੈ।

ਮੈਨੂੰ ਖੰਜਰ ਨਾਲ ਮਾਰੀਂ
ਜਾਂ ਸੂਲੀ ਤੇ ਟੰਗ ਦੇਵੋ।
ਮੈਂ ਮਰ ਕੇ ਵੀ
ਚੁਗਿਰਦੇ ਵਿੱਚ ਬਿਖਰ ਜਾਵਾਂਗਾ।
ਤੇ ਤੁਹਾਨੂੰ ਹਰ ਸਿਰ ਵਿਚੋਂ,
ਮੇਰਾ ਹੀ ਅਕਸ ਦਿਸੇਗਾ।

**ਲਹਿਰ ਫੇਲ੍ਹ ਕਿਉ ਹੋ ਗਈ?**

ਫੇਲ੍ਹ ਨਹੀਂ ਹੋਈ, ਕਮਜ਼ੋਰ ਪੈ ਗਈ। ਕੁੱਝ ਲੀਡਰਸ਼ਿਪ ਦੀ ਵੀ ਘਾਟ ਸੀ। ਅਗਵਾਈ ਕਰਨ ਵਾਲੇ ਲੀਡਰ ਸ਼ਹੀਦ ਹੋ ਗਏ ਜਾਂ ਜੇਲ੍ਹਾਂ ਵਿੱਚ ਡੱਕੇ ਗਏ। ਲਹਿਰ ਦੀਆਂ ਕੁੱਝ ਕਮਜ਼ੋਰੀਆਂ ਵੀ ਸਨ। ਉਹ ਦੂਰ ਨਹੀਂ ਹੋ ਸਕੀਆਂ। ਸਗੋਂ ਲਹਿਰ ਖਿੰਡ-ਪੁੰਡ ਜ਼ਿਆਦਾ ਗਈ। ਮਜ਼ਦੂਰ ਜਮਾਤ ਜਥੇਬੰਦ ਨਹੀਂ ਹੋ ਸਕੀ। ਗੱਲ ਕੀ, ਅਸੀਂ ਲੋਕਾਂ ਤੱਕ ਉਨਾ ਪਹੁੰਚ ਨਹੀਂ ਸਕੇ ਜਿੰਨੀ ਲੋੜ ਸੀ। ਸਾਮਰਾਜਵਾਦੀਆਂ ਦਾ ਜਾਲ ਸਾਰੀ ਦੁਨੀਆਂ ਵਿੱਚ ਫੈਲਿਆਂ ਹੋਇਆ ਹੈ। ਉਹਦੇ ਮਾਰੂ ਪੰਜਿਆਂ ਦਾ ਮੁਕਾਬਲਾ ਕਰਨ ਵਾਲੀ ਲਹਿਰ ਨਹੀਂ ਬਣੀ। ਸੱਭ ਤੋਂ ਵੱਡਾ ਨੁਕਸਾਨ ਕਮਿਊਨਿਸਟਾਂ ਦੀ ਏਕਤਾ ਨਾ ਹੋਣ ਕਰਕੇ ਹੋਇਆ।

**ਦਲਿਤ ਸਮੱਸਿਆ ਦਾ ਉਭਾਰ ਉਠਿਆ ਇਹਦੇ ਬਾਰੇ ਕੀ ਰਾਏ ਹੈ?**

ਅਸੀਂ ਤਾਂ ਪਹਿਲਾਂ ਤੋਂ ਹੀ ਮੰਨਦੇ ਹਾਂ ਕਿ ਭਾਰਤੀ ਸਮਾਜ ਵਿੱਚ ਜਾਤ-ਪਾਤ ਦਾ ਗਹਿਰਾ ਸੰਕਟ ਹੈ। ਇਹ ਸਾਡੀ ਪਾਰਟੀ ਦੇ ਏਜੰਡੇ 'ਤੇ ਸੀ। ਸਾਡੀ ਲਹਿਰ ਹੀ ਦੱਬੇ ਕੁਚਲਿਆਂ ਦੀ ਲਹਿਰ ਹੈ।

**ਪਰ ਸਾਹਿਤ ਵਿੱਚ ਦਲਿੱਤ ਲਹਿਰ ਚਲਾਉਣ ਵਾਲੇ ਕਮਿਊਨਿਸਟਾਂ ਨੂੰ ਭੰਡਦੇ ਨੇ?**

ਉਹ ਗਲਤ ਨੇ । ਅਸੀਂ ਸਮਾਜ ਦੇ ਸਰੋਕਾਰਾਂ ਨਾਲ ਜੁੜੇ ਹੋਏ ਹਾਂ। ਇਹ ਇੱਕ ਗੰਭੀਰ ਸਮੱਸਿਆ ਹੈ। ਸਗੋਂ ਜਾਤ-ਪਾਤ ਇਨਕਲਾਬ ਦੇ ਰਾਹ ਵਿੱਚ ਇੱਕ ਰੋੜਾ ਹੈ। ਜੁਝਾਰਵਾਦੀ ਸਾਹਿਤ ਦੱਬੇ ਕੁੱਚਲੇ ਲੋਕਾਂ ਦਾ ਹੀ ਸਾਹਿਤ ਹੈ। ਹੁਣ ਜਾਤ-ਪਾਤ ਤੇ ਕਈ ਚੰਗੀਆਂ ਗੱਲਾਂ ਵੀ ਹੋਈਆਂ ਨੇ। ਸਾਡੇ ਵਿੱਚ ਜੋ ਘਾਟਾਂ ਸਨ, ਉਹ ਸਾਹਮਣੇ ਆਈਆਂ ਹਨ। ਅਸੀਂ ਦੂਰ ਕਰਾਂਗੇ। ਪਰ ਦਲਿਤ ਸਾਹਿਤ ਨੂੰ ਜਾਤ ਤੱਕ ਸੀਮਿਤ ਰੱਖਣ ਦਾ ਰੋਲ ਨੈਗੇਟਿਵ ਹੈ। ਉਨ੍ਹਾਂ ਜਿਸ ਦੁਸ਼ਮਣ ਖਿਲਾ਼ਫ਼ ਲੜਨਾ ਸੀ, ਉਹਦੇ ਵਿਰੁੱਧ ਲੜਨ ਦੀ ਬਜਾਏ ਪ੍ਰਗਤੀਵਾਦੀਆਂ ਤੇ ਜੁਝਾਰਵਾਦੀਆਂ ਦੇ ਖਿਲਾ਼ਫ਼ ਲੜ ਰਹੇ ਹਨ।

**ਉਨ੍ਹਾਂ ਦਾ ਕਹਿਣਾ ਹੈ ਕਿ ਕਮਿਊਨਿਸਟਾਂ ਵਿੱਚ ਵੀ ਜਾਤ-ਪਾਤ ਹੈ?**

ਹਾਂ, ਕਈਆਂ ਵਿੱਚ ਹੈ। ਇਹਦੇ ਨਾਲ ਤੁਸੀਂ ਸਿਧਾਂਤ ਨੂੰ ਨਹੀਂ ਭੰਡ ਸਕਦੇ। ਜਿਹੜੇ ਗੱਲਾਂ ਕਰਦੇ ਨੇ ਉਹ ਲਹਿਰ ਵਿੱਚ ਆਉਣ। ਇਸ ਕੋਹੜ ਨੂੰ ਦੂਰ ਕਰਨ। ਪਰ ਇੱਕ ਗੱਲ ਦੱਸਾਂ, ਇਹ ਇਲਜ਼ਾਮ ਵੱਡਾ ਹੈ। ਜਦੋਂ ਬਿਹਾਰ ਵਿੱਚ ਦਲਿਤਾਂ ਦੇ ਕਤਲ ਹੁੰਦੇ ਨੇ, ਉਸ ਦਾ ਬਦਲਾ ਨਕਸਲਵਾਦੀ ਹੀ ਲੈਂਦੇ ਨੇ। ਗੱਲਾਂ ਕਰਨ ਵਾਲਿਆਂ ਦੇ ਤਾਂ ਨਿਖੇਧੀ ਬਿਆਨ ਤੱਕ ਵੀ ਨਹੀਂ ਆਉਂਦੇ। ਦਲਿਤਾਂ ਦੀ ਸਮੱਸਿਆ ਦਾ ਹੱਲ ਕਮਿਊਨਿਸਟਾਂ ਕੋਲ ਹੈ। ਅਸੀਂ ਲੜਨ ਵਾਲੇ ਸਾਰੇ ਦਲਿਤ ਹੀ ਹਾਂ। ਕਮਿਊਨਿਸਟ ਇਨਕਲਾਬੀ ਦੀ ਕੋਈ ਜਾਤ ਨਹੀਂ ਹੁੰਦੀ। ਪਰ ਇਹ ਲੋਕ ਜਾਤ ਅਭਿਮਾਨ ਰਾਹੀਂ ਵਰਣ ਵਿਵਸਥਾ ਨੂੰ ਹੀ ਪੱਕਾ ਕਰ ਰਹੇ ਹਨ।

**ਕਿਹਾ ਜਾਂਦਾ ਹੈ ਕਿ ਲਹਿਰਾਂ ਲਈ ਲਿਖਿਆ ਸਾਹਿਤ ਪੇਤਲਾ ਹੁੰਦਾ ਹੈ। ਤੁਸੀਂ ਕੀ ਸਮਝਦੇ ਹੋ?**

ਚਾਹੇ ਤੁਸੀਂ ਲਹਿਰਾਂ ਲਈ ਲਿਖੋ ਜਾਂ ਬਾਹਰ ਹੋ ਕੇ, ਦੋਨੋਂ ਤਰ੍ਹਾਂ ਦਾ ਸਾਹਿਤ ਲਿਖਿਆ ਜਾਂਦਾ ਹੈ। ਪੇਤਲਾ ਵੀ ਤੇ ਨਰੋਆ ਵੀ।

**ਜੋ ਅੱਜ-ਕੱਲ੍ਹ ਲਿਖਿਆ ਜਾ ਰਿਹੈ, ਇਹਦੇ ਬਾਰੇ ਕੀ ਰਾਏ ਹੈ?**

ਸਾਹਿਤ ਹਮੇਸ਼ਾਂ ਚੰਗਾ ਵੀ ਤੇ ਮਾੜਾ ਵੀ ਲਿਖ ਹੁੰਦਾ ਆਇਆ ਹੈ। ਹੁਣ ਵੀ ਕੁੱਝ ਚੰਗਾ ਲਿਖਿਆ ਜਾ ਰਿਹਾ ਹੈ। ਬਹੁਤ ਰਪੀਟ ਹੋ ਰਿਹਾ। ਊਲ-ਜਲੂਲ ਵੀ ਬਥੇਰਾ। ਮੈਂ ਸਮਝਦਾਂ ਲ਼ਹਿਰ ਤੋਂ ਬਿਨਾਂ ਚੰਗਾ ਲਿਖਿਆਂ ਨਹੀਂ ਜਾ ਸਕਦਾ।

**ਤੁਸੀਂ ਸੱਭ ਕੁੱਝ ਲਹਿਰ ਲੇਖੇ ਲਾ ਦਿੱਤਾ। ਤੁਹਾਡਾ ਕੋਈ ਪਰਿਵਾਰ ਨਹੀਂ। ਪਿੰਡ ਵਿੱਚ ਥਾਂ ਤੱਕ ਨਹੀਂ ਹੈ। ਬਿਮਾਰ ਰਹਿੰਦੇ ਹੋ। ਹੁਣ ਕਿਸ ਤਰ੍ਹਾਂ ਮਹਿਸੂਸ ਕਰਦੇ ਹੋ?**

ਮੇਰੇ ਲੋਕ ਮੇਰਾ ਪਰਿਵਾਰ ਨੇ। ਸਾਰੀ ਧਰਤੀ ਸਾਡੀ ਹੈ, ਇਹ ਪਿੰਡ, ਥਾਂ, ਜ਼ਾਤ ਸੱਭ ਕੁੱਝ ਭਾਰਤੀ ਸੰਸਕ੍ਰਿਤੀ ਹੈ। ਮੈਨੂੰ ਅਜਿਹੀ ਸੰਸਕ੍ਰਿਤੀ ਨਾਲ ਨਫ਼ਰਤ ਹੈ ਜਿਹੜੀ ਬੰਦੇ ਨੂੰ ਬੰਦਾ ਨਹੀਂ ਸਮਝਦੀ। ਬੰਦੇ ਦੇ ਭੂਤਕਾਲ ਤੇ ਭਵਿੱਖ ਨੂੰ ਸਿਰ ਤੇ ਲਈ ਫਿਰਦੀ ਹੈ। ਵਰਤਮਾਨ ਵੱਲ ਕੋਈ ਧਿਆਨ ਨਹੀਂ। ਮੈਂ ਜੜ੍ਹਾਂ ਨੂੰ ਫਰੋਲਣ ਦੇ ਹੱਕ ਵਿੱਚ ਨਹੀਂ ਹਾਂ।

ਮੇਰਾ ਨਾਂ ਕੀ ਪੁਛਦੇ ਹੋ,
ਮੈਂ ਇੱਕ ਭਟਕਣ ਹਾਂ।
ਤੇ ਮੈਨੂੰ ਤਲਾਸ਼ ਹੈ
ਉਸ ਕੁੱਖ ਦੀ, ਜੋ ਧੁਪਾਂ ਜੰਮੇ।

# ਇਤਿਹਾਸ, ਨਾਬਰੀ ਤੇ ਬਰਾਬਰੀ ਦਾ ਸ਼ਾਇਰ : ਪਾਸ਼

- ਅਜਮੇਰ ਸਿਧੂ

ਪਾਸ਼ ਪੰਜਾਬੀ ਸਾਹਿਤ ਦਾ ਧਰੂ ਤਾਰਾ ਹੈ। ਉਸਦੀ ਕਵਿਤਾ ਦੀ ਲਿਸ਼ਕੋਰ ਅੱਜ ਵੀ ਬਰਕਰਾਰ ਹੈ। ਇਹ ਲਿਸ਼ਕੋਰ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਚਕਾਚੌਂਧ ਕਰਦੀ ਰਹੇਗੀ। ਇਸ ਦਾ ਵੱਡਾ ਕਾਰਨ ਉਸਦੀ ਕਵਿਤਾ ਦਾ ਪੰਜਾਬੀ ਸੱਭਿਆਚਾਰ, ਇਤਿਹਾਸ ਅਤੇ ਇਨਕਲਾਬੀ ਵਿਰਸੇ ਨਾਲ ਜੁੜਿਆ ਹੋਣਾ ਹੈ। ਉਸਦੇ ਬਿਆਨ ਵਿੱਚ ਬੇਬਾਕੀ ਹੈ, ਮਨਮਸਤਕ ਵਿੱਚ ਸੱਚ, ਸੁੱਚ ਅਤੇ ਸ਼ੁੱਧਤਾ ਹੈ। ਉਸਦੀ ਕਵਿਤਾ ਵਿੱਚ ਰੋਸ਼ਨੀ ਭਾਵ ਚੇਤਨਾ ਸਮੋਈ ਹੋਈ ਹੈ। ਉਹ ਸਿੱਧੀ ਸਪਾਟ ਗੱਲ ਕਹਿੰਦਾ ਹੋਇਆ ਵੀ ਕਾਵਿਕ ਅੰਸ਼ਾਂ ਨੂੰ ਮਰਨ ਨਹੀ ਦਿੰਦਾ, ਸਗੋਂ ਕਵਿਤਾ ਨੂੰ ਕਾਇਮ ਰੱਖਦਾ ਹੈ। ਆਮ ਜਨ-ਜੀਵਨ ਵਿਚਲੇ ਬਿੰਬਾਂ ਦੀ ਵਰਤੋਂ ਕਰਦਾ ਹੈ। ਫ਼ਜ਼ੂਲ ਕਿਸਮ ਦੇ ਬਿੰਬਾਂ ਤੇ ਸਿੰਬਲੀਆਂ ਦਾ ਸਹਾਰਾ ਨਹੀਂ ਲੈਂਦਾ। ਏਹੀ ਉਸਦੀ ਕਵਿਤਾ ਦਾ ਕਮਾਲ ਹੈ। ਪਾਸ਼ ਅਤੇ ਉਸ ਦੇ ਸਮਕਾਲੀ ਜੁਝਾਰਵਾਦੀ ਸ਼ਾਇਰਾਂ ਨੇ ਖੜੋਤ ਦੀ ਸ਼ਿਕਾਰ ਪ੍ਰਗਤੀਵਾਦੀ ਕਵਿਤਾ ਨੂੰ ਹਲੂਣਿਆ ਸੀ, ਪ੍ਰਯੋਗਵਾਦੀ ਕਵਿਤਾ ਦੇ ਅੱਥਰੇ ਵੇਗ ਨੂੰ ਠੱਲ੍ਹ ਪਾਈ ਸੀ ਅਤੇ 'ਰਾਜੇ ਸ਼ੀਂਹ ਮੁਕੱਦਮ ਕੁੱਤੇ' ਦੀ ਸੁਰ ਅਲਾਪਣ ਵਾਲੀ ਅਤੇ ਸਥਾਪਤੀ ਨਾਲ ਸਿੱਧਾ ਆਢਾ ਲੈਣ ਵਾਲੀ ਬਿਲਕੁਲ ਨਵੀਂ ਨਕੋਰ ਕਵਿਤਾ ਨੂੰ ਜਨਮ ਦਿੱਤਾ ਸੀ। ਦਰਅਸਲ ਨਕਸਲਬਾੜੀ ਦੌਰ ਦੀ ਜੁਝਾਰਵਾਦੀ ਕਵਿਤਾ ਦੇ ਉਕਤ ਇਹ ਪ੍ਰਮੁੱਖ ਲੱਛਣ ਹਨ ਤੇ ਪਾਸ਼ ਇਸ ਲਹਿਰ ਦੀ ਕਵਿਤਾ ਦਾ ਚਿੰਨ੍ਹ ਬਣ ਕੇ ਉਭਰਿਆ ਸੀ।

ਛੋਟੀ ਉਮਰ ਦਾ ਇਹ ਪੰਜਾਬੀ ਸ਼ਾਇਰ ਛੋਟੇ ਜਿਹੇ ਅਰਸੇ ਵਿੱਚ ਹੀ ਸਾਹਿਤ ਦੇ ਅਸਮਾਨ ਉਤੇ ਚਮਕਣ ਲੱਗ ਪਿਆ ਸੀ। ਉਸਦੀ ਆਪਣੀ ਚਮਕ ਹੋਰਨਾਂ ਨੂੰ ਰੋਸ਼ਨੀ ਵੰਡਦੀ ਸੀ। ਕਾਲੇ ਦੌਰ ਵਿੱਚ ਬਲੈਕ ਹੋਲ ਅਨੇਕਾਂ ਤਾਰਿਆਂ ਨੂੰ ਨਿਗਲ ਗਏ। ਉਸਨੇ ਹਨੇਰੇ ਨਾਲ ਸਮਝੌਤਾ ਨਾ ਕੀਤਾ ਤੇ 37 ਸਾਲੇ ਪੰਜਾਬ ਦੇ ਇਸ ਲੋਰਕੇ ਨੂੰ ਵੀ ਬਲ਼ੈਕ ਹੋਲ ਨਿਗਲ ਗਏ। ਤਾਰੇ ਜੰਮਦੇ ਮਰਦੇ ਰਹਿੰਦੇ ਹਨ। ਪਰ ਉਨ੍ਹਾਂ ਦੀ ਰੋਸ਼ਨੀ ਖ਼ਤਮ ਨਹੀਂ ਹੁੰਦੀ। ਉਹ ਹਨੇਰਿਆਂ ਨੂੰ ਚੀਰ ਕੇ ਵੀ ਆਪਣੀ ਹੋਂਦ ਬਣਾ ਕੇ ਰੱਖਦੀ ਹੈ। ਇਸੇ ਰੋਸ਼ਨੀ ਦਾ ਨਾਂ ਪਾਸ਼ ਸੀ। ਆਮ ਜੀਵਨ ਵਿੱਚ ਫ਼ੈਲੇ ਹੋਏ ਘੋਰ ਆਰਥਿਕ ਸੰਕਟ ਨੂੰ, ਇਸ ਸੰਕਟ ਕਾਰਨ ਉਪਜੇ ਦੁਖਾਂਤ ਨੂੰ ਅਤੇ ਚੰਗੀਆਂ ਜੀਵਨ ਹਾਲਤਾਂ ਲਈ ਸੰਘਰਸ਼ ਨੂੰ ਜਿਸ ਸ਼ਿੱਦਤ ਨਾਲ ਪਾਸ਼ ਨੇ ਆਪਣੀ ਚੇਤਨਾ ਦਾ ਅੰਗ ਬਣਾਇਆ ਸੀ। ਉਸ ਨਾਲ ਉਹ ਲੋਕਾਂ ਦਾ ਲਾਡਲਾ ਸ਼ਾਇਰ ਬਣਿਆ ਹੋਇਆ ਹੈ। ਉਹ ਪੰਜਾਬੀ ਭਾਸ਼ਾ ਦਾ ਵੱਡਾ ਕਵੀ ਤੇ ਮਿੱਥ ਇਸੇ ਕਰਕੇ ਬਣਿਆ ਹੈ ਕਿਉਂਕਿ ਉਸਨੇ ਪੰਜਾਬੀ ਕਵਿਤਾ ਨੂੰ ਨਵੇਂ ਮੁਹਾਣ ਵੱਲ ਮੋੜਿਆ ਸੀ। ਕਵੀ ਤਾਂ ਹੋਰ ਵੀ ਵਡੇਰੇ ਕੱਦ ਵਾਲੇ ਹੋਏ ਹਨ ਪਰ ਪਾਸ਼ ਦਾ ਵਡੱਪਣ ਇਤਿਹਾਸ, ਨਾਬਰੀ ਤੇ ਬਰਾਬਰੀ ਦਾ ਸ਼ਾਇਰ ਹੋਣ ਕਰਕੇ ਹੈ। ਉਸਦੀ ਕਵਿਤਾ ਦੀ ਅਸਲ ਤਾਕਤ ਵੀ ਇਸੇ ਵਿੱਚ ਪਈ ਹੈ। ਉਹ ਸਥਾਪਤ ਰਾਜ ਸੱਤਾ ਤੇ ਉਸਦੇ ਸਾਰੇ ਤੰਤਰ ਪ੍ਰਤੀ ਨਾਬਰੀ ਅਤੇ ਦੂਸਰੇ ਪਾਸੇ ਸਮੂਹ ਇਨਸਾਨਾਂ ਦਰਮਿਆਨ ਬਰਾਬਰੀ ਦਾ ਸੰਕਲਪ ਲੈ ਕੇ ਆਉਂਦਾ ਹੈ। ਇਹ ਵਿਸ਼ੇਸ਼ਤਾ ਹੀ ਉਸਨੂੰ ਦੂਜੇ ਕਵੀਆਂ ਦੇ ਮੁਕਾਬਲੇ ਵੱਧ ਇੱਜ਼ਤ ਬਖ਼ਸ਼ਦੀ ਹੈ ਅਤੇ ਵੱਧ ਪਛਾਣ ਦਿੰਦੀ ਹੈ। ਇਹ ਪਛਾਣ ਉਸਨੂੰ ਕਦੇ ਖੇਤਾਂ ਦਾ ਪੁੱਤ ਕਹਾਉਂਦੀ ਹੈ ਅਤੇ ਕਦੀ ਖੁੱਲ੍ਹੀ ਕਵਿਤਾ ਦਾ ਬਾਦਸ਼ਾਹ। ਉਹ ਚੇਤਨਾ ਦਾ ਕਵੀ ਹੈ। ਦਰਅਸਲ ਜਿਹੜੀ ਚੇਤਨਾ ਪਾਸ਼ ਜਾਂ ਉਸਦੇ ਸਮਕਾਲੀ ਜੁਝਾਰਵਾਦੀ ਕਵੀਆਂ (ਜਿਵੇਂ ਲਾਲ ਸਿੰਘ ਦਿਲ, ਸੰਤ ਰਾਮ ਉਦਾਸੀ, ਦਰਸ਼ਨ ਖਟਕੜ, ਹਰਭਜਨ ਹਲਵਾਰਵੀ ਆਦਿ) ਕੋਲ ਹੈ ਉਹ ਹੋਰ ਕਵੀਆਂ ਦੇ ਹਿੱਸੇ ਨਹੀਂ ਆਈ।

ਪਾਸ਼ ਦੀ ਕਵਿਤਾ ਦਾ ਪੰਜਾਬ ਦੇ ਇਤਿਹਾਸ ਨਾਲ ਗਹਿਰਾ ਨਾਤਾ ਹੈ। ਉਹਦੀ ਕਵਿਤਾ ਚਾਹੇ ਇਤਿਹਾਸਕ ਘਟਨਾਵਾਂ ਦੁਆਲੇ ਘੁੰਮੇ ਤੇ ਚਾਹੇ ਆਮ ਆਦਮੀ ਦੁਆਲੇ, ਪਰ ਉਨ੍ਹਾਂ ਦਾ ਕੇਂਦਰ ਬਿੰਦੂ ਇਤਿਹਾਸ ਹੀ ਹੁੰਦਾ ਹੈ। ਪਾਸ਼ ਦੀ ਵਿਸ਼ੇਸਤਾ ਇਹ ਰਹੀ ਹੈ ਕਿ ਉਹ ਜਿਥੇ ਇਤਿਹਾਸ/ਮਿਥਿਹਾਸ ਨੂੰ ਕਵਿਤਾ ਦਾ ਸ਼ਿੰਗਾਰ ਬਣਾਉਂਦਾ ਹੈ, ਉਥੇ ਉਹ ਆਪਣੇ ਸਮਿਆਂ ਨੂੰ ਕਲੇਵਰ ਵਿਚ ਲੈਂਦਾ ਹੋਇਆ ਉਸ ਦੌਰ ਨੂੰ ਵੀ ਇਤਿਹਾਸਕ ਬਣਾ ਦਿੰਦਾ ਹੈ। ਉਦਾਹਰਣ ਦੇ ਤੌਰ ਤੇ 'ਕਾਮਰੇਡ ਨਾਲ ਗੱਲਬਾਤ' ਤਹਿਤ ਉਸਨੇ ਛੇ ਕਵਿਤਾਵਾਂ ਲਿਖੀਆਂ ਹੋਈਆ ਹਨ। ਉਪਰੀ ਨਜ਼ਰੇ ਦੇਖਣ ਨੂੰ ਇਹ ਕਵਿਤਾਵਾਂ ਪ੍ਰੋ: ਹਰਭਜਨ ਸਿੰਘ ਉੱਤੇ ਲਿਖੀਆਂ ਹੋਈਆਂ ਲੱਗਦੀਆਂ ਹਨ। ਪੰਜਾਬ ਵਿੱਚੋਂ ਉਸਦਾ ਲੰਮੇ ਸਮੇਂ ਲਈ ਲਾਪਤਾ ਹੋਣਾ, ਪਰਿਵਾਰ ਦਾ ਘਰੋਂ ਬੇਘਰ ਹੋਣਾ, ਉਸਦੀ ਮਾਂ ਦੀ ਖੁਦਕਸ਼ੀ, ਸਾਥੀਆਂ ਦੀ ਸ਼ਹਾਦਤ, ਉਸਦਾ ਪੁਲਸ ਮੁਕਾਬਲੇ ਵਿੱਚ ਮਾਰੇ ਜਾਣ ਦੀਆਂ ਖ਼ਬਰਾਂ, ਪਾਰਟੀ ਦਾ ਖੇਰੂੰ-ਖੇਰੂੰ ਹੋਣਾ, ਉਸ ਸਮੇਂ ਦੀ ਨਕਸਲੀਆਂ ਦੀ ਸਥੀਤੀ, ਖਹਿ-ਮਖਹਿ ਅਤੇ ਰਾਜਨੀਤਕ ਲਾਈਨ ਨਾਲ ਸਬੰਧਤ ਬਹੁਤ ਸਾਰੇ ਸੰਦਰਭ ਅਤੇ ਪਹਿਲੂ ਹਨ।



ਕਾਮਰੇਡ, ਇਹ ਬੁਰਜਆਜ਼ੀ- ਜਾਣਦੈ ? ਸ਼ਰਾਬ ਵਾਂਗ ਪੁਰਾਣੀ ਹੋ ਗਈ ਹੈ, ਤੇ ਅਸੀਂ ਮਾਸ ਦੇ ਟੁਕੜੇ ਵਾਂਗ।

ਕਿ ਮਹਾਨ ਏਂਗਲਜ ਦੀ 'ਮਾਲਕੀ-ਟੱਬਰ ਤੇ ਰਿਆਸਤ' ਆਪਾਂ 'ਕੱਠਿਆਂ ਪੜ੍ਹੀ ਸੀ। ਤੂੰ ਉਸ ਦਿਨ ਕਿਰਦੀ ਜਾਂਦੀ ਮਾਲਕੀ ਤੇ ਥੁੱਕਿਆ ਟੱਬਰ ਨੂੰ ਵਿਦਾ ਆਖ ਕੇ ਰਿਆਸਤ ਨੂੰ ਸਿੱਝਣ ਚਲਾ ਗਿਆ। ਅਤੇ ਮੈਂ ਘਰ ਦਿਆਂ ਖਣਾਂ 'ਚੋਂ ਕਿਰਦੇ ਘੁਣ ਦਾ ਰਾਜ ਸੱਤਾ ਵਾਂਗ ਮੁਕਾਬਲਾ ਕਰਦਿਆਂ ਸ਼ਬਦ 'ਟੱਬਰ' 'ਚੋਂ ਅਰਥਾਂ ਨੂੰ ਨਿਕਲ ਜਾਣ ਤੋਂ ਵਲਦਾ ਰਿਹਾ।

ਜਿਸਨੂੰ ਬੇਸਹਾਰਾ ਛੱਡ ਗਿਆ ਸੈਂ ਟੁੱਟਦੇ ਸਾਹਾਂ ਚ ਮੈਂ ਉਸ ਬਦਨਸੀਬ ਘਰ ਦੇ ਅਘਰ ਹੋਣ ਦੇ ਸਫ਼ਰ ਵਿੱਚ ਸ਼ਾਮਲ ਰਿਹਾ ਹਾਂ।

ਮੈਂ ਸਟੇਟ ਨੂੰ ਤੱਕਿਆ ਹੈ ਲੋਕਾਂ ਆਸਰੇ ਲੜਦਿਆਂ ਕਦੇ ਲੋਕਾਂ ਨਾਲ, ਕਦੇ ਲੋਕਾਂ ਲਈ। ਮੈਂ ਦੇਖੇ ਨੇ ਅਰਸਤੂ ਤੇ ਸਟਾਲਿਨ ਸਦੀਆਂ ਲੰਮੇ ਯੁੱਧ ਲੜਦੇ।

ਤੇ ਸ਼ਬਦ ਸ਼ਠਅਠਓ ਵਿੱਚ ਦੋਹਾਂ 'ਚੋਂ ਤੈਨੂੰ ਕਿਹੜੀ 'ਠ' ਪਸੰਦ ਹੈ ਕਾਮਰੇਡ ? ਅਫਲਾਤੂਨ ਦਾ ਗਣ ਰਾਜ ਅਰਸਤੂ ਦਾ ਰਾਜ-ਧਰਮ ਤੇ ਟ੍ਰਾਟਸਕੀ ਦੀ ਪੁੜਪੁੜੀ 'ਚ ਖੁੱਭੀ ਕਾਮਿਨਟ੍ਰਨ ਦੀ ਕੁਹਾੜੀ ਕਾਮਰੇਡ, ਤੈਨੂੰ ਤਿੰਨਾਂ ਦੀ ਕੋਈ ਸਕੀਰੀ ਦਿਸਦੀ ?

ਕਾਮਰੇਡ ਕੀ ਬਣੇਗਾ ਉਸ ਦਿਨ ਜੇ ਕਦੀ ਰਾਜ ਸੱਤਾ ਖੋਹਣ ਦੀ ਹਸਰਤ ਨੂੰ ਇੰਝ ਤੱਕਣਾ ਪਿਆ, ਜਿਵੇਂ ਕੋਈ ਬਿਰਧ ਜੋੜੀ ਹਾਰੇ ਗਏ ਅੰਗਾਂ 'ਚੋਂ ਲੋਚੇ ਚੰਦਰਮਾ ਫੜਨਾ ਜੋ ਮੁਕਲਾਵੇ ਦੇ ਪਹਿਲੇ ਤੜਕੇ ਅੰਦਰ ਅਸਤ ਹੋਇਆ ਸੀ

ਪਰੂੰ ਜੋ ਡੁੱਬ ਕੇ ਮਰੀ ਸੀ ਪਿੰਡ ਦੇ ਛੱਪੜ 'ਚ ਉਹ ਮਾਂ ਨਹੀ ਸੀ ਐਵੇਂ ਨੀਲੀ ਛੱਤ 'ਚੋਂ ਇੱਟ ਉਖੜ ਕੇ ਜਾ ਪਈ ਸੀ ਮਾਂ ਤਾਂ ਪਹਿਲੇ ਛਾਪੇ ਤੇ ਹੀ ਗੋਰਕੀ ਦੇ ਨਾਵਲ ਵਿੱਚ ਤਰਨ ਦੀ ਕੋਸ਼ਿਸ਼ ਕਰਦੀ ਰਹੀ ਪੁਲਸ ਦੀ ਪਹੁੰਚ ਤੋਂ ਭੱਜ ਨਿਕਲੀ ਸੀ।

ਜੇ ਉਕਤ ਸਤਰਾਂ ਸਮੇਤ ਛੇ ਕਵਿਤਾਵਾਂ ਦਾ ਪਾਠ ਕੀਤਾ ਜਾਵੇ ਤਾਂ ਇਹ ਪੂਰੇ ਇੱਕ ਦਹਾਕੇ ਦਾ ਇਤਿਹਾਸਕ ਚਿਤਰਣ ਹੈ। ਨਕਸਲੀ ਲਹਿਰ ਦਾ ਵਿਸ਼ਲੇਸ਼ਣ ਹੈ। ਉਦੋਂ ਹਥਿਆਰਬੰਦ ਲਹਿਰ ਦਾ ਜ਼ੋਰ ਲੱਗ ਚੁੱਕਾ ਸੀ। ਪ੍ਰੋ: ਹਰਭਜਨ ਸਿੰਘ ਦੀ ਮਾਂ ਖੁਦਕਸ਼ੀ ਕਰ ਗਈ ਸੀ। ਬਹੁਤ ਸਾਰੇ ਨਕਸਲੀ ਕਾਰਕੁੰਨ ਪੁਲਿਸ ਨੇ ਮਾਰ ਦਿੱਤੇ ਸਨ ਜਾਂ ਕਿਧਰੇ ਖਪਾ ਦਿੱਤੇ ਸਨ ਜਾਂ ਜੇਲ੍ਹਾਂ ਵਿੱਚ ਸੜਨ ਲਈ ਸੁੱਟ ਦਿੱਤੇ ਸਨ। ਕੁਝ ਯੋਧੇ ਆਪਣੇ ਨਿਸ਼ਾਨੇ ਤੇ ਦ੍ਰਿੜ ਸਨ। ਉਦੋਂ ਪਾਸ਼ ਕਾਮਰੇਡ ਨੂੰ ਸੰਬੋਧਨ ਹੁੰਦਾ ਹੈ। ਉਹ ਪਿੰਡ, ਇਲਾਕੇ ਅਤੇ ਪੰਜਾਬ ਦੀ ਲਹਿਰ ਅਤੇ ਕਮਿਉਨਿਸਟ ਮੁਲਕਾਂ ਦੀਆਂ ਨੀਤੀਆਂ ਦਾ ਲੇਖਾ ਜੋਖਾ ਕਰਦਾ ਹੈ। ਇਸ ਕਵਿਤਾ ਵਿੱਚ ਲੱਗਦਾ ਹੈ ਕਿ ਪਾਸ਼ ਨੇ ਨਕਸਲੀ ਲਹਿਰ ਵੱਲ ਪਿੱਠ ਕਰ ਲਈ ਹੈ। ਉਹ ਆਪਾ ਪੜਚੋਲ ਤੇ ਹੈ। ਉਸਨੇ ਬੁਹਤ ਸਾਰੇ ਸਵਾਲ ਉਠਾਏ ਸਨ ਜਿਵੇਂ:-

1. ਮਾਰਕਸੀ ਵਿਚਾਰਧਾਰਾ ਬਾਹਰਲੇ ਮੁਲਕ ਤੋਂ ਆਈ ਸੀ। ਅਸੀਂ ਸਥਾਨਕ ਨਾਇਕ ਕਿਉਂ ਨਹੀ ਉਸਾਰ ਸਕੇ ? 2. ਉਦੋਂ ਨਕਸਲੀਆਂ ਨੇ ਸੋਵੀਅਤ ਸੰਘ ਨੂੰ ਕਮਿਉਨਿਸਟ ਮੁਲਕ ਵਜੋਂ ਰੱਦ ਕਰ ਦਿੱਤਾ ਸੀ। ਪਰ ਚੀਨ ਦਾ ਰਾਹ-ਸਾਡਾ ਰਾਹ ਦਾ ਨਾਅਰਾ ਲਾਇਆ ਸੀ। ਅੱਜ ਚੀਨ ਵੀ ਕਮਿਊਨਿਸਟ ਦੇਸ਼ ਨਹੀ ਰਿਹਾ ਕਿਉਂ ? 3. ਟ੍ਰਾਟਸਕੀ ਦੇ ਰੋਲ ਬਾਰੇ ਵੀ ਪਾਸ਼ ਕਾਮਰੇਡਾਂ ਨੂੰ ਅਖਰਦਾ ਸੀ।

ਹੁਣ ਨਕਸਲੀ ਲਹਿਰ ਦਾ ਸੱਤਰ ਵਾਲਾ ਤਾਅ ਨਹੀਂ ਰਿਹਾ। ਬਹੁਤ ਸਮਾਂ ਲੰਘ ਗਿਆ ਹੈ। ਪਾਸ਼ ਦੇ ਉਠਾਏ ਸਵਾਲ ਵਿਚਾਰਨੇ ਚਾਹੀਦੇ ਹਨ। ਉਦੋਂ ਇਨ੍ਹਾਂ ਸਵਾਲਾਂ ਨੂੰ ਪਾਸੇ ਰੱਖਿਆ ਹੋਇਆ ਸੀ। ਐਨੀਆਂ ਕੁਰਬਾਨੀਆਂ ਤੇ ਸਿਦਕਾਂ ਤੇ ਬਾਵਜੂਦ ਲਹਿਰ ਖਿੰਡ ਪੁੰਡ ਗਈ। ਇਹ ਗੱਲਾਂ ਸੁੱਟ ਦੇਣ ਵਾਲੀਆਂ ਨਹੀ ਹਨ।

ਉਸ ਦੀਆਂ ਤਿੰਨ ਕਵਿਤਾਵਾਂ 'ਬੇਦਖ਼ਲੀ ਲਈ ਬਿਨੈ-ਪੱਤਰ', 'ਧਰਮ ਦੀਕਸ਼ਾ ਲਈ ਬਿਨੈ-ਪੱਤਰ' ਅਤੇ 'ਸਭ ਤੋਂ ਖ਼ਤਰਨਾਕ' ਵੀ ਇਤਿਹਾਸਕ ਪਰਿਪੇਖ ਵਿੱਚ ਰੱਖ ਕੇ ਵਿਚਾਰਨੀਆਂ ਚਾਹੀਦੀਆਂ ਹਨ।

ਮੈਂ ਉਮਰ ਭਰ ਉਸਦੇ ਖ਼ਿਲਾਫ਼ ਸੋਚਿਆ ਤੇ ਲਿਖਿਆ ਜੇ ਉਸ ਦੇ ਸੋਗ ਵਿੱਚ ਸਾਰਾ ਹੀ ਦੇਸ਼ ਸ਼ਾਮਿਲ ਹੈ ਤਾਂ ਇਸ ਦੇਸ਼ 'ਚੋਂ ਮੇਰਾ ਨਾਮ ਕੱਟ ਦੇਵੋ।

ਤੇ ਠੀਕ ਏਸੇ ਸਰਦ ਹਨੇਰੇ ਵਿੱਚ ਸੁਰਤ ਸੰਭਾਲਣ ਤੇ ਜੀਣ ਦੇ ਨਾਲ ਨਾਲ ਜਦ ਪਹਿਲੀ ਵਾਰ ਇਸ ਜੀਵਨ ਬਾਰੇ ਸੋਚਣਾ ਸ਼ੁਰੂ ਕੀਤਾ ਮੈਂ ਖ਼ੁਦ ਨੂੰ ਇਸ ਕਤਲ ਦੀ ਸਾਜ਼ਿਸ਼ ਵਿੱਚ ਸ਼ਰੀਕ ਪਾਇਆ

ਮੈਂ ਸਦਾ ਹੀ ਉਸਨੂੰ ਕਤਲ ਕੀਤਾ ਹੈ ਹਰ ਵਾਕਿਫ਼ ਜਣੇ ਦੀ ਹਿੱਕ 'ਚੋਂ ਲੱਭ ਕੇ ਜੇ ਉਸਦੇ ਕਾਤਲਾਂ ਨੂੰ ਇੰਜ ਹੀ ਸੜਕਾਂ ਤੇ ਸਿਝਣਾ ਹੈ ਤਾਂ ਬਣਦੀ ਸਜ਼ਾ ਮੈਨੂੰ ਵੀ ਮਿਲੇ। ('ਬੇਦਖ਼ਲੀ ਲਈ ਬਿਨੈ-ਪੱਤਰ' ਵਿੱਚੋਂ)

ਮੇਰਾ ਇੱਕੋ ਈ ਪੁੱਤ ਹੈ ਧਰਮ-ਗੁਰੂ! ਉਂਝ ਭਲਾ ਸੱਤ ਵੀ ਹੁੰਦੇ ਉਨ੍ਹਾਂ ਤੇਰਾ ਕੁਝ ਨਹੀਂ ਕਰ ਸਕਣਾ ਸੀ ਤੇਰੇ ਬਾਰੂਦ ਵਿੱਚ ਰੱਬੀ ਮਹਿਕ ਹੈ ਤੇਰਾ ਬਾਰੂਦ ਰਾਤਾਂ ਨੂੰ ਰੌਣਕਾਂ ਵੰਡਦਾ ਹੈ ਤੇਰਾ ਬਾਰੂਦ ਰਾਹੋਂ ਭਟਕਿਆਂ ਨੂੰ ਸੇਧਦਾ ਹੈ ਮੈਂ ਤੇਰੀ ਆਸਤਕ ਗੋਲੀ ਨੂੰ ਆਰਗ ਦਿਆ ਕਰਾਂਗੀ ਮੇਰਾ ਇੱਕੋ ਈ ਪੁੱਤ ਹੈ ਧਰਮ-ਗੁਰੂ! ਤੇ ਮਰਦ ਵਿਚਾਰਾ ਸਿਰ ਤੇ ਨਹੀਂ ਰਿਹਾ। ('ਧਰਮ ਦੀਕਸ਼ਾ ਲਈ ਬਿਨੈ-ਪੱਤਰ' ਵਿੱਚੋ)

ਸਭ ਤੋਂ ਖ਼ਤਰਨਾਕ ਹੁੰਦਾ ਹੈ ਮੁਰਦਾ ਸ਼ਾਤੀ ਨਾਲ ਭਰ ਜਾਣਾ, ਨਾ ਹੋਣਾ ਤੜਪਦਾ, ਸਭ ਸਹਿਣ ਕਰ ਜਾਣਾ ਘਰਾਂ ਤੋਂ ਨਿਕਲਣਾ ਕੰਮ ਤੇ ਤੇ ਕੰਮ ਤੋਂ ਘਰ ਜਾਣਾ, ਸਭ ਤੋਂ ਖ਼ਤਰਨਾਕ ਹੁੰਦਾ ਹੈ ਸਾਡੇ ਸੁਪਨਿਆਂ ਦਾ ਮਰ ਜਾਣਾ। ('ਸਭ ਤੋਂ ਖ਼ਤਰਨਾਕ' ਵਿੱਚੋਂ)

ਪਾਸ਼ ਦੀ ਮੌਤ ਤੋਂ ਪਹਿਲਾ ਛਪੀਆਂ ਉਸਦੀਆਂ ਇਹ ਤਿੰਨ ਕਵਿਤਾਵਾਂ ਮਹੱਤਵਪੂਰਨ ਵੀ ਹਨ ਅਤੇ ਉਸਦੀ ਸਿਆਸੀ ਸੋਚ ਨੂੰ ਵੀ ਦਰਸਾਉਂਦੀਆਂ ਹਨ। ਇਹ ਕਵਿਤਾਵਾਂ ਪੰਜਾਬ ਦੇ ਕਾਲੇ ਦੌਰ ਦਾ ਦੁਖਾਂਤਕ ਇਤਿਹਾਸ ਹਨ, ਜਿਸ ਦੌਰ ਵਿੱਚ ਪੰਜਾਬ ਲਹੂ-ਲੁਹਾਣ ਹੋਇਆ ਪਿਆ ਸੀ।

ਉਦੋਂ ਪੰਜਾਬ ਵਿੱਚ ਵਾਪਰਦੀਆਂ ਘਟਨਾਵਾਂ ਪਾਸ਼ ਲਈ ਸਦਮੇ ਤੇ ਪ੍ਰੇਸ਼ਾਨੀ ਦਾ ਕਾਰਨ ਬਣੀਆਂ ਸਨ। ਤਾਂ ਹੀ ਉਸਨੇ 'ਸੰਤਾਂ' ਤੇ ਧਰਮ ਦੀਕਸ਼ਾ ਲਈ ਬਿਨੈ ਪੱਤਰ ਲਿਖਿਆ ਸੀ। ਜਿਸ ਵਿੱਚ ਉਸਨੇ ਕਤਲਾਂ ਕਾਰਨ ਉਜੱੜ ਰਹੇ ਪੰਜਾਬ ਦੀ ਦੁਰਦਸ਼ਾ ਬਿਆਨ ਕੀਤੀ ਸੀ। ਉਨ੍ਹਾਂ ਦਿਨਾਂ ਵਿੱਚ ਹੀ ਦੇਸ਼ ਦੀ ਪ੍ਰਧਾਨ ਮੰਤਰੀ ਦਾ ਕਤਲ ਹੋ ਗਿਆ। ਫ਼ੇਰ ਉਸਨੇ 'ਬੇਦਖ਼ਲੀ ਲਈ ਬਿਨੈ-ਪੱਤਰ' ਲਿਖਿਆ। ਪ੍ਰਧਾਨ ਮੰਤਰੀ ਦੇ ਕਤਲ ਦੇ ਸੋਗ ਵਿੱਚ ਡੁੱਬੇ ਦੇਸ਼ ਵਾਸੀਆਂ ਵਿੱਚੋਂ ਆਪਣਾ ਨਾਂ ਕੱਟਣ ਦੀ ਗੁਹਾਰ ਲਾਈ ਸੀ ਅਤੇ ਖੁਦ ਨੂੰ ਕਤਲ ਵਿੱਚ ਸ਼ਾਮਿਲ ਦੱਸਿਆ ਸੀ। ਜਿੱਥੇ ਪਾਸ਼ ਫ਼ਿਕਰਾਪ੍ਰਸਤ ਤਾਕਤਾਂ ਦਾ ਜ਼ਬਰਦਸਤ ਵਿਰੋਧ ਕਰ ਰਿਹਾ ਸੀ, ਉਥੇ ਉਹ ਰਾਜ ਸੱਤਾ ਨੂੰ ਵੀ ਲੰਮੇ ਹੱਥੀ ਲੈ ਰਿਹਾ ਸੀ। ਨਾਲ ਹੀ 'ਸਭ ਤੋਂ ਖ਼ਤਰਨਾਕ' ਕਵਿਤਾ ਉਨ੍ਹਾਂ ਲੋਕਾਂ ਤੇ ਲਿਖ ਰਿਹਾ ਸੀ ਜੋ ਉਸ ਦੌਰ ਵਿੱਚ ਚੁੱਪ ਕਰ ਗਏ ਸਨ ਅਤੇ ਇਨਕਲਾਬ ਕਰਨ ਦਾ ਸੁਪਨਾ ਛੱਡ ਗਏ ਸਨ।

ਜਿਨ੍ਹਾਂ ਨੇ ਤੱਕੀਆਂ ਹਨ ਕੋਠਿਆਂ ਤੇ ਸੁੱਕਦੀਆਂ ਸੁਨਹਿਰੀ ਛੱਲੀਆਂ ਤੇ ਨਹੀਂ ਤੱਕੇ ਮੰਡੀ 'ਚ ਸੁੱਕਦੇ ਭਾਅ ਉਹ ਕਦੇ ਨਹੀਂ ਸਮਝ ਸਕਣ ਲੱਗੇ ਕਿ ਕਿਵੇਂ ਦੁਸ਼ਮਣੀ ਹੈ ਦਿੱਲੀ ਦੀ ਉਸ ਹੁਕਮਰਾਨ ਔਰਤ ਦੀ ਉਸ ਪੈਰੋਂ ਨੰਗੀ ਪਿੰਡ ਦੀ ਸੋਹਣੀ ਕੁੜੀ ਨਾਲ।

ਮੇਰੇ ਤੋਂ ਆਸ ਨਾ ਰੱਖਿਓ ਕਿ ਮੈਂ ਖੇਤਾਂ ਦਾ ਪੁੱਤ ਹੋ ਕੇ ਤੁਹਾਡੇ ਚਗਲੇ ਹੋਏ ਸੁਆਦਾਂ ਦੀ ਗੱਲ ਕਰਾਂਗਾ

ਮੁੰਡਿਓ, ਮੈਂ ਵੀ ਕਦੇ ਤੁਹਾਡੇ ਵਰਗਾ ਸਾਂ ਨਿੱਕੀਆਂ-ਨਿੱਕੀਆਂ ਚੋਰੀਆਂ ਕਰਦਾ ਹੋਇਆ ਵੀ ਚੋਰ ਨਹੀਂ ਸਾਂ।

ਉਕਤ ਸਤਰਾਂ ਨੂੰ ਲੈ ਲਈਏ ਜਾਂ ਹੋਰ ਕਵਿਤਾਵਾਂ ਨੂੰ, ਜਿਹੜੀਆਂ ਪੇਂਡੂ ਕਿਸਾਨੀ ਦੇ ਅਨੁਭਵ ਨੂੰ ਪੇਸ਼ ਕਰਦੀਆਂ ਹਨ। ਪਾਸ਼ ਪੇਂਡੂ ਕਿਸਾਨੀ ਦੇ ਅਨੁਭਵ ਦਾ ਵਿਸ਼ੇਸ਼ ਕਵੀ ਹੈ। ਇਸ ਕਿਸਮ ਦੀ ਕਵਿਤਾ ਉੱਤੇ ਉਸਦੀ ਪੂਰੀ ਮੁਹਾਰਤ ਹੈ। ਮੈਂ ਇਸ ਕਵਿਤਾ ਨੂੰ ਵੀ 6ਵੇਂ 7ਵੇਂ ਦਹਾਕੇ ਅਤੇ ਅੱਜ ਦੇ ਦਹਾਕੇ ਰਾਹੀਂ ਇਤਿਹਾਸ ਦੀ ਐਨਕ ਨਾਲ ਦੇਖਦਾ ਹਾਂ। ਉਸ ਵੇਲੇ ਵੀ ਕਿਸਾਨੀ ਦਾ ਖੇਤੀ ਸੰਕਟ ਸੀ। ਮਾਲਕੀ ਦਾ ਸੰਕਟ ਸੀ। ਨਕਸਲੀ ਲਹਿਰ ਨੇ 'ਜ਼ਮੀਨ ਹੱਲ ਵਾਹਕ ਦੀ' ਦਾ ਨਾਅਰਾ ਦਿੱਤਾ ਸੀ। ਪਾਸ਼ ਦੀ ਕਵਿਤਾ ਵੀ ਇਸ ਨਾਅਰੇ ਦੁਆਲੇ ਘੁੰਮਦੀ ਸੀ ਜਾਂ ਕਿਸਾਨ ਦੀਆਂ ਦੁਸ਼ਵਾਰੀਆਂ ਦੁਆਲੇ। 90 ਵਿਆਂ ਤੋਂ ਬਾਅਦ ਕਿਸਾਨੀ ਦਾ ਸੰਕਟ ਹੋਰ ਡੂੰਘੇਰਾ ਹੋਇਆ ਹੈ। ਅੱਜ ਦੇ ਇਸ ਸੰਕਟ ਦੀਆਂ ਕੰਨਸੋਆਂ ਭਰਵੀਂ ਮਾਤਰਾ ਵਿੱਚ ਉਸ ਵੇਲੇ ਦੀ ਉਸਦੀ ਕਵਿਤਾ ਵਿੱਚੋਂ ਮਿਲਦੀਆਂ ਹਨ। ਕਿਸਾਨੀ ਜੀਵਨ ਕਿੰਨਾ ਦਲਿੱਦਰਾ ਭਰਿਆ ਹੈ, ਪਾਸ਼ ਉਸਦੀ ਬਿੰਬਾਵਾਲੀ ਰਾਹੀਂ ਉਸਨੂੰ ਪੇਸ਼ ਕਰਦਾ ਹੈ। ਬੰਦੇ ਉਦੋਂ ਵੀ ਉਦਾਸ ਸਨ। ਪਰ ਉਨ੍ਹਾਂ ਦੀ ਹਾਲਤ ਅੱਜ ਵਾਲੀ ਨਹੀਂ ਸੀ। ਹਰੇ ਇਨਕਲਾਬ ਪਿੱਛੋਂ ਉਦਾਸ ਹੋਏ ਕਿਸਾਨ ਖ਼ੁਦਕਸ਼ੀਆਂ ਦੇ ਰਾਹ ਪੈ ਗਏ। ਜੇ ਪਾਸ਼ ਦੀ ਲਹਿਰ ਹੁੰਦੀ ਤਾਂ ਖ਼ੁਦਕਸ਼ੀਆਂ ਨਹੀਂ ਹੋਣੀਆਂ ਸਨ। ਉਸ ਲਹਿਰ ਵਿਚੋਂ ਸੰਘਰਸ਼ ਦੀ ਪ੍ਰੇਰਨਾ ਨਿਕਲਣੀ ਸੀ। ਸੰਘਰਸ਼ ਵਿੱਚੋਂ ਇਨਕਲਾਬ। ਹਰੇ ਇਨਕਲਾਬ ਪਿੱਛੋਂ ਕਿਸਾਨ ਖ਼ੁਦਕਸ਼ੀਆਂ ਦੇ ਰਾਹ ਕਿਉਂ ਹੈ ?

ਪਾਸ਼ ਦੀ ਬਹੁਤੀ ਕਵਿਤਾ ਵਿੱਚੋਂ ਇਤਿਹਾਸਕ ਪਲਾਂ ਨੂੰ ਫ਼ੜਿਆ ਜਾ ਸਕਦਾ ਹੈ। ਪਾਸ਼ ਦੀ ਇੱਕ ਹੋਰ ਖ਼ਾਸੀਅਤ ਉਸਦੀ ਨਾਬਰੀ ਵਾਲੀ ਕਵਿਤਾ ਦਾ ਹੋਣਾ ਹੈ। ਉਸਦੀ ਸਮੁੱਚੀ ਕਵਿਤਾ ਰਾਜ-ਭਾਗ ਦੇ ਵਿਰੋਧ ਵਿੱਚ ਖੜ੍ਹਦੀ ਹੈ। ਉਸਦੀ ਨਾਬਰੀ ਤਿੰਨ ਕਿਸਮ ਦੀ ਹੈ।

?) ਉਹ ਵੋਟ ਪ੍ਰਬੰਧ ਦੇ ਮੁਕਾਬਲੇ ਹਥਿਆਰਬੰਦ ਇਨਕਲਾਬ ਦੇ ਹੱਕ ਵਿੱਚ ਹੈ। ਭਾਵੇਂ ਉਹਦਾ ਇਨਕਲਾਬ ਨਹੀਂ ਆਇਆ। ਪਰ ਉਹ ਵਾਰ-ਵਾਰ ਸੰਸਦ ਤੇ ਹਮਲੇ ਕਰਦਾ ਹੈ ਅਤੇ ਭਾਰਤ ਦੀ ਜਮਹੂਰੀਅਤ ਦਾ ਮਖ਼ੌਲ ਉਡਾਉਂਦਾ ਹੈ। ਅ) ਉਹ ਕਲਚਰ ਹੈਜਮਨੀ ਨੂੰ ਬੇਰਹਿਮੀ ਨਾਲ ਤੋੜਦਾ ਹੈ। ਉਹ ਚਿੜੀਆਂ ਦੇ ਚੰਬੇ ਦੀ ਮਿੱਥ ਦੇ ਉਲਟ ਗੱਲ ਕਰਦਾ ਹੈ। ਉਹ ਕਲਚਰ ਚਾਰਮਿੰਗ ਦੇ ਪੋਰਸ਼ਨ ਨੂੰ ਤੋੜਦਾ ਹੈ। ?) ਉਸਦੀ ਨਾਬਰੀ ਦੀ ਤੀਜੀ ਕਿਸਮ ਮੌਜੂਦਾ ਰਾਜ-ਪ੍ਰਬੰਧ ਤੋਂ ਹੈ।

ਉਂਝ ਤਾਂ ਪੰਜਾਬ ਦੀ ਮਿੱਟੀ ਨੂੰ ਵਾਰ-ਵਾਰ ਲਹੂ ਵਿੱਚ ਭਿੱਜਣ ਦੀ ਆਦਤ ਹੈ। ਗੁਰੂ ਨਾਨਕ ਦੇ ਕ੍ਰਾਂਤੀਕਾਰੀ ਵਿਚਾਰਾਂ (ਜੇ ਜਵਿਹਿ ਪਤ ਲਥੀ ਜਾਇ, ਜੇਤਾ ਹਰਾਮ ਤੇਤਾ ਸਭ ਖਾਹਿ) ਨੇ ਧਰਤੀ ਦੇ ਬੰਦਿਆਂ ਨੂੰ ਝੰਜੋੜਿਆ ਸੀ। ਇਸ ਰਾਜਨੀਤਕ ਚੇਤਨਾ ਦਾ ਹੀ ਅਸਰ ਹੈ ਕਿ ਗੁਰੂ ਗੋਬਿੰਦ ਸਿੰਘ ਜਬਰ ਤੇ ਨਾਬਰੀ ਦੇ ਵਿਰੁੱਧ ਖਾਲਸਾ ਪੰਥ ਦੀ ਸਾਜਨਾ ਕਰਦੇ ਹਨ। ਇਥੋਂ ਹੀ ਗੁਰੂ ਨੂੰ ਸੱਚੇ ਪਾਤਸ਼ਾਹ ਮੰਨਣਾ ਤੇ ਹਾਕਮ ਨੂੰ ਟਿੱਚ ਜਾਣਨਾ, ਨਾਬਰੀ ਦੀ ਪਰੰਪਰਾ ਮੰਨੀ ਜਾਂਦੀ ਹੈ। ਇਸ ਤੋਂ ਵੀ ਪਹਿਲਾਂ ਗੁਰੂ ਰਵਿਦਾਸ ਅਤੇ ਸਤਿਗੁਰੂ ਕਬੀਰ ਦੀ ਬਾਣੀ ਵੀ ਆਪਣੇ ਸਮੇਂ ਦੇ ਹਾਕਮਾਂ ਤੇ ਰਾਜ ਪ੍ਰਬੰਧ ਤੇ ਸਿੱਧਾ ਹਮਲਾ ਕਰਦੀ ਹੈ। ਜੇ ਇਸ ਤੋਂ ਵੀ ਪਹਿਲਾ ਆਰੀਅਨਾਂ ਵਿਰੁੱਧ ਦ੍ਰਾਵਿੜਾਂ ਦੇ ਯੁੱਧਾਂ ਦੀਆਂ ਕਹਾਣੀਆਂ ਦੇਖੀਏ, ਉਨ੍ਹਾਂ ਵਿੱਚ ਵੀ ਏਹੀ ਰੂਪ ਦੇਖਣ ਨੂੰ ਮਿਲਦਾ ਹੈ। ਹਕੂਮਤਾਂ ਨਾਲ ਟੱਕਰ ਲੈਣ ਵਾਲਿਆਂ ਪੋਰਸਾਂ, ਜੈਮਲ ਫੱਤਿਆ,ਜੀਊਣੇ ਮੋੜਾਂ, ਦੁੱਲੇ ਭੱਟੀਆਂ, ਅਜੀਤ ਸਿੰਘਾਂ, ਊਧਮ ਸਿੰਘਾਂ, ਕਰਤਾਰ ਸਿੰਘ ਸਰਾਭਿਆਂ ਅਤੇ ਭਗਤ ਸਿੰਘਾਂ ਦੀ ਸੂਰਮਗਤੀ ਨਾਬਰੀ ਕਾਰਨ ਹੀ ਲੋਕ ਚੇਤਿਆਂ ਵਿੱਚ ਪਈ ਹੈ।

ਜਿਥੇ ਵੀ ਕਿਤੇ ਜ਼ੁਲਮ ਹੁੰਦਾ ਹੈ, ਉਥੇ ਨਾਬਰੀ ਦੇ ਨਾਇਕ ਪ੍ਰਗਟ ਹੋ ਜਾਂਦੇ ਹਨ। ਗੁਰੂ ਅਰਜਨ ਦੇਵ ਜੀ ਦੀ ਨਾਬਰੀ ਕਿਸੇ ਤੋਂ ਲੁਕੀ ਹੋਈ ਨਹੀਂ ਹੈ। ਬੰਦਾ ਸਿੰਘ ਬਹਾਦਰ ਨਾਬਰੀ ਦਾ ਨਾਇਕ ਹੈ। ਗੁਰੂ ਗੋਬਿੰਦ ਸਿੰਘ ਵਲੋਂ ਰਾਜਿਆਂ ਵਾਂਗ ਕਲਗੀ ਲਾਉਣਾ ਅਤੇ ਬਾਜ ਰੱਖਣਾ ਵੀ ਨਾਬਰੀ ਦੀਆਂ ਨਿਸ਼ਾਨੀਆਂ ਹਨ। ਭਗਤ ਸਿੰਘ ਅਤੇ ਬੀ.ਕੇ. ਦੱਤ ਵਲੋਂ ਭਾਵੇਂ ਅਸੈਂਬਲੀ ਹਾਲ ਵਿੱਚ ਸੁੱਟੇ ਬੰਬ ਖਾਲੀ ਸਨ, ਪਰ ਉਹ ਬਰਤਾਨਵੀਂ ਹਕੂਮਤ ਲਈ ਚੁਣੌਤੀ ਸਨ। ਅੰਗਰੇਜ਼ ਦੇ ਰਾਜ ਵਿੱਚ ਸੂਰਜ ਨਾ ਛਿਪਣ ਦੀ ਮਿੱਥ ਲਈ ਇਹ ਨਾਬਰੀ ਭਰਿਆ ਕਦਮ ਸੀ। ਪੰਜਾਬੀ ਲੋਕ ਗਾਇਕੀ ਦੀ ਵਿਧਾ ਜੁਗਨੀ ਇਸ ਦੀ ਉਘੜਵੀਂ ਉਦਾਹਰਣ ਹੈ। ਜਦੋਂ ਅੰਗਰੇਜ਼ ਹਕੂਮਤ ਆਪਣੇ ਰਾਜ ਦੀ ਸਿਲਵਰ ਜੁਬਲੀ ਮਨਾਉਣ ਲਈ ਜੁਬਲੀ ਫਲੇਮ ਲੈ ਕੇ ਸ਼ਹਿਰ-ਸ਼ਹਿਰ ਘੁੰਮ ਰਹੀ ਸੀ ਤਦ ਮਾਝੇ ਦੇ ਦੋ ਗਾਇਕਾਂ ਮੰਦਾ ?ਮੁਹੰਮਦ ਅਰਾਈਂ ? ਅਤੇ ਬਿਸ਼ਨੇ ਵਲੋਂ ਜੁਬਲੀ ਫਲੇਮ ਦੀ ਜੁਗਨੀ ਬਣਾ ਦੇਣਾ ਵੀ ਨਾਬਰੀ ਹੀ ਸੀ। ਜਿਵੇਂ ਜੁਗਨੀ ਜਾ ਵੜੀ ਕਲਕੱਤੇ.....ਆਦਿ ਅੰਗਰੇਜ਼ ਸਾਮਰਾਜ ਦੀਆਂ ਏਜੰਸੀਆਂ ਦੇ ਚਿੰਨ੍ਹਾਂ ਦਾ ਇਨ੍ਹਾਂ ਗਾਇਕਾਂ ਨੇ ਮਖੌਲ ਉਡਾਇਆ, ਉਹ ਅੱਜ ਵੀ ਕਾਬਲੇ ਤਾਰੀਫ਼ ਹੈ। ਕਵਿਤਾ ਦੇ ਖੇਤਰ ਵਿੱਚ ਪਾਸ਼ ਨਾਬਰੀ ਦਾ ਸਿਖ਼ਰ ਹੋ ਨਿਬੜਦਾ ਹੈ। ਉਸਦੀ ਸਮੁੱਚੀ ਕਵਿਤਾ ਰਾਜ ਸੱਤਾ ਪ੍ਰਤੀ ਵਿਦਰੋਹ ਦੀ ਕਵਿਤਾ ਹੈ। ਉਸਦੀ ਕਵਿਤਾ ਦਾ ਜਜ਼ਬਾ ਮੌਤ ਵੱਟੇ ਆਜ਼ਾਦੀ ਲੈਣ ਵਿੱਚ ਪਿਆ ਹੈ।

ਇਤਿਹਾਸਕ ਪ੍ਰਸੰਗ ਵਿੱਚ ਪਾਸ਼ ਦੀ ਕਵਿਤਾ ਗਦਰ ਕਵਿਤਾ ਦਾ ਅਗਲੇਰਾ ਵਿਕਾਸ ਹੈ। ਪਾਸ਼ ਅਤੇ ਗਦਰ ਦੀਆ ਕਵਿਤਾਵਾਂ। ?) ਸਾਮਰਾਜ ਦੇ ਵਿਰੁੱਧ ਹਨ। ਅ) ਦੀ ਸਿਆਸੀ ਲਾਈਨ ਇੱਕ ਹੈ। ?) ਹਥਿਆਰਬੰਦ ਇਨਕਲਾਬ ਦੀਆਂ ਮੁਦਈ ਹਨ। ਸ) ਸ਼ੈਲੀ ਪੱਖੋਂ ਵੱਖਰੀਆਂ ਹਨ।

ਗ਼ਦਰ ਦੀ ਕਵਿਤਾ ਲੋਕ ਸ਼ੈਲੀ ਵਾਲੀ ਹੈ। ਪਾਸ਼ ਲੋਕ ਮੁਹਾਵਰੇ ਵਿੱਚ ਗੁੰਨੀ ਹੋਈ ਬੌਧਿਕ ਸ਼ੈਲੀ ਦਾ ਸ਼ਾਇਰ ਹੈ। ਪਰ ਦੋਨਾਂ ਦਾ ਤੱਤ ਸਾਰ ਇੱਕ ਹੈ। ਪਾਸ਼ ਦੀ ਕਵਿਤਾ ਗ਼ਦਰ ਲਹਿਰ ਦੀ ਕਵਿਤਾ ਦੀ

ਲਗਾਤਾਰਤਾ ਹੈ।

ਆਧੁਨਿਕ ਭਾਰਤੀ ਸਾਹਿਤ ਵਿੱਚ ਨਾਬਰੀ ਵਾਲੀ ਪਰੰਪਰਾ 1935 ਤੋਂ ਮੁਨਸ਼ੀ ਪ੍ਰੇਮ ਚੰਦ ਨਾਲ ਮੰਨੀ ਜਾਂਦੀ ਹੈ, ਪਰ ਪੰਜਾਬੀ ਸਾਹਿਤ ਵਿੱਚ ਇਹ 1913 ਵਿੱਚ ਹੀ ਗ਼ਦਰ ਦੀ ਕਵਿਤਾ ਨਾਲ ਸ਼ੁਰੂ ਹੋ ਜਾਂਦੀ ਹੈ। ਭਗਤ ਸਿੰਘ 1928-29 ਤੋਂ ਹੀ ਮਾਰਕਸਵਾਦੀ ਨਜ਼ਰੀਏ ਤੋਂ ਲਿਖਤਾਂ ਲਿਖ ਰਿਹਾ ਹੈ। ਉਸ ਵਲੋਂ 1931 ਵਿੱਚ 'ਡਰੀਮਲੈਂਡ' ਦੀ ਲਿਖੀ ਭੂਮਿਕਾ ਨੂੰ ਇਸੇ ਖਾਨੇ ਵਿੱਚ ਰੱਖਿਆ ਜਾ ਸਕਦਾ ਹੈ। ਗ਼ਦਰ ਕਵਿਤਾ ਤੋਂ ਬਾਅਦ ਬੱਬਰ ਲਹਿਰ (1920-22) ਦੀ ਕਵਿਤਾ ਦਾ ਵਾਹ ਵੀ ਹਕੂਮਤ ਨਾਲ ਟੱਕਰ ਲੈਣ ਵਿੱਚ ਨਿਕਲਦਾ ਹੈ। ਗ਼ਦਰ ਲਹਿਰ, ਬੱਬਰ ਲਹਿਰ ਅਤੇ ਭਗਤ ਸਿੰਘ ਤੇ ਸਾਥੀਆਂ ਦੀ ਲਹਿਰ ਤੋਂ ਲੈ ਕੇ ਪਾਸ਼ ਤੱਕ ਇੱਕ ਨਿਰੰਤਰ ਕਾਵਿ ਪਰੰਪਰਾ ਰਹੀ ਹੈ। ਜਿਹੜੀ 'ਰਾਜੇ ਸ਼ੀਂਹ ਮੁਕੱਦਮ ਕੁੱਤੇ' ਦੀ ਸੁਰ ਅਲਾਪਦੀ ਰਹੀ ਹੈ।

80ਵਿਆਂ ਵਿੱਚ ਚੱਲੀ ਜਨੂੰਨੀ ਹਨੇਰੀ ਖਾਸਕਰ ਪੰਜਾਬੀਆਂ ਉੱਤੇ ਕਹਿਰ ਬਣ ਕੇ ਆਉਂਦੀ ਹੈ। ਪੰਜਾਬ ਭਰਾ ਮਾਰੂ ਜੰਗ ਵਿੱਚ ਉਲਝ ਜਾਂਦਾ ਹੈ। ਪਾਸ਼ ਐਂਟੀ-47 ਵਿੱਚ ਕੰਮ ਕਰਦਾ ਹੋਇਆ ਸਿੱਖ ਹੋਣ ਦੇ ਅਰਥ ਮਨੁੱਖਤਾ ਨਾਲ ਜੋੜਦਾ ਹੈ। ਉਹ ਸਿੱਖੀ ਨੂੰ ਪਰਿਭਾਸ਼ਤ ਕਰਦਾ ਹੋਇਆ ਲਿਖਦਾ ਹੈ ਕਿ ਸਿੱਖਾਂ ਦੇ ਹਥਿਆਰ ਹਮੇਸ਼ਾ ਜ਼ੁਲਮੀ ਰਾਜ ਸੱਤਾ ਵਿੱਰੁਧ ਉੱਠੇ। ਉਹ ਪੰਜਾਬ ਦੁਖਾਂਤ ਲਈ ਸਭ ਤੋਂ ਵੱਡੀ ਅਪਰਾਧੀ ਦੇਸ਼ ਦੀ ਹਾਕਮ ਜਮਾਤ ਤੇ ਉਸਦੀ ਰਖਵਾਲ ਕਾਂਗਰਸ ਨੂੰ ਮੰਨਦਾ ਹੈ। ਮੋਹਨਦਾਸ ਗਾਂਧੀ ਤੇ ਉਸਦੇ ਭਾਈਬੰਦ, ਬਿਰਲਾ, ਹਿੰਦੂ ਜਥੇਬੰਦੀਆਂ, ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਵਿਗੜਿਆ ਹੋਇਆ ਸੋਚ ਪ੍ਰਬੰਧ, ਅਕਾਲੀਆਂ ਅਤੇ ਭਿੰਡਰਾਂ ਵਾਲਾ ਜਰਨੈਲ ਸਿੰਘ ਨੂੰ ਵੀ ਅਪਰਾਧੀ ਮੰਨਦਾ ਹੈ ਜਿਨ੍ਹਾਂ ਪੰਜਾਬ ਨੂੰ ਲਹੂ-ਲੁਹਾਣ ਕਰ ਦਿੱਤਾ ਸੀ। ਉਦੋਂ ਸਿੱਖ ਸੰਘਰਸ਼ ਦੇ ਨਾਂ ਤੇ ਲੜਨ ਵਾਲਿਆਂ ਬਾਰੇ ਉਸਨੇ ਤਿੱਖੀ ਸੁਰ ਵਿੱਚ ਕਿਹਾ ਸੀ ਕਿ ਉਨ੍ਹਾਂ ਦਾ ਮਹਾਨ ਸਿੱਖ ਗੁਰੂਆਂ ਨਾਲ ਉੱਕਾ ਹੀ ਸਰੋਕਾਰ ਨਹੀਂ ਹੈ। ਇਹ ਗੱਲ ਉਨ੍ਹਾਂ ਤੋਂ ਜਰ ਨਹੀਂ ਹੋਈ ਸੀ। ਉਨ੍ਹਾਂ ਨੇ ਪੰਜਾਬੀਅਤ ਦੇ ਉਸ ਮੁਦਈ ਦਾ ਕਤਲ ਕਰ ਦਿੱਤਾ, ਜਿਸਨੇ ਲਿਖਿਆ ਸੀ ।

ਇਹ ਸਾਰਾ ਹੀ ਕੁਝ ਭੁੱਲ ਜਾਵੀਂ ਮੇਰੀ ਦੋਸਤ ਸਿਵਾ ਇਸ ਤੋਂ ਕਿ ਮੈਨੂੰ ਜੀਣ ਦੀ ਬਹੁਤ ਲੋਚਾ ਸੀ ਕਿ ਮੈਂ ਗਲੇ ਤੀਕ ਜ਼ਿੰਦਗੀ ਵਿੱਚ ਡੁੱਬਣਾ ਚਾਹੁੰਦਾ ਸਾਂ ਮੇਰੇ ਵੀ ਹਿੱਸੇ ਦਾ ਜੀਅ ਲੈਣਾ ਮੇਰੀ ਦੋਸਤ ਮੇਰੇ ਵੀ ਹਿੱਸੇ ਦਾ ਜੀਅ ਲੈਣਾ।

ਜ਼ਿੰਦਗੀ ਨੂੰ ਬੇਹੱਦ ਮੁਹੱਬਤ ਕਰਨ ਵਾਲੇ, ਇਨਕਲਾਬ ਦੇ ਹਾਮੀ ਅਤੇ ਤਿੰਨ ਪੱਪਿਆਂ (ਪੰਜਾਬ, ਪੰਜਾਬੀ, ਅਤੇ ਪੰਜਾਬੀਅਤ) ਦੇ ਦਰਦੀ ਇਸ ਨੌਜਵਾਨ ਦਾ ਭਰ ਜੁਆਨੀ ਵਿੱਚ ਕਤਲ ਕਰ ਦੇਣਾ ਘਿਨਾਉਣੀ ਘਟਨਾ ਸੀ। ਇਸ ਤੋਂ ਵੀ ਦੁਖਦਾਈ ਪਹਿਲੂ ਉਸਦੀ ਸ਼ਹਾਦਤ ਤੋਂ ਬਾਅਦ ਉਸ ਨਾਲ ਕੋਝੇ ਢੰਗ ਨਾਲ ਪੇਸ਼ ਆਉਣਾ ਹੈ। ਹਕਸਲੇ ਇੱਕ ਅੰਗਰੇਜ਼ ਸਫ਼ਰਨਾਮਾ ਲੇਖਕ ਹੋਇਆ ਹੈ। ਉਸਨੇ ਸੰਸਾਰ ਪ੍ਰਸਿੱਧ ਇਮਾਰਤ ਤਾਜ ਮਹੱਲ ਦੀ ਭੰਡੀ ਕੀਤੀ ਸੀ। ਆਮ ਲੋਕਾਂ ਨੇ ਕਿਹਾ ਸੀ ਹਕਸਲੇ ਰਹੇ ਨਾ ਰਹੇ ਪਰ ਤਾਜ ਮਹੱਲ ਰਹਿੰਦੀ ਦੁਨੀਆਂ ਤੱਕ ਰਹੇਗਾ। ਏਹੀ ਕੁਮੈਂਟ ਪਾਸ਼ ਉੱਤੇ ਢੁੱਕਦਾ ਹੈ। ਪਾਸ਼-ਪਾਸ਼ ਸੀ ਅਤੇ ਪਾਸ਼-ਪਾਸ਼ ਰਹੇਗਾ। ਕਿਉਂਕਿ ਸ਼ਿਵ ਕੁਮਾਰ ਬਟਾਲਵੀ ਤੋਂ ਬਾਅਦ ਸਿਰਫ਼ ਪਾਸ਼ ਹੀ ਆਧੁਨਿਕ ਦੌਰ ਦਾ ਪ੍ਰਤਿਭਾਵਾਨ ਕਵੀ ਹੈ ਜੋ ਆਪਣੀਆ ਕਵਿਤਾਵਾਂ ਦੀ ਸ਼ਕਤੀ ਕਾਰਨ ਪੰਜਾਬੀ ਕਾਵਿ-ਜਗਤ ਵਿੱਚ ਇੱਕ ਨਿਵੇਕਲੀ ਪਛਾਣ ਬਣਾਈ ਬੈਠਾ ਹੈ। ਇਹ ਪਛਾਣ ਉਸਦੀ ਇੱਕਲੀ ਕਵਿਤਾ ਕਰਕੇ ਹੀ ਨਹੀਂ ਹੈ ਸਗੋਂ ਉਸਦੀਆਂ ਚਿੱਠੀਆਂ, ਡਾਇਰੀ, ਟਿੱਪਣੀਆਂ ਅਤੇ ਵਾਰਤਕ ਲੇਖਾਂ ਕਾਰਨ ਵੀ ਹੈ ਜਿਨ੍ਹਾਂ ਵਿੱਚ ਉਹ ਰਾਜਨੀਤੀ, ਦਰਸ਼ਨ, ਇਤਿਹਾਸ, ਮਿਥਿਹਾਸ ਅਤੇ ਸਮਕਾਲੀ ਵਿਸ਼ਿਆਂ ਤੇ ਆਪਣੀ ਧਾਂਕ ਜਮਾਉਂਦਾ ਹੈ। ਪੰਜਾਬੀ ਵਿੱਚ ਸਭ ਤੋਂ ਵੱਧ ਸਾਹਿਤ ਆਲੋਚਨਾ ਉਸਦੀ ਕਵਿਤਾ ਤੇ ਹੋਈ। ਪੰਜਾਬੀ ਦਾ ਉਹ ਇਕਲੌਤਾ ਸ਼ਾਇਰ ਹੈ, ਜਿਹੜਾ ਹੁਣ ਤੱਕ ਸਭ ਤੋਂ ਵੱਧ ਦੂਜੀਆਂ ਭਾਸ਼ਾਵਾਂ ਵਿੱਚ ਅਨੁਵਾਦਿਆ ਗਿਆ ਹੈ ਅਤੇ ਵਿਚਾਰਿਆ ਗਿਆ ਹੈ। ਇਹ ਉਸ ਦੀ ਤਾਬ ਉਸ ਦੇ ਵਿਰੋਧੀਆਂ ਤੋਂ ਝੱਲੀ ਨਹੀਂ ਜਾ ਰਹੀ। ਲੋਕ ਪਾਸ਼ ਨੂੰ ਸਲਾਹ ਰਹੇ ਹਨ। ਉਸਦੀਆਂ ਲਿਖਤਾਂ ਵੱਡੀ ਗਿਣਤੀ ਵਿੱਚ ਪੜ੍ਹੀਆਂ ਜਾਣ ਲੱਗੀਆਂ ਹਨ। ਆਪਣੇ ਵਿਰੋਧੀਆਂ ਦੇ ਕੋਝੇ ਹਮਲਿਆਂ ਦੇ ਬਾਵਜੂਦ ਉਹ ਘਾਹ ਵਾਂਗ ਮੁੜ-ਮੁੜ ਉੱਗ ਰਿਹਾ ਹੈ।

**ਮੈਂ ਘਾਹ ਹਾਂ**
**ਮੈਂ ਤੁਹਾਡੇ ਹਰ ਕੀਤੇ ਕਰਾਏ ਤੇ ਉੱਗ ਆਵਾਂਗਾ**
**ਬੰਬ ਸੁੱਟ ਦਿਓ ਭਾਵੇਂ ਵਿਸ਼ਵ ਵਿਦਿਆਲੇ ਤੇ**
**ਬਣਾ ਦਿਓ ਹਰ ਹੋਸਟਲ ਮਲਬੇ ਦੇ ਢੇਰ**
**ਸੁਹਾਗਾ ਫੇਰ ਦਿਓ ਬੇਸ਼ੱਕ ਸਾਡੀਆਂ ਝੁੱਗੀਆਂ ਤੇ**
**ਮੈਨੂੰ ਕੀ ਕਰੋਗੇ ?**
**ਮੈਂ ਤਾਂ ਘਾਹ ਹਾਂ।**

# More than 1 in 5 Canadian professionals in precarious jobs: report




TORONTO – Despite their high level of education, credentials, skills, and even experience, 22 per cent of Canadian professionals are in precarious jobs, says a new report from the Canadian Centre for Policy Alternatives' Ontario (CCPA-Ontario) office.

Based on a national survey of professionals about precarious working conditions, the first of its kind, No Safe Harbour: Precarious Work and Economic Insecurity Among Skilled Professionals in Canada shows professionals across the country are not immune to the hallmarks of precarious work: no steady income, no pension, no benefits, no sick pay.

"We tend to think of precarious work as something that happens in low-wage, low-skill jobs, but the findings from this national survey suggest that there is no safe harbour. Even highly educated professionals are experiencing economic insecurity and unstable working conditions," says Ricardo Tranjan, CCPA-Ontario senior researcher.

Even full-time work isn't a buffer: 26 per cent of precarious professionals work full-time, though most go contract-to-contract (37 per cent) or work part-time (34 per cent). The majority (60 per cent) of precarious professionals don't have a pension plan or RRSP, nor do they get sick pay.

The report found precarious professionals in both the private (40 per cent) and public (30 per cent) sector. Precarious professionals are in all professions, but they're concentrated in three occupational categories: education (28 per cent), health care (18 per cent), and business, finance and administration (19 per cent). The majority of precarious professionals are women (60 per cent) and there is a higher incidence among professionals aged 55 and up.

"You would think the combination of education, age and experience would buffer professionals from unstable jobs, but all the hallmarks of precarious work are creeping into professions," says CCPA-Ontario Director Trish Hennessy. "The survey reflects some deep-seated concerns about economic insecurity. The majority (57 per cent) of professionals without full-time work prefer better job stability and 43 per cent of them say the lack of stability keeps them up at night."

**For more information please contact: Trish Hennessy 416-525-4927 or trish@policyalternatives.ca**

# Procession-Marches against Repression on Dalits Give a Clarion Call to Continue the Fight for Equality and Dignity of Dalits

Chandigarh : Responding to the call by 'Campaign Committee Against Repression on Dalits', Dalit people along with large number of farmers, employees, youth, writers, and activists of Democratic movement came out on the roads today in different regions of Punjab and raised their voice demanding severe punishments for those committing atrocities against Dalits. In a press note, state convener of the committee Lachhman Singh Sewewala and the committee member Jhanda Singh Jethuke stated that today people turn up in large numbers and took out 'Marches against Repression on Dalits" in Bathinda, Nathana, Rampura, Maur, Talwandi , Bhagta, Sangat, Shehna, Shri Muktsr Sahib, Moonak, Bhikhi, Nihal Singh wala and in village and towns of Nakodar block.

Addressing these gathering in different regions the speakers, while declaring BJP's central government's decision (of reverting the amendments made by supreme-court in SC/ ST Act) as a victory won by extensive, country wide and intense struggle by Dalits, gave a clarion call to continue the struggle for achieving the goals of social equality and dignity of Dalits. They said that the regressive incidents of caste hatred and violence against Dalit community, occurring even in present times, and the social reality of Dalits being kept hitched in a forcible manner to the filthy and mean professions raise question on claims of Freedom and Democracy in the country. They said although Modi government has taken back the amendments in the Act due to spreading anger among Dalits, yet the appointment of the concerned Judge of the Supreme Court, who passed the anti-dalit rulings, as the chairman of the Green Tribunal just right after the retirement proves that BJP's intention and policy against Dalits is still the same.

They claimed that not only the BJP but all the parties that came to rule one after another are responsible for repression and social backwardness of Dalits. They demanded to revoke the cases and immediatly release the Dalit leaders and workers arrested during the Bhart Bandh of April 2nd and to immediately release Chander Shekhar, the leader of Bheem army who raised voice against Saharnpur Riots, and the 5 leaders of Democratic movement, thrown into jail under the false accusation of Bheema Koregaon violence. They also demanded to provide Dalits with land entitlements by redistributing the land and eliminate the dearth of land for rural workers, guarantee education and employment for all by rejecting the policies of privatization, continue the policy of reservation, stop the campaign of terrorizing and intimidating pro-people writers, journalists and intellectuals and abandon the policy of divide and rule by fueling Caste divisions.



Committee members, Zora Singh Nasrali, Advocate N.K. Jeet, Gursewak Singh Preet, Ram Swarn Lakhewali, Ashwani Kumar Ghudha, Samuel John, Jagsir Jeeda, Balwant Singh Baghapurana, Tarsem Singh Khundehalal, Chamkaur Singh Nenewal, Harbhagwan Singh Moonak, Shingara Singh Maan, Harinder Kaur Bindu, Harjinder Singh Baggi and Inderjeet Singh Jhabar addressed these gatherings.

**Lachhman Singh Sewewal 94170-79170**

# ਭਗਤ ਸਿੰਘ ਬਾਰੇ ਅਣਫਰੋਲੇ ਵਰਕੇ

ਸਾਰਿਕਾ ਸ਼ਰਮਾ
ਕੌਮੀ ਸਰਮਾਇਆ



ਭਗਤ ਸਿੰਘ ਦੇ ਛੋਟੇ ਭਰਾ ਰਣਬੀਰ ਸਿੰਘ ਦੇ ਘਰ ਕਈ ਦਹਾਕਿਆਂ ਤੋਂ ਕੁਝ ਅਣਫੋਲੇ ਵਰਕੇ ਪਏ ਰਹੇ। ਹਾਲ ਹੀ ਵਿੱਚ ਇਨ੍ਹਾਂ ਨੂੰ ਪਲਟਿਆ ਗਿਆ ਤਾਂ 23 ਸਾਲ ਦੀ ਉਮਰ ਵਿੱਚ ਫ਼ਾਂਸੀ ਦਾ ਰੱਸੇ ਚੁੰਮਣ ਵਾਲੇ ਇਸ ਇਨਕਲਾਬੀ ਦੀ ਜ਼ਿੰਦਗੀ ਬਾਰੇ ਨਵੀਆਂ ਪਰਤਾਂ ਖੁੱਲ੍ਹੀਆਂ। ਇਨ੍ਹਾਂ ਦਸਤਾਵੇਜ਼ਾਂ ਵਿੱਚੋਂ ਸਭ ਤੋਂ ਮਹੱਤਵਪੂਰਨ ਪੰਨੇ ਰਣਬੀਰ ਸਿੰਘ ਵੱਲੋਂ ਲਿਖੀ ਜਾ ਰਹੀ ਭਗਤ ਸਿੰਘ ਦੀ ਜੀਵਨੀ ਵਾਲੇ ਸਨ ਜੋ ਅਧੂਰੀ ਰਹਿ ਗਈ। ਇਹ ਦਸਤਾਵੇਜ਼ ਰਣਬੀਰ ਸਿੰਘ ਦੇ ਪੁੱਤਰ ਮੇਜਰ ਜਨਰਲ (ਸੇਵਾਮੁਕਤ) ਸ਼ਿਓਨਨ ਸਿੰਘ ਦੇ ਘਰੋਂ ਮਿਲੇ ਹਨ। ਸਾਬਕਾ ਫ਼ੌਜੀ ਅਫ਼ਸਰ ਨੇ ਕਿਹਾ ਕਿ ਬਹੁਤ ਸਾਲ ਉਨ੍ਹਾਂ ਨੇ ਆਪਣੇ ਪਿਤਾ ਨੂੰ ਉਰਦੂ ਵਿੱਚ ਕੁਝ ਨੋਟਸ ਬਣਾਉਂਦੇ ਤੱਕਿਆ ਸੀ, ਪਰ ਉਹ ਇਨ੍ਹਾਂ ਨੂੰ ਮੁਕੰਮਲ ਨਹੀਂ ਕਰ ਸਕੇ।

ਇਹ ਲਿਖਤਾਂ ਪਾਠਕ ਨੂੰ ਨਵਾਂਸ਼ਹਿਰ ਦੇ ਪਿੰਡ ਬੰਗਾ ਵਿੱਚ ਲੈ ਜਾਂਦੀਆਂ ਹਨ ਜੋ ਤਕਰੀਬਨ 70 ਘਰਾਂ ਵਾਲਾ ਛੋਟਾ ਜਿਹਾ ਪਿੰਡ ਹੈ। ਉਹ ਦੱਸਦਾ ਹੈ ਕਿ ਸਰੀਰਕ ਪੱਖੋਂ ਮਾੜਚੂ ਜਿਹਾ ਜਾਪਦਾ ਭਗਤ ਸਿੰਘ ਦੂਜਿਆਂ ਦੇ ਕੰਧੇੜੇ ਚੜ੍ਹ ਕੇ ਜਾਂਦਿਆਂ ਉਨ੍ਹਾਂ ਨੂੰ ਹਾਸੋਹੀਣੀਆਂ ਗੱਲਾਂ ਕਰ ਕਰ ਹਸਾਉਂਦਾ ਰਹਿੰਦਾ ਸੀ। ਆਮ ਮੁੰਡੇ ਪਿੰਡ ਦੇ ਛੱਪੜ ਵਿੱਚ ਨਹਾਉਂਦੇ, ਬਾਹਰ ਆਉਣ ਮਗਰੋਂ ਫਿਰ ਡੂੰਘੇ ਪਾਣੀ ਵਿੱਚ ਚਲੇ ਜਾਂਦੇ ਅਤੇ ਗੰਦੇ ਹੋ ਜਾਂਦੇ। ਭਗਤ ਸਿੰਘ ਵੀ ਉਨ੍ਹਾਂ ਵਰਗਾ ਹੀ ਤਾਂ ਸੀ। ਇਹ ਜਾਣ ਕੇ ਮਨ ਵਿੱਚ ਸੁਆਲ ਉੱਠਦਾ ਹੈ ਕਿ ਫਿਰ ਭਗਤ ਸਿੰਘ ਇਨਕਲਾਬੀ ਰੰਗ 'ਚ ਕਿਵੇਂ ਰੰਗਿਆ ਗਿਆ ਜੋ ਉਸ ਨੂੰ ਸ਼ਹੀਦ-ਏ-ਆਜ਼ਮ ਦਾ ਲਕਬ ਦਿੱਤਾ ਗਿਆ?

ਦਰਅਸਲ, ਉਨ੍ਹਾਂ ਦੇ ਪਿਤਾ ਕਿਸ਼ਨ ਸਿੰਘ ਇਨ੍ਹਾਂ ਸਾਰੇ ਭਰਾਵਾਂ (ਭਗਤ ਸਿੰਘ ਹੋਰਾਂ) ਦੇ ਪੜ੍ਹਨ ਲਈ ਦੁਨੀਆਂ ਭਰ ਦੇ ਆਜ਼ਾਦੀ ਘੁਲਾਟੀਆਂ ਦੀ ਜੀਵਨੀਆਂ ਅਤੇ ਫਰਾਂਸ ਕ੍ਰਾਂਤੀ ਜਿਹੇ ਸੰਘਰਸ਼ਾਂ ਸਬੰਧੀ ਕਿਤਾਬਾਂ ਲਿਆਉਂਦੇ ਸਨ। ਇਨ੍ਹਾਂ ਸਦਕਾ ਹੀ ਉਸ ਨੂੰ ਪਹਿਲੀ ਵਾਰ ਆਜ਼ਾਦੀ ਬਾਰੇ ਸੋਝੀ ਹੋਈ ਅਤੇ ਸ਼ਾਇਦ ਇਸ ਸਭ ਨੇ ਹੀ ਉਸ ਨੂੰ ਆਪਣੇ ਮੁਲਕ ਲਈ ਆਜ਼ਾਦੀ ਪ੍ਰਾਪਤੀ ਬਾਰੇ ਸੋਚਣ ਲਾ ਦਿੱਤਾ ਹੋਵੇ। ਛੋਟੇ ਹੁੰਦਿਆਂ ਵੀ ਉਹ ਘੰਟਿਆਂ ਬੱਧੀ ਸੋਚਾਂ ਵਿੱਚ ਗੁਆਚਿਆ ਰਹਿੰਦਾ।

ਆਪਣੀ ਮਾਤਾ ਨਾਲ ਰਣਬੀਰ ਸਿੰਘ ਦੀ ਇੱਕ ਯਾਦਗਾਰੀ ਤਸਵੀਰ : ਭਗਤ ਸਿੰਘ ਆਪਣੇ ਵੱਡੇ ਭਰਾ ਜਗਤ ਸਿੰਘ ਨਾਲ ਹਰ ਵੇਲੇ ਪਰਛਾਵੇਂ ਵਾਂਗ ਰਹਿੰਦਾ। ਜਦੋਂ ਉਹ ਪਿੰਡ ਵਿੱਚੋਂ ਲੰਘ ਰਹੇ ਹੁੰਦੇ ਤਾਂ ਲੋਕ ਉਨ੍ਹਾਂ ਨੂੰ ਪੁੱਛਦੇ ਕਿ ਉਹ ਕੀ ਬਣਨਾ ਚਾਹੁੰਦੇ ਹਨ। ਛੇ ਸਾਲ ਦੀ ਉਮਰ ਵਿੱਚ ਕਾਰਟੂਨ ਮੈਗਜ਼ੀਨ ਛਾਪਣ ਵਾਲਾ ਜਗਤ ਸਿੰਘ ਕਹਿੰਦਾ, "ਮੈਂ ਅਖ਼ਬਾਰ ਕੱਢਾਂਗਾ।" ਭਗਤ ਸਿੰਘ ਕਹਿੰਦਾ, "ਮੈਂ ਦਮੂਕਾਂ (ਬੰਦੂਕਾਂ) ਬੀਜਾਂਗਾ।"

ਪੂਰਾ ਪਰਿਵਾਰ ਬ੍ਰਿਟਿਸ਼ ਸਰਕਾਰ ਪ੍ਰਤੀ ਵਿਰੋਧ ਅਤੇ ਦੇਸ਼ ਲਈ ਪਿਆਰ ਰੱਖਦਾ ਸੀ। ਭਗਤ ਸਿੰਘ ਉੱਤੇ ਸਭ ਤੋਂ ਪਹਿਲਾ ਪ੍ਰਭਾਵ ਆਪਣੇ ਚਾਚਾ ਅਜੀਤ ਸਿੰਘ ਦਾ ਪਿਆ ਜਿਨ੍ਹਾਂ ਨੇ ਆਜ਼ਾਦੀ ਘੁਲਾਟੀਏ ਸੂਫ਼ੀ ਅੰਬਾ ਪ੍ਰਸਾਦ ਮਿਲ ਕੇ ਦੇਸ਼ ਦੇ ਪਹਿਲੇ ਇਨਕਲਾਬੀ ਗਰੁੱਪਾਂ ਵਿੱਚੋਂ ਇੱਕ ਦੀ ਨੀਂਹ ਰੱਖੀ। ਅਜੀਤ ਸਿੰਘ ਸਿੰਘ ਨੂੰ ਅੰਬਾ ਪ੍ਰਸਾਦ ਸਮੇਤ ਜਲਾਵਤਨੀ ਦੇ ਕੇ ਇਰਾਨ ਭੇਜਿਆ ਗਿਆ ਤਾਂ ਤਿੰਨ ਸਾਲ ਦੇ ਭਗਤ ਨੂੰ ਲੋਕ ਪੁੱਛਦੇ ਕਿ ਉਸ ਦਾ ਚਾਚਾ ਕਿੱਥੇ ਹੈ। ਉਹ ਕਹਿੰਦਾ ਕਿ ਉਹ ਬਹੁਤ ਦੂਰ ਮੁਹਾਜ਼ 'ਤੇ ਗੋਰਿਆਂ ਨੂੰ ਮਾਰਨ ਗਏ ਹਨ ਅਤੇ ਉਨ੍ਹਾਂ ਨੂੰ ਭਜਾਉਣ ਤੋਂ ਬਾਅਦ ਪਰਤ ਆਉਣਗੇ। ਇਹ ਗੱਲ ਸੱਚ ਵੀ ਸਾਬਤ ਹੋਈ। ਜਦੋਂ ਅੰਗਰੇਜ਼ਾਂ ਨੇ 1947 ਵਿੱਚ ਭਾਰਤ ਛੱਡਿਆ, ਉਸੇ ਸਾਲ ਅਜੀਤ ਸਿੰਘ ਵੀ ਵਤਨ ਪਰਤ ਆਏ ਸਨ। ਉਂਜ, ਜਿਸ ਰਾਤ ਦੇਸ਼ ਨੂੰ ਆਜ਼ਾਦੀ ਮਿਲੀ, ਉਸੇ ਰਾਤ ਉਨ੍ਹਾਂ ਦਾ ਦੇਹਾਂਤ ਹੋ ਗਿਆ।

ਰਣਬੀਰ ਸਿੰਘ, ਭਗਤ ਸਿੰਘ ਅਤੇ ਉਸ ਦੇ ਮਿੱਤਰਾਂ ਵਿਚਾਲੇ ਹੋਈਆਂ ਗੱਲਬਾਤਾਂ ਨੂੰ ਯਾਦ ਕਰਦਾ ਦੱਸਦਾ ਹੈ ਕਿ ਚਾਚਾ ਅਜੀਤ ਸਿੰਘ ਅਤੇ ਉਨ੍ਹਾਂ ਦੇ ਸਾਥੀ, ਭਗਤ ਸਿੰਘ ਦੇ ਸਭ ਤੋਂ ਵੱਡੇ ਨਾਇਕ ਸਨ ਜਿਨ੍ਹਾਂ ਨੇ ਦੇਸ਼ ਲਈ ਆਪਣੀਆਂ ਜਾਨਾਂ ਵਾਰ ਦਿੱਤੀਆਂ। ਉਨ੍ਹਾਂ ਦੇ ਜੀਵਨ ਦੀ ਤੁਲਨਾ ਉਹ ਕੌਮੀ ਆਗੂਆਂ ਨਾਲ ਕਰਦਾ ਜੋ ਤੁੱਛ ਅਤੇ ਲੁਕਵੇਂ ਮੰਤਵਾਂ ਤਹਿਤ ਕੰਮ ਕਰਦੇ ਸਨ।

**ਰਣਬੀਰ ਸਿੰਘ ਦੀ ਹੱਥਲਿਖਤ** : ਉਨ੍ਹਾਂ ਦੇ ਦਾਦਾ ਅਰਜਨ ਸਿੰਘ ਵੀ ਦਿਲੋਂ ਵਤਨਪ੍ਰਸਤ ਸਨ। ਜਦੋਂ ਦੋਵਾਂ ਭਰਾਵਾਂ ਨੂੰ ਪਵਿੱਤਰ ਜਨੇਊ ਪਾਉਣ ਦਾ ਸਮਾਂ ਆਇਆ ਤਾਂ ਉਨ੍ਹਾਂ ਨੇ ਇਕੱਠੇ ਹੋਏ ਲੋਕਾਂ ਨੂੰ ਕਿਹਾ, "ਮੈਂ ਇਨ੍ਹਾਂ ਦੋਵਾਂ ਲੜਕਿਆਂ ਨੂੰ ਦੇਸ਼ ਦੀ ਸੇਵਾ ਲਈ ਤਿਆਰ ਕਰਨ ਦਾ ਫ਼ੈਸਲਾ ਕੀਤਾ ਹੈ। ਇਹ ਦੇਸ਼ ਲਈ ਆਪਣੀਆਂ ਜਾਨਾਂ ਕੁਰਬਾਨ ਕਰਨਗੇ।" ਜਗਤ ਸਿੰਘ ਤਾਂ ਅਗਲੇ ਸਾਲ ਬਿਮਾਰ ਹੋ ਕੇ ਮੌਤ ਦੇ ਮੂੰਹ ਵਿੱਚ ਜਾ ਪਿਆ, ਪਰ ਭਗਤ ਸਿੰਘ ਦੇ ਮਾਮਲੇ ਵਿੱਚ 1931 ਵਿੱਚ ਇਹ ਗੱਲ ਸੱਚ ਸਾਬਤ ਹੋਈ ਜਦੋਂ ਲਾਹੌਰ ਸਾਜ਼ਿਸ਼ ਕੇਸ ਵਿੱਚ ਬ੍ਰਿਟਿਸ਼ ਸਰਕਾਰ ਨੇ ਉਨ੍ਹਾਂ ਨੂੰ ਫ਼ਾਂਸੀ ਦੇ ਦਿੱਤੀ।

ਇੱਕ ਕਿਤਾਬ ਦਾ ਪੰਜਾਬੀ ਅਨੁਵਾਦ ਹੁਣ ਛਪ ਕੇ ਆ ਰਿਹਾ ਹੈ। ਚੰਡੀਗੜ੍ਹ ਦੇ ਪ੍ਰਕਾਸ਼ਕ ਹਰੀਸ਼ ਜੈਨ ਨੇ ਦੱਸਿਆ ਕਿ ਇਹ ਸੰਸਕਰਨ ਸ਼ਹੀਦ ਦੇ ਬਚਪਨ ਬਾਰੇ ਸਭ ਤੋਂ ਜ਼ਿਆਦਾ ਸਿੱਕੇਬੰਦ ਜਾਣਕਾਰੀ ਭਰਪੂਰ ਹੋਵੇਗਾ। ਰਣਬੀਰ ਸਿੰਘ ਨੇ ਭਗਤ ਸਿੰਘ ਦੀ ਮੌਤ ਤੋਂ ਚਾਰ-ਪੰਜ ਸਾਲ ਮਗਰੋਂ ਹੀ ਸਬੰਧਿਤ ਸਮੱਗਰੀ ਇਕੱਠੀ ਕਰਨੀ ਸ਼ੁਰੂ ਕਰ ਦਿੱਤੀ ਸੀ, ਪਰ ਥੋੜ੍ਹੇ ਵਕਫ਼ੇ ਬਾਅਦ ਭਾਵ 1940 ਦੇ ਕਰੀਬ ਲਿਖਣਾ ਸ਼ੁਰੂ ਕੀਤਾ। ਇਨ੍ਹਾਂ ਵਿੱਚ ਮੁਲਕ ਦੇ ਬਟਵਾਰੇ ਤੋਂ ਪਹਿਲਾਂ ਦੇ ਕੁਝ ਕਾਗਜ਼ਾਤ ਵੀ ਸ਼ਾਮਲ ਹਨ। ਹਾਲਾਂਕਿ, ਅਫ਼ਸੋਸ ਦੀ ਗੱਲ ਇਹ ਹੈ ਕਿ ਰਣਬੀਰ ਸਿੰਘ ਜ਼ਿਆਦਾ ਕਾਗਜ਼ ਆਪਣੇ ਕੋਲ ਨਹੀਂ ਕਰ ਸਕੇ। ਸਪਸ਼ਟ ਹੈ ਕਿ ਉਨ੍ਹਾਂ ਨੇ ਇਹ ਦਸਤਾਵੇਜ਼ ਮਿਲਣ ਆਉਂਦੇ ਲੋਕਾਂ ਨੂੰ ਦੇ ਦਿੱਤੇ ਤੇ ਇਹ ਕਾਗਜ਼ ਕਦੇ ਵਾਪਸ ਨਹੀਂ ਆਏ।

ਰਣਬੀਰ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਜਨਰਲ ਸ਼ਿਓਨਨ ਨੇ ਕਦੇ ਵੀ ਭਗਤ ਸਿੰਘ ਦੀ ਵਿਰਾਸਤ ਨੂੰ ਭੁਨਾਉਣ ਦੀ ਲੋੜ ਮਹਿਸੂਸ ਨਹੀਂ ਕੀਤੀ। ਇਹ ਪੱਖ ਉਨ੍ਹਾਂ ਨੇ ਹੋਰ ਭੈਣਾਂ ਅਤੇ ਭਰਾਵਾਂ ਤੋਂ ਉਲਟ ਲਿਆ ਸੀ।

**ਇੱਕ ਭਰਾ ਦੀ ਵਿਰਾਸਤ** : ਰਣਬੀਰ ਸਿੰਘ, ਭਗਤ ਸਿੰਘ ਦਾ ਛੋਟਾ ਭਰਾ ਸੀ। ਵੱਡੇ ਭਰਾਵਾਂ ਕੁਲਬੀਰ ਸਿੰਘ ਅਤੇ ਕੁਲਤਾਰ ਸਿੰਘ ਨੂੰ ਭਾਰਤੀ ਰੱਖਿਆ ਕਾਨੂੰਨ ਅਧੀਨ ਸਜ਼ਾ ਹੋਣ ਮਗਰੋਂ 1938 ਵਿੱਚ 13 ਸਾਲ ਦੀ ਉਮਰ ਵਿੱਚ ਉਸ ਦੇ ਗਲ ਪਰਿਵਾਰ ਦੀ ਜ਼ਿੰਮੇਵਾਰੀ ਪੈ ਗਈ ਸੀ। ਹਾਲਾਂਕਿ, ਆਜ਼ਾਦੀ ਦੀ ਲੜਾਈ ਵਿੱਚ ਪਰਿਵਾਰ ਦੀ ਚੇਤੰਨ ਸ਼ਮੂਲੀਅਤ ਸੀ, ਉਹ ਵੀ ਇਸ ਵਿੱਚ ਸ਼ਾਮਲ ਹੋ ਗਿਆ ਅਤੇ ਬਾਅਦ ਵਿੱਚ ਭਗੌੜਾ ਹੋ ਗਿਆ। ਵੀਹ ਸਾਲ ਦੀ ਉਮਰ ਵਿੱਚ ਉਸ ਨੂੰ ਅਪਰਾਧੀ ਐਲਾਨਿਆ ਗਿਆ।

ਭਾਰਤ ਦੇ ਆਜ਼ਾਦ ਹੋਣ ਪਿੱਛੋਂ ਰਣਬੀਰ ਸਿੰਘ ਨੇ ਆਪਣਾ ਸੰਘਰਸ਼ ਜਾਰੀ ਰੱਖਿਆ। 1950 ਦੇ ਸ਼ੁਰੂ ਵਿੱਚ ਉਨ੍ਹਾਂ ਨੇ ਰਾਏ ਸਿੱਖਾਂ ਦੇ ਮਾਣ-ਸਨਮਾਨ ਲਈ ਉੱਤਰ ਪ੍ਰਦੇਸ਼ ਸਰਕਾਰ ਖਿਲਾਫ਼ ਅੰਦੋਲਨ ਨੂੰ ਜਥੇਬੰਦ ਕੀਤਾ। ਉਹ ਆਪਣੀ ਰਸਮੀ ਸਿੱਖਿਆ ਦੀ ਘਾਟ ਪ੍ਰਤੀ ਬਹੁਤ ਜ਼ਿਆਦਾ ਗੰਭੀਰ ਸਨ। ਉਨ੍ਹਾਂ ਨੇ ਪੂਰੀ ਮਿਹਨਤ ਨਾਲ ਸਾਰੇ ਵਿਸ਼ਿਆਂ ਖ਼ਾਸ ਕਰਕੇ ਫ਼ਿਲਾਸਫੀ, ਇਤਿਹਾਸ, ਭੂਗੋਲ ਅਤੇ ਮਨੁੱਖ ਉਤਪਤੀ ਵਿਗਿਆਨ 'ਤੇ ਆਪਣੀ ਚੰਗੀ ਪਕੜ ਬਣਾ ਲਈ ਸੀ। ਹਾਲਾਂਕਿ ਇਸ ਮਹਾਨ ਸ਼ਖ਼ਸੀਅਤ ਦੀ ਰਾਜਨੀਤੀ ਵਿਗਿਆਨ ਵਿੱਚ ਕਾਫ਼ੀ ਦਿਲਚਸਪੀ ਸੀ। ਉਹ ਪਰਿਵਾਰ ਪ੍ਰਤੀ ਸਮਰਪਿਤ ਅਤੇ ਆਪਣੇ ਵੱਡੇ ਭਰਾ ਭਗਤ ਸਿੰਘ ਪ੍ਰਤੀ ਵਚਨਬੱਧ ਵਿਅਕਤੀ ਸੀ। ਅਸਲੀ ਜ਼ਿੰਦਗੀ ਵਿੱਚ ਉਹ ਆਦਰਸ਼ਵਾਦੀ ਸੀ ਅਤੇ 1948 ਵਿੱਚ ਉਨ੍ਹਾਂ ਵਿਧਵਾ ਵਿਆਹ ਦੀ ਹਮਾਇਤ ਕਰਦਿਆਂ ਵਿਧਵਾ ਨਾਲ ਵਿਆਹ ਕਰਵਾਇਆ ਸੀ। 1988 ਵਿੱਚ ਉਨ੍ਹਾਂ ਨੇ ਆਪਣੇ ਪੁੱਤਰ ਦੇ ਸਨਮਾਨ ਸਮਾਰੋਹ ਵਿੱਚ ਹਿੱਸਾ ਲੈਣ ਤੋਂ ਇਨਕਾਰ ਕਰ ਦਿੱਤਾ ਸੀ ਜਿਸ ਨੂੰ ਵੀਰ ਚੱਕਰ ਨਾਲ ਸਨਮਾਨਿਤ ਕੀਤਾ ਗਿਆ ਸੀ। ਉਨ੍ਹਾਂ ਦਾ ਮੰਨਣਾ ਸੀ ਕਿ ਸ੍ਰੀਲੰਕਾ ਵਿੱਚ ਇਹ ਅਪਰੇਸ਼ਨ ਬੇਅਰਥ ਸੀ ਅਤੇ ਇਹ ਸਿੰਹਾਲਾ ਬਹੁਲਤਾ ਵਾਲੀ ਸਰਕਾਰ ਵੱਲੋਂ ਦਬਾਏ ਤਾਮਿਲ ਫ਼ਿਰਕੇ ਵੱਲੋਂ ਆਪਣੇ ਹੱਕਾਂ ਲਈ ਲੜੇ ਜਾ ਰਹੇ ਸੰਘਰਸ਼ਾਂ ਵਿਰੁੱਧ ਯੁੱਧ ਸੀ। ਇਸ ਲਈ ਅਜਿਹੇ ਯੁੱਧ ਦਾ ਜਸ਼ਨ ਅਨੈਤਿਕ ਸੀ। ਇੱਕ ਕਿਸਾਨ ਵਜੋਂ ਉਨ੍ਹਾਂ ਨੇ ਸਾਧਾਰਨ ਜ਼ਿੰਦਗੀ ਬਤੀਤ ਕੀਤੀ ਅਤੇ ਜਾਣਬੁੱਝ ਕੇ ਖ਼ੁਦ ਨੂੰ ਸਿਆਸਤ ਤੇ ਸਿਆਸਤਦਾਨਾਂ ਤੋਂ ਦੂਰ ਰੱਖਿਆ।

**15 ਸਾਲ ਦੀ ਉਮਰ ਵਿੱਚ ਨਿਡਰਤਾ ਦਾ ਜਜ਼ਬਾ** : ਦੇਸ਼ ਲਈ ਮਰ-ਮਿਟਣ ਦੀ ਇੱਛਾ ਤੋਂ ਪ੍ਰੇਰਿਤ ਅਨੇਕਾਂ ਲੋਕਾਂ ਨੇ ਆਜ਼ਾਦੀ ਲਈ ਮਾਰਚ ਕੱਢਿਆ। ਵੀਹਵੀਂ ਸਦੀ ਦੇ ਸ਼ੁਰੂ ਵਿੱਚ ਸਿੱਖਾਂ ਵੱਲੋਂ ਚਲਾਈ ਗੁਰਦੁਆਰਾ ਸੁਧਾਰ ਲਹਿਰ ਦੇ 13ਵੇਂ ਸ਼ਹੀਦੀ ਜਥੇ ਨੇ ਜੈਤੋ ਵੱਲ ਕੂਚ ਕੀਤਾ ਤਾਂ ਬ੍ਰਿਟਿਸ਼ ਸਰਕਾਰ ਚਾਹੁੰਦੀ ਸੀ ਕਿ ਜਥੇ ਨੂੰ ਕਿਸੇ ਵੀ ਤਰ੍ਹਾਂ ਦੀ ਜਨਤਕ ਹਮਾਇਤ ਨਾ ਮਿਲ ਸਕੇ। ਆਜ਼ਾਦੀ ਘੁਲਾਟੀਆਂ ਨੂੰ ਰਾਸ਼ਨ ਪਾਣੀ ਨਾ ਦੇਣ ਦੇ ਹੁਕਮ ਜਾਰੀ ਕਰ ਦਿੱਤੇ ਗਏ। ਪਰ ਪੁਲੀਸ 15 ਸਾਲ ਦੇ ਭਗਤ ਸਿੰਘ ਨੂੰ ਭੋਜਨ ਸਿਰ 'ਤੇ ਰੱਖ ਕੇ ਲਿਜਾਂਦਿਆਂ ਵੇਖਦੀ ਹੀ ਰਹਿ ਗਈ।

# ਰੰਗਮੰਚ ਨੇ ਜ਼ਿੰਦਗੀ ਦਾ ਮਨੋਰਥ ਹੀ ਬਦਲ ਦਿੱਤਾ



ਯਾਦਵਿੰਦਰ
ਠੀਕਰੀਵਾਲਾ



ਸੰਗੀਤ ਦਾ ਸ਼ੌਕ ਬਚਪਨ ਤੋਂ ਹੀ ਸੀ। ਜੋ ਹੌਲੀ-ਹੌਲੀ ਜਨੂੰਨ ਦੀ ਹੱਦ ਤਕ ਵਧ ਗਿਆ। ਬਚਪਨ ਵਿੱਚ ਰਾਮਲੀਲਾ ਅਤੇ ਜਗਰਾਤਿਆਂ ਚ ਗਾਉਂਦੇ-ਵਜਾਉਂਦੇ ਰਹੇ। ਫਿਰ ਗੁਰਦੁਆਰੇ ਕੀਰਤਨ ਕਰਨ ਦਾ ਜਨੂੰਨ। ਧਰਮ, ਰੱਬ, ਨਰਕ-ਸੁਰਗ ਦੀ ਕੋਈ ਲੋੜ ਨਹੀਂ ਸੀ ਅਤੇ ਨਾ ਹੀ ਕੁੱਝ ਸਮਝਿਆ। ਬਸ ਚੰਗਾ ਲਗਦਾ ਤਾਂ ਬਸ ਸੰਗੀਤ। ਸੰਗੀਤ ਸੁਣਨਾ ਅਤੇ ਮਾਣਨਾ ਬਹੁਤ ਹੀ ਚੰਗਾ ਲੱਗਦਾ ਸੀ।ਜਦੋਂ ਕਿ ਸੰਗੀਤ ਦੀ ਸਮਝ ਬਹੁਤ ਪੇਤਲੀ ਸੀ। ਜਿੱਥੇ ਵੀ ਕਿਤੇ ਹਰਮੋਨੀਅਮ ਦੀ ਆਵਾਜ਼ ਆਉਂਦੀ ਬਸ ਨੰਗੇ ਪੈਰੀਂ ਭੱਜ ਤੁਰਦੇ। ਉਦੋਂ ਕੀਰਤਨ ਦੀਆਂ ਕੈਸਟਾਂ ਬਲਵਿੰਦਰ ਰੰਗੀਲਾ, ਹਰਜਿੰਦਰ ਸਿੰਘ ਸ੍ਰੀਨਗਰ ਵਾਲੇ,ਸਾਧੂ ਸਿੰਘ ਡੇਹਰਾਦੂਨ, ਅਤੇ ਕਈ ਹੋਰ ਵੀ। ਪਰ ਜਦੋਂ ਤੋਂ ਸੰਗੀਤ ਦੀ ਸਮਝ ਆਈ ਤਾਂ ਗਜ਼ਲਾਂ ਦਾ ਲੁਤਫ ਲੈਣ ਲੱਗੇ। ਪੰਕਜ ਉਦਾਸ, ਅਤਾਉੱਲਾ ਖਾਨ ਆਦਿ। ਫਿਰ ਸਮਝ ਥੋੜ੍ਹੀ ਜਿਹੀ ਹੋਰ ਆਈ ਤਾਂ ਕਲਾਸੀਕਲ ਸੰਗੀਤ ਦੀ ਸਮਝ ਆਉਣ ਲੱਗੀ ਤੇ ਫਿਰ ਗੁਲਾਮ ਅਲੀ ਸਾਹਿਬ, ਜਨਾਬ ਮਹਿੰਦੀ ਹਸਨ, ਜਨਾਬ ਨੁਸਰਤ ਸਾਹਿਬ, ਰਫੀ ਸਾਹਿਬ, ਲਤਾ ਮੰਗੇਸ਼ਕਰ ਆਦਿ ਨੂੰ ਬੜੀ ਸ਼ਿੱਦਤ ਨਾਲ ਮਾਣਿਆ। ਗੁਰਬਾਣੀ ਕੀਰਤਨ ਵਿੱਚ ਅੱਜ ਪਦਮਸ਼੍ਰੀ ਭਾਈ ਨਿਰਮਲ ਸਿੰਘ ਖਾਲਸਾ ਨੂੰ ਬਹੁਤ ਸਤਿਕਾਰ ਨਾਲ ਸੁਣਦੇ ਹਾਂ। ਪਰ ਕਿਤਾਬਾਂ ਨਾਲ ਆੜੀ ਪੈਣ, ਸੁਹਿਰਦ ਸਾਥੀਆਂ ਦੇ ਮਾਰਗ ਦਰਸ਼ਨ ਕਰਕੇ ਸਮਝ ਦਾ ਪੱਧਰ ਬਹੁਤ ਵਧੀਆ ਬਣ ਚੁੱਕਾ ਸੀ। ਫਿਰ ਸਿਰਜਣਾ ਕੇਂਦਰ ਠੀਕਰੀਵਾਲਾ ਬਣਾ ਕੇ ਲੋਕ ਪੱਖੀ ਸਾਹਿਤ ਦੀ ਸਿਰਜਣਾ ਕੀਤੀ। ਫਿਰ ਸੀਨੀਅਰ ਸਾਥੀਆਂ ਦੇ ਸਹਿਯੋਗ ਅਤੇ ਬਹੁਕੀਮਤੀ ਅਗਵਾਈ ਹੇਠ ਲੋਕ ਪੱਖੀ ਰੰਗਮੰਚ ਠੀਕਰੀਵਾਲਾ ਦੀ ਟੀਮ ਤਿਆਰ ਕੀਤੀ ਅਤੇ ਲੋਕ ਪੱਖੀ ਰੰਗਮੰਚ ਨਾਲ ਗੂੜ੍ਹਾ ਰਿਸ਼ਤਾ ਜੁੜ ਗਿਆ ਜੋ ਜਿਉਂਦੇ ਜੀਅ ਨਿਭਾਉਣ ਦਾ ਸੁਹਿਰਦ ਯਤਨ ਕਰਾਂਗਾ।ਇਹ ਗੱਲ ਪੱਕੀ ਤਰ੍ਹਾਂ ਨਾਲ ਸਮਝ ਆ ਚੁੱਕੀ ਸੀ ਕਿ ਜਿੱਥੇ ਤੱਕ ਅਸੀਂ ਅੱਪੜ ਚੁੱਕੇ ਹਾਂ ਉੱਥੇ ਤੱਕ ਸੱਚ ਕਿਧਰੇ ਵੀ ਨਹੀਂ ਹੈ। ਸੱਚ ਦੀ ਭਾਲ ਚ ਲੋਕ-ਪੱਖੀ ਕਾਰਜਾਂ ਨਾਲ ਜੁੜੇ। ਤੇ ਸੱਚ ਨੂੰ ਬਹੁਤ ਨੇੜਿਓਂ ਤੱਕਿਆ। ਬਸ ਫਿਰ ਤਾਂ ਚੱਲ ਸੋ ਚੱਲ। ਮੁੜ ਤੋਂ ਪਿੱਛੇ ਨਹੀਂ ਦੇਖਿਆ। ਅੱਗੇ ਵਧਦੇ ਹੋਏ ਸੰਗੀਤ ਨੂੰ ਮਾਣਨਾ ਜਾਰੀ ਰੱਖਿਆ ਹੋਇਆ ਹੈ ਪਰ ਵਜਾਉਣਾ ਛੱਡ ਦਿੱਤਾ ਹੈ। ਕਿਉਂਕਿ ਸੰਗੀਤ ਤੋਂ ਅੱਗੇ ਥੀਏਟਰ ਵਿੱਚ ਵੱਧ ਲੋੜ ਲੱਗੀ ਕਿ ਨਾਟਕ ਦੀ ਵਿਧਾ ਰਾਹੀਂ ਅਸੀਂ ਦੱਬੇ-ਕੁਚਲੇ ਲੋਕਾਂ ਨੂੰ ਜਗਾਉਣ ਲਈ ਬਹੁਤ ਹੀ ਮਹੱਤਵਪੂਰਨ ਅਤੇ ਬੇਹੱਦ ਅਹਿਮ ਭੂਮਿਕਾ ਅਦਾ ਕਰ ਸਕਦੇ ਹਾਂ। ਸੋ ਉਦੋਂ ਹੀ ਇਸ ਫਰੰਟ ਤੇ ਡਟਵਾਂ ਪਹਿਰਾ ਦੇਣ ਦਾ ਅਹਿਦ ਲਿਆ ਹੈ। ਲੋਕ-ਪੱਖੀ ਰੰਗਮੰਚ ਸੱਚ ਦੀ ਆਵਾਜ਼ ਹੈ। ਲੋਕਾਂ ਦੇ ਦੁੱਖਾਂ-ਦਰਦਾਂ ਦੀ ਬਾਤ ਪਾਉਣ ਵਾਲੇ ਜੁਝਾਰੂ ਲੋਕਾਂ ਦੀ ਮੁਕਤੀ ਦੇ ਗੀਤਾਂ ਦੀ ਰਚਨਾ ਵੀ ਕਰ ਰਹੇ ਹਾਂ। ਇਸ ਸਫਰ ਵਿੱਚ ਇਨਕਲਾਬੀ ਕੇਂਦਰ ਪੰਜਾਬ ਦੀ ਸਮੁੱਚੀ ਟੀਮ ਨੂੰ ਸੰਗਰਾਮੀ ਸਲਾਮ ਹੈ, ਜਿਨ੍ਹਾਂ ਨੇ ਜਿੰਦਗੀ ਦੀਆਂ ਤਲਖ ਹਕੀਕਤਾਂ ਨਾਲ ਲੋਹਾ ਲੈਣ ਦੀ ਜਾਂਚ ਸਿਖਾਈ। ਸਮੇਂ-ਸਮੇਂ ਤੇ ਯੋਗ ਅਗਵਾਈ ਹੇਠ ਬਹੁਤ ਹੀ ਕਮਾਲ ਦਾ ਅਹਿਸਾਸ ਹੋਇਆ, ਸਾਬਤ-ਕਦਮ ਤੁਰਨ ਦਾ ਵੱਲ ਆਇਆ ਅਤੇ ਸੱਚ ਨੂੰ ਬਹੁਤ ਨੇੜਿਓਂ ਦੇਖਣ ਦਾ ਮੌਕਾ ਮਿਲਿਆ।।

Hiring Drivers/Owners/Operators
GALAXY Frightline inc.
We Offer:
*Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
*2 Years Experience
* Clean Current Abstract
* Ability to Cross Border
* Positive, Professional Attitude
For:
*GTA
* ON-QC
* ON-MB-AB-BC
* USA
TEL: 1-877-251-5299
FAX: 416-644-8882
EMAIL: dispatch@galaxyfreightline.com
www.galaxyfreightline.com
*1580 Britannia Road East *Mississauga *ON *L4W 1J2

# ਪੀ. ਐਸ. ਯੂ. ਦੀ ਅਗਵਾਈ 'ਚ ਵਿਦਿਆਰਥੀਆਂ ਵਲੋਂ ਉਮਰ ਖਾਲਿਦ 'ਤੇ ਹੋਏ ਹਮਲੇ ਦਾ ਵਿਰੋਧ




ਪੰਜਾਬ ਪੱਧਰ ਤੇ ਪੰਜਾਬ ਸਟੂਡੈਂਟ ਯੂਨੀਅਨ ਦੀ ਅਗਵਾਈ ਵਿੱਚ ਬਹੁਤ ਸਾਰੇ ਕਾਲਜਾਂ ਦੇ ਵਿਦਿਆਰਥੀਆਂ ਵਲੋਂ ਉਮਰ ਖਾਲਿਦ ਤੇ ਹੋਏ ਹਮਲੇ ਦਾ ਜਬਰਦਸਤ ਵਿਰੋਧ ਕੀਤਾ ਗਿਆ। ਇਸ ਨੂੰ ਵਿਚਾਰਾਂ ਦੀ ਆਜ਼ਾਦੀ ਤੇ ਹੋਏ ਹਮਲੇ ਦਾ ਨਾਂ ਦਿੰਦੇ ਹੋਏ ਕਿਹਾ ਕਿ ਅਜਿਹਾ ਹਰਗਿਜ ਸਹਿਣ ਨਹੀਂ ਕੀਤਾ ਜਾਵੇਗਾ।

# ਪੰਜਾਬ ਸਟੂਡੈਂਟ ਯੂਨੀਅਨ ਦੇ ਸੰਘਰਸ਼ ਦੀ ਜਿੱਤ ਲੋਪੋ ਕਾਲਜ ਵਿੱਚ ਦਲਿਤ ਵਿਦਿਆਰਥਣਾਂ ਦੇ ਜ਼ੀਰੋ ਫੀਸ ਨਾਲ ਦਾਖਲੇ




**ਹਰਦੀਪ ਬੇਦੀ**

ਮੋਗਾ ਜ਼ਿਲੇ ਦੇ ਸੰਤ ਦਰਬਾਰਾ ਸਿੰਘ ਕਾਲਜ ਆਫ ਐਜੂਕੇਸ਼ਨ ਵਿੱਚ ਪੰਜਾਬ ਸਟੂਡੈਂਟ ਯੂਨੀਅਨ ਦੀ ਅਗਵਾਈ ਵਿੱਚ ਕੀਤੇ ਸੰਘਰਸ਼ ਦੇ ਨਤੀਜੇ ਵਜੋਂ ਬੀ ਐੱਡ ਅਤੇ ਐਮ ਐੱਡ ਕਲਾਸਾਂ ਵਿੱਚ ਦਲਿਤ ਵਰਗ ਨਾਲ ਸਬੰਧਤ ਵਿਦਿਆਰਥਣਾਂ ਦੇ ਜੀਰੋ ਫਸਿ ਨਾਲ ਦਾਖਲੇ ਕਰਵਾਏ ਗਏ । ਇਸ ਸੰਘਰਸ਼ ਲਈ ਕੀਤੀ ਸਖਤ ਮਿਹਨਤ, ਲਗਾਤਾਰ ਚੌਕਸੀ ਤੇ ਸਹੀ ਰਣਨੀਤਕ ਪਹੁੰਚ ਅਤੇ ਲੋਕਾਂ ਦੇ ਭਰਵੇਂ ਸਹਿਯੋਗ ਸਦਕਾ ਇਹ ਅਹਿਮ ਜਿੱਤ ਪਰਾਪਤ ਹੋ ਸਕੀ। ਜਿਸ ਦੇ ਨਤੀਜੇ ਵਜੋਂ ਲੋਪੋ ਵਾਲੇ ਬਾਬਾ ਜੀ ਦੇ ਕਾਲਜ ਦੀ ਮੈਨੇਜਮੈਂਟ ਦੀਆਂ ਸਭ ਗਿਣਤੀਆਂ ਮਿਣਤੀਆਂ ਫੇਲ੍ਹ ਹੋ ਗਈਆਂ। ਦਲਿਤ ਵਿਦਿਆਰਥਣਾਂ ਦੇ ਜੀਰੋ ਪੇਮੈਂਟ ਤਟ ਦਾਖਲੇ ਕਰਨੇ ਪਏ ਅਤੇ ਲਏ ਹੋਏ ਪੈਸੇ ਵਾਪਸ ਮੋੜਣੇ ਪਏ। ਇਹ ਜਿੱਤ ਇਹਨਾਂ ਵਿਦਿਆਰਥਣਾਂ ਦੀ ਆਰਪਾਰ ਦੀ ਲੜਾਈ ਦੇ ਤੌਰ ਤੇ ਲੜੇ ਸੰਘਰਸ਼ ਦੌਰਾਨ ਨਿਭਾਂਏ ਸਿਰੜ ਅਤੇ ਲੋਕ ਪੱਖੀ ਕਿਸਾਨ, ਮਜਦੂਰ, ਸਮਾਜਿਕ ਜਥੇਬੰਦੀਆ ਅਤੇ ਆਮ ਲੋਕਾਂ ਵਲੋਂ ਦਿੱਤੇ ਸਹਿਯੋਗ ਸਦਕਾ ਸਹੀ ਦਿਸ਼ਾ ਵਿੱਚ ਸੰਘਰਸ਼ ਕਰ ਕੇ ਨਸੀਬ ਹੋਈ।

13 ਅਗਸਤ ਤੋਂ ਨਿਹਾਲ ਸਿੰਘ ਵਾਲਾ ਵਿਖੇ ਦਿਨ ਰਾਤ ਦੇ ਧਰਨੇ ਲਈ ਪਹਿਲਾਂ ਇਲਾਕੇ ਦੇ ਪਿੰਡਾਂ ਵਿੱਚ ਕਾਲਜ ਮੈਨੇਜਮੈਂਟ ਦੇ ਗੈਰ ਵਿਹਾਰਕ ਅਤੇ ਮਨੂੰਵਾਦੀ ਵਤੀਰੇ ਵਿਰੁੱਧ ਲਾਮਬੰਦੀ ਕੀਤੀ ਗਈ। ਸ਼ਹਿਰ ਵਿੱਚ "ਲੜਾਂਗੇ ਤੇ ਜਿੱਤਾਂਗੇ" ਦੇ ਨਾਹਰੇ ਮਾਰਦਾ ਜਲੂਸ ਕੱਢਣ ਤੋਂ ਬਾਦ ਇਹ ਧਰਨਾ ਸ਼ੁਰੂ ਕੀਤਾ ਗਿਆ। ਪੀ ਐਸ ਯੂ ਦੀ ਅਗਵਾਈ ਵਿੱਚ ਲਾਏ ਇਸ ਧਰਨੇ ਵਿੱਚ ਦਲਿਤ ਵਿਦਿਆਰਣਾਂ, ਉਹਨਾਂ ਦੇ ਮਾਪਿਆਂ ਅਤੇ ਲੋਕ ਪੱਖੀ ਜਥੇਬੰਦੀਆਂ ਨੇ ਖੁੱਲ੍ਹ ਕੇ ਸਾਥ ਦਿੱਤਾ। ਇੱਥੇ ਇਹ ਗੱਲ ਵਰਣਨਯੋਗ ਹੈ ਬੁੱਧ ਸਿੰਘ ਨਾਂ ਦੇ ਬਿਲਾਸਪੁਰ ਦੇ ਇੱਕ ਵਡੇਰੀ ਉਮਰ ਦੇ ਬਜੁਰਗ ਨੇ ਦਿਨ ਰਾਤ ਦੇ ਇਸ ਧਰਨੇ ਵਿੱਚ ਸੰਘਰਸ਼ ਸ਼ੁਰੂ ਹੋਣ ਤੋਂ ਜਿੱਤ ਤੱਕ ਵਿਦਿਆਰਥੀਆਂ ਦਾ ਸਾਥ ਦਿੱਤਾ।

ਅੰਤ 17 ਅਗਸਤ ਨੂੰ ਕਾਲਜ ਮੈਨੇਜਮੈਂਟ ਨੇ ਸੰਘਰਸ਼ ਅੱਗੇ ਗੋਡੇ ਟੇਕ ਦਿੱਤੇ ਅਤੇ ਸਾਰੀਆਂ ਮੰਗਾ ਮੰਨਣ ਦਾ ਐਲਾਨ ਕੀਤਾ। ਇਸ ਤੋਂ ਪਹਿਲਾਂ ਐਸ ਡੀ ਐਮ ਨਿਹਾਲ ਸਿੰਘ ਵਾਲਾ ਅਤੇ ਜ਼ਿਲਾ ਭਲਾਈ ਅਫਸਰ ਨੇ ਵਿਦਿਆਰਥੀਆਂ ਦੇ ਧਰਨੇ ਵਿੱਚ ਐਲਾਨ ਕੀਤਾ ਕਿ ਲੋਪੋ ਕਾਲਜ ਦੀ ਮੈਨੇਜਮੈਂਟ ਨੇ ਪੋਸਟ ਮੈਟਰਿਕ ਸ਼ਕਾਲਰ ਸਕੀਮ ਦੀ ਉਲੰਘਣਾ ਕੀਤੀ ਹੈ ਇਸ ਲਈ ਕਾਲਜ ਦੀ ਪਰਬੰਧਕੀ ਕਮੇਟੀ ਅਤੇ ਪ੍ਰਿੰਸੀਪਲ ਦੋਸ਼ੀ ਹਨ। ਉਹਨਾਂ ਕਿਹਾ ਕਿ ਕਾਲਜ ਵਲੋਂ ਸਾਲ 2017-18 ਵਿੱਚ ਭਲਾਈ ਅਫਸਰ ਮੋਗਾ ਵਿੱਚ ਇਹ ਹਲਫੀਆ ਬਿਆਨ ਦਿੱਤਾ ਸੀ ਕਿ ਬੀ ਐੱਡ ਤੇ ਐਮ ਐੱਡ ਕੋਰਸ ਦੇ ਦਲਿਤ ਵਿਦਿਆਰਥੀਆਂ ਤੋਂ ਕੋਈ ਫੀਸ ਨਹੀਂ ਲਈ ਗਈ ਹੈ ਅਤੇ ਨਾਂ ਹੀ ਉਹਨਾਂ ਤੋਂ ਕਿਸੇ ਕਿਸਮ ਦੀ ਕੋਈ ਹੋਰ ਰਕਮ ਵਸੂਲੀ ਗਈ ਹੈ। ਕਾਲਜ ਵਲੋਂ ਐਸ ਸੀ ਵਿਦਿਆਰਥੀਆਂ ਤੋਂ ਦਾਖਲੇ ਸਮੇਂ ਫੀਸਾਂ ਨਾ ਚਾਰਜ ਕਰਨ ਬਾਰੇ ਪਰਾਸਪੈਕਟਸ ਵਿੱਚ ਵੀ ਦਰਜ ਕੀਤਾ ਗਿਆ ਸੀ। ਇਸ ਤਰ੍ਹਾਂ ਲੋਪੋ ਵਾਲੇ ਸੰਤਾਂ ਦੇ ਡੇਰੇ ਦੀ ਕਾਲਜ ਮੈਨੇਜਮੈਂਟ ਝੂਠੀ ਅਤੇ ਫਰੇਬੀ ਸਾਬਤ ਹੋਈ। ਇਹ ਡੇਰਾ ਪਹਿਲਾਂ ਤੋਂ ਹੀ ਵਿਵਾਦਪੂਰਨ ਰਿਹਾ ਹੈ। ਐਸ ਡੀ ਐਮ ਨੇ ਇਹ ਵੀ ਦੱਸਿਆ ਕਿ ਇਸ ਸਬੰਧ ਵਿੱਚ ਪ੍ਰਿਸੀਪਲ ਅਤੇ ਮੈਨੇਜਮੈਂਟ ਨੂੰ ਕਾਰਣ ਦੱਸੋ ਨੋਟਿਸ ਜਾਰੀ ਕੀਤਾ ਗਿਆ ਹੈ। ਇਸ ਸਮੇਂ ਪੰਜਾਬ ਸਟੂਡੈਂਟ ਦੇ ਜਨਰਲ ਸੈਕਟਰੀ ਕਰਮਜੀਤ ਕੋਟਕਪੂਰਾ ਅਤੇ ਜ਼ਿਲਾ ਪਰਧਾਨ ਮੋਹਨ ਸਿੰਘ ਔਲਖ ਨੇ ਐਲਾਨ ਕੀਤਾ ਕਿ ਸਾਰੀਆਂ ਵਿਦਿਆਰਥਣਾਂ ਦੇ ਦਾਖਲੇ ਹੋ ਜਾਣ ਤੱਕ ਸੰਘਰਸ਼ ਜਾਰੀ ਰਹੇਗਾ। ਉਹਨਾਂ ਨਿਯਮਾਂ ਦੀ ਉਲੰਘਣਾ ਕਰਨ ਲਈ ਦੋਸ਼ੀ ਮੈਨੇਜਮੈਂਟ ਖਿਲਾਫ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ। ਇਸ ਉਪਰੰਤ ਸ਼ਹਿਰ ਵਿੱਚ ਜੇਤੂ ਮਾਰਚ ਕੱਢਿਆ ਗਿਆ ਜਿਸ ਵਿੱਚ ਮੁੱਖ ਨਾਹਰਾ ਸੀ," ਲੜੇ ਹਾਂ ਤਾਂ ਜਿੱਤੇ ਹਾਂ" ਅਗਲੇ ਦਿਨ ਦਾਖਲ ਹੋਣ ਗਈਆਂ ਵਿਦਿਆਰਥਣਾਂ ਨੂੰ ਫਿਰ ਸਿੱਖਿਆ ਨੂੰ ਵਪਾਰ ਬਣਾਉਣ ਵਾਲੇ ਸਿੱਖ ਭੇਖ ਵਿੱਚ ਮੰਨੂਵਾਦੀ ਬਾਬੇ ਦੇ ਕਾਲਜ ਦੀ ਮੈਨੇਜਮੈਂਟ ਵਲੋਂ ਖੱਜਲ ਖੁਆਰੀ ਵਾਲਾ ਅਤੇ ਹੈਕੜੀ ਭਰਪੂਰ ਵਤੀਰਾ ਸਹਿਣਾ ਪਿਆ। ਇਸ ਖੱਜਲ ਖੁਆਰੀ ਵਿੱਚ ਇੱਕ ਵਿਦਿਅਰਥਣ ਬੇਹੋਸ਼ ਵੀ ਹੋ ਗਈ। ਇਸ ਦਿਨ ਪ੍ਰਿੰਸੀਪਲ ਟਾਲਾ ਵੱਟ ਗਈ ਅਤੇ ਸਟਾਫ ਨੇ ਵੀ ਪਿੰਸੀਪਲ ਨਾ ਹੋਣ ਦਾ ਬਹਾਨਾ ਬਣਾ ਕੇ ਆਪਣਾ ਪੱਲਾ ਝਾੜ ਦਿੱਤਾ। ਪਰੰਤੂ ਪੀ ਐਸ ਯੂ ਦੇ ਪਹਿਲਾਂ ਕੀਤੇ ਐਲਾਨ ਮੁਤਾਬਕ ਉਸੇ ਸਮੇਂ ਦੋ ਘੰਟੇ ਦਾ ਟਾਇਮ ਦੇ ਕੇ ਚੱਕਾ ਜਾਮ ਕਰਨ ਦਾ ਐਲਾਨ ਕਰ ਦਿੱਤਾ। ਜਿਸ ਤੇ ਪ੍ਰਸ਼ਾਸ਼ਨ ਨੂੰ ਹੱਥਾਂ ਪੈਰਾਂ ਦੀ ਪੈ ਗਈ। ਪ੍ਰਸ਼ਾਸਨਕ ਅਧਿਕਾਰੀਆਂ ਨੇ ਉਸੇ ਸਮੇਂ ਦਖਲ ਦੇ ਕੇ ਦਾਖਲਾ ਸ਼ੁਰੂ ਕਰਵਾਇਆ। ਪਤਾ ਲੱਗਾ ਹੈ ਕਿ ਸਾਰੀ ਵਿਦਿਆਰਥਣਾਂ ਨੂੰ ਬਿਨਾਂ ਫੀਸ ਲਏ ਦਾਖਲ ਕਰ ਲਿਆ ਗਿਆ ਹੈ। ਇਹ ਸਹੀ ਸੇਧ ਤੇ ਚੱਲੇ ਸੰਘਰਸ਼ ਅਤੇ ਲੋਕਾਂ ਦੇ ਸਹਿਯੋਗ ਦੀ ਸ਼ਾਨਾਮੱਤੀ ਜਿੱਤ ਹੈ।



Be Rationalist | Human progress through education science and technology | Have Scientific Outlook

# PROGRESSIVE CULTURAL ASSOCIATION CALGARY (REGD.)

## ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ (ਰਜਿ.)

### ਵੱਲੋਂ ਸੋਹਣ ਮਾਨ ਯਾਦਗਾਰੀ

### 9ਵਾਂ ਸਲਾਨਾ ਅਗਾਂਹ-ਵਧੂ ਸੱਭਿਆਚਾਰਕ

# ਨਾਟਕ ਸਮਾਗਮ

29 ਸਤੰਬਰ, 2018 ਸ਼ਨਿੱਚਰਵਾਰ
1:30 ਵਜੇ ਤੋਂ 5 ਵਜੇ ਤੱਕ (1 ਵਜੇ ਦਰਵਾਜ਼ੇ ਖੁੱਲ੍ਹਣਗੇ)
ਸੇਟ ਕਾਲਜ ਔਰਫੀਅਸ ਥੀਏਟਰ
1301-16 ਐਵਿਨਿਊ ਕੈਲਗਰੀ (ਅਲਬਰਟਾ)

**Saturday September 29th 2018**
**1:30 pm to 5 pm (Door Opens 1 pm)**
**SAIT ORPHEUS THEATRE**
**1301-16th AVE. CALGARY**

ਪ੍ਰੋਗਰੈਸਿਵ ਕਲਾ ਮੰਚ ਦੀ ਟੀਮ ਵੱਲੋਂ ਹਰਕੇਸ਼ ਚੌਧਰੀ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਦੀ ਨਿਰਦੇਸ਼ਨਾ ਹੇਠ ਦੋ ਨਾਟਕ ਅਤੇ ਦੋ ਕੋਰੀਓਗਰਾਫ਼ੀ ਪੇਸ਼ ਕੀਤੀਆਂ ਜਾਣਗੀਆਂ।

## SPECIAL THANKS TO ALL THESE BUSINESSES AND BUSINESSMEN

**Amar Development**
Rani Duhra: 403-612-7881
Manjit Duhra: 403-690-2885

**Ztech Building Systems**
Jaspal Bhandal 403-226-7136
Raghbir Bhandal 780-980-9153

**Gill Truck & Trailer Repair**
403-402-8597

**Sikh Virsa (Magazine)**
Gurdeep K. Parhar
403-250-8898

**Reliance Legal Group**
Taranjit Aujla
403-285-7070

**Baljinder Sangha**
Realtor
403-680-3212

## SPECIAL THANKS TO ALL PRINT & ELECTRONIC MEDIA

Koh-i-noor Jewellers
Jasbir Mundi
OK General Food Store
Lovely Sweet House
Sidhu Accounting
Advance Auto

Punjabi Sweets
Dr. Bains
Bhatia Cloth House
Asia Pacific Immigration
Paul Sekhon
Harpinder Sidhu

Coast to Coast Mortgage
Highway Carpet Cleaning
A-1 Spice & Movie Centre
Fastrac Auto Repair
AAA Window
La-Jawab Resturant

ਨਾਟਕ ਦੀਆਂ ਟਿਕਟਾਂ ਲੈਣ ਲਈ ਸਿੱਖ ਵਿਰਸਾ ਦੇ ਦਫ਼ਤਰ ਨਾਲ ਸੰਪਰਕ ਕਰ ਸਕਦੇ ਹੋ।
403-250-8898
Bus. Hrs.: Mon. To Fri. 11am to 5pm

**Ticket $10**
upto 18 yrs. Free Entree

ਮਾ: ਭਜਨ ਸਿੰਘ 403-455-4220
ਜੀਤਇੰਦਰਪਾਲ ਸਿੰਘ 403-248-5842
ਹਰਚਰਨ ਸਿੰਘ ਪਰਹਾਰ 403-681-8689
ਸੁਖਵੀਰ ਗਰੇਵਾਲ 403-402-0770

# ਯੰਗਸਿਤਾਨ ਸਮਰ ਕੈਂਪ-2018 ਨੂੰ ਬੇਮਿਸਾਲ ਹੁੰਗਾਰਾ


















ਕੈਲਗਰੀ:ਯੰਗਸਿਤਾਨ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ ਸੱਤ ਰੋਜ਼ਾ ਸਮਰ ਕੈਂਪ ਜੈਨਸਿਸ ਸੈਂਟਰ ਵਿੱਚ ਲਗਾਇਆ ਗਿਆ ਜਿਸ ਵਿੱਚ 120 ਦੇ ਕਰੀਬ ਬੱਚਿਆਂ ਅਤੇ 20 ਵਲੰਟੀਅਰਾਂ ਨੇ ਭਾਗ ਲਿਆ। ਕੈਂਪ ਵਿੱਚ ਮੈਡੀਟੇਸ਼ਨ, ਆਰਟ-ਕਰਾਫਟ, ਭੰਗੜਾ, ਸਪੋਰਟਸ, ਜਾਦੂਗਰ ਸ਼ੋਅ ਤੇ ਜਾਗਰੂਕਤਾ ਭਾਸ਼ਣਾਂ ਤੋਂ ਇਲਾਵਾ ਹੋਰ ਕਈ ਗਤੀਵਿਧੀਆਂ ਕਰਵਾਈਆਂ ਗਈਆਂ।

**ਮੈਡੀਟੇਸ਼ਨ** : ਰੋਜ਼ਾਨਾ ਕੈਂਪ ਦੀ ਪਹਿਲੀ ਕਲਾਸ ਮੈਡੀਟੇਸ਼ਨ ਹਰਚਰਨ ਸਿੰਘ ਪਰਹਾਰ (ਸਿੱਖ ਵਿਰਸਾ) ਦੀ ਅਗਵਾਈ ਹੇਠ ਲਗਾਈ ਜਾਂਦੀ ਰਹੀ। ਬੱਚਿਆਂ ਨੂੰ ਮੈਡੀਟੇਸ਼ਨ ਦੀ ਮਹੱਤਤਾ ਬਾਰੇ ਦੱਸਣ ਤੋਂ ਇਲਾਵਾ ਉਹਨਾਂ ਹਰ ਰੋਜ਼ ਇੱਕ ਵਿਸ਼ੇ ਤੇ ਬੱਚਿਆਂ ਨਾਲ਼ ਗੱਲ ਕੀਤੀ ਜਿਸ ਵਿੱਚ ਬੱਚਿਆਂ ਨੇ ਕਾਫੀ ਰੁਚੀ ਦਿਖਾਈ। ਸ੍ਰੀ ਪਰਹਾਰ ਨੇ ਬੱਚਿਆਂ ਨੂੰ ਜ਼ਿੰਦਗੀ ਵਿੱਚ ਇੱਕ ਚੰਗੇ ਇਨਸਾਨ ਬਣਨ ਲਈ ਕਈ ਅਹਿਮ ਪਹਿਲੂਆਂ ਉਪਰ ਗੱਲ ਕੀਤੀ ਤੇ ਬੱਚਿਆਂ ਨਾਲ਼ ਸੰਵਾਦ ਰਚਾਇਆ। ਸਵਾਲ-ਜਵਾਬ ਦੇ ਸ਼ੈਸ਼ਨ ਵਿੱਚ ਬੱਚਿਆਂ ਦੇ ਸਵਾਲ ਕਾਫੀ ਦਿਲਚਸਪ ਸਨ।

**ਭੰਗੜਾ**: ਭੰਗੜਾ ਫਲੇਮਜ਼ ਅਕੈਡਮੀ ਦੀ ਨਿਗਰਾਨੀ ਹੇਠ ਪੇਸ਼ ਲਗਈ ਗਈ ਭੰਗੜੇ ਦੀ ਕਲਾਸ ਵਿੱਚ ਬੱਚਿਆਂ ਨੇ ਸਭ ਤੋਂ ਵੱਧ ਦਿਲਚਸਪੀ ਦਿਖਾਈ। ਸਤਿੰਦਰ ਧਾਲੀਵਾਲ, ਅਮਨ ਰੰਧਾਵਾ ਅਤੇ ਜਸਪ੍ਰੀਤ ਸਿੰਘ ਦੀ ਅਗਵਾਈ ਵਿੱਚ ਬੱਚਿਆਂ ਨੇ ਪੰਜਾਬੀ ਗੀਤਾਂ ਦੀ ਤਰਜ਼ ਤੇ ਨੱਚ ਕੇ ਪੂਰਾ ਆਨੰਦ ਮਾਣਿਆ। ਸਮਾਪਤੀ ਸਮਾਰੋਹ ਮੌਕੇ 100 ਦੇ ਕਰੀਬ ਬੱਚਿਆਂ ਵਲੋਂ ਪੇਸ਼ ਕੀਤਾ ਭੰਗੜਾ ਇਸ ਕਲਾਸ ਦਾ ਸਿਖਰ ਸੀ। ਇਸ ਪੇਸ਼ਕਾਰੀ ਦੀ ਖਾਸੀਅਤ ਇਹ ਰਹੀ ਕਿ ਕੁੜੀਆਂ ਨੇ ਇਸ ਦੀ ਅਗਵਾਈ ਕੀਤੀ।

**ਆਰਟ-ਕਰਾਫਟ**: ਬੱਚਿਆਂ ਦੀ ਰੰਗਾਂ ਨਾਲ਼ ਸਾਂਝ ਨੂੰ ਹੋਰ ਪੱਕਾ ਕਰਨ ਲਈ ਰੋਜ਼ਾਨਾ ਆਰਟ-ਕਰਾਫਟ ਕਲਾਸ ਲਗਾਈ ਗਈ ਜਿਸ ਵਿੱਚ ਬੱਚਿਆਂ ਨੇ ਆਪਣੇ ਮਨਾਂ ਦੀਆਂ ਤਰੰਗਾਂ ਨੂੰ ਕਾਗਜ਼ਾਂ ਉਪਰ ਉਤਾਰਿਆ। ਇਸ ਕਲਾਸ ਦੌਰਾਨ ਹੀ ਬੱਚਿਆਂ ਨੇ ਕੈਂਪ ਦੇ ਮਹਿਮਾਨਾਂ ਲਈ ਧੰਨਵਾਦੀ ਚਿੰਨ੍ਹ ਤਿਆਰ ਕੀਤੇ ਜਿਹੜੇ ਆਖਰੀ ਦਿਨ ਫਰੇਮ ਕਰਵਾ ਕੇ ਭੇਂਟ ਕੀਤੇ ਗਏ।

**ਮਾਹਿਰ**: ਕੈਂਪ ਵਿੱਚ ਸ਼ਾਮਲ ਬੱਚਿਆਂ ਚੰਗੇ ਵਿਸ਼ਿਆਂ ਬਾਰੇ ਸੰਵਾਦ ਰਚਾਉਣ ਲਈ ਮਹਿਰਾਂ ਨੇ ਉਹਨਾਂ ਨਾਲ਼ ਸੰਵਾਦ ਰਚਾਇਆ। ਲੰਡਨ ਸਕੁਏਰ ਡੈਂਟਲ ਤੋਂ ਆਈ ਟੀਮ ਨੇ ਦੰਦਾਂ ਦੀ ਸਿਹਤ ਬਾਰੇ ਗੱਲਬਾਤ ਕੀਤੀ ਤੇ ਬੱਚਿਆਂ ਨੂੰ ਤੋਹਫੇ ਭੇਂਟ ਕੀਤੇ। ਕੀਨੀਆ ਦਾ ਸਬਾਕਾ ਹਾਕੀ ਖਿਡਾਰੀ ਤੇ ਸਿੱਖਿਆ ਸ਼ਾਸਤਰੀ ਡਾ. ਮੱਟੂ ਨੇ ਆਪਣੀ ਜ਼ਿੰਦਗੀ ਵਿੱਚ ਕੀਤੇ ਸੰਘਰਸ਼ ਦੀ ਕਹਾਣੀ ਬੱਚਿਆਂ ਨਾਲ਼ ਸਾਂਝੀ ਕੀਤੀ ਜਿਹੜੀ ਬੱਚਿਆਂ ਨੂੰ ਕਾਫੀ ਸੇਧ ਦੇ ਗਈ। ਇੰਸ਼ੋਰੈਂਸ਼ ਮਾਹਿਰ ਹਰਪਿੰਦਰ ਸਿੰਘ ਸਿੱਧੂ ਨੇ ਖੁਰਾਕ ਵਿੱਚ ਆ ਰਹੀਆਂ ਤਬਦੀਲੀਆਂ ਬਾਰੇ ਮਾਪਿਆਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਮੌਜੂਦਾ ਦੌਰ ਵਿੱਚ ਬੱਚਿਆਂ ਦੀ ਖੁਰਾਕ ਬਾਰੇ ਬਹੁਤ ਚੇਤੰਨ ਰਹਿਣ ਦੀ ਲੋੜ ਹੈ।

**ਸਮਾਗਮ**: ਕੈਂਪ ਦੇ ਆਖਰੀ ਦਿਨ ਬੱਚਿਆਂ ਨੂੰ ਮੰਚ ਤੋਂ ਆਪਣੀ ਕਲਾ ਦਿਖਾਉਣ ਦਾ ਖੁੱਲ੍ਹਾ ਸੱਦਾ ਸੀ ਜਿਸ ਵਿੱਚ 20 ਦੇ ਕਰੀਬ ਬੱਚਿਆਂ ਨੇ ਵਿਅਕਤੀਗਤ ਪ੍ਰਫਾਰਮੈਂਸਜ਼ ਦਿੱਤੀਆਂ। ਮੀਡੀਆ ਦੀ ਉੱਘੀ ਹਸਤੀ ਸਵਰਨ ਸਿੰਘ ਟਹਿਣਾ ਵੀ ਇਸ ਦਿਨ ਬੱਚਿਆਂ ਦੇ ਰੂ-ਬ-ਰੂ ਹੋਏ। ਉਹਨਾਂ ਆਪਣੇ ਬਚਪਨ ਦੀਆਂ ਗੱਲਾਂ ਬੱਚਿਆਂ ਨਾਲ਼ ਸਾਂਝੀਆਂ ਕਰਕੇ ਜ਼ਿੰਦਗੀ ਵਿੱਚ ਮਿਹਨਤ ਕਰਨ ਦੀ ਪ੍ਰੇਰਨ ਦਿੱਤੀ। ਇਸੇ ਦਿਨ ਪੇਸ਼ ਕੀਤਾ ਜਾਦੂਗਰ ਦਾ ਸ਼ੋਅ ਬੱਚਿਆਂ ਲਈ ਮੰਨੋਰੰਜਨ ਦਾ ਸਿਖ਼ਰ ਸੀ। ਸਮਾਪਤੀ ਤੇ ਸਾਰੇ ਵਲੰਟੀਅਰਾਂ, ਬੱਚਿਆਂ ਤੇ ਮਾਪਿਆਂ ਦਾ ਧੰਨਵਾਦ ਕੀਤਾ ਗਿਆ। ਯੰਗਸਿਤਾਨ ਬਾਰੇ ਹੋਰ ਜਾਣਕਾਰੀ ਲੈਣ ਲਈ ਫੋਨ ਨੰਬਰ 403-402-0770 ਤੇ ਸੰਪਰਕ ਕੀਤਾ ਜਾ ਸਕਦਾ ਹੈ।

ਸ ਮਾ ਪ ਤੀ

For Honest and Best Results
Please Call:
Cell. (403)-680-1895
Fax. (403)-776-7970
Bus. (403)-457-1216
Email:taranmand@shaw.ca
MAXVALUE REALTY LTD. REALTOR CALGARY REAL ESTATE BOARD
MaxValue Reality Ltd.

Taranjit " T.J" Mand
Real Estate Associate

Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Tel. : 403-285-7070
Our law group practices in
IMMIGRATION Applications for Family Class and APPEALS, Skilled Workers, Investors, Refugee Claims
REAL ESTATE Buying and Selling Commercial and Residential Land Development Condominium Projects WILLS & ESTATE CRIMINAL LAW
SMALL BUSINESS Buying and Selling Franchises, Shareholder Agreements and Incorporations FORMATION OF PUBLIC COMPANIES
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential
* Reasonable fees
* Free Initial Consultation
* Weekend & Evening Appointments (available upon request)

Martindale Dental Clinic
Open 7 days a week

Dr. A. Kler D.D.S.
Dr. A. Cheema D.D.S.
Dr. K. Sahota D.M.D.
All Services provided by General Dentists
ਹਿਦੀ, ਪੰਜਾਬੀ, ਅੰਗਰੇਜ਼ੀ ਅਤੇ ਉਰਦੂ ਵਿਚ ਗੱਲ ਕਰ ਸਕਦੇ ਹੋ।
ਦੰਦਾਂ ਦੀ ਹਰ ਕਿਸਮ ਦੀ ਸਮੱਸਿਆ ਲਈ ਤਸੱਲੀਬਖਸ਼ ਸੇਵਾਵਾਂ ਲਈ ਮਿਲੋ।
105-126 Martindale Dr.N.E.
Calgary, AB T3J3G5
403-590-4888
martindaledentist.com



ਪਰਮਿੰਦਰ ਕੌਰ ਸਵੈਚ
604 760 4794

# ਸਫਲਤਾ ਦੀ ਅਗਲੀ ਪੌੜੀ ’ਤੇ ਪਹੁੰਚਿਆ 9ਵਾਂ ਸਲਾਨਾ ਖੇਡ ਮੇਲਾ






ਸ਼ਹੀਦ ਮੇਵਾ ਸਿੰਘ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ ਵਲੋਂ 12 ਅਗਸਤ, 2018 ਨੂੰ 9ਵਾਂ ਸਲਾਨਾ ਖੇਡ ਮੇਲਾ ਦੁਨੀਆਂ ਦੇ ਮਹਾਨ ਕ੍ਰਾਂਤੀ ਕਾਰੀ ਕਾਰਲ ਮਾਰਕਸ ਦੀ 200 ਸਾਲਾ ਜਨਮ ਸ਼ਤਾਬਦੀ ਨੂੰ ਸਮਰਪਿਤ ਕੀਤਾ ਗਿਆ ਕਿਉਂਕਿ 5 ਮਈ 1818 ਨੂੰ ਇਨਕਲਾਬੀ ਯੋਧੇ ਦਾ ਜਨਮ ਹੋਇਆ ਸੀ।ਗ਼ਦਰੀ ਬਾਬਿਆਂ ਦੀ ਯਾਦ ਵਿੱਚ ਕਰਵਾਏ ਜਾਂਦੇ ਇਸ ਖੇਡ ਮੇਲੇ ਦਾ ਮਕਸਦ ਵੀ ਕਾਰਲ ਮਾਰਕਸ ਦੇ ਉਦੇਸ਼, ਆਦਰਸ਼ ਤੇ ਸੁਪਨਿਆਂ ਦੀ ਸਿਰਜਣ ਪ੍ਰਕਿਰਿਆ ਨੂੰ ਜਾਰੀ ਰੱਖਣਾ ਹੈ। ਨੌਜਵਾਨਾਂ ਨੂੰ ਚੰਗੀ ਰਿਸ਼ਟ-ਪੁਸ਼ਟ ਸਿਹਤ ਰੱਖਣ ਅਤੇ ਸਾਂਝੀਵਾਲਤਾ ਦਾ ਪਾਠ ਪੜ੍ਹਾਇਆ ਜਾਵੇ ਨਾ ਕਿ ਖੇਡਾਂ ਤੋਂ ਮੁਨਾਫ਼ੇ ਲੈ ਕੇ ਆਪਣੀ ਨਿੱਜਤਾ ਨੂੰ ਪ੍ਰਫੁੱਲਤ ਕੀਤਾ ਜਾਵੇ ਜਾਂ ਨੌਜਵਾਨ ਪੀੜ੍ਹੀ ਅੰਦਰ ਨਸ਼ਿਆਂ ਵਰਗੀ ਘਾਤਕ ਸ਼ੈਅ ਨੂੰ ਪ੍ਰੋਸਿਆ ਜਾਵੇ, ਜਿਸ ਨਾਲ ਨੌਜਵਾਨਾਂ ਦੀ ਕੁੱਝ ਚੰਗਾ ਕਰ ਗੁਜ਼ਰਨ ਜਾਂ ਸੋਚਣ ਦੀ ਤਾਕਤ ਦਾ ਮਲੀਆਮੇਟ ਹੋ ਜਾਵੇ।ਮੇਲਿਆਂ ਦਾ ਮਤਲਬ ਇਹ ਵੀ ਨਹੀਂ ਕਿ ਗਾਉਣ ਵਾਲਿਆਂ ਨੂੰ ਲਿਆ ਕੇ ਲੱਚਰਤਾ ਦਾ ਪ੍ਰਚਾਰ ਕੀਤਾ ਜਾਵੇ ਤੇ ਬੱਚਿਆਂ ਦੀ ਸਮਰੱਥ ਬੁੱਧੀ ਨੂੰ ਜੰਗਾਲ ਲਾਉਣ ਦੇ ਢਕਵੰਜ਼ ਕੀਤੇ ਜਾਣ। ਇਸ ਸੰਸਥਾ ਦਾ ਖੇਡਾਂ ਕਰਾਉਣ ਦਾ ਮੰਤਵ ਨਵੀਂ ਪੀੜ੍ਹੀ ਜਿਹੜੀ ਇਲੈਕਟ੍ਰੋਨਿਕ ਯੁੱਗ ਵਿੱਚ ਇੱਕ ਦੂਜੇ ਤੋਂ ਦੂਰ ਹੁੰਦੀ ਜਾ ਰਹੀ ਹੈ, ਉਹਨਾਂ ਨੂੰ ਭਰਾਤਰੀ ਭਾਵ, ਦੋਸਤੀ ਤੇ ਸਿਹਤ ਪੱਖੋਂ ਜਾਗਰੂਕ ਕਰਕੇ ਉਹਨਾਂ ਦਾ ਮਨੋਬਲ ਉੱਚਾ ਚੁੱਕਣਾ ਅਤੇ ਉਹਨਾਂ ਦੀ ਚੇਤਨਾ ਵਿੱਚ ਘਸੀਆਂ ਪਿਟੀਆਂ ਰਿਵਾਜਨ ਰਹੁ-ਰੀਤਾਂ ਨੂੰ ਦੂਰ ਕਰਕੇ ਨਿਰੋਗ, ਊਰਜਾਮਈ ਅਤੇ ਉਸਾਰੂ ਸਮਾਜ ਤੇ ਕਾਰਲ ਮਾਰਕਸ ਵਰਗੇ ਦਾਰਸ਼ਨਿਕ ਦੇ ਖਿਆਲ ਪੈਦਾ ਕਰਨਾ ਹੈ ਜੋ ਸਾਰੀ ਮਨੁੱਖਤਾ ਦੀ ਗੱਲ ਕਰਦੇ ਹਨ। ਯਾਦ ਰਹੇ ਇਹ ਮੇਲਾ ਸ਼ਹੀਦ ਮੇਵਾ ਸਿੰਘ ਦੀ ਯਾਦ ਵਿੱਚ 1975 ਵਿੱਚ ਈਸਟ ਇੰਡੀਅਨ ਡੀਫੈਂਸ ਕਮੇਟੀ ਵਲੋਂ ਸ਼ੁਰੂ ਕੀਤਾ ਗਿਆ ਸੀ ਜੋ ਲਗਾਤਾਰ 25 ਸਾਲ ਚੱਲਿਆ, ਫਿਰ ਕੁੱਝ ਸਾਲ ਕਿਸੇ ਕਾਰਣ ਕਰਕੇ ਗੈਪ ਪੈਣ ਤੋਂ ਬਾਅਦ 2009 ਵਿੱਚ ਫਿਰ ਈਸਟ ਇੰਡੀਅਨ ਡੀਫੈਂਸ ਕਮੇਟੀ ਦੀਆਂ ਕੋਸ਼ਿਸ਼ਾਂ ਸਦਕਾ ਹੀ ਦੁਆਰਾ ਸ਼ਹੀਦ ਮੇਵਾ ਸਿੰਘ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ ਵਲੋਂ ਕਰਵਾਇਆ ਜਾਣ ਲੱਗਿਆ ਹੈ।

**ਆਰੰਭ** :-ਇਸ ਮੇਲੇ ਦਾ ਆਰੰਭ ਹਰ ਸਾਲ ਦੀ ਤਰ੍ਹਾਂ 9 ਵਜੇ ਸੌਕਰ ਟੀਮਾਂ ਦੇ ਆਗਮਨ ਨਾਲ ਹੋਇਆ। ਉਸ ਸਮੇਂ ਹੀ ਪ੍ਰਬੰਧਕਾਂ ਨੇ ਸ਼ਹੀਦ ਮੇਵਾ ਸਿੰਘ ਐਸੋਸੀਏਸ਼ਨ ਦੁਆਰਾ ਪ੍ਰਕਾਸ਼ਤ ਕੀਤੇ ਜਾਂਦੇ ਮੈਗਜ਼ੀਨ ਦੀ ਘੁੰਡ ਚੁਕਾਈ ਦੀ ਰਸਮ ਟੀਮਾਂ ਦੇ ਸਹਿਯੋਗ ਨਾਲ ਕੀਤੀ।ਇਸ ਮੈਗਜ਼ੀਨ ਵਿੱਚ ਜਿੱਥੇ ਬਹੁਤ ਸਾਰੇ ਸਾਡੇ ਕਾਰੋਬਾਰੀ ਵੀਰਾਂ ਭੈਣਾਂ ਦੇ ਬਿਜ਼ਨਿਸਾਂ ਦੀ ਐਡਵਰਟਾਈਜ਼ਮੈਂਟ ਹੁੰਦੀ ਹੈ ਉੱਥੇ ਇਸ ਵਿੱਚ ਬਹੁਤ ਹੀ ਵਧੀਆ ਲੇਖ, ਜੀਵਨੀਆਂ, ਕਵਿਤਾਵਾਂ ਤੇ ਸੁੱਖ ਸੁਨੇਹੇ ਹੁੰਦੇ ਹਨ ਜੋ ਇਸ ਸਮਾਜ ਦੀ ਬਿਹਤਰੀ ਲਈ ਯੋਗਦਾਨ ਪਾਉਂਦੇ ਹਨ।







**ਸੌਕਰ**:- ਸਾਢੇ 9 ਵਜੇ ਮੈਚ ਸ਼ੁਰੂ ਹੋ ਗਏ ਸਨ। ਇਸ ਵਾਰ ਸਰ੍ਹੀ ਦੇ ਸਾਰੇ ਕਲੱਬਾਂ ਸੈਂਟਰ ਸਿਟੀ ਕਲੱਬ, ਬੀ. ਸੀ. ਟਾਈਗਰ ਕਲੱਬ, ਟੈਂਪਲ ਯੂਨਾਈਟਡ ਕਲੱਬ ਅਤੇ ਵੈਨਕੂਵਰ ਯੂਨਾਈਟਡ ਕਲੱਬ ਦੀਆਂ ਟੀਮਾਂ ਨੇ ਟੂਰਨਾਮੈਂਟ ਵਿੱਚ ਹਿੱਸਾ ਲੈ ਕੇ ਮਾਣ ਪ੍ਰਾਪਤ ਕੀਤਾ। ਇਨ੍ਹਾਂ ਟੀਮਾਂ ਵਿੱਚ 13 ਤੋਂ 17 ਸਾਲ ਦੇ ਖਿਡਾਰੀ ਲੜਕੇ ਤੇ ਲੜਕੀਆਂ ਹਿੱਸਾ ਲੈਂਦੇ ਹਨ। ਇਸ ਵਾਰ 20 ਟੀਮਾਂ ਸ਼ਾਮ ਦੇ ਸੱਤ ਵਜੇ ਤੱਕ ਖੇਡਦੀਆਂ ਰਹੀਆਂ, ਜਿਨ੍ਹਾਂ ਵਿੱਚ ਤਕਰੀਬਨ 200 ਤੋਂ ਉਪਰ ਖਿਡਾਰੀ ਸੌਕਰ ਖੇਡਦੇ ਹਨ। ਇਨ੍ਹਾਂ ਕਲੱਬਾਂ ਦੇ ਪਲੇਅਰ ਡਿਸਟਿਕ ਤੇ ਪ੍ਰੋਵਿੰਨਸ਼ੀਅਲ ਲੈਬਲ ਤੇ ਹਰ ਸਾਲ ਖੇਡਦੇ ਹਨ ਅਤੇ ਤਕਰੀਬਨ 15-20 ਖਿਡਾਰੀ ਸਕਾਲਰਸ਼ਿੱਪ ਲੈ ਕੇ ਯੂ. ਬੀ. ਸੀ ਤੇ ਐਸ. ਐਫ. ਯੂ ਵਰਗੀਆਂ ਵੱਡੀਆਂ ਯੂਨੀਵਰਸਿਟੀਆਂ ਵਿੱਚ ਜਾਂਦੇ ਹਨ। ਸੌਕਰ ਟੀਮਾਂ ਦੀ ਸਾਰੀ ਦੀ ਸਾਰੀ ਜ਼ਿੰਮੇਵਾਰੀ ਹਰ ਸਾਲ ਮੌਂਟੀ ਬੋਇਲ ਤੇ ਜਸਵੀਰ ਪੁਰੇਵਾਲ ਦੀ ਹੁੰਦੀ ਹੈ ਜੋ ਉਹ ਬਹੁਤ ਹੀ ਲਗਨ ਨਾਲ ਨਿਭਾਉਂਦੇ ਹਨ।ਓਵਰ 55 ਦੀ ਸੌਕਰ ਟੀਮ ਨੇ ਵੀ ਆਪਣੇ ਮੈਚ ਦਾ ਬਹੁਤ ਹੀ ਦਿਲ ਖਿੱਚਵਾਂ ਪ੍ਰਦਰਸ਼ਨ ਕੀਤਾ।

**ਕੁਸ਼ਤੀਆਂ**:- ਥੋੜ੍ਹੀ ਦੇਰ ਬਾਅਦ ਹੀ ਜੈਸੀ ਪੁਰੇਵਾਲ ਦੀ ਦੇਖ ਰੇਖ ਹੇਠ ਕੁਸ਼ਤੀਆਂ ਦੇ ਮੁਕਾਬਲੇ ਸ਼ੁਰੂ ਕੀਤੇ ਗਏ। ਇਸ ਵਾਰ ਪੰਜ ਰੈਸਲਿੰਗ ਕਲੱਬ 1. ਖਾਲਸਾ ਰੈਸਲਿੰਗ ਕਲੱਬ 2. ਰੁਸਤਮ ਰੈਸਲਿੰਗ ਕਲੱਬ 3. ਗੁਰੂ ਗੋਬਿੰਦ ਰੈਸਲਿੰਗ ਕਲੱਬ 4. ਮੀਰੀ ਪੀਰੀ ਰੈਸਲਿੰਗ ਕਲੱਬ 5. ਉਲੰਪੀਆ ਰੈਸਲਿੰਗ ਕਲੱਬ ਨੇ ਹਿੱਸਾ ਲਿਆ। ਇਸ ਟੂਰਨਾਮੈਂਟ ਵਿੱਚ 38 ਕਿਲੋ ਤੋਂ ਲੈ ਕੇ 125 ਕਿਲੋ ਭਾਰ ਤੱਕ ਦੇ ਖਿਡਾਰੀਆਂ ਨੇ ਹਿੱਸਾ ਲਿਆ। ਇਸ ਵਿੱਚ 6, 8, 10, 12, 14 ਸਾਲ ਦੀ ਉਮਰ ਦੇ ਬੱਚਿਆਂ ਨੇ ਆਪਣੇ ਜੌਹਰ ਦਿਖਾਏ। ਖਾਲਸਾ ਰੈਸਲਿੰਗ ਕਲੱਬ ਦੇ ਚਿਰਾਗ ਮੱਟੂ, ਜਸ਼ਨ ਮਾਹਲ, ਰੋਹਨ ਅਤੇ ਯੁਵਰਾਜ ਲਿੱਧੜ ਪਹਿਲੇ ਸਥਾਨ ਤੇ ਆਏ। ਰੁਸਤਮ ਰੈਸਲਿੰਗ ਕਲੱਬ ਦੇ ਉਦੈ ਬਿਲਨ, ਗੈਵਿਨ, ਕਰਨ ਢਿੱਲੋਂ, ਹਰਜਿੰਦ ਗਰੇਵਾਲ ਪਹਿਲੇ ਸਥਾਨ ਤੇ ਜੇਤੂ ਰਹੇ ਅਤੇ ਜੋਬਨ, ਬਲਤੇਜ ਮੁੰਡੀ, ਪ੍ਰੀਤਪਾਲ ਭੋਗਲ, ਸ਼ਾਨ ਰੰਧਾਵਾ ਅਤੇ ਜੋਸ਼ਨ ਬੈਂਸ ਨੇ ਦੂਜਾ ਸਥਾਨ ਜਿੱਤਿਆ। ਇਸੇ ਤਰ੍ਹਾਂ ਗੁਰੂ ਗੋਬਿੰਦ ਰੈਸਲਿੰਗ ਕਲੱਬ ਦੇ ਦਇਆ ਸ਼ੇਰਗਿੱਲ, ਜਗਵੀਰ ਗਰੇਵਾਲ, ਤੇਜਵੀਰ ਢੀਂਡਸਾ ਤੇ ਨਿਸ਼ਾਨ ਰੰਧਾਵਾ ਨੇ ਪਹਿਲੇ ਸਥਾਨ ਦੀ ਜਿੱਤ ਹਾਸਲ ਕੀਤੀ ਤੇ ਮਾਈਕਲਜੀਤ ਗਰੇਵਾਲ, ਮਨਵੀਰ ਗਰੇਵਾਲ ਅਤੇ ਸਨੀ ਬਿਨਿੰਗ ਨੇ ਦੂਜਾ ਸਥਾਨ ਹਾਸਲ ਕੀਤਾ। ਮੀਰੀ ਪੀਰੀ ਰੈਸਲਿੰਗ ਕਲੱਬ ਦੇ ਪਰਮਜੀਤ ਸਿੱਧੂ ਅਤੇ ਪ੍ਰਿਤਪਾਲ ਜੌਹਲ ਪਹਿਲੇ ਸਥਾਨ ਦੇ ਜੇਤੂ ਰਹੇ ਅਤੇ ਗਗਨ ਗਰੇਵਾਲ, ਅਨਮੋਲ ਲਿੱਧੜ ਅਤੇ ਗੁਰਸੇਵਕ ਸੰਘਾ ਨੇ ਦੂਜਾ ਸਥਾਨ ਹਾਸਲ ਕੀਤਾ। ਉਲੰਪੀਆ ਰੈਸਲਿੰਗ ਕਲੱਬ ਦੇ ਈਵਿੰਦਰ ਸੰਧੂ ਫਸਟ ਤੇ ਮੁਸਾਵਰ ਅਬਦੁਲ ਜਾਹਿਦ ਸੈਕੰਡ ਰਿਹਾ। ਬਹੁਤ ਹੀ ਖਿੱਚ ਦਾ ਕੇਂਦਰ 16 ਸਾਲ ਤੋਂ ਥੱਲੇ ਫਾਈਨਲ ਪਟਕੇ ਦੇ ਮੈਚ ਵਿੱਚ ਖਾਲਸਾ ਰੈਸਲਿੰਗ ਕਲੱਬ ਦਾ ਕਰਨਪ੍ਰੀਤ ਗਿੱਲ ਨੇ ਪਹਿਲੇ ਸਥਾਨ ਦੀ ਬਾਜ਼ੀ ਮਾਰੀ ਤੇ ਰੁਸਤਮ ਰੈਸਲਿੰਗ ਕਲੱਬ ਦੇ ਹੀਰਾ ਗਰਚਾ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਇਸ ਤਰ੍ਹਾਂ ਓਪਨ ਪਟਕੇ ਦੇ ਮੈਚ ਵਿੱਚ ਇੰਟਰਨੈਸ਼ਨਲ ਖਿਡਾਰੀ ਖਾਲਸਾ ਰੈਸਲਿੰਗ ਕਲੱਬ ਦੇ ਅਮਰ ਢੇਸੀ ਨੇ ਆਪਣੀ ਤਾਕਤ ਦਾ ਮੁਜ਼ਾਹਰਾ ਕਰਦੇ ਹੋਏ ਪਹਿਲਾ ਸਥਾਨ ਪ੍ਰਾਪਤ ਕੀਤਾ ਤੇ ਰੁਸਤਮ ਰੈਸਲਿੰਗ ਕਲੱਬ ਦਾ ਜੈਸਨ ਬੈਂਸ ਦੂਜੇ ਸਥਾਨ ਤੇ ਰਿਹਾ। ਇਸ ਮੇਲੇ ਵਿੱਚ ਜਿੱਤੇ ਖਿਡਾਰੀਆਂ ਦਾ ਪ੍ਰਬੰਧਕਾਂ ਵਲੋਂ ਕੈਸ਼ ਇਨਾਮਾਂ ਨਾਲ ਮਾਨ ਸਨਮਾਨ ਕੀਤਾ ਗਿਆ। ਇਸਦੇ ਨਾਲ ਹੀ ਚੈਂਪੀਅਨਸ਼ਿੱਪ ਜਿੱਤਣ ਵਾਲੇ ਓਪਨ ਵਰਗ ਦੇ ਅਮਰ ਢੇਸੀ ਤੇ 16 ਸਾਲ ਦੀ ਉਮਰ ਦੇ ਕਰਨਵੀਰ ਗਿੱਲ ਨੂੰ ਨਵੀਂ ਰਵਾਇਤ ਮੁਤਾਬਕ ਪ੍ਰਬੰਧਕਾਂ ਵਲੋਂ ਕ੍ਰਮਵਾਰ ਗੋਲਡ ਤੇ ਸਿਲਵਰ ਰੰਗ ਦੀਆਂ ਬੈਲਟਾਂ ਦਿੱਤੀਆਂ ਗਈਆਂ ਜੋ ਜੈਸੀ ਪੁਰੇਵਾਲ ਵੱਲੋਂ ਡੂਨੇਟ ਕੀਤੀਆਂ ਗਈਆਂ ਸਨ। ਸਾਡਾ ਹੋਣਹਾਰ ਨੌਜਵਾਨ ਅਮਰ ਢੇਸੀ 125 ਕਿਲੋ ਭਾਰ ਵਿੱਚ



METRO IMMIGRATION



Suresh Gupta
Certified Immigration Practitioner (RCIC) Member ICCRC

1. We process spousal Immigration applications within Canada or outside Canada (Our Fee $850 to $2500 plus taxes depending upon the complexities of the case ) Our associate office in Jalandhar & Ludhiana, India may charge admin fee Rs. 6000 for completing forms.
2. Parents and Grandparents 'Super Visa' ($200 plus taxes)
3. Visitor Visas to Canada(affidavit) (Our Fee $100 including taxes)
4. Express Entry ($500) upon Invitation ($2000)
5. LIMA for PR (2x $1000 plus HST)
6. Appeal to IAD for Spousal refusal, insufficient income (LICO), Criminality, residency obligation (breach), Medical refusals, ($1000 for disbursements + $2000 professional fee at the hearing plus HST)
7. Self employed cases including Farmers, Artist etc ($1250+$1250)
8. PNP Manitoba, Alberta, SASK, PEI, Investor, PNP Business (to be negotiated case by case basis)
9. Commissioner for Oath
10. Family Sponsorship (parents & Grandparents) (Fee $500 + $750 upon Invitation)
11. PR Card Renewal ($150 plus HST)
12. Pardon = $750 and US Waiver =$750 Application
13. Citizenship Application ($250 plus HST)
14. US Visitor Visa ($250 plus HST)
15. Visitor, Work, Student etc visa extension ($150 plus HST for paper application) ($500 plus HST for Online)
16. Permanent Resident Application, Skilled worker, Canadian Exp Class, Live in Care Giver, etc ($1250x2) plus HST
17. LMIA for work permit from HRDC (2x$1000)
18. CAIPS ($100) Copy of the entire file from CIC
19. Name Change : $350
20. Student Visa to New zealand (AIS ST Helen's Auckland)/ Canada (Humber College/Sheridan College) New zealand will accept students less than 6 IELTS bands However Canada will accept students over 6.5
21. Business / Entrepreneur Application.

Suresh Gupta
Certified Immigration Practitioner (RCIC) Member ICCRC
416.886.9400
905.673.1200
info@metroimmigration.com
www.metroimmigration.com
12-2355 Derry Road East, Mississauga, Ont. L5S 1V6





ਕੈਨੇਡਾ ਦੀ ਨੁਮਾਇੰਦਗੀ ਕਰਨ ਲਈ ਚੁਣਿਆ ਗਿਆ ਹੈ ਜੋ ਕਿ ਬਹੁਤ ਖੁਸ਼ੀ ਦੀ ਗੱਲ ਹੈ।

**ਭਾਰ ਚੁੱਕਣਾ** :- ਭਾਰ ਚੁੱਕਣਾ ਵੀ ਇਸ ਮੇਲੇ ਦੀ ਇੱਕ ਬਹੁਤ ਹੀ ਆਕਰਸ਼ਕ ਖੇਡ ਹੁੰਦੀ ਹੈ ਜਿਸ ਵਿੱਚ ਜ਼ਿਆਦਾਤਰ ਇੱਥੋਂ ਦੀਆਂ ਜੰਮਪਲ ਕੁੜੀਆਂ ਤੇ ਮੁੰਡੇ ਵੱਧ ਤੋਂ ਵੱਧ ਭਾਰ ਚੁੱਕ ਕੇ ਆਪਣੀ ਕਾਬਲੀਅਤ ਜੱਗ ਜ਼ਾਹਰ ਕਰਦੇ ਹਨ। ਇਸ ਈਵੈਂਟ ਦੀ ਪੂਰੀ ਦੀ ਪੂਰੀ ਜ਼ਿੰਮੇਵਾਰੀ ਮੱਖਣ ਸੰਧੂ ਬਹੁਤ ਸਾਲਾਂ ਤੋਂ ਨਿਭਾ ਰਹੇ ਹਨ ਅਤੇ ਉਹ ਬੱਚਿਆਂ ਨੂੰ ਫਰੀ ਵਿੱਚ ਟਰੇਨਿੰਗ ਦੇ ਕੇ ਸਾਡੇ ਯੂਥ ਵਿੱਚ ਮਨੁੱਖਤਾ ਪ੍ਰਤੀ ਪ੍ਰੇਮ ਭਾਵਨਾ ਪੈਦਾ ਕਰ ਰਹੇ ਹਨ, ਅਸੀਂ ਇਨ੍ਹਾਂ ਦਾ ਬਹੁਤ ਸਤਿਕਾਰ ਕਰਦੇ ਹਾਂ। ਇਸ ਖੇਡ ਵਿੱਚ ਖੇਡਣ ਵਾਲੇ ਖਿਡਾਰੀਆਂ ਦੀਆਂ ਮਾਰੀਆਂ ਮੱਲਾਂ ਦਾ ਵਰਨਣ ਕਰਕੇ ਅਸੀਂ ਵੀ ਮਾਣ ਹਾਸਲ ਕਰਨਾ ਚਾਹੁੰਦੇ ਹਾਂ। ਇਸ ਟੂਰਨਾਮੈਂਟ ਵਿੱਚ ਬਹੁਤ ਸਾਲਾਂ ਤੋਂ ਭਾਗ ਲੈਣ ਵਾਲੀ ਪ੍ਰਭਦੀਪ ਸੰਘੇੜਾ ਨੇ 14 ਅੰਤਰਰਾਸ਼ਟਰੀ ਟੂਰਨਾਮੈਂਟਾਂ ਵਿੱਚ ਹਿੱਸਾ ਲਿਆ ਹੈ ਤੇ ਬਹੁਤ ਸਾਰੇ ਮੈਡਲ ਜਿੱਤੇ ਹਨ ਜਿਵੇਂ ਕਿ ਯੂਨੀਅਰ ਵਰਲਡ ਵਿੱਚ ਸਿਲਵਰ ਮੈਡਲ, ਯੂਨੀਅਰ ਕੌਮਨਵੈਲਥ ਵਿੱਚ ਗੋਲਡ ਮੈਡਲ, ਸੀਨੀਅਰ ਕੌਮਨਵੈਲਥ ਵਿੱਚ ਸਿਲਵਰ, ਸੀਨੀਅਰ ਪੈਨ ਅਮੈਰੀਕਨ ਵਿੱਚ ਬਰੌਂਜ਼, ਸਬ ਯੂਥ ਅਮੈਰੀਕਨ ਵਿੱਚ ਗੋਲਡ ਮੈਡਲ, ਯੂਥ ਉਲਿੰਪਕ ਗੇਮਜ਼ ਤੇ ਯੂਥ ਵਰਲਡ ਚੈਂਪੀਅਨਸ਼ਿੱਪ ਵਿੱਚ ਹਿੱਸਾ ਲਿਆ ਇਸੇ ਤਰ੍ਹਾਂ ਪੈਨ ਐਮ ਗੇਮਜ਼ ਸੀਨੀਅਰ ਵਰਲਡ ਚੈਂਪੀਅਨਸ਼ਿੱਪ ਵਿੱਚ ਵੀ ਹਿੱਸਾ ਲੈ ਚੁੱਕੀ ਹੈ। ਜੀਨਤ ਬਿਲਨ ਵੀ ਸਾਡੀ ਇੱਕ ਹੋਰ ਹੋਣਹਾਰ ਬੱਚੀ ਹੈ ਜਿਸਨੇ ਕੌਮਨਵੈਲਥ ਚੈਂਪੀਅਨਸ਼ਿੱਪ ਵਿੱਚ ਦੋ ਵਾਰੀ ਹਿੱਸਾ ਲਿਆ ਅਤੇ ਸਿਲਵਰ ਤੇ ਬਰੌਂਜ਼ ਮੈਡਲ ਹਾਸਲ ਕੀਤੇ। ਦੋ ਵਾਰੀ ਪੈਨ ਅਮੈਰੀਕਨ ਯੂਥ ਚੈਂਪੀਅਨਸ਼ਿੱਪ ਵਿੱਚ ਹਿੱਸਾ ਲਿਆ ਤੇ ਦੋਨੋਂ ਵਾਰੀ ਸਿਲਵਰ ਮੈਡਲ ਜਿੱਤੇ ਅਤੇ ਯੂਨੀਅਰ ਵਰਲਡ ਚੈਂਪੀਅਨਸ਼ਿੱਪ ਵਿੱਚ ਹਿੱਸਾ ਲੈਣ ਲਈ ਚੁਣੀ ਜਾ ਚੁੱਕੀ ਹੈ। ਹੈਲੀਨਾ ਬਿਲਨ ਨੇ ਕੌਮਨਵੈਲਥ ਚੈਂਪੀਅਨਸ਼ਿੱਪ ਵਿੱਚ ਬਰੌਂਜ਼ ਮੈਡਲ ਜਿੱਤਿਆ ਅਤੇ ਯੂਨੀਅਰ ਵਰਲਡ ਵਿੱਚ ਹਿੱਸਾ ਵੀ ਲਿਆ। ਰਾਜਿੰਦਰ ਮਹੇ ਨੇ ਨੂਨੀਅਰ ਵਰਲਡ ਚੈਂਪੀਅਨਸ਼ਿੱਪ ਵਿੱਚ ਹਿੱਸਾ ਲਿਆ। ਹੈਨਾ ਢਿੱਲੋਂ ਨੇ ਪਿਛਲੇ ਤਿੰਨਾਂ ਸਾਲਾਂ ਤੋਂ ਯੂਨੀਅਰ ਨੈਸ਼ਨਲ ਚੈਂਪੀਅਨਸ਼ਿੱਪ ਵਿੱਚ ਗੋਲਡ, ਸਿਲਵਰ ਤੇ ਬਰੌਂਜ਼ ਮੈਡਲ ਜਿੱਤੇ ਹਨ। ਇਸੇ ਤਰ੍ਹਾਂ ਅਰਜਨ ਅਟਵਾਲ ਨੇ ਵੀ ਯੂਨੀਅਰ ਨੈਸ਼ਨਲ ਵੇਟਲਿਫਟਿੰਗ ਚੈਂਪੀਅਨਸ਼ਿੱਪ ਵਿੱਚ ਹਿੱਸਾ ਲਿਆ ਹੈ। ਏਂਜ਼ਲ ਬਿਲਨ ਯੂਥ ਦੀ ਬੈਸਟ ਵੇਟਲਿਫਟਰ ਐਲਾਨੀ ਗਈ ਹੈ।ਜਸਲੀਨ ਸਹੋਤਾ ਵੀ ਇਸ ਮੈਦਾਨ ਵਿੱਚ ਕੁੱਦਣ ਵਾਲੀ ਨਵੀਂ ਰੰਗਰੂਟ ਹੈ ਜੋ ਕਾਫ਼ੀ ਮੱਲਾਂ ਮਾਰਦੀ ਦਿਸ ਰਹੀ ਹੈ। ਇਸੇ ਤਰ੍ਹਾਂ ਸਾਡੇ ਛੋਟੇ ਛੋਟੇ ਨਵੇਂ ਬੱਚੇ ਵੀ ਇਸ ਖੇਡ ਵਿੱਚ ਹਰ ਦਿਨ ਭਰਤੀ ਹੋ ਰਹੇ ਹਨ।

**ਵਾਲੀਵਾਲ** :- ਵਾਲੀਵਾਲ ਦੇ ਮੈਚ ਵੀ ਇਸ ਮੇਲੇ ਵਿੱਚ ਵਾਲੀਵਾਲ ਪ੍ਰੇਮੀਆਂ ਦੀ ਖਿੱਚ ਹੁੰਦੀ ਹੈ। ਇਹ ਇਸ ਵਾਰ ਗਿੱਲਫੋਰਡ ਹਾਇਰ ਸੰਕੈਂਡਰੀ ਸਕੂਲ ਦੇ ਜਿੰਮ ਵਿੱਚ ਜੱਗਾ ਬਾਸੀ ਦੀ ਦੇਖ ਰੇਖ ਵਿੱਚ ਕਰਵਾਇਆ ਗਿਆ। ਹਰ ਸਾਲ ਦੀ ਤਰ੍ਹਾਂ ਜੱਗਾ ਬਾਸੀ ਨੇ ਆਪਣੀ ਜ਼ਿੰਮੇਵਾਰੀ ਪੂਰੀ ਲ.ਗਨ ਨਾਲ ਨਿਭਾਈ।ਇਸ ਵਿੱਚ ਇਸ ਵਾਰ 14 ਟੀਮਾਂ ਦੇ ਭਾਗ ਲਿਆ, ਜਿਨ੍ਹਾਂ ਵਿੱਚ 6 ਡਿਵੀਜ਼ਨ 'ਏ' ਵਿੱਚ ਖੇਡੀਆਂ ਤੇ 8 ਟੀਮਾਂ ਡਿਵੀਜ਼ਨ 'ਬੀ' ਖੇਡੀਆਂ। ਇਨ੍ਹਾਂ ਦਾ ਪ੍ਰਦਰਸ਼ਨ ਬਹੁਤ ਹੀ ਵਧੀਆ ਸੀ, ਸਾਰੇ ਹੀ ਮੈਚਾਂ ਵਿੱਚ ਫਸਵਾਂ ਮੁਕਾਬਲਾ ਸੀ। ਲੋਕਾਂ ਨੇ ਇਨ੍ਹਾਂ ਮੈਚਾਂ ਦਾ



ਖੂਬ ਅਨੰਦ ਮਾਣਿਆ ਅਤੇ ਪ੍ਰਬੰਧਕਾਂ ਨੂੰ ਇਹੋ ਯੋਗ ਕੰਮਾਂ ਲਈ ਸ਼ਲਾਘਾ ਦੇ ਪਾਤਰ ਵੀ ਬਣਾਇਆ। ਅੰਤ ਵਿੱਚ ਡਿਵੀਜ਼ਨ ਏ ਦਾ ਫਾਈਨਲ ਮੁਕਾਬਲਾ ਕੈਲਗਰੀ ਦੀ ਟੀਮ ਤੇ ਸਰ੍ਹੀ ਡੈਲਟਾ ਕਲੱਬ ਦੀ ਟੀਮ ਵਿਚਕਾਰ ਹੋਇਆ ਜਿਸ ਵਿੱਚ ਸਰ੍ਹੀ ਡੈਲਟਾ ਕਲੱਬ ਦੀ ਟੀਮ ਜੇਤੂ ਰਹੀ ਤੇ ਕੈਲਗਰੀ ਦੀ ਟੀਮ ਸੈਕੰਡ ਰਹੀ। ਡਿਵੀਜ਼ਨ ਬੀ ਦਾ ਫਾਈਨਲ ਮੁਕਾਬਲਾ ਫਰੈਂਡਲੀ ਕਲੱਬ ਤੇ ਸਰ੍ਹੀ ਡੈਲਟਾ ਕਲੱਬ ਦੀ ਟੀਮ ਵਿਚਕਾਰ ਹੋਇਆ ਜਿਸ ਵਿੱਚ ਫਰੈਂਡਲੀ ਕਲੱਬ ਪਹਿਲੇ ਸਥਾਨ ਦੀ ਬਾਜ਼ੀ ਮਾਰ ਗਿਆ ਤੇ ਸਰ੍ਹੀ ਡੈਲਟਾ ਕਲੱਬ ਸੈਕੰਡ ਰਿਹਾ।ਪ੍ਰਬੰਧਕਾਂ ਵਲੋਂ ਜੇਤੂ ਟੀਮਾਂ ਨੂੰ ਟਰੌਫੀਆਂ ਨਾਲ ਸਨਮਾਨਤ ਕੀਤਾ ਗਿਆ। ਦੋ ਪਲੇਅਰ ਸੁਪਿੰਦਰ ਕੰਗ ਕੈਲਗਰੀ ਟੀਮ ਤੇ ਪੈਰੀ ਕੰਗ ਸਰ੍ਹੀ ਡੈਲਟਾ ਟੀਮ ਵਲੋਂ ਖੇਡੇ ਜੋ ਬੈਸਟ ਪਲੇਅਰ ਦੇ ਤੌਰ ਤੇ ਸਾਹਮਣੇ ਆਏ। ਇਹ ਦੋਨੋਂ ਪਲੇਅਰ ਪਿੱਛਿਓਂ ਇੱਕ ਹੀ ਪਿੰਡ ਨਾਲ ਸਬੰਧਤ ਹਨ, ਬੈਸਟ ਫਰੈਂਡ ਵੀ ਹਨ ਪਰ ਵਿਰੋਧੀ ਟੀਮਾਂ ਵਿੱਚ ਖੇਡਦੇ ਹਨ ਤੇ ਦੋਨੋਂ ਹੀ ਅੱਵਲ ਦਰਜ਼ੇ ਦੇ ਖਿਡਾਰੀ ਹਨ। ਕਮੇਟੀ ਵਲੋਂ ਇਹਨਾਂ ਨੂੰ ਵੀ ਸਨਮਾਨਤ ਕੀਤਾ ਗਿਆ। ਇਸ ਸਮੇਂ ਸਾਰੇ ਪਲੇਅਰ ਬਹੁਤ ਖੁਸ਼ ਨਜ਼ਰ ਆ ਰਹੇ ਸਨ।

**ਦੌੜ ਮੁਕਾਬਲੇ** :- ਇਹਨਾਂ ਮੁਕਾਬਲਿਆਂ ਵਿੱਚ ਵੀ ਬੱਚਿਆ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਛੋਟੇ ਛੋਟੇ ਬੱਚੇ ਦੌੜਨ ਲਈ ਬਹੁਤ ਹੀ ਉਤਾਵਲੇ ਸਨ। ਇਸਦੀ ਜ਼ਿੰਮੇਵਾਰੀ ਸੇਵਾ ਬਿੜਿੰਗ ਜੋ ਕਿ ਆਪ ਵੀ ਪ੍ਰਬੰਧਕ ਦੇ ਨਾਲ ਨਾਲ ਨੈਸ਼ਨਲ ਪੱਧਰ ਦੇ ਦੌੜਾਕ ਹਨ, ਨੇ ਨਿਭਾਈ। ਇਸ ਵਿੱਚ 6 ਤੋਂ 8 ਸਾਲ ਦੀ ਉਮਰ ਦੇ ਬੱਚਿਆਂ ਵਿੱਚ ਰੋਵਨ ਸੰਧੂ ਪਹਿਲੇ ਸਥਾਨ ਤੇ ਰਿਹਾ ਤੇ ਸਹਾਨਾ ਗਿੱਲ ਸੈਕੰਡ ਰਹੀ। 10 ਸਾਲ ਦੀ ਉਮਰ ਦੇ ਬੱਚਿਆ ਵਿੱਚ ਜਸਲੀਨ ਸਹੋਤਾ ਫਸਟ ਤੇ ਅਰਮਾਨ ਸੰਘੇੜਾ ਸੈਕੰਡ ਰਹੇ ਅਤੇ 11 ਤੋਂ 13 ਸਾਲ ਦੀ ਉਮਰ ਦੇ ਬੱਚਿਆ ਵਿੱਚੋਂ ਜਸਕੀਰਤ ਸੰਧੂ ਫਸ਼ਟ ਤੇ ਪ੍ਰਿਆ ਮਾਹਲ ਦੂਜੇ ਸਥਾਨ ਤੇ ਰਹੀ। ਸਾਰੇ ਬੱਚੇ ਮੈਡਲ ਲੈ ਕੇ ਬਹੁਤ ਖੁਸ਼ ਨਜ਼ਰ ਆ ਰਹੇ ਸਨ।

**ਰੱਸਾ-ਕਸੀ ਦਾ ਮੁਕਾਬਲਾ**:- ਇੱਕ ਹੋਰ ਈਵੈਂਟ ਜੋ ਲੋਕਾਂ ਨੂੰ ਬਹੁਤ ਪਸ਼ੰਦ ਆਇਆ ਇਹ ਸੀ ਰੱਸਾ ਕਸੀ ਦਾ ਮੁਕਾਬਲਾ। ਇਸ ਵਿੱਚ ਪੰਜਾਬ ਕਲੱਬ ਤੇ ਸਰ੍ਹੀ ਕਲੱਬ ਦੀਆਂ ਟੀਮਾਂ ਪਹੁੰਚੀਆਂ ਹੋਈਆ ਸਨ। ਇਸਦੇ ਕਰਤਾ ਧਰਤਾ ਮਹਿੰਦਰ ਆਰਕ ਹਨ ਜੋ ਇਸਦਾ ਸਾਰਾ ਪ੍ਰਬੰਧ ਦੇਖਦੇ ਹਨ। ਇਸ ਮੁਕਾਬਲੇ ਵਿੱਚ ਸਰ੍ਹੀ ਦੀ ਸਰ੍ਹੀ ਕਲੱਬ ਜੇਤੂ ਰਹੀ।

ਇਸ ਸਾਰੇ ਪ੍ਰੋਗਰਾਮ ਵਿੱਚ ਸਾਰੇ ਹੀ ਕਿ ਖਿਡਾਰੀਆਂ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਮਾਣ ਸਤਿਕਾਰ ਦਿੱਤਾ ਗਿਆ ਚਾਹੇ ਉਹ ਸ਼ਹੀਦ ਮੇਵਾ ਸਿੰਘ ਦੇ ਲੋਗੋ ਵਾਲੀਆਂ ਟੀ ਸ਼ਰਟਾਂ, ਮੈਡਲਾਂ, ਟਰੌਫੀਆਂ, ਕੈਸ਼ ਜਾਂ ਰੈਸਲਰਾਂ ਨੂੰ ਬੈਲਟਾਂ ਵਿੱਚ ਸੀ। ਇਹ ਸਾਰਾ ਕੁੱਝ ਸੰਪੌਂਸਰਾਂ ਦੀ ਮੱਦਦ ਨਾਲ ਹੁੰਦਾ ਹੈ, ਅਸੀਂ ਉਹਾਂ ਦਾ ਧੰਨਵਾਦ ਕਰਦੇ ਹਾਂ।

**ਖਾਣ ਪੀਣ ਦਾ ਪ੍ਰਬੰਧ** :- ਮੇਲਾ ਸਵੇਰ ਦੇ 8 ਵਜੇ ਤੋਂ ਸ਼ੁਰੂ ਹੋ ਕੇ ਸ਼ਾਮ ਦੇ ਸੱਤ ਵਜੇ ਤੱਕ ਚਲਦਾ ਹੈ ਇਸ ਕਰਕੇ ਬੱਚਿਆਂ, ਮਾਪਿਆਂ, ਵਲੰਟੀਅਰਾਂ ਤੇ ਪ੍ਰਬੰਧਕਾਂ ਨੂੰ ਖਾਣ ਦਾ ਪ੍ਰਬੰਧ ਵੀ ਹੁੰਦਾ ਹੈ ਜਿਸ ਵਿੱਚ ਕਈ ਸਾਲਾਂ ਤੋਂ ਹਰਬੰਸ ਪੁਰੇਵਾਲ ਤੇ ਭਿੰਦਾ ਪੁਰੇਵਾਲ ਆਪਣੀ ਡਿਊਟੀ ਬਹੁਤ ਹੀ ਜ਼ਿੰਮੇਵਾਰੀ ਨਾਲ ਨਿਭਾਉਂਦੇ ਆ ਰਹੇ ਹਨ। ਇਸ ਸਾਲ ਖਾਣ ਪੀਣ ਵਿੱਚ ਸਭ ਤੋਂ ਪਹਿਲਾਂ ਚਾਹ, ਪਾਣੀ ਤੇ ਫਰੂਟ ਦਾ ਪ੍ਰਬੰਧ ਸੀ, ਫਰੂਟਾਂ ਵਿੱਚ ਸਾਰੇ ਦੇ ਸਾਰੇ ਖ਼ਰਬੂਜੇ ਸੁਪਰ ਸੇਵ ਪ੍ਰੋਡਿਊਸ ਵਲੋਂ ਦਾਨ ਕੀਤੇ ਗਏ ਸਨ। ਉਸਤੋਂ ਬਾਅਦ ਹੌਟ ਡੌਗ, ਬਰਗਰ ਬੱਚਿਆਂ ਲਈ ਪਰੋਸੇ ਗਏ। ਦੁਪਹਿਰ ਸਮੇਂ ਕੜ੍ਹੀ ਚੌਲ ਤੇ ਜਲੇਬੀਆਂ ਨੂੰ ਸਭ ਨੇ ਪਸੰਦ ਕੀਤਾ। ਇਸ ਦੌਰਾਨ ਹੀ ਸਕੂਲ ਦੇ ਸਾਹਮਣੇ ਵਾਲੇ ਪੀਜ਼ੇ ਵਾਲਿਆਂ ਤੇ ਮਿਠਿਆਈਆਂ ਦੀਆਂ ਦੁਕਾਨਾਂ ਵਾਲਿਆਂ ਨੇ ਬੱਚਿਆਂ ਦੀਆਂ ਖੁਸ਼ੀਆਂ ਨੂੰ ਚਾਰ ਚੰਨ ਲਾਉਣ ਲਈ ਪੀਜ਼ੇ ਤੇ ਸਮੋਸੇ ਵੀ ਭੇਜ ਦਿੱਤੇ। ਉਸਤੋਂ ਬਾਅਦ ਅਖੀਰ ਵਿੱਚ ਚਿਕਨ ਦੀ ਵਾਰੀ ਆਈ।ਹਰ ਸਾਲ ਦੀ ਤਰ੍ਹਾਂ ਫਰੇਜ਼ਰ ਹਾਈਵੇ ਤੇ 152 ਸਟਰੀਟ ਵਾਲੇ ਮਾਨ ਮੀਟ ਵਾਲੇ ਹਮੇਸ਼ਾਂ ਅੱਧਾ ਚਿਕਨ ਫਰੀ ਦਿੰਦੇ ਹਨ, ਇਸ ਵਾਰ ਵੀ ਉਨ੍ਹਾਂ ਨੇ ਆਪਣੀ ਕਹਿਣੀ ਤੇ ਫੁੱਲ ਚੜ੍ਹਾਏ। ਇਸ ਵਾਰ ਗਰੈਂਡ ਤਾਜ ਵਾਲਿਆ ਨੇ ਮੀਟ ਕੁੱਕ ਕਰਨ ਦੀ ਜ਼ਿੰਮੇਵਾਰੀ ਤੇ ਬਰ.ਫ ਦੀ ਫਰੀ ਸੇਵਾ ਵੀ ਨਿਭਾਈ। ਯਾਦ ਰਹੇ ਇਹ ਪ੍ਰੋਗਰਾਮ ਜਿੱਥੇ ਬੱਚਿਆਂ ਨੂੰ ਸਿਹਤ ਤੇ ਦਿਮਾਗੀ ਪੱਖੋਂ ਨਿਰੋਗਤਾ ਦੀ ਇੱਕ ਕੜੀ ਬਣਦਾ ਹੈ ਉਥੋਂ ਪਰਿਵਾਰਾਂ ਨੂੰ ਰਲ਼ ਇਕੱਠੇ ਬੈਠਣ ਦਾ ਤੇ ਗ਼ਦਰੀ ਬਾਬਿਆਂ ਦੀ ਸਾਂਝੀਵਾਲਤਾ ਦੇ ਸੁਨੇਹੇ ਦਾ ਜ਼ਰੀਆ ਵੀ ਹੈ।

ਸੁਰਿੰਦਰ ਚਾਹਲ ਨੇ ਸਵੇਰ ਦੇ ਅੱਠ ਵਜੇ ਤੋਂ ਲੈ ਕੇ ਸ਼ਾਮ ਦੇ ਅੱਠ ਵਜੇ ਤੱਕ ਸਾਰੇ ਪੂਰੇ ਦੇ ਪੂਰੇ ਈਵੈਂਟ ਨੂੰ ਆਪਣੇ ਕੈਮਰੇ ਵਿੱਚ ਕੈਦ ਕਰ ਲਿਆ ਜੋ ਆਉਣ ਵਾਲੀਆਂ ਜਨਰੇਸ਼ਨਾਂ ਤੱਕ ਇਸਦੀਆਂ ਯਾਦਾਂ ਸਾਂਭੀਆਂ ਰਹਿਣਗੀਆਂ ਅਤੇ ਸਾਰੀ ਸੇਵਾ ਫਰੀ ਵਿੱਚ ਨਿਭਾਈ। ਪੰਜਾਬੀ ਚੈਨਲ ਜਿਸ ਨੇ ਕਾਫੀ ਦੇਰ ਉੱਥੇ ਰਹਿ ਕੇ ਇਸ ਮੇਲੇ ਦੀ ਕਵਰੇਜ਼ ਕੀਤੀ ਤੇ ਟੀ. ਵੀ. ਤੇ ਇਸ ਸਫਲ ਪ੍ਰੋਗਰਾਮ ਨੂੰ ਲੋਕਾਂ ਨਾਲ ਸਾਂਝਾ ਵੀ ਕੀਤਾ, ਅਸੀਂ ਇਨ੍ਹਾਂ ਦੋਨਾਂ ਦੇ ਬਹੁਤ ਬਹੁਤ ਧੰਨਵਾਦੀ ਹਾਂ।

ਅੰਤ ਵਿੱਚ ਸ਼ਹੀਦ ਮੇਵਾ ਸਿੰਘ ਕਮੇਟੀ ਸਾਰੇ ਹੀ ਸੰਪੌਂਸਰਾਂ ਬਿਜ਼ਨਿਸ਼ਾਂ, ਮੀਡੀਆ, ਨਿੱਜੀ ਤੌਰ 'ਤੇ ਮਾਲੀ ਮੱਦਦ ਕਰਨ ਵਾਲਿਆਂ, ਵਲੰਟੀਅਰਾਂ, ਖਿਡਾਰੀਆਂ, ਕੋਚਾਂ, ਮਾਪਿਆਂ,ਦਰਸ਼ਕਾਂ ਆਦਿ ਦੇ ਸਾਥ ਦੀ ਹਮੇਸ਼ਾਂ ਧੰਨਵਾਦੀ ਰਹੇਗੀ ਤੇ ਆਸ ਕਰਦੀ ਹੈ ਕਿ ਆਪਾਂ ਸਾਰੇ ਰਲ਼ ਮਿਲ ਕੇ ਜੋ ਬੱਚਿਆਂ ਦੀ ਜ਼ਿੰਦਗੀ ਵਿੱਚ ਖਿਲਾਅ ਪੈਦਾ ਹੋ ਰਿਹਾ ਹੈ, ਉਸਨੂੰ ਭਰਨ ਲਈ ਸਾਰੇ ਤਤਪਰ ਹੀ ਰਹਾਂਗੇ ਅਤੇ ਇਕੱਠੇ ਹੋ ਕੇ ਭਟਕੇ ਬੱਚਿਆਂ ਨੂੰ ਰਾਹੇ ਪਾਉਣ ਲਈ ਕੋਸ਼ਿਸ਼ਾਂ ਕਰਦੇ ਰਹਾਂਗੇ। ਸਾਡਾ ਮਕਸਦ ਇਨ੍ਹਾਂ ਬੱਚਿਆਂ ਦੇ ਨਾਂ ਉਜਾਗਰ ਕਰਨ ਦਾ ਮਤਲਬ ਵੀ ਇਹੀ ਹੈ ਕਿ ਬੱਚੇ ਇਨ੍ਹਾਂ ਬੱਚਿਆਂ ਤੋਂ ਪ੍ਰਭਾਵਤ ਹੋਣ ਨਾ ਕਿ ਆਟੇ ਵਿੱਚ ਲੂਣ ਮੁਤਾਬਕ ਜੋ ਬੱਚੇ ਭਟਕੇ ਹੋਏ ਹਨ ਉਹਨਾਂ ਤੋਂ। ਆਓ ਆਪਾਂ ਸਾਰੇ ਰਲ਼ ਮਿਲ ਕੇ ਇਨ੍ਹਾਂ ਜ਼ਿੰਦਗੀ ਦੀ ਮੰਜ਼ਲ ਸਰ ਕਰਨ ਵਾਲੇ ਬੱਚਿਆਂ ਦੇ ਸਨਮੁੱਖ ਹੋਈਏ।



ਸੁਖਮਿੰਦਰ ਰਾਮਪੁਰੀ ਸਾਹਿਤਕ ਗੀਤਕਾਰ ਦੇ ਤੌਰ 'ਤੇ ਵਿਚਰ ਰਿਹਾ ਕਵੀ ਹੈ ਜਿਹੜਾ ਆਪਣੀਆਂ ਕਵਿਤਾਵਾਂ ਅਤੇ ਗੀਤਾਂ ਨੂੰ ਲੈਅ ਵਿਚ ਸੁਣਾਉਣ ਦਾ ਮਾਹਿਰ ਵੀ ਹੈ। ਅਧਿਆਪਨ ਕਿੱਤੇ ਦੀਆਂ ਸੂਖਮ ਅਤੇ ਔਖੀਆਂ ਤੰਦਾਂ ਨੂੰ ਆਪਣੀ ਕਵਿਤਾ ਵਿਚ ਜੋੜਨ ਲਈ ਉਪਰਾਲਾ ਕੀਤਾ ਹੈ। ਜਿਥੇ ਉਨ੍ਹਾਂ ਨੇ ਕਵਿਤਾ ਰਾਹੀਂ ਮਿਹਨਤਕਸ਼ ਲੋਕਾਂ ਨੂੰ ਜਾਗਰੂਕ ਕਰਨ ਦੀ ਕੋਸ਼ਿਸ਼ ਕੀਤੀ ਹੈ, ਉਥੇ ਸਮਾਜੀ ਕਦਰਾਂ ਕੀਮਤਾਂ ਨੂੰ ਵੀ ਉਕਰਣ ਦੀ ਵੀ ਹਿੰਮਤ ਕੀਤੀ ਹੈ। ਕੁਝ ਕਵਿਤਾਵਾਂ ਅਤੇ ਗੀਤਾਂ ਦੀਆਂ ਵੰਨਗੀਆਂ ਰੂਬਰੂ ਕਰ ਰਹੇ ਹਾਂ : - ਸੰਪਾਦਕ

## ਰਿਚ ਕੇ ਮਰਨਾ

ਅੱਜ ਕੱਲ੍ਹ ਲੋਕੀਂ,
ਪਹਿਲਾਂ ਵਾਂਗ ਨਾ ਜੀਂਦੇ
ਅੱਜ ਕੱਲ੍ਹ ਲੋਕੀਂ,
ਪਹਿਲਾਂ ਵਾਂਗ ਨਾ ਮਰਦੇ।
ਅੱਗੇ ਤਾਂ, ਜੀਵਨ, ਜੀਵਨ ਸੀ
ਮੌਤ, ਮੌਤ ਸੀ।
ਜੀਵਨ ਤੇ ਮ੍ਰਿਤੂ ਦੀ ਰੇਖਾ
ਬੜੀ ਸਾਫ਼ ਸੀ।
ਬਿਲਕੁਲ ਰਾਤ, ਦਿਵਸ ਦੀ ਸੰਧੀ ਵਾਂਗੂੰ
ਜਿਸ ਦੇ ਇਕ ਪਾਸੇ ਦਿਨ,
ਡੁੱਲ੍ਹ ਡੁੱਲ੍ਹ ਪੈਂਦਾ, ਡਲ੍ਹਕਾਂ ਮਾਰੇ
ਅਰ ਦੂਜੇ ਪੱਖ,
ਲੰਬੇ ਕਾਲੇ ਕੋਸ ਰਾਤ ਦੇ
ਝਿਲਮਿਲ, ਝਿਲਮਿਲ ਤਾਰੇ।

ਊਂ ਤਾਂ ਦਿਨ ਚੜ੍ਹਦੇ ਤੇ ਲਹਿੰਦੇ
ਪਰ ਚਾਨਣ ਵਿਚ,
ਰਾਤ ਇਸ ਤਰ੍ਹਾਂ ਸ਼ਾਮਲ ਹੋਈ,
ਚਾਨਣ ਬਸ ਚਾਨਣ ਦਿਸਦਾ ਹੈ,
ਚਾਨਣ ਦੀ ਤਹਿ ਥੱਲੇ
ਕਾਲਖ ਰਹਿੰਦੀ,
ਨਾ ਪਹਿਲਾਂ ਵਰਗੀ ਪਹੁ ਫੁੱਟਦੀ,
ਨਾ ਪਹਿਲਾਂ ਜਿਉਂ ਆਥਣ ਲਹਿੰਦੀ
ਤੁਰਦੇ ਤੁਰਦੇ ਭੁਰੀਏ,
ਕੰਮ ਕਰੀਏ, ਕੰਮ ਕਰਦੇ ਭੁਰੀਏ,
ਨੁੱਚੜ ਨੁੱਚੜ ਜਾਈਏ,
ਉਠਦੇ, ਬਹਿੰਦੇ,
ਆਪਣੀ ਆਪਣੀ ਗਰਦਨ ਉਤੇ,
ਵਿੰਗ ਕਸਾਈਆਂ ਵਾਲਾ ਸਹਿੰਦੇ

ਬਲੀ ਦੀਆਂ ਗੱਲਾਂ ਦੇ,
ਵਕਤ ਵਿਹਾਜੇ,
ਸੂਲੀ ਦੀ ਗੱਲ ਬੇਹੀ ਹੋਈ,
ਪੋਸ ਲੂਹਣ ਦੀਆਂ ਗੱਲਾਂ
ਵਿਸ਼ ਦੇਪਿਆਲੇ ਅਤੇ ਸਲੀਬਾਂ
ਸਮੇਂ ਦੀਆਂ ਪਰਤਾਂ ਵਿਚ ਖੁਰ ਕੇ,
ਸਾਡੇ ਜੀਵਨ ਦੇ ਵਿਚ ਦਾਖ਼ਲ ਹੋਏ।
ਹੁਣ ਤੋਂ ਪਹਿਲੇ ਯੁੱਗ ਦੇ,
ਸਾਰੇ ਘਾਤਕ ਸਾਧਨਾ,
ਸਾਡੀਆਂ ਸੋਚਾਂ ਵਿਚ ਸਮੋਏ।

ਹੁਣ ਤਾਂ ਹਰ ਇਕ,
ਘਰਾਂ ਤੋਂ ਰੁਜ਼ਗਾਰ ਤੱਕ ਜਾਂਦਾ,
ਰੋਜ਼ਗਾਰ ਤੋਂ ਘਰ ਤੱਕ ਆਉਂਦਾ।
ਉਥੇ ਰਹਿੰਦਾ, ਘਰ ਵਿਚ ਰਹਿੰਦੀ,
ਸੂਲੀ ਚੜ੍ਹਦਾ,
ਪੋਸ ਲੁਹਾਉਂਦਾ,
ਵਿਸ਼ ਪੀਂਦਾ ਹੈ।
ਰਿਚਰਿਚ ਮਰਦਾ।
ਮੈਂ, ਅੱਜ ਇਕ ਨਿਰਣਾ ਲੈਣਾ ਹੈ,
ਆਓ! ਤੁਸੀਂ ਵੀ ਸਾਰੇ,
ਇਸ ਨਿਰਣੇਵਿਚ ਸ਼ਾਮਲ ਹੋਵੋ।

ਟੁੱਟ ਟੁੱਟ ਜੁੜਨਾ,
ਜੁੜ ਜੁੜ ਟੁੱਟਣਾ,
ਕਦ ਤੱਕ ਇਉਂ ਜੀਆਂਗੇ?
ਰਿਚ ਰਿਚ ਜਿਊਣਾ,
ਰਿਚਰਿਚ ਮਰਨਾ,
ਕਦ ਤੱਕ,
ਇਸ ਯੁੱਗ ਦਾ ਇਹ ਮੋਹਰਾ,
ਆਪਾਂ ਸਭ ਪੀਆਂਗੇ?
ਆਪਾਂ ਸਭ ਪੀਆਂਗੇ?

• • •

## ਗੱਲਾਂ ਦਾ ਬੋਝ

ਤੂੰ ਅਜੇ ਬੱਚਾ ਏਂ,
ਵਸਤੂ ਦੇ ਬੋਝ ਤੋਂ ਵਾਕਫ਼ ਜ਼ਰੂਰ,
ਸ਼ਬਦਾਂ ਦੇ,
ਗੱਲਾਂ ਦੇ ਬੋਝ ਤੋਂ ਵਾਕਫ ਨਹੀਂ।

ਜਦ ਬੜਾ ਹੋਏ, ਮੇਰੇ ਵਾਂਗ,
ਫੇਰ ਵਾਕਫ਼ ਹੋਏਗਾ,
ਸ਼ਬਦਾਂ ਦੇ ਬੋਝ ਤੋਂ,
ਗੱਲਾਂ ਦੇ ਬੋਝ ਤੋਂ।
ਜਦੋਂ ਤੇਰੀ ਨੀਂਦ ਉਡੀ,
ਜਦੋਂ ਤੇਰੀ ਭੁੱਖ ਮਰੀ,
ਜਦੋਂ ਤੈਨੂੰ ਜੀਵਨ 'ਚੋਂ ਮੌਤ ਦਿਸੀ।
ਜਦੋਂ ਤੇਰੇ ਸਿਰ 'ਤੇ,
ਡੈਮੋਕਲੀਜ਼ ਦੀ ਤਲਵਾਰ,
ਕੱਚੇ ਧਾਗੇ ਨਾਲ ਲਟਕੀ।

ਤੂੰ ਅਜੇ ਬੱਚੇ ਏਂ।
ਵਸਤੂਆਂ ਦੇ ਬੋਝ ਤੋਂ ਵਾਕਫ਼ ਜ਼ਰੂਰ
ਸ਼ਬਦਾਂ ਦੇ,
ਗੱਲਾਂ ਦੇ ਬੋਝ ਤੋਂ ਵਾਕਫ਼ ਨਹੀਂ।

• • •

## ਬੱਸ ਹੁਣ ਤਾਂ...

ਹੁਣ ਸ਼ਰਮ ਨਹੀਂ ਆਉਂਦੀ,
ਜਦ ਸੁਣੀਂਦਾ ਹੈ,
ਕਿ ਦੇਸ਼ ਦਾ ਦਾਤਾ ਮਰ ਰਿਹਾ ਏ,
ਭੁੱਖ ਨਾਲ।
ਉਸ ਦਾ ਢਿੱਡ,
ਕਮਰੋੜ 'ਚ ਜਾ ਵੜਿਆ ਏ
ਤੇ ਖਾਣ ਵਾਲੇਦਾ
ਦਿਸਹੱਦੇ ਨਾਲ ਖਹਿੰਦਾ ਹੈ।

ਇਕ ਆਦਤ ਜਿਹੀ ਪੈ ਗਈ ਐ,
ਸੁਣਦੇ, ਸੁਣਦੇ ਨਾ ਸੁਣਨ ਦੀ।
ਤਕਦੇ ਤਕਦੇ,
ਕੁਝ ਵੀ ਨਾ ਤਕਣ ਦੀ।
ਘਰ ਕਹਿਣ, ਕਹਿਣ ਕਰਦੇ
ਕੁਝ ਵੀ ਨਾ ਕਹਿਣ ਦੀ।

ਮਾਂ ਤੋਂ ਇਹ ਵੀ ਨਾ ਪੁੱਛ ਹੁੰਦਾ,
ਸੱਚ ਦੱਸ ਮਾਂ
ਇਨ੍ਹਾਂ ਦੋਹਾਂ 'ਚੋਂ,
ਤੇਰਾ ਪੁੱਤ ਕਿਹੜਾ ਹੈ?
ਕਾਮਾ, ਕੰਮ ਕਰਦਾ ਕਰਦਾ,
ਜੋ ਭੁੱਖਾ ਮਰਦਾ ਹੈ?
ਜਾਂ ਵਿਹਲਾ, ਜਿਸ ਦਾ ਢਿੱਡ,
ਦਿਸਹੱਦੇ ਨਾਲ ਖਹਿੰਦਾ ਹੈ।

• • •

## ਚੱਕਰਵਿਊ 'ਚ ਫਸੇ

ਇਨ੍ਹਾਂ ਖੇਤਾਂ ਤੋਂ ਬਹੁਤ ਦੂਰ,
ਮੰਡੀ ਵਿਚ ਉਹ
ਪੱਖੇ ਥੱਲੇ ਪਿਆ,
ਚਿੱਟੇ ਬਸਤਰ ਪਾਈ,
ਦਲਾਲ ਬੈਠਾ,
ਪਾਨ ਚੱਬਦਾ ਹੈ,
ਕਿਸ ਨੂੰ ਚੱਬਦਾ ਹੈ?

ਅਸੀਂ ਖੇਤਾਂ ਵਿਚ, ਰੌਣੀ ਕਰਦੇ,
ਵੱਤਰ 'ਚ ਬਿਜਾਈ ਕਰਦੇ,
ਸਿੰਜਦੇ, ਗੁੱਡਦੇ,
ਕੱਟਦੇ, ਛੱਟਦੇ,
ਛੱਟ ਕੇ, ਮੰਡੀ 'ਚ ਸੁੱਟਦੇ।

ਆਉਂਦੇ ਹੋਏ,
ਰੁੱਠੇ ਦੀ ਸਿਆਹੀ,
ਚਿੱਤੜਾਂ ਨਾਲ ਘਸਾਉਂਦੇ, ਲਾਹੁੰਦੇ,
ਪਰਤ ਆਉਂਦੇ ਹਾਂ ਘਰੀਂ।

ਕਠਪੁਤਲੀਆਂ ਬਣੇ,
ਯੁੱਗ ਬੀਤ ਗਏ ਨੇ।
ਕਿੰਨੇ ਕੁ ਯੁੱਗ ਹੋਰ ਬੀਤਣਗੇ?

ਇਨ੍ਹਾਂ ਖੇਤਾਂ ਤੋਂ ਬਹੁਤ ਦੂਰ
ਮੰਡੀ ਵਿਚ,
ਪੱਖੇ ਥੱਲੇ,
ਦੁੱਧ ਚਿੱਟੇ ਬਸਤਰ ਪਾਈ
ਬੈਠਾ ਦਲਾਲ, ਪਾਨ ਚੱਬਦਾ,
ਮੁਸਕੜੀਏ ਹਸਦਾ ਹੈ।

ਤੇ ਅਸੀਂ,
ਖੇਤਾਂ ਵਿਚ ਰੌਣੀ ਕਰਕੇ,
ਵੱਤਰ ਵਿਚ ਨਵੀਂ ਫਸਲ ਦੀ,
ਨਵੀਂ ਕਵਿਤਾ ਲਿਖਦੇ ਹਾਂ।

• • •

## ਕੱਲ੍ਹ ਅਤੇ ਅੱਜ

ਉਹ ਵੀ ਦਿਨ ਸਨ,
ਜਦੋਂ
ਦੇਗ ਦੇ ਅਰਥ ਅਤੇ ਆਕਾਰ,
ਬਹੁਤ ਛੋਟੇ ਸਨ,
ਬਹੁਤ ਹੀ ਛੋਟੇ।

ਜਿਸ ਵਿਚ ਮਸਾਂ
ਗੁਰੂ ਦਾ ਇਕ ਪਿਆਰਾ,
ਜਾਂ ਕਿਸੇ ਸਹਿਜ਼ਾਦੀ ਦਾ ਪ੍ਰੇਮੀ,
ਸ਼ਾਹੀ ਫਰਮਾਨਾ ਦੀ ਅੱਗ ਨਾਲ,
ਪਾਣੀ 'ਚ ਉਬਲ ਸਕਦਾ ਸੀ।

ਅੱਜ ਦੇਗ ਦੇ,
ਨਾ ਉਹ ਲਘੂ ਅਰਥ ਰਹੇ ਨੇ,
ਨਾ ਹੀ ਉਹ ਲਘੂ ਆਕਾਰ।
ਤੇ ਨਾ ਹੀ,
ਉਸ ਵਿਚ ਉਬਲਣ ਵਾਲੇ,
ਇੱਕ, ਦੁੱਕਾ।

• • •

## ਗੀਤ

ਅਸੀਂ ਨਾ ਗਿਰਵੀ ਜੂਨ ਹੰਢਾਣੀ
ਕੱਲ੍ਹ ਹੋਰ ਸੀ, ਅੱਜ ਹੋਰ ਹਾਂ,
ਭਲਕੇ ਹੋਰ ਹੋਏਗੀ ਢਾਣੀ।
ਲੜਨ, ਮਰਨ ਦੀ ਪਿਰਤ ਪੁਰਾਣੀ,
ਅਸੀਂ ਪੁਰਾਣੀ ਪਿਰਤ ਨਿਭਾਣੀ।
ਅਸੀਂ ਨਾ ਗਿਰਵੀ ਜੂਨ ਹੰਢਾਣੀ।

ਜਿਨ੍ਹਾਂ ਅਸਾਡੇ ਤਨ ਨਹੀਂ ਬਖਸ਼ੇ,
ਜਿਨ੍ਹਾਂ ਅਸਾਡੇ ਮਨ ਨਹੀਂ ਬਖਸ਼ੇ,
ਓਹਨਾ ਨਾਲ ਅਸਾਡੀ ਅਣ-ਬਣ,
ਜੰਮਣ ਤੋਂ ਕਬਰਾਂ ਤੱਕ ਜਾਣੀ।
ਅਸੀਂ ਨਾ ਗਿਰਵੀ....।

ਅਸੀਂ ਬਣਾਈਏ ਹੋਰਾਂ ਖਾਤਰ,
ਅਸੀਂ ਉਗਾਈਏ ਹੋਰਾਂ ਖਾਤਰ,
ਸਾਡੀ ਤਾਂ ਪੀੜ੍ਹੀ ਦਰ ਪੀੜ੍ਹੀ,
ਵਿਰਵੀ ਦੀ ਵਿਰਵੀ ਰਹਿ ਜਾਣੀ।
ਅਸੀਂ ਨਾ ਗਿਰਵੀ....

ਜਿਸ ਪਲ ਫੁੱਲ ਖਿੜੇ ਅਣ ਹੋਇਆ,
ਉਹ ਪਲ ਸਦਾ ਸਮੇਂ ਦਾ ਹੋਇਆ।
ਸਦੀਆਂ ਤੀਕਰ ਉਸ ਫੁੱਲ ਨੇ ਹੀ,
ਸਦੀਆਂ ਦੀ ਹੈ, ਰੂਹ ਮਹਿਕਾਣੀ।
ਅਸੀਂ ਨਾ ਗਿਰਵੀ....।

ਜਲ ਦੇ ਨਾਲ, ਅਸਾਡਾ ਵਾਹ ਹੈ,
ਥਲ ਦੇ ਨਾਲ, ਅਸਾਡੀ ਵਾਹ ਹੈ,
ਜੀਵਨ ਦੇ ਆਸ਼ਿਕ ਨਹੀਂ ਸਹਿੰਦੇ,
ਜੀਵਨ ਵਿਚ ਹੁੰਦੀ ਵੰਡ ਕਾਣੀ।

ਅਸੀਂ ਨਾ ਗਿਰਵੀ ਜੂਨ ਹੰਢਾਣੀ
ਅਸੀਂ ਨਾ ਗਿਰਵੀ ਜੂਨ ਹੰਢਾਣੀ।
ਲੜਨ ਮਰਨ ਦੀ ਪਿਰਤ ਪੁਰਾਣੀ
ਅਸੀਂ ਪੁਰਾਣੀ ਪਿਰਤ ਨਿਭਾਣੀ।
ਅਸੀਂ ਨਾ ਗਿਰਵੀ ਜੂਨ ਹੰਢਾਣੀ

## ਕਵਿਤਾ

ਨਾਸਤਿਕ ਹੋਣ ਬਾਅਦ
ਜੀਣ ਦਾ ਮਜ਼ਾ ਹੀ ਕੁਝ ਹੋਰ ਹੁੰਦਾ ਹੈ
ਚਾਲ ਤਾਂ ਭਾਵੇਂ ਪਹਿਲਾਂ ਵੀ ਮਾੜੀ ਨਾ ਹੋਵੇ
ਫੇਰ ਤਾਂ ਹੁਲਾਰਾ ਹੀ ਕੁਝ ਹੋਰ ਹੁੰਦਾ ਹੈ

ਨਾਸਤਿਕ ਹੋਣ ਬਾਅਦ
ਸਦੀਆਂ ਤੋਂ ਸਿਰ ਚੜ੍ਹਿਆ ਭਾਰ ਲਹਿ ਜਾਂਦਾ ਹੈ
ਹਲਕੇ ਸੁਰਖ਼ੁਰ ਹੋਣ ਦਾ
ਮਿਠਾ ਜਿਹਾ ਅਹਿਸਾਸ ਬਾਕੀ ਰਹਿ ਜਾਂਦਾ ਹੈ

ਨਾਸਤਿਕ ਹੋਣ ਬਾਅਦ
ਚੱਲੇ ਪਤਾ
ਡਰ ਡਰ ਕੇ ਜੀਣ ਵਿੱਚ
ਨਹੀਂ ਕੋਈ ਮਜ਼ਾ
ਇਹ ਜੀਵਨ
ਨਾ ਚੰਗੇ ਕਰਮਾਂ ਦਾ ਫਲ
ਨਾ ਮਾੜੇ ਕਰਮਾਂ ਦੀ ਸਜਾ
ਨਾ ਸਵਰਗਾਂ ਦੀ ਆਸ
ਨਾ ਨਰਕਾਂ ਦਾ ਡਰ
ਬਸ ਜਿਓ ਤੇ ਜੀਣ ਦਿਓ
ਨਾ ਕਿਸੇ ਤੋਂ ਡਰੋ ਨਾ ਡਰਾਓ

ਨਾਸਤਿਕ ਹੋਣ ਬਾਅਦ ਲੱਗਦਾ ਹੈ ਪਤਾ
ਇਹ ਸਿਰ ਸੋਚਣ ਲਈ
ਤੇ ਸੋਚ ਕਾਰਨ ਹੀ ਬਣਿਆ ਹੈ
ਇਹ ਨਹੀਂ ਬਣਿਆ ਕਿਸੇ ਅੱਗੇ ਝੁਕਾਉਣ ਲਈ
ਟੋਪੀਆਂ, ਪੱਗਾਂ ਅਤੇ ਕਲਗੀਆਂ ਸਜਾਉਣ ਲਈ

ਨਾਸਤਿਕ ਹੋਣ ਬਾਅਦ
ਆਉਂਦਾ ਹੈ ਆਨੰਦ ਖਾਣ ਤੇ ਹੰਢਾਉਣ ਦਾ
ਸਾਰੀਆਂ ਬੇਹੂਦਾ ਬੰਦਿਸ਼ਾਂ ਤੋਂ ਆਜ਼ਾਦ
ਕੀ ਖਾਣਾ ਤੇ ਕੀ ਨਹੀਂ
ਕਿਹੜੇ ਦਿਨ ਖਾਣਾ ਤੇ ਕਿਹੜੇ ਨਹੀਂ
ਪਿੰਡੇ ਤੇ ਕੀ ਪਾਉਣਾ ਹੈ ਕੇ ਨਹੀਂ
ਸਿਰ ਮੂੰਹ ਤੇ ਉੱਗੇ ਵਾਲਾਂ ਨੂੰ
ਹੈ ਰੱਖਣਾ ਕੱਟਣਾ ਜਾਂ
ਇਸ ਤਰ੍ਹਾਂ ਉਸ ਤਰ੍ਹਾਂ ਵਾਹੁਣਾ

ਨਾਸਤਿਕ ਹੋਣ ਬਾਅਦ ਪੈਂਦੀ ਹੈ ਸਮਝ
ਇਨਸਾਨ ਬਣ ਕੇ ਜੀਣ ਦੀ
ਤੇ ਦੂਜਿਆਂ ਨੂੰ ਇਨਸਾਨ ਵੇਖਣ ਦੀ
ਬੜਾ ਅਜੀਬ ਹੁੰਦਾ ਹੈ ਅਨੁਭਵ
ਕੋਈ ਹਿੰਦੂ, ਮੁਸਲਮਾਨ, ਸਿੱਖ, ਇਸਾਈ ਨਹੀਂ
ਕੋਈ ਵੱਡੀ ਤੇ ਛੋਟੀ ਜਾਤ ਨਹੀਂ
ਕੋਈ ਕਾਲਾ, ਗੋਰਾ, ਭੂਰਾ ਤੇ ਪੀਲਾ ਨਹੀਂ
ਸਿਰਫ ਤੇ ਸਿਰਫ ਇਨਸਾਨ
ਤੁਹਾਡੇ ਵਾਂਗ ਹੱਡ ਮਾਸ ਦੇ ਬਣੇ
ਤੁਹਾਡੇ ਵਾਲੀ ਹਵਾ ਚ ਸਾਹ ਲੈਂਦੇ
ਤੁਹਾਡੇ ਵਾਂਗ ਹੀ ਹੱਸਦੇ ਖੇਲਦੇ
ਇਹ ਕੋਈ ਛੋਟੀ ਜਿਹੀ ਨਹੀਂ ਗੱਲ
ਇਹ ਜੀਵਨ ਚ ਹੌਸਲੇ ਨਾਲ ਮਾਰੀ
ਬਹੁਤ ਵੱਡੀ ਛਾਲ ਹੁੰਦੀ ਹੈ
ਇਸ ਛਾਲ ਬਾਅਦ
ਧਰਤੀ ਤੇ ਮੁੜ ਲੱਗੇ ਪੈਰ
ਵੱਖਰੀ ਹੀ ਲੈਅ ਵਿੱਚ
ਵੱਖਰੀ ਹੀ ਖੁਸ਼ੀ ਵਿੱਚ ਨੱਚਦੇ ਹਨ

ਨਾਸਤਿਕ ਹੋਣ ਬਾਅਦ
ਮਨੁੱਖੀ ਇਤਿਹਾਸ ਤੋਂ ਹੈਰਾਨ ਰਹਿ ਜਾਂਦੇ ਹੋ
ਜਦ ਮਿਲਦੇ ਹੋ ਸਦੀਆਂ ਪਹਿਲਾਂ ਹੋਏ
ਚਾਰਵਾਕ, ਬੁੱਧ, ਐਪੀਕਿਓਰੀਅਸ
ਸਿਸਰੋ, ਸੈਨਕਾ ਜਿਹੇ ਨਾਸਤਿਕ ਬਾਣੀ ਦੇ ਰਚੇਤਿਆਂ ਨੂੰ
ਜਿਨ੍ਹਾਂ ਨੇ ਸਿੰਜਿਆ ਹੈ ਇਸ ਮਹਿਕਦੀ ਸੋਚ ਨੂੰ
ਤੇ ਕਈਆਂ ਇਸ ਵਿੱਚ ਡੋਲਿਆ ਹੈ ਆਪਣਾ ਖ਼ੂਨ ਵੀ

ਨਾਸਤਿਕ ਹੋਣ ਬਾਅਦ
ਤੁਸੀ ਅੰਬਰਾਂ ਵੱਲ ਵੱਖਰੀ ਨੀਝ ਨਾਲ ਦੇਖਦੇ ਹੋ
ਇਹ ਜਾਣ ਕੇ ਕਿ ਅਰਬਾਂ ਖਰਬਾਂ
ਤਾਰਿਆਂ ਸਿਤਾਰਿਆਂ ਮੁਕਾਬਲੇ
ਧਰਤੀ ਦੀ ਹੋਂਦ ਤਾਂ ਰੇਤ ਦੇ ਕਿਣਕੇ ਜਿੰਨੀ ਵੀ ਨਹੀਂ
ਹੌਲੀ ਹੌਲੀ ਗੱਲ ਨੂੰ ਸਮਝ
ਅਸਲੋਂ ਹੀ ਨਵੇਂ ਅਹਿਸਾਸ ਨਾਲ ਭਰ ਜਾਂਦੇ ਹੋ
ਨਾਸਤਿਕ ਹੋਣ ਬਾਅਦ
ਜਦੋਂ ਅਸਲੀਅਤ ਸਾਹਮਣੇ ਆਵੇ
ਧਰਤੀ ਉੱਤਲਾ ਸਮੁੱਚਾ ਜੀਵਨ
ਇੱਕ ਲੜੀ ਚ ਪਰੋਇਆ
ਪਸ਼ੂ ਪੰਛੀ ਰੁੱਖ ਵੇਲ ਬੂਟੇ
ਫੇਰ ਰਤਾਂ ਲੱਗਣ ਨਾ ਪਰਾਏ

ਨਾਸਤਿਕ ਹੋਣ ਬਾਅਦ ਬਦਲ ਜਾਂਦਾ ਹੈ
ਆਸਾ ਪਾਸਾ ਤੇ ਖ਼ੁਦ ਤੁਹਾਡਾ ਖਾਸਾ ਵੀ
ਵਾਹ ਵਾਹ ਕਰ ਉਠਦੇ ਹੋ ਤੁਸੀਂ
ਤੇ ਆਪ ਮੁਹਾਰੇ ਗਾਉਣ ਲਗਦੇ ਹੋ
ਇਸ ਨੂੰ ਕਹਿੰਦੇ ਹਨ ਜ਼ਿੰਦਗੀ, ਆਜ਼ਾਦੀ
ਹਰ ਕਿਸਮ ਦੇ ਵਹਿਮਾਂ ਭਰਮਾਂ ਤੋਂ ਮੁਕਤ

ਪਰ ਇਸ ਗੱਲ ਦੀ ਸਮਝ
ਸਿਰਫ ਸੁਣਿਆ ਨਹੀਂ ਪੈਂਦੀ
ਇਸ ਨੂੰ ਤਾਂ ਜਾਣਿਆ ਜਾ ਸਕਦਾ ਹੈ
ਖ਼ੁਦ ਹੰਢਾ ਕੇ ਹੀ
ਨਾਸਤਿਕ ਹੋਣ ਬਾਅਦ।

ਸਾਧੂ ਬਿਨਿੰਗ ਸਿੰਘ

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ,
ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220
ਟੋਰਾਂਟੋ : ਹਰਬੰਸ ਸਿੰਘ 416-817-7142
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

# ਰੰਗਰੂਟੀ-ਲੈ: ਮਹਿੰਦਰ ਸਿੰਘ ਮੋਹੀ

ਬਰੈਂਪਟਨ ਦੇ ਵਿਚਕਾਰ ਦੀ ਲੰਘਦੀ ਪੂਰਬ ਤੋਂ ਪੱਛਮ ਵਲ ਨੂੰ ਜਾਂਦੀ ਸੜਕ। ਇਸ ਹਾਈਵੇ ਵਰਗੀ ਸੜਕ ਦੇ ਕੰਢੇ ਤੇ ਵੱਡੀ ਉਚੀ ਬਿਲਡਿੰਗ 'ਚ ਕੰਮ ਕਰਦੇ ਲੋਕਾਂ ਦੀ ਨਿਰੰਤਰ ਆਵਾਜਾਈ ਨੇ ਦਿਨ ਰਾਤ ਦਾ ਫਰਕ ਖਤਮ ਕੀਤਾ ਪਿਆ ਸੀ। ਨਾ ਕਾਰਾਂ ਦੇ ਪਾਰਟਸ ਤਿਆਰ ਕਰ ਰਹੇ ਰੋਬੋਟ ਤੇ ਮਸ਼ੀਨਾਂ ਸਾਹ ਲੈਂਦੀਆਂ ਸਨ ਤੇ ਨਾ ਤਿੰਨੇ ਸਿਫਟਾਂ ਵਿੱਚ ਕੰਮ ਕਰਦੇ ਕਿਰਤੀ ਲੋਕ ਥੱਕਦੇ ਸਨ। ਉਹਨਾਂ ਵਿਚ ਚੀਨੇ, ਪੰਜਾਬੀ, ਗੁਜਰਾਤੀ, ਗੋਰੇ ਕਾਲੇ ਪਾਕਿਸਤਾਨੀ ਤੇ ਹੋਰ ਵਖ ਵਖ ਨਸਲਾਂ ਤੇ ਕੌਮਾਂ ਦੇ ਲੋਕ ਸਨ। ਵੱਡੀ ਬਹੁਗਿਣਤੀ ਨਵੇ ਆਏ ਇਮੀਗਰਿੰਟਸ ਦੀ ਸੀ ਜਿਨ੍ਹਾਂ ਵਿੱਚੋਂ ਬਹੁਤ ਸਾਰੇ ਏਜੰਸੀ ਰਾਹੀਂ ਕੰਮ ਕਰਦੇ ਸਨ। ਰੈਗੂਲਰ ਤੇ ਏਜੰਸੀ ਵਾਲਿਆਂ ਦਾ ਇਕੋ ਜਿਹਾ ਕੰਮ, ਇੱਕੋ ਜਿਹੇ ਘੰਟੇ ਪਰ ਡਾਲਰਾਂ ਦੀ ਕਮਾਈ ਅੱਧੀ, ਕੋਈ ਬੈਨੀਫਿਟ ਨਹੀਂ ਵਾਰ ਵਾਰ ਸੁਪਰਵਾਈਜ਼ਰ ਵਲੋਂ ਅਦਲਾ ਬਦਲੀ, ਕੰਮ ਘਟਣ ਤੇ ਘਰ ਨੂੰ ਭੇਜ ਦੇਣ ਦੀ ਦਹਿਸ਼ਤ ਹਮੇਸ਼ਾ ਮਨ ਨੂੰ ਪਰੇਸ਼ਾਨ ਕਰੀ ਰੱਖਦੀ ਸੀ।

ਮੈਂ ਪਿਛਲੇ 10 ਸਾਲ ਤੋਂ ਇਸੇ ਪਲਾਂਟ ਵਿੱਚ 9 ਨੰਬਰ ਤੇ ਕੰਮ ਕਰ ਰਿਹਾ ਸੀ। ਇਥੇ ਪਾਰਟ ਦੀ ਕਿਸਮ ਅਨੁਸਾਰ ਚਾਰ ਤੋਂ ਛੇ ਬੰਦਿਆਂ ਦੀ ਇਥੇ ਲੋੜ ਪੈਂਦੀ ਸੀ। ਅੱਜ ਏਜੰਸੀ ਰਾਹੀਂ ਕੰਮ ਕਰਨ ਵਾਲਾ ਸਟੂਡੈਂਟ ਨਹੀਂ ਆਇਆ ਸੀ। 'ਦੇਖੀਏ ਅਜ ਫੋਰਮੈਨ 9 ਤੇ ਕਿਹੜੇ ਦਾ ਨੰਬਰ ਲਾਉਂਦਾ ਜੂਪਾ ਗਰਦਨ ਘੁਮਾ ਕੇ ਦੇਖਦਾ ਹੋਇਆ ਬੋਲਿਆ "ਇਥੇ ਤਾ ਏਜੰਸੀ ਵਾਲੇ ਨੇ ਹੀ ਆਉਣਾ ਟਰੇਨਿੰਗ ਲੈਣ" ਮੈਂ ਆਪਣੇ ਰੋਜ ਦੇ ਤਜਰਬੇ 'ਚੋਂ ਜੁਆਬ ਦਿੱਤਾ। ਉਹੀ ਗਲ ਹੋਈ, ਲੀਡ ਹੈਂਡ ਦੇ ਪਿਛੇ ਇਕ ਪੱਚੀ ਸਾਲ ਦਾ ਨਵੀ ਉਮਰ ਦਾ ਮੁੰਡਾ ਤੇਜ ਕਦਮਾਂ ਨਾਲ ਸਾਡੇ ਵਲ ਆ ਰਿਹਾ ਸੀ। ਦੇਖਣ ਨੂੰ ਪੰਜਾਬੀ ਲਗਦਾ ਸੀ। ਆਮ ਜਿਹਾ ਕੱਦ 'ਭਰਵਾਂ ਸਰੀਰ ਤੇ ਹੇਅਰ ਕਟ ਨਾਲ ਮੱਥੇ ਤਕ ਵਧੇ ਹੋਏ ਵਾਲਾਂ ਨੇ ਉਸਦੀ ਨਿਵੇਕਲੀ ਜਿਹੀ ਦਿੱਖ ਬਣਾ ਦਿੱਤੀ ਸੀ। ਮੈਂ ਉਸਨੂੰ ਕੰਮ ਕਰਨ ਦੇ ਢੰਗ ਦੀ ਸੰਖੇਪ ਜਾਣਕਾਰੀ ਦੇਣੀ ਜਰੂਰੀ ਸਮਝੀ ਤੇ ਨਾਲ ਹੀ ਉਸਦਾ ਬਾਇਓਡਾਟਾ ਪੁੱਛ ਲਿਆ, 'ਮੇਰਾ ਨਾ ਸਾਦਤ ਹੈ ਤੇ ਮੈਂ ਪਾਕਿਸਤਾਨ 'ਚ ਲਾਹੌਰ ਦੇ ਨੇੜਲੇ ਪਿੰਡ ਤੋ ਵਿਆਹ ਕਰਵਾ ਕੇ ਥੋੜ੍ਹਾ ਜਿਹਾ ਸਮਾਂ ਪਹਿਲਾਂ ਹੀ ਆਇਆ ਹਾਂ। ਸਾਡੇ ਵੱਡੇ ਵਡੇਰੇ ਪੰਜਾਬ ਦੇ ਹੁਸ਼ਿਆਰਪੁਰ ਜ਼ਿਲੇ ਦੇ ਰਹਿਣ ਵਾਲੇ ਸਨ ਜੋ ਵੰਡ ਹੋਣ ਤੇ ਪਾਕਿਸਤਾਨ ਚਲੇ ਗਏ ਸਨ। 'ਉਹ ਇਕ ਦਮ ਠੇਠ ਪੰਜਾਬੀ 'ਚ ਬੋਲੀ ਗਿਆ।' ਫਿਰ ਕਹਿਣ ਗੇ ਪਾਰਟ ਘਟ ਬਣੇ ਆ! ਹੁਣ ਕੰਮ ਸ਼ੁਰੂ ਨੀ ਕਰਦੇ? ਆਪੇ ਸਿੱਖ ਜਾਵੇਗਾ', ਮੇਰੀ ਸਾਈਡ ਤੇ ਕੰਮ ਕਰਨ ਵਾਲਾ ਫੌਜੀ ਖਿਝ ਕੇ ਕਹਿਣ ਲੱਗਾ। ਉਹ ਵੀ ਏਜੰਸੀ ਰਾਹੀਂ ਹੀ ਕਈ ਮਹੀਨਿਆਂ ਤੋਂ ਕੰਮ ਕਰ ਰਿਹਾ ਸੀ। ਵਧੀਆ ਕੰਮ ਕਰਦਾ ਸੀ ਪਰ ਦੋ ਵਾਰੀ ਇੰਡੀਆ ਗਿਆ ਹੋਣ ਕਰਕੇ ਰੈਗੂਲਰ ਹੋਣ ਤੋਂ ਰਹਿ ਗਿਆ ਸੀ। ਜੂਪੇ ਨੂੰ ਇਕ ਦਮ ਪਤਾ ਲੱਗ ਗਿਆ ਕਿ ਸਾਦਕ ਨੂੰ ਟਰੇਨਿੰਗ ਦੇਣ ਲਈ ਬਹੁਤ ਮਿਹਨਤ ਕਰਨੀ ਪਵੇਗੀ। ਪਾਰਟਸ ਦੀ ਮਿਥੀ ਹਦ ਤਕ ਪਹੁੰਚਣ ਲਈ ਸਾਡੇ ਚਾਰਾਂ ਵਿੱਚ ਆਪਸੀ ਤਾਲਮੇਲ ਦਾ ਹੋਣਾ ਬਹੁਤ ਜਰੂਰੀ ਸੀ। ਸਾਦਿਕ ਵਾਰ ਵਾਰ ਗਲਤੀਆਂ ਕਰੀ ਜਾ ਰਿਹਾ ਸੀ। ਸਾਡੇ ਗਵਾਂਢੀ 8 ਨੰਬਰ ਵਾਲਾ ਸਰਪੰਚ ਤੇ ਸੋਹੀ ਸਾਡੇ ਵਲ ਵੇਖ ਕੇ ਮੁਸਕਰਾ ਰਹੇ ਸਨ। ਸਾਡੇ ਬਣਾਏ ਪਾਰਟਾ ਨਾਲ ਹੀ ਉਹਨਾਂ ਦਾ ਕੰਮ ਚੱਲਣਾ ਸੀ ਤੇ ਉਹਨਾਂ ਜਾਣ ਕੇ ਤੇਜੀ ਫੜ ਲਈ ਤੇ ਸਕਿਡ ਖਤਮ ਕਰ ਦਿੱਤੀ। ਇਸ ਤਰ੍ਹਾਂ ਚਲਦਿਆਂ ਪਹਿਲੀ ਬਰੇਕ ਦਾ ਟਾਈਮ ਹੋ ਗਿਆ। ਦੁਬਾਰਾ ਕੰਮ ਸ਼ੁਰੂ ਹੋਣ ਕਰਨ ਤੋਂ ਪਹਿਲਾਂ ਅਸੀਂ ਤਿੰਨਾ ਨੇ ਸਾਦਿਤ ਨੂੰ ਚੰਗੀ ਤਰ੍ਹਾਂ ਸਮਝਾ ਕੇ ਕੰਪਨੀ ਦੇ ਨਿਯਮਾਂ ਦੀ ਜਾਣਕਾਰੀ ਦਿੱਤੀ ਤੇ ਕੰਮ ਕਰਨ ਦੇ ਟਰਿਕ ਵਰਤੋਂ ਵਿੱਚ ਲਿਆਉਣ ਲਈ ਕਿਹਾ। ਉਹ ਪਹਿਲਾਂ ਹੀ ਬੇਹੱਦ ਪਰੇਸ਼ਾਨ ਸੀ ਤੇ ਦੋ ਥਾਵਾਂ ਤੋਂ ਬਦਲਿਆ ਜਾ ਚੁੱਕਾ ਸੀ। ਮੈਂ ਵੀ ਕਹਿ ਦਿੱਤਾ ਕਿ ਤੂੰ ਕੰਪਨੀ ਵਿੱਚ ਪੂਰਾ ਘੁੰਮ ਆਇਆਂ ਹੈ ਤੇ ਇਸ ਤੋਂ ਅੱਗੇ ਤਾਂ ਓਹ ਸਾਹਮਣੇ ਸੜਕ ਹੀ ਆ। ਇਸਨੇ ਸਾਦਿਕ ਦੇ ਕੰਮ ਢੰਗ ਵਿੱਚ ਵਡੀ ਤਬਦੀਲੀ ਲੈ ਆਂਦੀ ਤੇ ਅਸੀ ਸਿਫਟ ਦੇ ਖਤਮ ਹੋਣ ਤਕ ਤਸੱਲੀਬਖਸ਼ ਕੰਮ ਦੀ ਸਟੇਜ ਤੇ ਪਹੁੰਚ ਗਏ ਸਾਂ। ਕੁਝ ਕੁ ਦਿਨਾਂ ਵਿਚ ਹੀ ਸਾਦਤ ਚਾਰੇ ਪਾਸੇ ਕੰਮ ਕਰਨ ਵਾਲਿਆਂ ਦਾ ਕੇਂਦਰ ਬਿੰਦੂ ਬਣ ਗਿਆ। 9 ਨੰਬਰ ਦੀ ਪ੍ਰੋਡਕਸ਼ਨ ਵੀ ਵਧਣ ਲੱਗੀ 'ਤੇ ਸਾਦਤ ਦੀ ਮਿੱਤਰਤਾ ਦਾ ਦਾਇਰਾ ਵੀ ਵਿਸ਼ਾਲ ਹੁੰਦਾ ਗਿਆ। ਉਹ ਆਪਣੇ ਆਪ ਨੂੰ ਬੀ ਏ ਪਾਸ ਦੱਸਦਾ ਤੇ ਉਸਨੂੰ ਭਰ ਪਾਕਿਸਤਾਨ ਭਾਰਤ ਕਨੇਡਾ ਦੀ ਸਿਆਸਤ ਬਾਰੇ ਡੂੰਘੀ ਜਾਣਕਾਰੀ ਸੀ। ਕਦੇ ਡਾਲਰ ਕਮਾ ਕੇ ਪਾਕਿਸਤਾਨ ਜਾ ਕੇ ਸਿਆਸਤ ਵਿੱਚ ਹਿੱਸਾ ਲੈਣ ਦੀਆਂ ਗੱਲਾ ਕਰਦਾ ਤੇ ਕਦੇ ਇੰਡੀਆ ਜਾ ਕੇ ਹੁਸ਼ਿਆਰਪੁਰ ਵਿੱਚ ਆਪਣੇ ਵਡੇਰਿਆਂ ਦੀ ਧਰਤੀ ਨੂੰ ਸਿਜਦਾ ਕਰਨ ਦੇ ਸੁਪਨੇ ਲੈਂਦਾ।' ਸਾਦਿਕ ਜੇ ਤੂੰ ਬਾਰਡਰ ਤੇ ਪਾਕਿਸਤਾਨ ਵਾਲੇ ਪਾਸੇ ਹਥਿਆਰ ਲਈ ਖੜਾ ਹੋਵੇ ਤੇ ਤੇਰੇ ਸਾਹਮਣੇ ਇਹ ਫੌਜੀ ਹੋਵੇ ਤੇ ਤੈਨੂੰ ਗੋਲੀ ਮਾਰਨ ਦਾ ਹੁਕਮ ਹੋ ਜਾਵੇ ਤਾਂ ਤੂੰ ਕੀ ਕਰੇਗਾ?' ਮੈਂ ਇਕ ਦਿਨ ਸੁਭਾਵਿਕ ਪੁੱਛ ਲਿਆ। 'ਨਹੀਂ, ਕਦੇ ਨਹੀ ਗੋਲੀ ਮਾਰਾਗਾ' 'ਸਾਦਿਕ ਨੇ ਫੌਜੀ ਵਲ ਅਪਣੱਤ ਭਰੀਆ ਨਜ਼ਰਾਂ ਨਾਲ ਵੇਖ ਦਿਆਂ ਕਿਹਾ। ਉਸਦੇ ਚਿਹਰੇ ਦੇ ਹਾਵ ਭਾਵ ਉਸਦੇ ਸਚ ਬੋਲਣ ਦੀ ਗਵਾਹੀ ਦੇ ਰਹੇ ਸਨ। ਇਹੀ ਸਵਾਲ ਫੌਜੀ ਨੂੰ ਕਰਨ ਤੇ ਉਹ ਇਕ ਦਮ ਹਰਖ ਨਾਲ ਸਾਦਤ ਵਲ ਦੇਖ ਕੇ ਬੋਲ ਪਿਆ, 'ਹਾਂ, ਮੈਂ ਗੋਲੀ ਮਾਰ ਦੂ!! ਸਾਨੂੰ ਰੰਗਰੂਟੀ ਵਿੱਚ ਟਰੇਨਿੰਗ ਹੀ ਇਹ ਦਿਤੀ ਜਾਂਦੀ ਹੈ! ਬਾਰਡਰ ਦੇ ਦੂਜੇ ਪਾਸੇ ਖੜ੍ਹੇ ਫੌਜੀ ਤੁਹਾਡੇ ਦੁਸ਼ਮਣ ਹਨ!' ਮੈਂ ਸੋਚਾਂ 'ਚ ਪੈ ਗਿਆ ਕਿ ਕਿਵੇਂ ਸਦੀਆਂ ਤੋਂ ਇਕੋ ਥਾਂ 'ਤੇ ਰਹਿ ਰਹੇ ਇਨਸਾਨਾਂ ਨੂੰ ਕੁੱਝ ਕੁ ਖੁਦਗਰਜ਼ ਸਿਆਸਤਦਾਨਾਂ ਨੇ ਧਰਤੀ ਤੇ ਲਕੀਰ ਵਾਹ ਕੇ ਆਪਸ ਵਿੱਚ ਕੇਵਲ ਦੋ ਹਿੱਸਿਆਂ ਵਿੱਚ ਹੀ ਨਹੀਂ ਵੰਡਿਆ ਸਗੋਂ ਪਤਾ ਨਹੀਂ ਕਿੰਨੀਆਂ ਪੁਸ਼ਤਾਂ ਤਕ ਨੂੰ ਇਕ ਦੂਜੇ ਦੇ ਪੱਕੇ ਦੁਸ਼ਮਣ ਬਣਾ ਦਿੱਤਾ ਹੈ। ਹਜ਼ਾਰਾਂ ਕਿਲੋਮੀਟਰ ਦੂਰ ਦੋਵੇਂ ਦੇਸ਼ਾਂ ਦੇ ਕਾਮਿਆਂ ਦੇ ਭਾਵੇ ਆਪਸੀ ਹਿਤ, ਲੋੜਾਂ ਤੇ ਸੁਪਨੇ ਵੀ ਇੱਕੋ ਜਿਹੇ ਹਨ ਪਰ ਉਹਨਾਂ ਵਿੱਚੋਂ ਕੁਝ ਕੁ ਦੇ ਮਨਾਂ ਵਿੱਚ ਪਹਿਲੇ ਸਮਿਆਂ ਦੀ ਨੌਕਰੀ ਦੌਰਾਨ ਰੰਗਰੂਟੀ ਵੇਲੇ ਦੀ ਭਰੀ ਹੋਈ ਨਫ਼ਰਤ ਅਜੇ ਵੀ ਜਿਉ ਦੀ ਤਿਉਂ ਪਈ ਸੀ। ਇਹਨਾਂ ਸੋਚਾਂ ਵਿੱਚ ਗੁਆਚੇ ਨੂੰ ਸਿਫਟ ਖਤਮ ਹੋਣ ਦੀ ਘੰਟੀ ਨੇ ਇਕ ਦਮ ਜਗਾ ਦਿੱਤਾ।

416 659 1232

## ਭਾਰਤ ਦਾ 72ਵਾਂ ਅਜਾਦੀ ਦਿਵਸ ਤੇ ਪ੍ਰਧਾਨ-ਮੰਤਰੀ ਦਾ ਲਾਲ ਕਿਲੇ ਤੋਂ ਆਖਰੀ ਭਾਸ਼ਨ (ਸਫ਼ਾ 8 ਦੀ ਬਾਕੀ)

ਹਨ, ਜਿਥੇ ਅਮਨ ਕਨੂੰਨ ਦੀ ਹਾਲਤ ਠੀਕ ਹੋਵੇ ਤੇ ਰਾਜਨੀਤਕ ਸਥਿਰਤਾ ਹੋਵੇ। ਜਿਸ ਦੀ ਮਿਸਾਲ ਹਨ, ਚੀਨ, ਲਾਊਸ, ਵੀਅਤਨਾਮ ਅਤੇ ਦਖਣ ਪੂਰਬ ਦੇ ਕਈ ਹੋਰ ਮੁਲਕ, ਜਿਥੇ ਇਹਨਾਂ ਕੰਪਨੀਆਂ ਨੇ ਅਪਣੀਆਂ ਇੰਡਸਟਰੀਆਂ ਲਾਈਆਂ ਹਨ,। ਸਭ ਤੋਂ ਜਿਆਦਾ ਅਪਣਾ ਸਰਮਾਇਆ ਕਮਿਉਨਿਸਟ ਦੇਸ ਹੋਣ ਦੇ ਬਾਵਜੂਦ ਇਹਨਾਂ ਨੇ ਚਾਈਨਾਂ ਵਿਚ ਲਾਇਆ ਹੈ। ਉਥੇ ਰਾਜਨੀਤਕ ਸਥਿਰਤਾ ਹੈ, ਚਾਇਨਾ ਦੀ ਸਰਕਾਰ ਇਹਨਾਂ ਕੰਪਨੀਆਂ ਨਾਲ ਜੋ ਐਗਰੀਮੈਂਟ ਕਰਦੀ ਹੈ, ਉਸ ਤੋਂ ਨਾ ਆਪ ਭਜਦੀ ਹੈ, ਨਾ ਇਹਨਾਂ ਕੰਪਨੀਆਂ ਨੂੰ ਭਜਣ ਦਿੰਦੀ ਹੈ। ਸਾਡੇ ਦੇਸ ਵਿਚ ਕੋਰਟ ਰਾਹੀਂ ਇਨਸਾਫ ਲੇਣ ਵਿਚ 15 ਤੋਂ 20 ਸਾਲ ਦਾ ਸਮਾਂ ਲਗਦਾ ਹੈ, ਸਾਰੀ ਰਾਜ ਮਸ਼ੀਨਰੀ, ਅਫਸਰਸ਼ਾਹੀ ਅਤੇ ਰਾਜਨੀਤਕ ਲੋਗ ਭਰਿਸ਼ਟਾਚਾਰ ਵਿਚ ਗਲਤਾਨ ਹਨ। ਅਮਨ ਕਨੂੰਨ ਦੀ ਹਾਲਤ ਇੰਨੀ ਤਰਸਯੋਗ ਹੈ, ਕਿ ਜਨਤਾ ਵਲੋਂ ਇਨਸਾਫ ਲੇਣ ਲਈ ਜਾਂ ਅਪਣੀ ਗੱਲ ਸਰਕਾਰਾਂ ਤੱਕ ਪਹੁੰਚਾਉਣ ਲਈ, ਸੜਕਾਂ ਜਾਂ ਰੇਲਵੇ ਲਾਇਨਾਂ ਰੋਕਣੀਆਂ ਪੈ ਰਹੀਆਂ ਹਨ। ਸਾਡੇ ਦੇਸ ਦੀ ਸਵਾ ਅਰਬ ਅਬਾਦੀ ਵਾਸਤੇ ਦੇਸ ਵਿਚ ਸਿਰਫ ਇਕ ਸੁਪਰੀਮ ਕੋਰਟ ਹੈ, ਜਿਸ ਦੇ ਵਿਚ ਸਿਰਫ 35 ਜੱਜਾਂ ਦੀਆਂ ਚੇਅਰਾਂ ਹਨ, ਜਿਨਾਂ ਵਿਚੋਂ 25 ਭਰੀਆਂ ਤੇ ਦੱਸ ਖਾਲੀ ਹਨ। ਇਹੋ ਹਾਲ ਰਾਜਾਂ ਦੇ ਹਾਈ ਕੋਰਟਾਂ ਦਾ ਹੈ ਇਸੇ ਕਰਕੇ ਇਹਨਾਂ ਕੋਰਟਾਂ ਵਿਚ ਕੇਸਾਂ ਦੀ ਸੁਣਵਾਈ ਦੀ ਵਾਰੀ ਲਈ, ਪੰਜ ਤੋਂ ਦਸ ਸਾਲ ਤੋਂ ਜਿਆਦਾ ਸਮਾਂ ਲਗ ਰਿਹਾ ਹੈ। ਦੇਸ ਦੀ ਅਜੇਹੀ ਹਾਲਤ ਕਰਕੇ ਹੀ ਮੋਦੀ ਜੀ ਦਾ ਮੇਕ ਇਨ ਇੰਡੀਆ ਦੰਮ ਤੋੜ ਗਿਆ। ਸਾਡੇ ਦੇਸ ਦੇ ਧੰਨੀ ਲੋਕ ਅਪਣਾ ਸਰਮਾਇਆ ਬਾਹਰ ਲਗਾ ਰਹੇ ਹਨ, ਠੱਗ ਤੇ ਸ਼ਾਤਰ ਲੋਕ ਬੈਂਕ ਅਧਿਕਾਰੀਆਂ ਨਾਲ ਮਿਲਕੇ ਅਰਬਾਂ-ਖਰਬਾਂ ਦੀਆਂ ਠਗੀਆਂ ਮਾਰ ਕੇ ਬਾਹਰ ਨੂੰ ਭੱਜ ਰਹੇ ਹਨ। ਬੈਂਕ ਡਾਕੇ ਆਮ ਗਲ ਬਣ ਗਈ ਹੈ। ਲੋਕਾਂ ਦਾ ਬੈਂਕ ਸਿਸਟਮ ਤੋਂ ਭਰੋਸਾ ਉਠਦਾ ਜਾ ਰਿਹਾ ਹੈ, ਐਨ, ਆਰ, ਆਈ, ਵੀਰ ਜੋ ਇੰਡੀਆ ਦੇ ਬੈਂਕਾਂ ਵਿਚ ਜਿਆਦਾ ਵਿਆਜ ਮਿਲਦਾ ਕਰਕੇ, ਅਪਣਾ ਪੈਸਾ ਇਥੇ ਜਮਾਂ ਕਰਵਾਉਂਦੇ ਸਨ। ਹੁਣ ਉਨਾਂ ਨੇ ਅਪਣਾ ਪੈਸਾ ਵਾਪਸ ਲਿਜਾਣਾ ਸ਼ੁਰੂ ਕਰ ਦਿਤਾ ਹੈ, ਕਿਉਂਕੇ ਕੋਈ ਭਰੋਸਾ ਨਹੀ ਕੇਹੜਾ ਬੈਂਕ ਕਦੋ ਦਿਵਾਲੀਆ ਹੋ ਜਾਵੇ। ਦੇਸ ਦਾ ਧੰਨ ਮਾੜੀ ਹਾਲਤ ਕਰਕੇ ਦੇਸ ਵਿਚੋਂ ਬਾਹਰ ਜਾ ਰਿਹਾ ਹੈ। ਮੋਦੀ ਜੀ ਨੇ ਸਾਰੀ ਦੁਨੀਆਂ ਗਾਹ ਮਾਰੀ, ਦੇਸ ਵਿਚ ਬਾਹਰੋਂ ਇਨਵੈਸਟਮੈਂਟ ਲਿਆਉਣ ਦੀ ਖਾਤਰ, ਪਰ ਹਵਾਈ ਝੂਟਿਆਂ ਤੋਂ ਬਿਨਾ ਪਲੇ ਕੱਖ ਨਹੀਂ ਪਿਆ।

ਹੁਣ ਗੱਲ ਕਰਦੇ ਹਾਂ ਮੋਦੀ ਜੀ ਦੇ ਲਾਰਿਆਂ ਤੇ ਨਾਅਰਿਆਂ ਵਾਲੇ ਭਾਸ਼ਨ ਦੀ= ਭਾਈਓ ਔਰ ਬਹਿਨੋ ਪਹਿਲੇ ਮੈਂ ਆਪ ਸਭ ਕਾ ਧੰਨਵਾਦ ਕਰਨਾ ਚਾਹਤਾ ਹੂੰ, ਜਿਨਹੋਂ ਨੇ ਮੁਝੇ ਵਾਏ ਬਨਾਨੇ ਵਾਲੇ ਕੋ ਦੇਸ ਵਾਸੀਓਂ ਕੀ ਸੇਵਾ ਕਰਨੇ ਕਾ ਮੌਕਾ ਦੀਆਂ ਹੈ। ਔਰ ਹਮ ਨੇ ਭੀ ਦਿਨ ਰਾਤ ਏਕ ਕਰਕੇ ਆਪ ਕੀ ਸੇਵਾ ਕਰਨੇ ਕੀ ਕੋਸ਼ਿਸ਼ ਕੀ ਹੈ। ਹਮਾਰੀ ਸਰਕਾਰ ਨੇ ਦੇਸ ਮੇਂ ਲੰਬੇ ਲੰਬੇ ਫੋਰ ਲਾਈਨ ਹਾਈ ਵੇ ਬਨਵਾਏ ਹੈਂ, ਆਪ ਕੀ ਸੁਰਕਸ਼ਾ ਕੇ ਲੀਏ ਜਗਾ ਜਗਾ ਟੋਲ ਪਲਾਜੇ ਲਗਵਾ ਦੀਏ ਹੈਂ, ਇਨ ਸੇ ਐਕਸੀਡੈਂਟੋ ਕਾ ਖੱਤਰਾ ਭੀ ਕੰਮ ਹੋ ਜਾਤਾ ਹੈ। ਪਰਾਈਵੇਟ ਸੈਕਟਰ ਮੇ ਬੜੀ ਬੜੀ ਯੂਨੀਵਰਸਟੀਆਂ ਖੋਲੀ ਗਈ ਹੈਂ, ਜੋ ਪੂਰੀ ਲਗਨ ਔਰ ਮੇਹਨਤ ਸੇ ਆਪ ਕੇ ਬਚੋਂ ਕੋਵਿਦਿਆ ਦੇਨੇ ਕੀ ਸੇਵਾ ਕਰ ਰਹੀ ਹੈਂ। ਸ਼ਹਿਰੋਂ ਮੇਂ ਬਹੁ ਮੰਜਲੀ ਅਸਮਾਨ ਛੂਹਨੇ ਵਾਲੀ ਬਿਲਡਿੰਗੇਂ ਤਾਮੀਰ ਹੋ ਰਹੀ ਹੈਂ ਜੋ ਸ਼ਾਈਨਿੰਗ ਭਾਰਤ ਕੀ ਨਿਸ਼ਾਨੀ ਹੈਂ। ਹਮ ਨੇ ਦੇਸ ਕੇ ਬੜੇ ਸ਼ਹਿਰੋਂ ਮੇਂ ਬੜੇ ਬੜੇ ਪਰਾਈਵੇਟ ਹਸਪਤਾਲ ਖੋਲਨੇ ਕੀ ਇਜਾਜਤ ਦੀ, ਵੋਹ ਬਣ ਕਰ ਚਲ ਪੜੇ ਹੈਂ ਔਰ ਲੋਗੋਂ ਕੀ ਸੇਵਾ ਮੇਂ ਜੁਟ ਗਏ ਹੈ, ਦੁਨੀਆਂ ਹਮਾਰੇ ਵਿਕਾਸ ਕੀ ਤਰਫ ਦੇਖ ਰਹੀ ਹੈ। ਹਮ ਨੇ ਕਈ ਤਰਾਂ ਕੇ ਟੈਕਸੋਂ ਕੋ ਇਕਠਾ ਕਰਕੇ ਏਕ ਹੀ ਟੈਕਸ ਬਨਾ ਦੀਆ ਤਾਂ ਕਿ ਲੋਗੋਂ ਕੋ ਜਗਾ ਜਗਾ ਖੱਜਲ ਖੁਆਰ ਨਾ ਹੋਨਾ ਪੜੇ। ਯੇਹ ਸਭ ਆਪ ਕੀ ਭਲਾਈ ਕੇ ਲੀਏ ਕੀਆ ਗਿਆ ਹੈ। ਹਮ ਨੇ ਕਿਸਾਨੋ ਕੀ ਆਮਦਨ 2022 ਤੱਕ ਦੁਗਨੀ ਕਰਨੇ ਕਾ ਤਹਈਆ ਕੀਆ ਹੂਆ ਹੈ, ਜੋ ਹਮ ਕਰਕੇ ਦਿਖਲਾਏਂਗੇ। ਗਰੀਬ ਲੋਗੋਂ ਕੇ ਲੀਏ ਰੁਜਗਾਰ ਪੈਦਾ ਕਰਨੇ ਕੇ ਲੀਏ ਹਮ ਨੇ ਦਿਨ ਰਾਤ ਏਕ ਕਰਕੇ ਸਾਰੀ ਦੁਨੀਆਂ ਕੇ ਦੇਸੋਂ ਕੇ ਦੌਰੇ ਕੀਏ ਹੈਂ, ਔਰ ਉਨੇ ਅਪਣੇ ਦੇਸ ਮੇਂ ਇੰਡਸਟ੍ਰੀ ਲਗਾਨੇ ਕੇ ਲੀਏ ਰਾਜੀ ਕਰ ਲੀਆ ਹੈ। ਵੋਹ 2022 ਤੱਕ ਅਪਣੇ ਦੇਸ ਮੇ ਇੰਡਸਟ੍ਰੀ ਲਗਾਨੀ 'ਸੂ ਕਰ ਦੇਂਗੇ। ਆਨੇ ਵਾਲੇ ਪਾਂਚ ਸਾਲੋਂ ਤੱਕ ਹਰ ਦੇਸ ਵਾਸੀ ਕੇ ਪਾਸ ਅਪਨਾ ਘਰ, ਔਰ ਰੁਜਗਾਰ ਹੋਗਾ, ਐਸੀ ਹਮਾਰੀ ਕਾਮਨਾ ਹੈ। ਵੈਸੇ ਹਮ ਨੇ ਪਿਛਕੇ ਚਾਰ ਸਾਲੋਂ ਮੇਂ ਬਹੁਤ ਤਰਕੀ ਕੀ ਹੈ, ਹਮਾਰੇ ਦੇਸ ਕੇ ਦੱਸ ਅਮੀਰ ਲੋਗ ਦੁਨੀਆ ਕੇ ਇਕ ਸੌ ਸਭ ਸੇ ਅਮੀਰ ਲੋਗੋਂ ਮੇ ਸ਼ਾਮਲ ਹੋ ਗਏ ਹੈਂ, ਮੈ ਦੇਸ ਵਾਸੀਓਂ ਕੋ ਇਸ ਕੀ ਵਧਾਈ ਦੇਤਾ ਹੂੰ। ਔਰ ਉਮੀਦ ਕਰਤਾ ਹੂੰ, ਕਿ ਦੇਸ ਕੀ ਤਰਕੀ ਔਰ ਖੁਸ਼ਹਾਲੀ ਕੇ ਲੀਏ ਆਨੇ ਵਾਲੇ ਲੋਕ-ਸਭਾ ਚੁਨਾਵੋਂ ਮੇ ਆਪ ਹਮਾਰਾ ਸਾਥ ਜਰੂਰ ਦੇਂਗੇ। ਜੈ ਹਿੰਦ, ਵੰਦੇ ਮਾਤਰਮ, ਵੰਦੇ ਮਾਤਰਮ, ਵੰਦੇ ਮਾਤਰਮ।

*1 ਸਤੰਬਰ ਨੂੰ 100 ਸਾਲਾ (ਸ਼ਤਾਬਦੀ) ਬਰਸੀ 'ਤੇ ਵਿਸ਼ੇਸ਼*

# ਕਾਲੇ ਪਾਣੀ ਦੇ ਮਹਾਨ ਗ਼ਦਰੀ ਸ਼ਹੀਦ-ਰੁਲੀਆ ਸਿੰਘ ਸਰਾਭਾ



ਰੁਲੀਆ ਸਿੰਘ ਸਰਾਭਾ ਦਾ ਜਨਮ ਪਿਤਾ ਜੀ ਸ. ਜਗਤ ਸਿੰਘ ਦੇ ਘਰੇ ਲੁਧਿਆਣਾ ਜਿਲ੍ਹੇ ਦੇ ਪਿੰਡ ਸਰਾਭਾ ਵਿਖੇ 19ਵੀਂ ਸਦੀ ਦੇ 9ਵੇਂ ਦਹਾਕੇ ਦੌਰਾਨ ਹੋਇਆ। ਪਿਤਾ ਜੀ ਬਚਪਨ ਵਿੱਚ ਹੀ ਵਿਛੋੜਾ ਦੇ ਗਏ। ਵਿਧਵਾ ਮਾਤਾ ਜੀ ਨੇ ਬੇਅੰਤ ਮੁਸ਼ਕਿਲਾਂ ਝੱਲਦਿਆਂ, ਅਣਥੱਕ ਘਾਲਣਾ ਘਾਲਦਿਆਂ ਰੁਲੀਆ ਸਿੰਘ ਦਾ ਪਾਲਣ ਪੋਸ਼ਣ ਕੀਤਾ ਤੇ ਪੜ੍ਹਾਇਆ। ਬੜੇ ਚਾਵਾਂ, ਮਲਾਰਾਂ ਨਾਲ ਆਪ ਜੀ ਦਾ ਵਿਆਹ ਕੀਤਾ, ਪਰੰਤੂ ਥੋੜੇ ਮਹੀਨਿਆਂ ਬਾਅਦ ਹੀ ਆਪ ਦੀ ਪਤਨੀ ਦੀ ਮੌਤ ਹੋ ਗਈ। ਬੇਰੁਜਗਾਰੀ ਅਤੇ ਗੁਰਬਤ ਵਿੱਚੋਂ ਕੱਢਣ ਲਈ ਬਿਰਧ ਮਾਤਾ ਜੀ ਨੇ ਆਪ ਨੂੰ ਕਮਾਈ ਲਈ ਅਮਰੀਕਾ ਭੇਜਿਆ।

ਉਨੀ ਦਿਨੀਂ ਅਮਰੀਕਨ ਨਸਲ ਪ੍ਰਸਤਾਂ ਵੱਲੋਂ ਹਿੰਦੀ ਮਜ਼ਦੂਰਾਂ ਤੇ ਕਈ ਹਮਲੇ ਕੀਤੇ ਗਏ। ਕਈ ਵਾਰੀ ਭਾਰਤੀਆਂ ਨੂੰ ਜ਼ਬਰੀ ਗੱਡੀਆਂ 'ਚ ਚੜਾ ਕੇ ਦੂਰ-ਦੁਰਾਡੇ ਅਮਰੀਕੀ ਜੰਗਲਾਂ 'ਚ ਛੱਡੇ ਜਾਣ ਦੀਆਂ ਮੰਦ ਘਟਨਾਵਾਂ ਵੀ ਵਾਪਰੀਆਂ । ਬੱਸ ਅੱਡਿਆਂ, ਰੇਲਵੇ ਸਟੇਸ਼ਨਾਂ, ਹੋਟਲਾਂ, ਬਜਾਰਾਂ ਤੇ ਘਰਾਂ 'ਚ ਭਾਰਤੀਆਂ ਨੂੰ "ਕੁੱਤੇ", "ਹਿੰਦੀ ਸਲੇਵ" ਆਦਿ ਕਹਿ ਕੇ ਪੁਕਾਰਨਾ ਆਮ ਗੱਲ ਬਣੀ ਹੋਈ ਸੀ । ਇਨ੍ਹਾਂ ਹਲਾਤਾਂ ਨੇ ਅਣਖੀ ਤੇ ਗੈਰਤਮੰਦ ਰੁਲੀਆ ਸਿੰਘ ਦੇ ਨਾਜ਼ੁਕ ਮੰਨ 'ਚ ਗੁਲਾਮੀ ਪ੍ਰਤੀ ਨਫਰਤ ਤੇ ਗੁੱਸਾ ਪ੍ਰਚੰਡ ਕਰ ਦਿੱਤਾ ਤੇ ਅਜਾਦੀ ਦੀ ਤੜਫ ਤੇ ਤਾਂਘ ਦੀ ਚੰਗਿਆੜੀ ਬਾਲ ਦਿੱਤੀ।

ਰੁਲੀਆ ਸਿੰਘ 1912 ਵਿੱਚ ਅਸਟੋਰੀਆ ਸ਼ਹਿਰ ਦੀ ਇਕ ਮਿੱਲ ਵਿੱਚ ਕੰਮ ਤੇ ਲੱਗਾ ਹੋਇਆ ਸੀ । ਅੰਗਰੇਜ ਸਾਮਰਾਜਵਾਦ ਤੋਂ ਹਿੰਦ ਦੀ ਮੁਕਤੀ ਤੇ ਬਰਾਬਰੀ ਵਾਲੇ ਨਵੇਂ ਨਰੋਏ ਦੇਸ ਰਾਜ ਦੀ ਸਥਾਪਨਾ ਲਈ ਹੋਣ ਵਾਲੀਆਂ ਹਿੰਦੀਆਂ ਦੀਆਂ ਮੀਟਿੰਗਾਂ 'ਚ ਸਰਗਰਮੀ ਨਾਲ ਭਾਗ ਲੈਣ ਲੱਗਿਆ । ਕਰਤਾਰ ਸਿੰਘ ਸਰਾਭਾ ਬਰਕਲੇ ਯੂਨੀਵਰਸਿਟੀ 'ਚ ਕੁੱਝ ਛੁੱਟੀਆਂ ਹੋਣ ਕਾਰਨ, ਰੁਲੀਆ ਸਿੰਘ ਪਾਸ ਆਇਆ ਹੋਇਆ ਸੀ । ਉਹ ਵੀ ਇਕ ਮੀਟਿੰਗ 'ਚ ਨਾਲ ਚਲਾ ਗਿਆ । ਰੁਲੀਆ ਸਿੰਘ ਨੇ ਕਰਤਾਰ ਸਿੰਘ ਨੂੰ ਕਿਹਾ, "ਤੂੰ ਹਾਲੇ ਕੱਲ ਦਾ ਮੁੰਡਾ ਏਂ । ਤੇਰੀ ਉਮਰ ਅਜਿਹੇ ਕੰਮ ਕਰਨ ਦੀ ਨਹੀਂ । ਨਾਲੇ ਤੈਨੂੰ ਪਤਾ ਤੇਰੇ ਮਾਤਾ-ਪਿਤਾ ਤੇਰੇ ਨਿੱਕੇ ਹੁੰਦਿਆਂ ਹੀ ਤੁਰ ਗਏ ਸਨ । ਤੇਰੇ ਦਾਦਾ ਜੀ ਦੀਆਂ ਤੇਰੇ 'ਤੇ ਕਿੰਨੀਆਂ ਉਮੀਦਾਂ ਨੇ । ਤੈਨੂੰ ਅਮਰੀਕਾ ਪੜ੍ਹਨ ਭੇਜਿਆ । ਪੜ੍ਹਨ ਲਈ ਸਾਰਾ ਖਰਚ ਦੇਸ਼ ਤੋਂ ਭੇਜ ਰਹੇ ਹਨ ।" ਕਰਤਾਰ ਸਿੰਘ ਤੇ ਇਨ੍ਹਾਂ ਗੱਲਾਂ ਦਾ ਕੁੱਝ ਅਸਰ ਹੋਇਆ । ਰੁਲੀਆ ਸਿੰਘ ਨੇ ਉਸਨੂੰ ਵਾਪਸ ਬਰਕਲੇ ਯੂਨੀ: ਭੇਜ ਦਿੱਤਾ। ਪਰੰਤੂ ਥੋੜੇ ਮਹੀਨਿਆਂ ਪਿੱਛੋਂ ਇਕ ਹੋਟਲ ਵਿਖੇ, ਜਿਸਦੇ ਬਾਹਰ ਲਿਖਿਆ ਹੋਇਆ ਸੀ, "ਭਾਰਤੀ ਤੇ ਕੁੱਤੇ ਅੰਦਰ ਨਹੀਂ ਆ ਸਕਦੇ"- ਵਾਪਰੀ ਟੱਕਰ ਨੇ ਕਰਤਾਰ ਸਿੰਘ ਨੂੰ ਮੁੜ ਰੁਲੀਆ ਸਿੰਘ ਪਾਸ ਲੈ ਆਂਦਾ। ਕਰਤਾਰ ਸਿੰਘ ਨੇ ਸਾਰੀ ਵਾਰਤਾ ਉਪਰੰਤ ਕਿਹਾ, "ਹੁਣ ਮੈਨੂੰ ਬਿਲਕੁੱਲ ਨਾ ਰੋਕਣਾ।" ਰੁਲੀਆ ਸਿੰਘ ਨੇ ਕਿਹਾ, "ਚੰਗਾ ਹੁਣ ਮੁੰਡਿਆਂ ਵਾਲੀ ਗੱਲ ਨਾ ਕਰੀਂ, ਕੁੱਝ ਕਰਕੇ ਵਿਖਾਈਂ ।" ਕਰਤਾਰ ਸਿੰਘ ਨੇ ਜਵਾਬ ਦਿੱਤਾ, "ਤੁਹਾਨੂੰ ਆਪੇ ਪਤਾ ਲੱਗਾ ਜਾਵੇਗਾ, ਤੁਸੀਂ ਮੇਰੇ ਤੇ ਭਰੋਸਾ ਰੱਖੋ।"

ਰੁਲੀਆ ਸਿੰਘ ਗ਼ਦਰ ਪਾਰਟੀ ਦੇ ਫੈਸਲੇ ਅਨੁਸਾਰ, "ਤੋਸ਼ਾਮਾਰੂ" ਜਹਾਜ਼ ਰਾਹੀਂਕਲੱਕਤੇ ਪੁੱਜੇ। ਗੋਰੀ ਸਰਕਾਰ ਨੇ ਗ਼ਦਰੀਆਂ ਤੇ ਪਹਿਲਾਂ ਹੀ ਵੱਡਾ ਹਮਲਾ ਵਿੱਢਿਆ ਹੋਇਆ ਸੀ । ਰੁਲੀਆ ਸਿੰਘ ਤੇ ਅਰਜਨ ਸਿੰਘ ਸਰਾਭਾ ਸੈਂਕੜੇ ਗ਼ਦਰੀਆਂ ਨੂੰ ਵਿਸ਼ੇਸ਼ ਰੇਲ ਗੱਡੀਆਂ ਰਾਹੀਂ ਪੁਲਿਸ ਦੀ ਨਿਗਰਾਨੀ ਵਿੱਚ ਪੰਜਾਬ ਲਿਆ ਰਹੇ ਸਨ ਕਿ ਗੱਡੀ ਰਾਏਵਿੰਡ ਜੰਕਸ਼ਨ ਤ ਹੌਲੀ ਹੋਈ। ਇਕ ਖੁਫੀਆ ਅਫਸਰ ਨਜ਼ਰਬੰਦੀ ਵਾਰੰਟ ਲੈ ਕੇ ਆਇਆ, ਤਾਂ ਰੁਲੀਆ ਸਿੰਘ ਫੁਰਤੀ ਨਾਲ ਹੌਲੀ ਹੋਈ ਗੱਡੀ 'ਚੋਂ ਛਾਲ ਮਾਰ ਕੇ ਫਰਾਰ ਹੋ ਗਿਆ ਤੇ ਸਿੱਧਾ ਪੰਜਾਬ ਆ ਪੁੱਜਿਆ।

ਰੁਲੀਆ ਸਿੰਘ, ਕਰਤਾਰ ਸਿੰਘ ਨੂੰ ਢੁਡੀਕੇ ਦੀ ਇਤਿਹਾਸਿਕ ਮੀਟਿੰਗ ਵਿੱਚ ਮਿਲਿਆ; ਜਿਸ ਵਿੱਚ 50-60 ਗ਼ਦਰ ਯੋਧੇ ਸ਼ਾਮਲ ਹੋਏ । ਰੁਲੀਆ ਸਿੰਘ ਗ਼ਦਰ ਪਾਰਟੀ ਵੱਲੋਂ ਮਾਰੇ ਸਾਰੇ ਡਾਕਿਆਂ 'ਚ ਕਰਤਾਰ ਸਿੰਘ ਨਾਲ ਸ਼ਾਮਲ ਹੁੰਦਾ । ਫੌਜੀ ਛਾਉਣੀਆਂ ਵਿਚ ਜਾ ਕੇ ਫੌਜੀਆਂ ਨੂੰ ਗ਼ਦਰ ਲਈ ਤਿਆਰ ਕਰਨ 'ਚ ਮੋਹਰੀ ਰੋਲ ਨਿਭਾਉਂਦਾ ।

ਇਕ ਵੇਰ ਬੀਮਾਰ ਹੋਣ ਕਰਕੇ, ਰੁਲੀਆ ਸਿੰਘ ਪਿੰਡ ਸਿੱਧਵਾਂ ਵਿਖੇ, ਜੀਵਾ ਸਿੰਘ ਦੇ ਘਰ ਠਹਿਰੇ ਹੋਏ ਸਨ । ਅੰਗਰੇਜੀ ਪੁਲਿਸ ਤੇ ਸੀ.ਆਈ.ਡੀ. ਗ਼ਦਰੀਆਂ ਦੀ ਫੜੋ ਫੜੀ ਲਈ ਪਿੰਡ-ਪਿੰਡ ਕੁੱਤਿਆਂ ਵਾਂਗ ਹਰਲ- ਹਰਲ ਕਰਦੀ ਫਿਰਦੀ ਸੀ । ਸੀ.ਆਈ.ਡੀ. ਵਾਲੇ ਇਕ ਬਦਨਾਮ ਟਾਊਟ ਨੂੰ ਲੈ ਕੇ ਜੀਵਾ ਸਿੰਘ ਦੇ ਘਰੇ ਪੁੱਜ ਗਏ, ਮੱਝਾਂ ਦੇ ਵਪਾਰੀ ਬਣ ਕੇ । ਸ਼ੱਕ ਪੈਣ ਤੇ ਜੀਵਾ ਸਿੰਘ ਨੇ ਰੁਲੀਆ ਸਿੰਘ ਨੂੰ ਕਿਹਾ ਕਿ ਉਹ ਪਿਛਲੀ ਪੌੜੀ ਚੜ ਕੇ ਨਿਕਲ ਜਾਵੇ। ਰੁਲੀਆ ਸਿੰਘ ਨੇ ਸੋਚਿਆ ਕਿ ਮੇਰੇ ਭੱਜਣ ਪਿੱਛੋਂ ਜੀਵਾ ਸਿੰਘ ਫੜਿਆ ਜਾਵੇਗਾ (ਜੋ ਕਿ ਸਰਾਭੇ ਪਿੰਡ ਜਵਾਈ ਹੈ)। ਉਨ੍ਹਾਂ ਨੇ ਪੰਜਾਬੀ ਸੱਭਿਆਚਾਰ ਦੀਆਂ ਉਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਮੁਤਾਬਿਕ ਆਪ ਦੀ ਥਾਂ ਤੇ ਜਵਾਈ ਨੂੰ ਫੜਾਉਣਾ ਗਲਤ ਸਮਝਿਆ। ਸੋ ਆਪ ਫੜੇ ਜਾਣ ਦਾ ਫੈਸਲਾ ਕਰ ਲਿਆ। ਇੰਨੇ ਨੂੰ ਪੁਲਿਸ ਨੇ ਘਰ ਨੂੰ ਘੇਰਾ ਪਾ ਕੇ ਰੁਲੀਆ ਸਿੰਘ ਨੂੰ ਗ੍ਰਿਫਤਾਰ ਕਰ ਲਿਆ ।

ਲਾਹੌਰ ਵਿਖੇ "ਪਹਿਲਾ ਲਾਹੌਰ ਸਾਜਿਸ਼ ਕੇਸ" ਚੱਲ ਕੇ ਰੁਲੀਆ ਸਿੰਘ ਸਮੇਤ 24 ਗ਼ਦਰੀਆਂ ਨੂੰ ਫਾਂਸੀ ਦੀ ਸਜਾ ਹੋਈ । ਜਿਸ ਵਿੱਚੋਂ ਰੁਲੀਆ ਸਿੰਘ ਸਮੇਤ 17 ਦੀ ਸਜ਼ਾ ਵਾਇਸਰਾਏ ਨੇ ਬਦਲ ਕੇ ਕਾਲੇ ਪਾਣੀ ਦੀ ਉਮਰ ਕੈਦ ਵਿੱਚ ਪਲਟ ਦਿੱਤੀ । ਆਪ ਅੰਡੇਮਾਨ/ਨਿਕੋਬਾਰ ਦੇ ਕਾਲੇ ਪਾਣੀਆਂ ਵਿੱਚ ਅੰਗਰੇਜ ਹਕੂਮਤ ਦੇ ਵਹਿਸ਼ੀਆਨਾ ਜਬਰ ਦੇ ਖਿਲਾਫ ਹਰ ਭੁੱਖ ਹੜਤਾਲੀ ਐਕਸ਼ਨ ਵਿੱਚ ਡੱਟ ਕੇ ਭਾਗ ਲੈਂਦੇ ਰਹੇ । ਅਖੀਰ ਗੋਰੀ ਸਰਕਾਰ ਦੇ ਅਸਿਹ ਤੇ ਅਕਿਹ ਤਸੀਹੇ ਝੱਲਦੇ ਹੋਏ 1 ਸਤੰਬਰ1918 ਨੂੰ ਅੰਡੇਮਾਨ ਦੀ ਸੈਲੂਲਰ ਜੇਲ੍ਹ 'ਚ ਸ਼ਹੀਦੀ ਪਾ ਗਏ । ਗ਼ਦਰੀ ਸ਼ਹੀਦਾਂ ਸਮੇਤ ਸਮੁੱਚੇ ਦੇਸ਼ ਭਗਤ ਯੋਧਿਆਂ ਦੀਆਂ ਬੇਮਿਸਾਲ ਕੁਰਬਾਨੀਆਂ ਸਦਕਾ ਜਿੱਥੇ ਬਰਤਾਨਵੀ ਸਾਮਰਾਜ ਨੂੰ ਹਿੰਦ 'ਚੋਂ ਨਿਕਲਣਾ ਪਿਆ, ਉਥੇ ਉਨ੍ਹਾਂ ਦਾ ਬਰਾਬਰੀ ਖੁਸ਼ਹਾਲੀ ਤੇ ਨਿਆਂ ਵਾਲਾ ਸੱਚਾ-ਸੁੱਚਾ ਤੇ ਖਰਾ ਸਮਾਜਵਾਦੀ ਲੋਕ ਜਮਹੂਰੀ ਰਾਜ ਪ੍ਰਬੰਧ ਕਾਇਮ ਕਰਨ ਦਾ ਸੁਪਨਾ ਅੱਜ ਵੀ ਅਧੂਰਾ ਹੈ । ਇਸ ਅਧੂਰੇ ਸੁਪਨੇ ਨੂੰ ਸਾਕਾਰ ਕਰਨ ਲਈ ਜੂਝ ਰਹੀਆਂ ਦੇਸ਼ ਪ੍ਰੇਮੀ, ਅਗਾਂਹਵਧੂ, ਜਮਹੂਰੀ ਤੇ ਕ੍ਰਾਂਤੀਕਾਰੀ ਤਾਕਤਾਂ ਲਈ ਰੁਲੀਆ ਸਿੰਘ ਸਰਾਭਾ ਇਕ ਰੌਸ਼ਨ ਸੂਹੇ ਸਿਤਾਰੇ ਦੀ ਤਰ੍ਹਾਂ ਸਦਾ-ਸਦਾ ਲਈ ਪ੍ਰੇਰਨਾ, ਉਤਸ਼ਾਹ ਤੇ ਸਿੱਖਿਆ ਦਾ ਅਮੁੱਕ ਸੋਮਾ ਬਣ ਕੇ ਅਮਰ ਰਹਿਣਗੇ । ਉਹਨਾਂ ਦੇ ਵਾਰਸ ਅੱਜ ਉਹਨਾਂ ਨੂੰ 100 ਸਾਲਾ (ਸ਼ਤਾਬਦੀ) ਬਰਸੀ ਮੌਕੇ ਜੱਦੀ ਪਿੰਡ ਸਰਾਭਾ ਵਿਖੇ ਭਰਪੂਰ ਸ਼ਰਧਾਂਜਲੀਆਂ ਭੇਟ ਕਰਨਗੇ ।

**ਜਸਦੇਵ ਸਿੰਘ ਲਲਤੋਂ**
0161-2805677

ਜਸਵੰਤ ਜੀਰਖ

# ਅੱਖੀਂ ਡਿੱਠਾ ਹਜ਼ੂਰ ਸਾਹਿਬ ਬਨਾਮ ਪੁਜਾਰੀ ਵਰਗ









ਨਾਂਦੇੜ (ਹਜ਼ੂਰ ਸਾਹਿਬ)ਦੀ ਯਾਤਰਾ ਰਾਹੀਂ ਮੁੱਖ ਤੌਰ 'ਤੇ ਪਤਾ ਲੱਗਾ ਕਿ ਧਾਰਮਿਕ ਅਸਥਾਨਾਂ ਰਾਹੀਂ ਅਸਲ ਇਤਿਹਾਸ ਦੀ ਬਜਾਏ ਅੰਧਵਿਸ਼ਵਾਸੀ ਅਤੇ ਕਰਾਮਾਤੀ ਮਨ ਘੜਤ ਮਿਥਿਹਾਸ ਨੂੰ ਪ੍ਰਫੂਲਤ ਕਰਕੇ ਲੋਕਾਂ ਦੀ ਗ਼ੈਰ ਵਿਗਿਆਨਿਕ ਵਿਚਾਰਧਾਰਾ ਨੂੰ ਹੋਰ ਪੱਕਿਆਂ ਕੀਤਾ ਜਾ ਰਿਹਾ ਹੈ । ਸਿੱਖ ਇਤਿਹਾਸ ਵਿੱਚ ਜ਼ੁਲਮ ਖਿਲਾਫ ਲੜਨ ਵਾਲੇ ਸ਼ਾਨਾਮੱਤੇ ਜਜ਼ਬੇ ਨੂੰ ਖਤਮ ਕਰਕੇ ਉੱਸਨੂੰ ਕਰਾਮਾਤੀ ਬਣਾਕੇ ਪੇਸ ਕਰਨ ਵਾਲੇ ਰੁਝਾਨ ਦਾ ਬੋਲ ਬਾਲਾ ਹੀ ਹਰ ਪਾਸੇ ਵੇਖਣ ਨੂੰ ਮਿਲਿਆ। ਗੁਰੂ ਨਾਨਕ ਤੋਂ ਲੈਕੇ ਗੁਰੂ ਗੋਬਿੰਦ ਸਿੰਘ ਤੱਕ ਹਰ ਗੁਰੂ ਸਾਹਿਬਾਨ ਨੇ ਕਰਾਮਾਤਾਂ ਨੂੰ ਧੋਖਾ / ਫ਼ਰੇਬ ਕਰਾਰ ਦਿੱਤਾ ਹੈ। ਖ਼ਾਸ ਕਰਕੇ ਗੁਰੂ ਨਾਨਕ ਨੇ ਆਪਣੀਆਂ ਚਾਰ ਉਦਾਸੀਆਂ ਰਾਹੀਂ ਹਰ ਉਸ ਕਰਾਮਾਤੀ ਅਖਵਾਉਣ ਵਾਲੇ ਅਖੌਤੀ ਸਾਧ, ਯੋਗੀ, ਸਿੱਧ, ਮਹਾਤਮਾਂ ਆਦਿ ਨੂੰ ਝੂਠਾ, ਫ਼ਰੇਬੀ ਅਤੇ ਧੋਖੇਬਾਜ਼ ਸਿੱਧ ਕੀਤਾ ਜਿਹੜੇ ਤਰ੍ਹਾਂ ਤਰ੍ਹਾਂ ਦੇ ਚਮਤਕਾਰੀ/ ਕਰਾਮਾਤੀ ਹੋਣ ਦਾ ਅਡੰਬਰ ਕਰ ਰਹੇ ਸਨ।ਪਰ ਅੱਜ ਉਹਨਾਂ ਵੱਲੋਂ ਦਿੱਤੀਆਂ ਗਈਆਂ ਸਿੱਖਿਆਵਾਂ ਨੂੰ ਹੀ ਕਰਾਮਾਤੀ ਬਣਾਕੇ ਪੇਸ ਕਰਨ ਦੀ ਹੋੜ ਲੱਗੀ ਹੋਈ ਹੈ। ਇਹ ਸਭ ਕੁੱਝ ਉਹਨਾਂ (ਪੁਜਾਰੀ ਵਰਗ) ਵੱਲੋਂ ਜ਼ਿੰਦਗੀ ਜਿਉਣ ਦੇ ਅਸਲ ਸਿਧਾਂਤਾਂ ਨੂੰ ਖਤਮ ਕਰਕੇ ਸਿਰਫ ਤੇ ਸਿਰਫ ਪਾਠ-ਪੂਜਾ, ਭਗਤੀ, ਦਾਨ-ਪੁੰਨ ਕਰਨ ਤੱਕ ਹੀ ਸੀਮਤ ਕੀਤਾ ਜਾ ਚੁੱਕਾ ਹੈ।ਕਿਉਂਕਿ ਲੋਕਾਂ ਨੂੰ ਇਸ ਦਾਨ-ਪੁੰਨ ਦੇ ਚੱਕਰਾਂ ਵਿੱਚ ਪਾਕੇ ਰੱਖਣ ਨਾਲ ਹੀ ਪੁਜਾਰੀ ਵਰਗ ਦੀ ਜ਼ਿੰਦਗੀ ਸਲਾਮਤ ਹੀ ਨਹੀਂ ਸਗੋਂ ਬੜੀ ਸੁੱਖਦਾਇਕ ਚੱਲ ਰਹੀ ਹੈ। ਇਹਨਾਂ ਸਭ ਵਰਤਾਰਿਆਂ ਨੂੰ ਅੱਜ ਹਰ ਧਾਰਮਿਕ ਅਸਥਾਨ ਤੇ ਜਾਕੇ ਪ੍ਰਤੱਖ ਵੇਖਿਆ ਜਾ ਸਕਦਾ ਹੈ।

ਹੁਣੇ ਹੁਣੇ ਹਜ਼ੂਰ ਸਾਹਿਬ ( ਨਾਂਦੇੜ) ਦੀ ਇਸ ਯਾਤਰਾ ਦੌਰਾਨ ਜੋ ਕੁੱਝ ਆਪਣੇ ਅੱਖੀਂ ਵੇਖਿਆ ਉਸ ਤੋਂ ਸਪਸਟ ਹੈ ਕਿ ਪਹਿਲਾਂ ਹੀ ਅੰਧ ਵਿਸ਼ਵਾਸਾਂ ਵਿੱਚ ਗ੍ਰਿਸਤ ਲੋਕਾਂ ਦੀ ਅਗਿਆਨਤਾ ਨੂੰ ਸਿਰਫ ਮਾਇਆ ਬਟੋਰਨ ਤੱਕ ਸੀਮਤ ਕਰਕੇ, ਮੌਜੂਦਾ ਧਰਮਾਂ ਦੇ ਚੋਲੇ ਪਾਕੇ ਥਾਂ-ਥਾਂ ਬੈਠੇ ਅਖੌਤੀ ਸੰਤਾਂ, ਮਹਾਂ ਪੁਰਸ਼ਾਂ , ਪੁਜਾਰੀਆਂ , ਗ੍ਰੰਥੀਆਂ ਆਦਿ ਨੇ ਸਿਰਫ ਮਾਇਆ ਇਕੱਠੀ ਕਰਨ ਨੂੰ ਹੀ ਮੁੱਖ ਧੰਦਾ ਬਣਾਇਆ ਹੋਇਆ ਹੈ।ਗੁਰੂਆਂ ਨੇ ਸਮੇਂ ਦੇ ਹੁਕਮਰਾਨਾਂ ਵੱਲੋਂ ਲੋਕਾਂ ਉੱਪਰ ਢਾਹੇ ਜਾ ਰਹੇ ਜੁਲਮਾਂ ਅਤੇ ਗਲਤ ਸਿਸਟਮ ਖ਼ਿਲਾਫ਼ ਉਠਾਈ ਆਵਾਜ ਨੂੰ ਇਸ ਵਰਗ ਨੇ ਪਾਠ-ਪੂਜਾ, ਦਾਨ ਪੁੰਨ ਅਤੇ ਫੋਕੀਆਂ ਰਸਮਾਂ ਦੀ ਘੁੰਮਣ ਘੇਰੀ ਵਿੱਚ ਉਲਝਾਕੇ ਗਲਤ ਖ਼ਿਲਾਫ਼ ਲੜਨ ਦੀ ਬਜਾਏ ਅਖੌਤੀ ਸਵਰਗਾਂ ਨਰਕਾਂ ਅਤੇ ਮੋਕਸ਼ ਦੀ ਪ੍ਰਾਪਤੀ ਦੇ ਗਧੀ ਗੇੜ ਵਿੱਚ ਪਾ ਦਿੱਤਾ ਹੈ। ਧਰਮ ਦੇ ਅਰਥ ਹਨ ਫਰਜ, ਪਰ ਫਰਜ ਰੂਪੀ ਇਨ੍ਹਾਂ ਅਰਥਾਂ ਨੂੰ ਖਤਮ ਕਰਕੇ, ਇਸ ਨੂੰ ਸਿਰਫ ਮੱਥੇ ਟੇਕਣ, ਤੀਰਥ ਇਸ਼ਨਾਨ ਕਰਨ ਅਤੇ ਅਰਦਾਸਾਂ ਕਰਕੇ ਸੁੱਖ ਸ਼ਾਂਤੀ ਦੀ ਪ੍ਰਾਪਤੀ ਕਰਨ ਵਾਲੀ ਵਸਤੂ ਬਣਾ ਦਿੱਤਾ ਹੈ।ਗੁਰੂਆਂ ਦੀ ਸ਼ੰਘਰਸਮਈ ਜ਼ਿੰਦਗੀ ਨੂੰ ਅੱਧ ਖੁੱਲੀਆਂ ਅੱਖਾਂ ਅਤੇ ਹੱਥ ਵਿੱਚ ਮਾਲਾ ਫੜਾਕੇ ਭਗਤੀ ਕਰਨ ਵਿੱਚ ਲੀਨ ਹੋਇਆ ਵਿਖਾਇਆ ਜਾ ਰਿਹਾ ਹੈ।ਹਰ ਗੱਲ ਨੂੰ ਕਰਾਮਾਤੀ ਰਿੱਧੀਆਂ ਸਿੱਧੀਆਂ ਨਾਲ ਜੋੜਕੇ ਲੋਕਾਂ ਦੀ ਗ਼ੈਰ ਵਿਗਿਆਨਿਕ ਅਤੇ ਅੰਧ ਵਿਸ਼ਵਾਸੀ ਸੋਚ ਨੂੰ ਮਾਇਆ ਬਟੋਰਨ ਲਈ ਵਰਤਿਆ ਜਾ ਰਿਹਾ ਹੈ। ਉਦਾਹਰਣ ਦੇ ਤੌਰ 'ਤੇ ਹਜ਼ੂਰ ਸਾਹਿਬ ਦੇ ਮੁੱਖ ਗੁਰਦਵਾਰੇ ਸਮੇਤ ਹੋਰਾਂ ਗੁਰਦਵਾਰਿਆਂ ਵਿੱਚ ਵੀ ਲੋਕ ਪਹਿਲਾਂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਣ ਸਮੇ ਮਾਇਆ ਚੜਾਉਂਦੇ ਹਨ, ਫਿਰ ਉੱਥੇ ਹੀ ਉਸੇ ਕਮਰੇ ਵਿੱਚ ਜ਼ੁਲਮਾਂ ਦਾ ਟਾਕਰਾ ਕਰਨ ਸਮੇਂ ਵਰਤੇ ਹਥਿਆਰਾਂ ਨੂੰ ਵੇਖਣ ਲਈ ਮਾਇਆ ਚੜਾਉਂਦੇ ਹਨ, ਫਿਰ ਨਾਲ ਹੀ ਕੀਰਤਨ ਕਰਦੇ ਜੱਥੇ ਅੱਗੇ ਚੜਾਵੇ ਚੜਾਕੇ ਅੰਨ੍ਹੀ ਸ਼ਰਧਾ ਵਿਖਾਕੇ ਹੀ ਮਾਨਸਿਕ ਤਸੱਲੀ ਅਤੇ ਦਾਨੀ ਹੋਣ ਦਾ ਵਿਖਾਵਾ ਕੀਤਾ ਜਾਂਦਾ ਹੈ। ਕਈ ਹੋਰ ਦਾਨੀ ਅਜਿਹੇ ਵੀ ਵੇਖੇ ਜਾ ਸਕਦੇ ਹਨ ਜੋ ਮਾਇਆ ਭੇਂਟ ਕਰਕੇ ਰਸੀਦ ਕਟਵਾਕੇ, ਪ੍ਰਬੰਧਕਾਂ ਪਾਸੋਂ ਲਫਾਫੇ ਵਿੱਚ ਪੈਕ ਕੀਤਾ ਸਰੋਪਾ ਅਤੇ ਪ੍ਰਸ਼ਾਦ ਪ੍ਰਾਪਤ ਕਰਨ ਨੂੰ ਹੀ ਬੜੀ ਵੱਡੀ ਪ੍ਰਾਪਤੀ ਸਮਝਕੇ ਬੜਾ ਵੱਡਾ ਮਾਣ ਮਹਿਸੂਸ ਕਰਦੇ ਹਨ। ਲੋਕਾਂ ਨੂੰ ਅਜਿਹੀ ਫੋਕੀ ਸ਼ੁਹਰਤ ਵਾਲੀ ਮਾਣ ਮਰਿਆਦਾ ਵਾਲੀ ਮਾਨਸਿਕਤਾ 'ਚੋਂ ਕੱਢਣ ਲਈ ਗੁਰੂਆਂ ਨੇ ਬਹੁਤ ਯਤਨ ਕੀਤੇ। ਉਹਨਾਂ ਨੇ ਗਲਤ ਸਥਾਪਤੀ ਨੂੰ ਵੰਗਾਰਦਿਆਂ ਉਸ ਵੱਲੋਂ ਲੋਕਾਂ ਦੀ ਕੀਤੀ ਜਾਂਦੀ ਲੁੱਟ ਅਤੇ ਧੱਕੇਸ਼ਾਹੀ ਖ਼ਿਲਾਫ਼ ਆਵਾਜ਼ ਉਠਾਈ।ਜ਼ੁਲਮਾਂ ਖ਼ਿਲਾਫ਼ ਲੜਦਿਆਂ ਅਨੇਕਾਂ ਕਿਸਮ ਦੇ ਤਸੀਹੇ ਝੱਲੇ ਅਤੇ ਆਪਣੇ ਪਰਿਵਾਰਾਂ ਸਮੇਤ ਕੁਰਬਾਨੀਆਂ ਦਿੱਤੀਆਂ। ਪਰ ਉਹਨਾਂ ਦੀਆਂ ਇਹਨਾਂ ਕੁਰਬਾਨੀਆਂ ਦਾ, ਇਥੋਂ ਦੇ ਪ੍ਰਬੰਧਕ ਅਖਵਾਉਣ ਵਾਲੇ , ਕਿਵੇਂ ਭੋਲੇ -ਭਾਲੇ ਆਮ ਲੋਕਾਂ , ਸਰਧਾਲੂਆਂ, ਸੇਵਾਦਾਰਾਂ ਆਦਿ ਦੀ ਨਾ ਸਮਝੀ ਦਾ ਮੁੱਲ ਵੱਟਕੇ ਮਖੌਲ ਉਡਾ ਰਹੇ ਹਨ, ਸਪਸ਼ਟ ਵੇਖਿਆ ਜਾ ਸਕਦਾ ਹੈ।

ਵੇਖਣ 'ਚ ਆਇਆ ਕਿ ਹਜ਼ੂਰ ਸਾਹਿਬ ਦੇ ਮੁੱਖ ਦੁਆਰ ਅੱਗੇ ਦੋ ' ਸਿੰਘ ' ਇਕ ਘੋੜਾ ਫੜੀ ਖੜੇ ਸਨ, ਜ਼ਿਹਨਾਂ ਤੋਂ ਪੁੱਛਣ ਤੇ ਉਹਨਾਂ ਘੋੜੇ ਬਾਰੇ ਦੱਸਿਆ ਕਿ ਇਹ ਘੋੜਾ ਗੁਰੂ ਗੋਬਿੰਦ ਸਿੰਘ ਜੀ ਦੇ ਘੋੜੇ ਦੀ ਪਰਿਵਾਰਕ ਨਸਲ 'ਚੋਂ ਹੈ। ਲੋਕ ਇਸ ਨੂੰ ਵੀ ਮੱਥੇ ਟੇਕੀ ਜਾ ਰਹੇ ਸਨ। ਸੋ ਅੱਜ ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਗੁਰੂਆਂ ਦੀਆਂ ਕੁਰਬਾਨੀਆਂ ਤੋਂ ਸਿੱਖਿਆ ਲੈਕੇ ਉਹਨਾਂ ਵੱਲੋਂ ਜ਼ੁਲਮ ਦੇ ਖ਼ਿਲਾਫ਼ ਲੜਨ ਲਈ ਵਿਖਾਏ ਰਸਤੇ ਤੇ ਚੱਲਣ ਦੀ ਬਜਾਏ ਉਸ ਨੂੰ ਸਿਰਫ ਮੱਥੇ ਟੇਕਣ, ਸੇਵਾ ਕਰਨ, ਭਗਤੀ ਕਰਨ ਦੇ ਨਾ ਤੇ ਮਾਇਆ ਇਕੱਠੀ ਕਰਨ ਤੱਕ ਸੀਮਤ ਕਰ ਦਿੱਤਾ ਗਿਆ ਹੈ। ਇਸ ਤਰ੍ਹਾਂ ਇਕੱਠੀ ਹੋਈ ਮਾਇਆ ਸਹੀ ਅਸੂਲਾਂ ਅਨੁਸਾਰ ਅੱਜ ਦੀਆਂ ਮਲਕ ਭਾਗੋਆਂ ਰੂਪੀ ਹਕੂਮਤਾਂ ਵੱਲੋਂ ਲੋਕਾਂ ਉੱਪਰ ਢਾਹੇ ਜਾ ਰਹੇ ਜ਼ੁਲਮਾਂ ਨੂੰ ਰੋਕਣ, ਗੁਰੂਆਂ ਵੱਲੋਂ ਸਾਂਝੀਵਾਲਤਾ ਵਾਲਾ ਪ੍ਰਬੰਧ ਸਥਾਪਿਤ ਕਰਨ ਲਈ ਵਿੱਦਿਆ ਦੇਣ ਆਦਿ ਕੰਮਾਂ ਤੇ ਖਰਚ ਕਰਨੀ ਚਾਹੀਦੀ ਹੈ। ਪਰ ਅਜਿਹਾ ਕੁੱਝ ਕਰਨ ਦੀ ਬਜਾਏ ਇਹ ਮਾਇਆ ਵਿਹਲੜ ਤੇ ਅਯਾਸ ਤੇ ਨਿਕੰਮਾ ਵਰਗ ਪੈਦਾ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਰਹੀ ਹੈ। ਇਸ ਕੰਮ ਵਿੱਚ ਪੰਜਾਬ ਤੋਂ ਜਾ ਰਹੇ ਤੀਰਥ ਯਾਤਰੀਆਂ ਦਾ ਬੜਾ ਵੱਡਾ ਹਿੱਸਾ ਵੀ ਸਹਾਈ ਬਣ ਰਿਹਾ ਹੈ। ਇਕ ਦ੍ਰਿਸ਼ ਹੋਰ ਵੇਖਕੇ ਵੀ ਬੜੀ ਹੈਰਾਨੀ ਹੋਈ ਕਿ ਰਾਤ ਸਮੇਂ ਇੱਥੇ ਇਕ ਬੇਸਮੈਂਟ ਵਾਲੀ ਬਿਲਡਿੰਗ ਦੀ ਉਸਾਰੀ ਕਰਨ ਲਈ ਖੁਦਾਈ ਦਾ ਕੰਮ ਚੱਲ ਰਿਹਾ ਸੀ, ਜਿੱਥੇ ਸੇਵਾ ਦੇ ਨਾਂ ਤੇ ਆਮ ਗਰੀਬ ਲੋਕਾਂ ਨੂੰ ਹੀ ਸਖ਼ਤ ਕੰਮ ਕਰਦਿਆਂ ਵੇਖਿਆ ਗਿਆ ਜੋ ਮਿੱਟੀ ਪੁੱਟਕੇ ਟ੍ਰਾਲੀ ਭਰ ਰਹੇ ਸਨ। ਇਨ੍ਹਾਂ ਵਿੱਚ ਗੁਰਦਵਾਰੇ ਦਾ ਇੱਕ ਵੀ ਚਿੱਟ ਕੱਪੜੀਆ ਇਸ ਕੰਮ ਵਿੱਚ ਲੱਗਾ ਨਜ਼ਰ ਨਹੀਂ ਆਇਆ ਜੋ ਹੋਰਾਂ ਨੂੰ ਹਮੇਸ਼ਾ ਹੀ ਕਿਰਤ ਕਰਨ ਦਾ ਉਪਦੇਸ ਦਿੰਦਾ ਹੈ। ਕਿਰਤ ਕਰੋ ਦਾ ਉਪਦੇਸ਼ ਦੇਣ ਵਾਲੇ ਅਜਿਹੀ ਸੇਵਾ ਖੁੱਦ ਆਪ ਕਿਉਂ ਨਹੀਂ ਕਰ ਰਹੇ, ਇਹ ਤਾਂ ਉਹ ਹੀ ਜਾਣਦੇ ਹਨ। ਇਥੇ ਇਕ ਅਸਥਾਨ ਅਜਿਹਾ ਵੀ ਵੇਖਿਆ ਜਿੱਥੇ 'ਸੁਖ ਨਿਧਾਨ' ਭਾਵ ਸੁੱਖੇ ਦਾ ਨਸ਼ਾ ਵੀ ਦੇਗ ਸਮਝਕੇ ਵਰਤਾਇਆ ਜਾ ਰਿਹਾ ਸੀ ਅਤੇ ਇਸ ਨੂੰ ਵਰਤਾਉਣ ਦੀ ਵਿਸ਼ੇਸ਼ ਸਮਾਂ ਸਾਰਣੀ ਲਿੱਖੀ ਹੋਈ ਹੈ।

ਇਸ ਯਾਤਰਾ ਦੌਰਾਨ ਨਾਂਦੇੜ (ਹਜ਼ੂਰ ਸਾਹਿਬ) ਤੋਂ ਦੂਰ ਦੁਰਾਡੇ ਹੋਰ ਵੀ ਕਈ ਅਸਥਾਨਾਂ ਨੂੰ ਵੇਖਣ ਦਾ ਮੌਕਾ ਮਿਲਿਆ ਜ਼ਿਹਨਾਂ 'ਚ ਮੁੱਖ ਤੌਰ ਤੇ ਨਾਨਕ ਝੀਰਾ, ਹੀਰਾ ਘਾਟ, ਸ਼ਿਕਾਰ ਘਾਟ, ਅੰਗੀਠਾ ਸਾਹਿਬ, ਸੰਗਤ ਸਾਹਿਬ, ਮਾਤਾ ਭਾਗ ਕੌਰ ਤਪ ਅਸਥਾਨ, ਵਿਸ਼ਰਾਮ ਅਸਥਾਨ ਗੁਰੂ ਗੋਬਿੰਦ ਸਿੰਘ, ਤਪ ਅਸਥਾਨ ਬੀਰ ਸਿੰਘ ਆਦਿ ਵਰਨਣ ਯੋਗ ਹਨ। ਇਨ੍ਹਾਂ ਸਾਰਿਆਂ ਵਿੱਚ ਜੋ ਕੁੱਝ ਆਮ ਹੀ ਵੇਖਿਆ ਗਿਆ , ਉਹ ਸਨ ਉੱਥੇ ਲੱਗੇ ਬੋਰਡ ਜੋ ਹਰ ਯਾਤਰੀ ਅਤੇ ਦਾਨੀ ਨੂੰ ਦਾਨ ਕਰਨ ਦੀ ਸੂਚਨਾ ਦੇਣ ਲਈ ਲਗਾਏ ਹੋਏ ਸਨ । ਇਹਨਾਂ ਉੱਪਰ ਉਸ ਅਸਥਾਨ ਲਈ ਇਕ ਦਿਨ ਦੇ ਲੰਗਰ ਦੀ ਸੇਵਾ ਕਰਨ ਲਈ ਮਾਇਆ, ਚਾਹ ਦੀ ਸੇਵਾ ਲਈ, ਏ ਸੀ ਕਮਰੇ ਲਈ ਸੇਵਾ, ਅਖੰਡ ਪਾਠ ਲਈ ਸੇਵਾ, ਸਹਿਜ ਪਾਠ ਲਈ ਸੇਵਾ,ਪੱਖੇ ਲਈ ਸੇਵਾ, ਸੀਮਿੰਟ ਦੇ ਥੈਲੇ ਦੀ ਸੇਵਾ, ਇਕ ਹਜ਼ਾਰ ਇੱਟ ਦੀ ਸੇਵਾ ਆਦਿ ਦੇ ਵੱਖ ਵੱਖ ਰੇਟ ਰੁਪਿਆਂ ਵਿੱਚ ਲਿਖੇ ਹੋਏ ਸਨ। ਇੱਕੋ ਗੁਰਦਵਾਰੇ ਵਿੱਚ ਕਈ ਕਈ ਗੋਲਕਾਂ ਰੱਖੀਆਂ ਹੋਈਆਂ ਹਨ ਜ਼ਿਹਨਾਂ ਉੱਪਰ ਲਿਖਿਆ ਸੀ, ' ਮਾਇਆ ਗੋਲਕ ਵਿੱਚ ਪਾਓ ਜੀ '। ਇਹਨਾਂ ਗੁਰਦਵਾਰਿਆਂ ਦੀ ਮਹੱਤਤਾ ਕਿਸੇ ਨਾ ਕਿਸੇ ਕਰਮਾਤੀ ਵਰਤਾਰੇ ਨਾਲ ਜੋੜੀ ਹੋਈ ਹੈ। ਗੁਰੂ ਸਾਹਿਬਾਨਾਂ ਦੀ ਸੰਘਸ਼ਮਈ ਜ਼ਿੰਦਗੀ ਦਾ ਇਹਨਾਂ ਉਪਰੋਕਤ ਕਾਰਗੁਜ਼ਾਰੀ ਦੇ ਕੰਮਾਂ ਲਈ ਦੂਰ ਦਾ ਵੀ ਕੋਈ ਸੰਬੰਧ ਨਹੀਂ। ਹਰ ਗੁਰਦਵਾਰੇ ਨੂੰ ਗੁਰੂਆਂ ਦੀ ਕਿਸੇ ਨਾ ਕਿਸੇ ਕਰਾਮਾਤ ਨਾਲ ਜੋੜਕੇ ਉਹਨਾਂ ਦੀ ਸ਼ੰਘਰਸਮਈ ਜਿੰਦਗੀ ਨੂੰ ਨਕਾਰਕੇ ਕਰਾਮਾਤੀ ਸਿੱਧ ਕਰਨਾ ਵੀ ਇਤਿਹਾਸ ਨਾਲ ਖਿਲਵਾੜ ਕਰਨ ਦੇ ਤੁਲ ਹੈ।ਜਦੋਂ ਕਿ ਗੁਰੂ ਸਾਹਿਬਾਨਾਂ ਨੇ ਹਮੇਸ਼ਾ ਹੀ ਹਰ ਰਿੱਧੀ ਸਿੱਧੀ, ਕਰਾਮਾਤ ਅਤੇ ਚਮਤਕਾਰ ਨੂੰ ਨਿਕਾਰਦਿਆਂ ਲੋਕਾਂ ਨੂੰ ਅਜਿਹੀਆਂ ਗੱਲਾਂ ਵਿੱਚ ਵਿਸ਼ਵਾਸ ਨਾ ਕਰਨ ਦੀ ਸਿੱਖਿਆ ਦਿੱਤੀ ਹੈ। ਗੁਰੂਆਂ ਵੱਲੋਂ ਸਖ਼ਤ ਮਿਹਨਤ ਕਰਨ ਦੇ ਅਰਥ ਤਪੱਸਿਆ, ਨਾਮ ਜਪਣ ਨੂੰ ਗਿਆਨ ਪ੍ਰਾਪਤ ਕਰਨ ਲਈ ਪੜ੍ਹਨਾ, ਦੇ ਅਰਥਾਂ ਵਜੋਂ ਲਿਆ ਗਿਆ ਸੀ। ਪਰ ਅੱਜ ਚੌਂਕੜੀ ਮਾਰਕੇ ਅੱਖਾਂ ਬੰਦ ਕਰਕੇ ਭਗਤੀ ਕਰਨ / ਨਾਮ ਜਪਣ ਨੂੰ ਤਪੱਸਿਆ ਕਰਨਾ ਕਿਹਾ ਜਾ ਰਿਹਾ ਹੈ। ਇਸ ਵਿਹਲੜ ਵਰਗ ਨੇ ਲੋਕਾਂ ਨੂੰ ਆਪਣੀ ਜ਼ਿੰਦਗੀ ਵਿਚ ਗੁਰੂਆਂ ਵੱਲੋਂ ਜ਼ੁਲਮ ਦੇ ਖ਼ਿਲਾਫ਼ ਲੜਨ ਲਈ ਦਿੱਤੇ ਅਸਲ ਅਸੂਲਾਂ ਨੂੰ ਖਤਮ ਕਰਕੇ ਉਹਨਾਂ ਦੇ ਹੱਥ 'ਚ ਮਾਲਾ ਫੜਾਕੇ ਇਸ ਤਰ੍ਹਾਂ ਨਾਮ ਜਪਣ ਨੂੰ ਹੀ ਜ਼ਿੰਦਗੀ ਦਾ ਮੰਤਵ ਬਣਾ ਧਰਿਆ ਹੈ।ਜਿੰਦਗੀ ਦਾ ਮਕਸਦ ਸਿਰਫ ਮਰਨ ਉਪਰੰਤ ਸਵਰਗ ਦੀ ਪ੍ਰਾਪਤੀ ਤੱਕ ਸੀਮਤ ਕਰ ਦਿੱਤਾ ਹੈ । ਜਦੋਂ ਕਿ ਗੁਰੂਆਂ ਦਾ ਸੰਦੇਸ਼ ਸਮੇਂ ਦੀਆਂ ਹਕੂਮਤਾਂ ਵੱਲੋਂ ਲੋਕਾਂ ਦੀ ਹੱਕੀ ਆਵਾਜ ਬੰਦ ਕਰਨ ਲਈ ਅਤਿਆਚਾਰੀ ਰੁਝਾਨਾਂ ਖਿਲਾਫ ਆਵਾਜ਼ ਉਠਾਕੇ ,ਉਸ ਨੂੰ ਰੋਕਣ ਲਈ ਸੰਘਰਸ਼ ਕਰਨ ਵੱਲ ਸੇਧਤ ਹੋਣਾ ਹੈ, ਨਾ ਕਿ ਮਾਲਾ ਫੜਕੇ ਮਣਕੇ ਤੇ ਮਣਕਾ ਸੁੱਟਕੇ ਜਾਪ ਕਰਨ ਦਾ।

ਇਕ ਅਸਥਾਨ ਅਜਿਹਾ ਵੀ ਵੇਖਿਆ ਜਿੱਥੇ ਯਾਤਰੀਆਂ ਦੀ ਜਾਣਕਾਰੀ ਲਈ ਲਿਖਿਆ ਹੈ ਕਿ, ਇੱਥੇ ਗੁਰੂ ਗੋਬਿੰਦ ਸਿੰਘ ਜੀ ਆਰਾਮ ਕਰਿਆ ਕਰਦੇ ਸਨ ਤੇ ਲੰਗਰ ਛਕਿਆ ਕਰਦੇ ਸਨ। ਉਸ ਥਾਂ ਗੁਰੂ ਜੀ ਦੀ ਤਸਵੀਰ 'ਚ ਇਕ ਸਟੀਲ ਦੇ ਥਾਲ ਵਿੱਚ ਦੋ-ਤਿੰਨ ਸਟੀਲ ਦੀਆਂ ਕੌਲੀਆਂ ਵਿੱਚ ਵੱਖ-ਵੱਖ ਦਾਲ ਸਬਜ਼ੀ ਆਦਿ ਪਈ ਵਿਖਾਈ ਗਈ ਹੈ ਤੇ ਨਾਲ ਹੀ ਇਕ ਸਟੀਲ ਦੀ ਗੜਬੀ ਵੀ ਹੈ।ਜਦੋਂ ਕਿ ਇਸ ਸਮੇਂ ਸਟੀਲ ਅਜੇ ਹੋਂਦ ਵਿੱਚ ਹੀ ਨਹੀਂ ਸੀ ਆਈ। ਲੋਹਾ, ਪਿੱਤਲ, ਜਾਂ ਤਾਂਬੇ ਆਦਿ ਦੇ ਭਾਂਡੇ ਹੀ ਹੋਇਆਂ ਕਰਦੇ ਸਨ। ਇੱਥੇ ਇਕ ਔਰਤ ਗੁਰੂ ਜੀ ਨੂੰ ਪੱਖੀ ਝੱਲਦੀ ਹੋਈ ਵੀ ਵਿਖਾਈ ਗਈ ਹੈ। ਇਹ ਵੇਖਕੇ ਤਾਂ ਇਸ ਤਰ੍ਹਾਂ ਲਗਦਾ ਹੈ ਕਿ ਜਿਵੇਂ ਗੁਰੂ ਗੋਬਿੰਦ ਸਿੰਘ ਦੀ ਜ਼ਿੰਦਗੀ ਸੰਘਰਸ਼ਾਂ ਭਰੀ ਨਹੀਂ, ਸਗੋਂ ਬੜੀ ਆਰਾਮ ਦਾਇਕ ਸੀ। ਜਦੋਂ ਕਿ ਉਹਨਾਂ ਦੀ ਸਾਰੀ ਜ਼ਿੰਦਗੀ ਹਕੂਮਤਾਂ ਦੇ ਜ਼ੁਲਮਾਂ ਖ਼ਿਲਾਫ਼ ਲੜਦਿਆਂ ਹੀ ਬੀਤੀ। ਉਹਨਾਂ ਨੂੰ ਤਸਵੀਰ ਵਿੱਚ ਵਿਖਾਏ ਦੀ ਤਰ੍ਹਾਂ ਕਦੀ ਵੀ ਉਸ ਸਮੇਂ ਦੌਰਾਨ ਦੋ ਪਲ ਆਰਾਮ ਕਰਨ ਦੇ ਨਹੀਂ ਮਿਲੇ ਹੋਣੇ, ਕਿਉਂਕਿ ਉਹਨਾਂ ਦੇ ਪਿੱਛੇ ਤਾਂ ਉਸ ਸਮੇਂ ਦੇ ਹਾਕਮਾਂ ਦੀਆਂ ਫੌਜਾਂ ਲੱਗੀਆਂ ਰਹਿੰਦੀਆਂ ਸਨ। ਇਨ੍ਹਾਂ ਧਰਮ ਅਸਥਾਨਾਂ ਦੇ ਪ੍ਰਬੰਧਕ ਜਿਹੋ ਜਿਹੀ ਐਸ਼ੋ ਇਸਰਤ ਭਰੀ ਜਿੰਦਗੀ ਖੁਦ ਜਿਉਂ ਰਹੇ ਹਨ , ਉਹ ਗੁਰੂਆਂ ਦੀ ਜ਼ਿੰਦਗੀ ਨੂੰ ਵੀ ਉਸੇ ਤਰ੍ਹਾਂ ਦੀ ਵਿਖਾਕੇ ਇਤਿਹਾਸ ਨਾਲ ਖਿਲਵਾੜ ਕਰਨ ਲੱਗੇ ਹੋਏ ਹਨ।

ਇਸੇ ਤਰ੍ਹਾਂ ਗੁਰਦਵਾਰਾ ਨਾਨਕ ਝੀਰਾ ਵਿਖੇ ਵੀ ਕਈ ਥਾਂ ਲੋਕਾਂ ਨੂੰ ਸਹੀ ਗਿਆਨ ਮਹੱਈਆ ਕਰਨ ਦੀ ਬਜਾਏ ਕਈ ਥਾਂ ਮਾਇਆ ਭੇਟ ਕਰਨ ਲਈ ਗੋਲਕਾਂ ਤੇ ਹੀ ਵੱਧ ਜ਼ੋਰ ਦਿੱਤਾ ਵੇਖਿਆ। ਸੋਨੇ ਦੇ ਮੁਕਟਾਂ ਨਾਲ ਧਾਰਮਿਕ ਅਸਥਾਨਾਂ ਨੂੰ ਸ਼ਿੰਗਾਰਨ ਦਾ ਰੁਝਾਨ ਵੀ ਵੇਖਣ ਨੂੰ ਮਿਲਿਆ।ਕਈ ਕਾਰੀਗਰ ਇਸ ਸੋਨੇ ਦੇ ਕੰਮ ਵਿੱਚ ਜੁਟੇ ਵੀ ਨਜ਼ਰੀਂ ਪਏ। ਇਕ ਥਾਂ ਤਾਂ ਇਕ ਬਜ਼ੁਰਗ ਸੇਵਾਦਾਰ ਨੇ ਪਲਾਸਟਿਕ ਦੀ ਬਾਲਟੀ ਅਤੇ ਟੋਕਰੀ ਹੀ ਚੜਾਵਾ ਇਕੱਠਾ ਕਰਨ ਲਈ ਰੱਖੀ ਹੋਈ ਸੀ।ਇਕ ਪਾਸੇ ' ਪਵਿੱਤਰ ਪਾਣੀ' ਪਿਲਾਉਣ ਦੀ ਸੇਵਾ ਵਿੱਚ ਲੱਗੇ ਸੇਵਾਦਾਰ ਵੀ ਆਪਣੀ ਡਿਊਟੀ ਨਿਭਾ ਰਹੇ ਸਨ। ਲੋਕਾਂ ਨੂੰ ਇਹਨਾਂ ਤੱਥਾਂ ਉੱਪਰ ਗੰਭੀਰ ਹੋਕੇ ਵਿਚਾਰ ਕਰਨ ਅਤੇ ਅੰਧਵਿਸਵਾਸੀ ਬਣਨ ਦੀ ਥਾਂ ਸਹੀ ਸੇਧ ਲੈਂਦਿਆਂ, ਗੁਰੂਆਂ ਵੱਲੋਂ ਜੁਲਮ, ਬੇਇਨਸਾਫ਼ੀ ਅਤੇ ਧੱਕੇਸ਼ਾਹੀ ਖਿਲਾਫ ਲੜਨ ਲਈ ਵਿਖਾਏ ਰਸਤੇ ਤੇ ਅੱਗੇ ਵਧਣ ਦੀ ਲੋੜ ਹੈ, ਨਾ ਕਿ ਅਖੌਤੀ ਕਰਾਮਾਤੀ ਸਾਖੀਆਂ ਤੇ ਵਿਸ਼ਵਾਸ ਕਰਕੇ ਗੁਰੂਆਂ ਵੱਲੋਂ ਵਿਖਾਏ ਰਸਤੇ ਨੂੰ ਪਿੱਠ ਵਿਖਾਉਣ ਦੀ।


# ਅਮਰੀਕਨ ਸੁਸਾਇਟੀ ਤੇਜ਼ੀ ਨਾਲ ਨਿਘਾਰ ਵੱਲ... (ਸਫ਼ਾ 1 ਦੀ ਬਾਕੀ)

ਦਾ ਸ਼ਿਕਾਰ ਆਦਿ ਸ਼ਾਮਿਲ ਹਨ। ਜਿਨ੍ਹਾਂ ਵਿਚੋਂ 10 ਮਿਲੀਅਨ ਤੋਂ ਵੱਧ ਲੋਕ ਸੀਰੀਅਸ ਮੈਂਟਲ ਇਲਨੈਸ ਦਾ ਸ਼ਿਕਾਰ ਹਨ। ਜਿਨ੍ਹਾਂ ਵਿੱਚ ਵੱਡੀ ਗਿਣਤੀ ਉਨ੍ਹਾਂ ਫੌਜੀਆਂ ਦੀ ਹੈ, ਜੋ ਅਮਰੀਕਨ ਫੌਜਾਂ ਨਾਲ ਵੱਖ-ਵੱਖ ਦੇਸ਼ਾਂ ਵਿੱਚ ਲੜਦੇ ਰਹੇ ਸਨ।ਇਸ ਵੇਲੇ 13-18 ਸਾਲ ਦੀ ਉਮਰ ਦੇ 22% ਨੌਜਵਾਨ ਮਾਨਸਿਕ ਰੋਗਾਂ ਦਾ ਸ਼ਿਕਾਰ ਹਨ। ਅਮਰੀਕਾ ਵਿੱਚ ਹੈਲਥ ਸਿਸਟਮ ਪ੍ਰਾਈਵੇਟ ਹੋਣ ਕਰਕੇ ਸਿਰਫ 40% ਲੋਕ ਹੀ ਇਲਾਜ ਕਰਵਾ ਸਕਦੇ ਹਨ ਤੇ ਬਾਕੀ 60% ਬਿਨਾਂ ਇਲਾਜ ਤੋਂ ਇਨ੍ਹਾਂ ਬੀਮਾਰੀਆਂ ਨਾਲ ਜੂਝਦੇ ਪਾਗਲਪਨ ਦੀ ਸਥਿਤੀ ਵਿੱਚ ਹਨ। ਅੰਦਾਜਾ ਲਗਾਉ ਕਿ ਆਉਣ ਵਾਲੇ ਸਮੇਂ ਵਿੱਚ ਅਸੀਂ ਕਿਸ ਤਰ੍ਹਾਂ ਦੇ ਸਮਾਜ ਵੱਲ ਵੱਧ ਰਹੇ ਹਾਂ।'ਅਮਰੀਕਨ ਡਿਪਾਰਟਮੈਂਟ ਆਫ ਹਾਊਸਿੰਗ ਐਂਡ ਅਰਬਨ ਡਿਵੈਲਪਮੈਂਟ' ਦੀ 2017 ਦੀ ਰਿਪੋਰਟ ਅਨੁਸਾਰ ਦੁਨੀਆਂ ਦੇ ਸਭ ਤੋਂ ਅਮੀਰ ਦੇਸ਼ਾਂ ਵਿਚੋਂ ਇੱਕ ਦੇਸ਼ ਵਿੱਚ 6 ਲੱਖ ਦੇ ਕਰੀਬ ਵਿਅਕਤੀ ਹੋਮਲੈਸ (ਬੇ ਘਰੇ) ਹਨ।ਹੋਮਲੈਸ ਲੋਕਾਂ ਦੀ ਮੱਦਦ ਲਈ ਬਣੀ ਹੋਈ ਸੰਸਥਾ 'ਰੇਜ਼ਿੰਗ ਦਾ ਰੂਫ' ਦੀ ਰਿਪੋਰਟ ਅਨੁਸਾਰ ਕਨੇਡਾ ਵਿੱਚ ਇਸ ਵਕਤ ਢਾਈ ਲੱਖ ਦੇ ਕਰੀਬ ਲੋਕ ਬੇ ਘਰੇ ਹਨ, ਜਿਨ੍ਹਾਂ ਵਿਚੋਂ ਡੇਢ ਲੱਖ ਦੇ ਕਰੀਬ ਲੋਕ ਸ਼ੈਲਟਰ ਹੋਮਾਂ ਵਿੱਚ ਰਾਤਾਂ ਕੱਟਦੇ ਹਨ।ਇਸ ਰਿਪੋਰਟ ਅਨੁਸਾਰ 50 ਹਜ਼ਾਰ ਤੋਂ ਵੱਧ ਅਜਿਹੇ ਛੁਪੇ ਹੋਏ (ਭਾਵ ਜਿਹੜੇ ਦੱਸਦੇ ਨਹੀਂ ਕਿ ਅਸੀਂ ਬੇਘਰੇ ਹਾਂ) ਬੇਘਰੇ ਹਨ, ਜੋ ਆਪਣੀਆਂ ਰਾਤਾਂ ਕਾਰ, ਸੋਫੇ, ਕਿਸੇ ਪਬਲਕਿ ਥਾਂ ਤੇ ਸੌਂ ਕੇ ਗੁਜਾਰਦੇ ਹਨ।'ਅਮਰੀਕਨ ਨੈਸ਼ਨਲ ਸੈਂਟਰ ਫਾਰ ਹੈਲ਼ਥ ਸਟੈਟਿਸਟਿਕਸ' ਦੀ 2016 ਦੀ ਰਿਪੋਰਟ ਅਨੁਸਾਰ ਤਕਰੀਬਨ 50 ਹਜ਼ਾਰ ਲੋਕ ਹਰ ਸਾਲ ਆਤਮ ਹੱਤਿਆ ਕਰਦੇ ਹਨ। ਇਸ ਰਿਪੋਰਟ ਅਨੁਸਾਰ 1999-2014 ਦੇ 15 ਸਾਲਾਂ ਵਿੱਚ ਆਤਮ ਹੱਤਿਆ ਦੀ ਦਰ 24% ਵਧੀ ਹੈ।ਆਤਮ ਹੱਤਿਆ ਕਰਕੇ ਮਰਨ ਵਾਲੇ ਵਿਅਕਤੀਆਂ ਵਿਚੋਂ ਅੱਧੇ ਤੋਂ ਵੱਧ ਗਿਣਤੀ 30 ਤੋਂ 50 ਸਾਲ ਉਮਰ ਵਾਲਿਆਂ ਦੀ ਹੁੰਦੀ ਹੈ। ਲੈਸਬੀਅਨ, ਗੇਅ, ਬਾਇਸੈਕਸੂਅਲ, ਟਰਾਂਸਜੈਂਡਰ ਲੋਕਾਂ ਵਿੱਚ ਆਤਮ ਹੱਤਿਆ ਦਾ ਰੁਝਾਨ ਆਮ ਵਿਅਕਤੀਆਂ ਨਾਲੋਂ 3 ਗੁਣਾਂ ਜ਼ਿਆਦਾ ਹੈ। ਇਸਦਾ ਵੱਡਾ ਕਾਰਨ ਉਨ੍ਹਾਂ ਨਾਲ ਸਮਾਜ ਵਿੱਚ ਹੁੰਦਾ ਵਿਤਕਰਾ ਹੈ। 'ਸਟੈਟਿਕਸ ਕਨੇਡਾ' ਅਨੁਸਾਰ ਕਨੇਡਾ ਵਿੱਚ ਤਕਰੀਬਨ 5 ਹਜ਼ਾਰ ਵਿਅਕਤੀ ਹਰ ਸਾਲ ਆਤਮ ਹੱਤਿਆ ਕਰਦੇ ਹਨ। ਅਮਰੀਕਾ ਦੀ 'ਸੂਆਸਾਈਡ ਪ੍ਰੀਵੈਂਸ਼ਨ ਰਿਸੋਰਸ ਸੈਂਟਰ' ਦੀ ਤਾਜ਼ਾ ਰਿਪੋਰਟ ਅਨੁਸਾਰ ਹਰ ਸਾਲ ਉਨ੍ਹਾਂ ਦੇ 165 ਕਾਲ ਸੈਂਟਰਾਂ ਵਿੱਚ ਆਤਮ ਹੱਤਿਆ ਨਾਲ ਸਬੰਧਤ 15 ਲੱਖ ਕਾਲਾਂ ਆਉਂਦੀਆਂ ਹਨ।ਇਨ੍ਹਾਂ ਕਾਲਾਂ ਤੋਂ ਇਕੱਤਰ ਜਾਣਕਾਰੀ ਅਨੁਸਾਰ ਪਿਛਲੇ 10 ਸਾਲਾਂ ਵਿੱਚ 98 ਲੱਖ ਲੋਕਾਂ ਵਲੋਂ ਜੀਵਨ ਤੋਂ ਤੰਗ ਆ ਕੇ ਆਤਮ ਹੱਤਿਆ ਕਰਨ ਬਾਰੇ ਵਿਚਾਰ ਕੀਤਾ ਗਿਆ ਸੀ।28 ਲੱਖ ਲੋਕਾਂ ਵਲੋਂ ਆਤਮ ਹੱਤਿਆ ਕਰਨ ਦਾ ਪਲਾਨ ਬਣਾਇਆ ਸੀ ਅਤੇ 13 ਲੱਖ ਲੋਕਾਂ ਵਲੋਂ ਆਤਮ ਹੱਤਿਆ ਕਰਨ ਦੀ ਇੱਕ ਤੋਂ ਵੱਧ ਵਾਰ ਕੋਸ਼ਿਸ਼ ਕੀਤੀ ਸੀ।'ਯੁਨਾਈਟਡ ਨੇਸ਼ਨ' ਦੀ ਸੰਸਥਾ 'ਵਰਲਡ ਹੈਲ਼ਥ ਆਰਗਨਾਈਜ਼ੇਸ਼ਨ' ਦੇ ਵਲੋਂ ਜਾਰੀ ਇੱਕ ਰਿਪੋਰਟ ਅਨੁਸਾਰ ਦੁਨੀਆਂ ਭਰ ਵਿੱਚ ਹਰ ਸਾਲ 8 ਲੱਖ ਬੰਦਾ ਆਤਮ ਹੱਤਿਆ ਕਰਦਾ ਹੈ, ਭਾਵ ਹਰ 40 ਸੈਕਿੰਡ ਬਾਅਦ ਇੱਕ ਵਿਅਕਤੀ ਆਤਮ ਹੱਤਿਆ ਕਰਦਾ ਹੈ।ਅਸੀਂ ਅਕਸਰ ਕਹਿੰਦੇ ਹਾਂ ਕਿ ਦੁਨੀਆਂ ਨੇ ਬੜੀ ਤਰੱਕੀ ਕਰ ਲਈ ਹੈ, ਪਰ ਹਰ ਸਾਲ 8 ਲੱਖ ਬੰਦਾ ਜੀਵਨ ਤੋਂ ਤੰਗ ਆ ਕੇ ਖੁਦਕੁਸ਼ੀ ਕਰ ਰਿਹਾ ਹੈ ਤੇ ਕਦੇ ਕਿਸੇ ਦੇਸ਼ ਦੀ ਸਰਕਾਰ ਨੇ ਇਸਨੂੰ ਆਪਣਾ ਮੁੱਦਾ ਨਹੀਂ ਬਣਾਇਆ? ਅਮਰੀਕਾ ਵਿੱਚ ਹਰ ਸਾਲ ਤਕਰੀਬਨ ਰੋਜ਼ਾਨਾ ਇੱਕ ਮਾਸ ਸ਼ੂਟਿੰਗ ਹੁੰਦੀ ਹੈ ਅਤੇ ਤਕਰੀਬਨ 1000 ਤੋਂ ਵੱਧ ਵਿਅਕਤੀ ਇਨ੍ਹਾਂ ਸ਼ੂਟਿੰਗਾਂ ਵਿੱਚ ਹਰ ਸਾਲ ਮਾਰੇ ਜਾਂਦੇ ਹਨ।ਮਾਸ ਸ਼ੂਟਿੰਗ, ਉਸ ਸ਼ੂਟਿੰਗ ਨੂੰ ਕਹਿੰਦੇ ਹਨ, ਜਿਥੇ 4 ਤੋਂ ਵੱਧ ਵਿਅਕਤੀ ਗੋਲੀ ਲੱਗਣ ਨਾਲ ਮਰਨ ਜਾਂ ਫੱਟੜ ਹੋਣ ਤੇ ਜਿਸ ਵਿੱਚ ਕਾਤਲ ਦਾ ਕਤਲਾਂ ਲਈ ਕੋਈ ਮੰਤਵ ਨਾ ਹੋਵੇ ਤੇ ਨਾ ਹੀ ਮਰਨ ਵਾਲਿਆਂ ਨਾਲ ਕੋਈ ਸਿੱਧਾ ਸਬੰਧ ਹੋਵੇ।ਆਮ ਤੌਰ ਤੇ ਅਜਿਹੀਆਂ ਮਾਸ ਸ਼ੂਟਿੰਗ ਵਿੱਚ ਕਾਤਲ ਖੁਦਕੁਸ਼ੀ ਕਰ ਲੈਂਦਾ ਹੈ ਜਾਂ ਪੁਲਿਸ ਦੀ ਗੋਲੀ ਨਾਲ ਮਾਰਿਆ ਜਾਂਦਾ ਹੈ।ਪਿਛਲੇ ਸਾਲ ਇਨ੍ਹਾਂ ਸ਼ੂਟਿੰਗਜ਼ ਵਿੱਚ 1358 ਵਿਅਕਤੀ ਮਰੇ ਸਨ।ਹੁਣ ਅਜਿਹੀਆਂ ਮਾਸ ਸ਼ੂਟਿੰਗ ਕਨੇਡਾ ਵਿੱਚ ਹੋਣੀਆਂ ਸ਼ੁਰੂ ਹੋ ਗਈਆਂ ਹਨ।ਆਮ ਤੌਰ ਤੇ ਇਨ੍ਹਾਂ ਸ਼ੂਟਿੰਗਜ਼ ਪਿਛੇ ਮਾਨਸਿਕ ਰੋਗੀਆਂ ਦਾ ਹੱਥ ਹੁੰਦਾ ਹੈ।ਅਮਰੀਕਾ ਦੀ ਰੇਪ ਤੇ ਸੈਕਸੂਅਲ ਐਬਿਊਜ਼ ਨਾਲ ਸਬੰਧਤ ਸੰਸਥਾ 'ਰੇਪ ਐਬਿਊਜ਼ ਇਨਸੈਸਟ ਨੈਸ਼ਨਲ ਨੈਟਵਰਕ' (ਅੀੰ) ਦੀ ਇੱਕ ਰਿਪੋਰਟ ਅਨੁਸਾਰ ਤਕਰੀਬਨ 321000 ਰੇਪ ਜਾਂ ਸੈਕਸੂਅਲ ਅਸੌਲਟ ਨਾਲ ਸਬੰਧਤ ਕੇਸ ਅਮਰੀਕਾ ਵਿੱਚ ਦਰਜ ਕੀਤੇ ਜਾਂਦੇ ਹਨ।ਜਿਸਦਾ ਭਾਵ ਹੈ ਕਿ ਹਰ 98 ਸੈਕਿੰਡ ਬਾਅਦ ਅਮਰੀਕਾ ਵਿੱਚ ਇੱਕ ਰੇਪ ਕੇਸ ਦਾਇਰ ਹੁੰਦਾ ਹੈ।ਇਸ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਰੇਪ ਕੇਸ ਦਰਜ ਵੀ ਨਹੀਂ ਹੁੰਦੇ ਕਿਉਂਕਿ ਸਾਰੀਆਂ ਲੜਕੀਆਂ ਪੁਲਿਸ ਤੇ ਕੋਰਟ ਦੇ ਚੱਕਰ ਵਿੱਚ ਨਹੀਂ ਪੈਣਾ ਚਾਹੁੰਦੀਆਂ ਅਤੇ ਇੱਕ ਹੋਰ ਕਾਰਨ ਇਹ ਹੈ ਕਿ ਔਰਤ ਨੂੰ ਰੇਪ ਪਰੂਵ ਕਰਨ ਲਈ ਇੱਕ 'ਰੇਪ ਕਿੱਟ' (ਆਪਣਾ ਮੈਡੀਕਲ ਕਰਨ ਲਈ) ਲੈਣੀ ਪੈਂਦੀ ਹੈ, ਜਿਸਦਾ ਖਰਚਾ 500-1500 ਅਮਰੀਕਨ ਡਾਲਰ ਹੈ, ਜੇ ਤੁਹਾਡੇ ਕੋਲ ਪ੍ਰਾਈਵੇਟ ਮੈਡੀਕਲ ਇੰਸ਼ੋਰੈਂਸ ਨਾ ਹੋਵੇ ਤਾਂ ਬਹੁਤ ਲੜਕੀਆਂ ਇਤਨੀ ਮਹਿੰਗੀ ਕਿੱਟ ਖਰੀਦਣ ਤੋਂ ਅਸਮਰਥ ਹੋਣ ਕਾਰਨ ਕੇਸ ਦਾਇਰ ਨਹੀਂ ਕਰਦੀਆਂ।ਇਸੇ ਰਿਪੋਰਟ ਅਨੁਸਾਰ 1998 ਤੋਂ 2018 ਤੱਕ 20 ਸਾਲਾਂ ਵਿੱਚ 20 ਮਿਲੀਅਨ ਤੋਂ ਵੱਧ ਰੇਪ ਕੇਸ ਦਰਜ ਹੋਏ ਹਨ।ਇਨ੍ਹਾਂ ਵਿੱਚ 21% ਪੀੜ੍ਹਤ, ਗੇਅ ਤੇ ਲੈਸਬੀਅਨ ਲੋਕ ਸਨ। 38% ਔਰਤਾਂ ਨਾਲ ਰੇਪ ਸਕੂਲ, ਕਾਲਿਜ, ਕੰਮ ਦੀਆਂ ਥਾਵਾਂ ਤੇ ਹੁੰਦੇ ਹਨ।ਹਰ ਸਾਲ ਅਮਰੀਕਨ ਜ਼ੇਲ੍ਹਾਂ ਵਿੱਚ 80 ਹਜ਼ਾਰ ਤੋਂ ਵੱਧ ਕੈਦੀਆਂ ਵਲੋਂ ਰੇਪ ਦੇ ਕੇਸ ਦਰਜ ਕਰਾਏ ਜਾਂਦੇ ਹਨ। ਹਰ ਸਾਲ 20 ਹਜ਼ਾਰ ਤੋਂ ਵੱਧ ਰੇਪ ਕੇਸ ਫੌਜੀਆਂ ਖਿਲਾਫ ਦਰਜ ਕੀਤੇ ਜਾਂਦੇ ਹਨ।ਇਸੇ ਤਰ੍ਹਾਂ 'ਸਟੈਟਸ ਕੈਨੇਡਾ' ਦੀ ਇੱਕ ਚੌਂਕਾ ਦੇਣ ਵਾਲੀ ਰਿਪੋਰਟ ਅਨੁਸਾਰ ਕਨੇਡਾ ਵਿੱਚ ਰੇਪ ਜਾਂ ਸੈਕਸੂਅਲ ਹੈਰਾਸਮੈਂਟ ਦੀਆਂ ਪੀੜ੍ਹਤ ਔਰਤਾਂ ਵਿਚੋਂ ਸਿਰਫ 6% ਹੀ ਪੁਲਿਸ ਕੋਲ ਰਿਪੋਰਟ ਕਰਦੀਆਂ ਹਨ।ਇਸ ਰਿਪੋਰਟ ਅਨੁਸਾਰ 4 ਵਿਚੋਂ 1 ਕਨੇਡੀਅਨ ਔਰਤ ਨਾਲ ਜੀਵਨ ਵਿੱਚ ਘੱਟੋ-ਘੱਟ ਇੱਕ ਰੇਪ ਜ਼ਰੂਰ ਹੁੰਦਾ ਹੈ।ਇਸੇ ਰਿਪੋਰਟ ਵਿੱਚ ਦਰਜ ਹੈ ਕਿ 2004 ਤੋਂ 2014 ਦੇ ਦਹਾਕੇ ਦੌਰਾਨ ਕਨੇਡਾ ਵਿੱਚ 6 ਲੱਖ 36 ਹਜ਼ਾਰ ਰੇਪ ਕੇਸ ਦਰਜ ਹੋਏ।'ਯੂ ਐਸ ਬਿਊਰੋ ਆਫ ਜਸਟਿਸ' ਅਨੁਸਾਰ ਇਸ ਵੇਲੇ ਅਮਰੀਕਾ ਵਿੱਚ 3000 ਤੋਂ ਵੱਧ ਜ਼ੇਲ੍ਹਾਂ ਹਨ, ਜਿਨ੍ਹਾਂ 25 ਲੱਖ ਤੋਂ ਵੱਧ ਵਿਅਕਤੀ ਨਜ਼ਰਬੰਦ ਹਨ ਅਤੇ 45 ਲੱਖ ਵਿਅਕਤੀ ਜਮਾਨਤ ਤੇ ਬਾਹਰ ਹਨ, ਜਿਨ੍ਹਾਂ ਤੇ ਕਿਸੇ ਨਾ ਕਿਸੇ ਜ਼ੁਰਮ ਦੇ ਮੁਕੱਦਮੇ ਚੱਲ ਰਹੇ ਹਨ।ਇਸ ਤੋਂ ਇਲਾਵਾ 55 ਹਜ਼ਾਰ 18 ਸਾਲ ਤੋਂ ਘੱਟ ਉਮਰ ਦੇ ਬੱਚੇ ਜ਼ੇਲਾਂ ਵਿੱਚ ਹਨ।'ਵਰਲਡ ਪਰਿਜ਼ਨ ਬਿਊਰੋ' ਅਨੁਸਾਰ ਜ਼ੇਲ੍ਹਾਂ ਵਿੱਚ ਬੰਦ ਕੈਦੀਆਂ ਦੀ ਗਿਣਤੀ ਅਮਰੀਕਾ ਵਿੱਚ ਸਾਰੀ ਦੁਨੀਆਂ ਵਿਚੋਂ ਵੱਧ ਹੈ।ਜਿਸਦਾ ਇੱਕ ਕਾਰਨ ਇਹ ਵੀ ਹੈ ਕਿ ਅਮਰੀਕਨ ਜ਼ੇਲ੍ਹਾਂ ਪ੍ਰਾਈਵੇਟ ਹੋਣ ਕਰਕੇ, ਕੰਪਨੀਆਂ ਲਈ ਜ਼ੇਲ੍ਹਾਂ ਵਿੱਚ ਕੈਦੀਆਂ ਰੂਪੀ ਸਸਤੀ ਲੇਬਰ ਮਿਲੀ ਹੋਈ ਹੈ ਤੇ ਉਨ੍ਹਾਂ ਨੇ ਇਸਨੂੰ ਮੁਨਾਫੇ ਦਾ ਸਾਧਨ ਬਣਾ ਲਿਆ ਹੈ।ਪਿਛਲੇ 20 ਸਾਲਾਂ ਵਿੱਚ ਅਮਰੀਕਾ ਵਿੱਚ 2600 ਤੋਂ ਵੱਧ ਵਿਅਕਤੀਆਂ ਨੂੰ ਮੌਤ ਦੀ ਸਜ਼ਾ ਅਧੀਨ ਫਾਹੇ ਲਾਇਆ ਗਿਆ ਹੈ।ਕਨੇਡਾ ਵਿੱਚ ਇਸ ਵੇਲੇ 40 ਹਜ਼ਾਰ ਤੋਂ ਵੱਧ ਵਿਅਕਤੀ ਜ਼ੇਲ੍ਹਾਂ ਵਿੱਚ ਬੰਦ ਹਨ।ਅਮਰੀਕਾ ਵਿੱਚ ਹਰ ਸਾਲ ਤਕਰੀਬਨ 25 ਲੱਖ ਤੋਂ ਵੱਧ ਕਰਿਮੀਨਲ ਕੇਸ ਦਰਜ ਹੁੰਦੇ ਹਨ ਅਤੇ 20 ਹਜ਼ਾਰ ਕਰੀਬ ਵਿਅਕਤੀ ਕਤਲ ਹੁੰਦੇ ਹਨ।ਅਮਰੀਕਾ ਦੀ 'ਨੈਸ਼ਨਲ ਸੇਫਟੀ ਕੌਂਸਲ' ਦੀ 2017 ਦੀ ਰਿਪੋਰਟ ਅਨੁਸਾਰ ਹਰ ਸਾਲ ਹੁੰਦੇ ਤਕਰੀਬਨ 54 ਲੱਖ ਸੜਕ ਹਾਦਸਿਆਂ ਵਿੱਚ 40 ਹਜ਼ਾਰ ਤੋਂ ਵੱਧ ਵਿਅਕਤੀ ਮਾਰੇ ਜਾਂਦੇ ਹਨ ਅਤੇ 22 ਲੱਖ ਤੋਂ ਵੱਧ ਲੋਕ ਇਨ੍ਹਾਂ ਹਾਦਸਿਆਂ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਜ਼ਖਮੀ ਹੁੰਦੇ ਹਨ।ਅਸੀਂ ਆਮ ਤੌਰ ਤੇ ਇੰਡੀਆ ਵਿੱਚ ਹੁੰਦੇ ਸੜਕ ਹਾਦਸਿਆਂ ਬਾਰੇ ਗੱਲ ਕਰਦੇ ਹਾਂ ਕਿ ਉਥੇ ਰੋਡ ਚੰਗੇ ਨਹੀਂ ਜਾਂ ਰੂਲ ਰੈਗੂਲੇਸ਼ਨ ਨਹੀਂ ਹੈ, ਪਰ ਅਮਰੀਕਾ ਵਰਗੇ ਵਿਕਸਤ ਦੇਸ਼ ਵਿੱਚ ਇਤਨੇ ਹਾਦਸੇ ਹੋਣ ਪਿਛੇ ਵੱਡਾ ਕਾਰਨ ਮਾਨਸਿਕ ਰੋਗ ਹਨ ਅਤੇ 28% ਐਕਸੀਡੈਂਟ ਸ਼ਰਾਬ ਜਾਂ ਕਿਸੇ ਹੋਰ ਨਸ਼ੇ ਦੇ ਅਧੀਨ ਹੁੰਦੇ ਹਨ।ਅਮਰੀਕਾ ਦੀ 'ਡੋਮੈਸਟਿਕ ਵਾਇਲੈਂਸ ਤੇ ਹੋਮਲੈਸਨੈਸ' ਦੀ 2015 ਦੀ ਇੱਕ ਰਿਪੋਰਟ ਅਨੁਸਾਰ ਇੱਕ ਦਿਨ ਵਿੱਚ ਘਰੇਲੂ ਹਿੰਸਾ ਕਾਰਨ 31500 ਬੱਚੇ ਤੇ ਔਰਤਾਂ ਨੂੰ ਸ਼ੈਲਟਰ ਹੋਮ ਜਾਣਾ ਪਿਆ ਤੇ ਉਸੇ ਦਿਨ 12197 ਕਾਲਰਾਂ ਨੂੰ ਅਟੈਂਡ ਨਹੀਂ ਕੀਤਾ ਜਾ ਸਕਿਆ।ਅਮਰੀਕਾ ਵਿੱਚ ਇਸ ਵੇਲੇ 3000 ਤੋਂ ਵੱਧ ਘਰੇਲੂ ਹਿੰਸਾ ਤੋਂ ਪੀੜ੍ਹਤ ਔਰਤਾਂ ਲਈ ਸ਼ੈਲਟਰ ਹੋਮ ਹਨ।ਪਰ ਘਰੇਲੂ ਹਿੰਸਾ ਨਾਲ ਪੀੜ੍ਹਤ ਔਰਤਾਂ ਦੀ ਗਣਤੀ ਇਤਨੀ ਜ਼ਿਆਦਾ ਹੈ ਕਿ ਉਨ੍ਹਾਂ ਵਿਚੋਂ ਕੁਝ ਪ੍ਰਤੀਸ਼ਤ ਨੂੰ ਹੀ ਜਗ੍ਹਾ ਮਿਲਦੀ ਹੈ।ਇਸੇ ਰਿਪੋਰਟ ਅਨੁਸਾਰ ਅਮਰੀਕਾ ਦੀਆਂ 3 ਵਿਚੋਂ 1 ਔਰਤ ਨੂੰ ਆਪਣੇ ਜੀਵਨ ਵਿੱਚ ਕਿਸੇ ਮਰਦ ਵਲੋਂ ਘੱਟੋ ਘੱਟ ਇੱਕ ਵਾਰ ਹਿੰਸਾ ਦਾ ਸ਼ਿਕਾਰ ਹੋਣਾ ਪੈਂਦਾ ਹੈ।ਪਰ ਸ਼ੈਲਟਰ ਹੋਮ ਵਿੱਚ ਔਰਤਾਂ ਔਸਤ 5-7 ਵਾਰ ਮਰਦਾਂ ਤੋਂ ਕੁੱਟ-ਮਾਰ ਤੋਂ ਬਾਅਦ ਹੀ ਸ਼ੈਲਟਰ ਵਿੱਚ ਜਾਂਦੀਆਂ ਹਨ।'ਸ਼ੈਲਟਰਜ਼ ਫਾਰ ਅਬਿਊਜ਼ਡ ਵੂਮੈਨ ਕਨੇਡਾ' ਅਨੁਸਾਰ ਕਨੇਡਾ ਵਿੱਚ ਇਸ ਵਕਤ ਵੱਖ-ਵੱਖ ਵੂਮੈਨ ਸ਼ੈਲਟਰ ਘਰਾਂ ਵਿੱਚ 12000 ਦੇ ਕਰੀਬ ਬੈਂਡ ਹਨ, ਪਰ ਹਰ ਵਕਤ 60 ਹਜ਼ਾਰ ਤੋਂ ਵੱਧ ਔਰਤਾਂ ਸ਼ੈਲਟਰ ਹੋਮ ਦੀ ਸ਼ਰਨ ਵਿੱਚ ਹੁੰਦੀਆਂ ਹਨ।'ਨੈਸ਼ਨਲ ਇਸਟੀਚਿਊਟ ਆਫ ਅਲਕੋਹਲ ਅਬਿਊਜ਼' ਅਨੁਸਾਰ 18 ਸਾਲ ਤੋਂ ਵੱਧ ਉਮਰ ਦੇ 86% ਲੋਕ ਸ਼ਰਾਬ ਜਾਂ ਕਿਸੇ ਨਾ ਕਿਸੇ ਤਰ੍ਹਾਂ ਨਸ਼ਾ ਪੀਣ ਦੇ ਆਦੀ ਹਨ।ਜਿਨ੍ਹਾਂ ਵਿਚੋਂ 10% ਅਜਿਹੇ ਹਨ, ਜਿਹੜੇ ਹਫਤੇ ਵਿੱਚ 70 ਤੋਂ ਵੱਧ ਡਰਿੰਕ (ਪੈੱਗ) ਲਾਉਂਦੇ ਹਨ ਅਤੇ ਰੋਜ਼ਾਨਾ 6 ਵਿਅਕਤੀ ਸ਼ਰਾਬ ਕਾਰਨ ਮਰਦੇ ਹਨ। 'ਵਰਲਡ ਹੈਲ਼ਥ ਆਰਗਨਾਈਜ਼ੇਸ਼ਨ' ਦੀ 200 ਦੇਸ਼ਾਂ ਦੇ ਅਧਾਰਿਤ ਤਾਜ਼ਾ ਰਿਪੋਰਟ ਅਨੁਸਾਰ ਅਬਾਦੀ ਦੇ ਹਿਸਾਬ ਨਾਲ ਕਨੇਡਾ ਦੇ ਲੋਕ ਦੁਨੀਆਂ ਵਿਚੋਂ ਸਭ ਤੋਂ ਵੱਧ ਸ਼ਰਾਬ ਪੀਂਦੇ ਹਨ ਅਤੇ ਔਸਤਨ ਇੱਕ ਕਨੇਡੀਅਨ ਸਾਲ ਵਿੱਚ 10 ਲੀਟਰ ਸ਼ਰਾਬ ਪੀ ਲੈਂਦਾ ਹੈ।ਅਲਬਰਟਾ ਸੂਬਾ ਸਾਰੇ ਕਨੇਡਾ ਵਿਚੋਂ ਪਹਿਲੇ ਨੰਬਰ ਤੇ ਹੈ।'ਸਬਸਟਾਂਸ ਅਬਿਊਜ਼ ਤੇ ਮੈਂਟਲ ਹੈਲਥ ਸਰਵਿਸਜ਼' ਦੀ ਤਾਜ਼ਾ ਰਿਪੋਰਟ ਅਨੁਸਾਰ ਅਮਰੀਕਾ ਵਿੱਚ 70 ਮਿਲੀਅਨ ਲੋਕਾਂ ਨੂੰ ਚੈਨ ਨਾਲ ਸੌਣ ਲਈ ਨੀਂਦ ਦੀਆਂ ਗੋਲੀਆਂ ਲੈਣੀਆਂ ਪੈਂਦੀਆਂ ਹਨ।ਨਾਰਥ ਅਮਰੀਕਾ ਵਿੱਚ ਦੁਨੀਆਂ ਵਿਚੋਂ ਸਭ ਤੋਂ ਵੱਧ ਨੀਂਦ ਨਾ ਆਉਣ ਦੀ ਸਮੱਸਿਆ ਹੈ।ਕਨੇਡਾ-ਅਮਰੀਕਾ ਵਿੱਚ ਤਲਾਕ ਦਰ 40-50% ਹੈ ਤੇ ਔਸਤਨ ਵਿਆਹ 10 ਕੁ ਸਾਲ ਚਲਦਾ ਹੈ।ਅੰਕੜਿਆਂ ਅਨੁਸਾਰ ਬੇਸ਼ਕ ਪਿਛਲੇ 2 ਦਹਾਕਿਆਂ ਵਿੱਚ ਤਲਾਕ ਦੀ ਦਰ ਘਟੀ ਹੈ, ਪਰ ਉਸਦਾ ਵੱਡਾ ਕਾਰਨ ਲੋਕਾਂ ਵਲੋਂ ਵਿਆਹ ਦੀ ਥਾਂ ਕਾਮਨ ਲਾਅ ਵਿੱਚ ਰਹਿਣਾ ਜਾਂ ਵਿਆਹ ਨਾ ਕਰਾਉਣਾ ਜਾਂ ਵਿਆਹ ਤੋਂ ਬਿਨਾਂ ਰਹਿਣਾ ਹੈ।ਨਵੀਂ ਪੀੜ੍ਹੀ ਲਈ ਵਿਆਹ ਕਰਾ ਕੇ ਇਕੱਠੇ ਰਹਿਣਾ ਤੇ ਬੱਚੇ ਪੈਦਾ ਕਰਕੇ ਉਨ੍ਹਾਂ ਦਾ ਪਾਲਣ ਪੋਸ਼ਣ ਕਰਨਾ ਇਤਨਾ ਮਹਿੰਗਾ ਹੋ ਰਿਹਾ ਹੈ ਕਿ ਉਨ੍ਹਾਂ ਕੋਲ ਬਿਨਾਂ ਵਿਆਹ ਜਾਂ ਬਿਨਾਂ ਬੱਚਿਆਂ ਤੋਂ ਰਹਿਣਾ ਹੀ ਇੱਕ ਸਾਧਨ ਰਹਿ ਗਿਆ ਹੈ।

ਇਹ ਸਾਰੀਆਂ ਰਿਪੋਰਟਾਂ ਸਾਬਿਤ ਕਰ ਰਹੀਆਂ ਹਨ ਕਿ ਬੇਸ਼ਕ ਪਿਛਲੇ 200 ਸਾਲਾਂ ਵਿੱਚ ਟੈਕਨੋਲੌਜੀ ਦੀ ਤਰੱਕੀ ਨੇ ਸਰਮਾਏ ਨੂੰ ਵਧਾਇਆ ਹੈ, ਪਰ ਇਹ ਵਧਿਆ ਸਰਮਾਇਆ ਸਿਰਫ ਕੁਝ ਮੁੱਠੀ ਭਰ ਲੋਕਾਂ ਦੀਆਂ ਤਿਜੋਰੀਆਂ ਭਰਨ ਦੇ ਕੰਮ ਹੀ ਆਇਆ ਹੈ।ਅੱਜ ਹਰ ਵੱਡਾ ਸਰਮਾਏਦਾਰ ਆਪਣੇ ਮੁਨਾਫੇ ਦਾ ਵੱਡਾ ਹਿੱਸਾ ਟੈਕਨੌਲੋਜੀ ਨੂੰ ਵਧਾਉਣ ਤੇ ਹੋਰ ਵਧੀਆ ਕਰਨ ਵਿੱਚ ਲਗਾ ਰਿਹਾ ਹੈ ਤਾਂ ਕਿ ਮਨੁੱਖ ਦੀ ਲੋੜ ਜਿਤਨੀ ਹੋ ਸਕੇ ਘਟਾਈ ਜਾ ਸਕੇ ਤੇ ਮੁਨਾਫਾ ਹੋਰ ਵਧਾਇਆ ਜਾਵੇ।ਸਰਮਾਏਦਾਰਾਂ ਤੇ ਸਰਕਾਰਾਂ ਦੇ ਏਜੰਡੇ ਤੋਂ ਮਨੁੱਖ ਮਨਫੀ ਹੋ ਚੁੱਕਾ ਹੈ, ਸਰਮਾਏਦਾਰ ਇਸ ਦੌੜ ਵਿੱਚ ਹੈ ਕਿ ਕਿਵੇਂ ਵੱਧ ਮੁਨਾਫਾ ਕਮਾਇਆ ਜਾਵੇ ਅਤੇ ਸਰਕਾਰਾਂ ਇਸ ਦੌੜ ਵਿੱਚ ਹਨ ਕਿਵੇਂ ਵੱਧ ਤੋਂ ਵੱਧ ਟੈਕਸ ਇਕੱਠਾ ਕਰਕੇ ਲੋਕਾਂ ਦੀ ਲੁੱਟ ਕੀਤੀ ਜਾਵੇ।ਸਰਕਾਰਾਂ ਲਈ ਮਨੁੱਖ ਦੀ ਲੋੜ ਸਿਰਫ ਵੋਟਾਂ ਵਾਲੇ ਦਿਨ ਤੋਂ ਬਾਅਦ ਕਦੇ ਨਹੀਂ ਹੁੰਦੀ।ਸਰਮਾਏਦਾਰੀ ਦਾ ਮੁਨਾਫੇ ਤੇ ਕੰਪੀਟੀਸ਼ਨ ਅਧਾਰਿਤ ਬਾਹਰੋਂ ਦਿਸਦਾ ਸਿਸਟਮ, ਬੜਾ ਲੁਭਾਵਣਾ ਲਗਦਾ ਹੈ, ਪਰ ਇਹ ਕੰਪੀਟੀਸ਼ਨ ਛੋਟੇ ਲੈਵਲ ਤੇ ਹੀ ਹੈ, ਵੱਡੇ ਲੈਵਲ ਤੇ ਕੋਈ ਬਹੁਤਾ ਕੰਪੀਟੀਸ਼ਨ ਨਹੀਂ ਹੈ।ਕੁਝ ਲੋਕਾਂ ਦੇ ਹੱਥਾਂ ਵਿੱਚ ਹੀ ਸਾਰਾ ਕੰਟਰੋਲ ਹੈ।ਉਨ੍ਹਾਂ ਨੇ ਹੀ ਵੱਖ-ਵੱਖ ਨਾਵਾਂ ਤੇ ਵੱਖ-ਵੱਖ ਕਾਰਪੋਰੇਸ਼ਨਾਂ ਬਣਾਈਆਂ ਹੋਈਆਂ ਹਨ ਤੇ ਸਭ ਪਾਸੇ ਇਜ਼ਾਰੇਦਾਰੀ ਕੁਝ ਲੋਕਾਂ ਦੀ ਹੀ ਹੈ।ਇਨ੍ਹਾਂ ਲੋਕਾਂ ਵਲੋਂ ਹੀ ਲੁੱਟੇ ਹੋਏ ਮਾਲ ਨੂੰ ਸਫਲ ਕਰਨ ਲਈ ਤੇ ਟੈਕਸ ਚੋਰੀ ਲਈ ਚੈਰਿਟੀ ਸੰਸਥਾਵਾਂ ਬਣਾਈਆਂ ਹੋਈਆਂ ਹਨ।ਅਜਿਹੇ ਲੋਕਾਂ ਦੀ ਗਿਣਤੀ ਦੁਨੀਆਂ ਭਰ ਵਿੱਚ 1-2% ਤੋਂ ਵੱਧ ਨਹੀਂ ਹੈ।ਪਰ ਇਨ੍ਹਾਂ ਨੇ ਸਾਰੀ ਦੁਨੀਆਂ ਵਿੱਚ ਹਰ ਖੇਤਰ ਵਿੱਚ ਕੰਪੀਟੀਸ਼ਨ ਦੀ ਅਜਿਹੀ ਦੌੜ ਵਿੱਚ ਮਨੁੱਖ ਜਾਤੀ ਨੂੰ ਪਾ ਦਿੱਤਾ ਹੈ ਕਿ ਮਨੁੱਖ ਰੋਟੀ, ਕੱਪੜਾ, ਮਕਾਨ ਦੀਆਂ ਬੁਨਿਆਦੀ ਲੋੜਾਂ ਦੇ ਨਾਲ-ਨਾਲ ਬਾਹਰੀ ਸੁੱਖ ਸਹੂਲਤਾਂ ਦੀ ਅਣ-ਮੁੱਕਦੀ ਦੌੜ ਵਿੱਚ ਅਜਿਹਾ ਫਸਦਾ ਜਾ ਰਿਹਾ ਹੈ ਕਿ ਉਸਨੂੰ ਜਿਉਣਾ ਭੁੱਲ ਹੀ ਗਿਆ ਹੈ।ਸਰਮਾਏਦਾਰੀ ਨੇ ਮੀਡੀਆ ਤੇ ਇੰਟਰਟੇਨਮੈਂਟ ਦੇ ਅਜਿਹੇ ਸਾਧਨ ਬਣਾ ਲਏ ਹਨ ਕਿ ਮਨੁੱਖ ਕੁਝ ਰਿਲੈਕਸ ਹੋਣ ਲਈ ਉਥੇ ਬੈਠਦਾ ਹੈ ਤਾਂ ਅਜਿਹੇ ਢੰਗ ਨਾਲ ਬ੍ਰੇਨਵਾਸ਼ਿੰਗ ਕੀਤੀ ਜਾਂਦੀ ਹੈ ਕਿ ਮਨੁੱਖ ਜਾਤੀ ਨੂੰ ਪਤਾ ਹੀ ਨਹੀਂ ਲੱਗ ਰਿਹਾ ਕਿ ਕਿਵੇਂ ਸਰਮਾਏਦਾਰ ਤੇ ਲੁਟੇਰਾ ਹਾਕਮਾਂ ਦਾ ਗੱਠਜੜ ਉਨ੍ਹਾਂ ਦਾ ਸਭ ਕੁਝ ਲੁੱਟ ਕੇ ਲਈ ਜਾ ਰਿਹਾ ਹੈ।ਵਿੱਦਿਆ ਦਾ ਕੰਪੀਟੀਸ਼ਨ ਅਧਾਰਿਤ ਸਿਸਟਮ ਅਜਿਹਾ ਬਣਾ ਦਿੱਤਾ ਗਿਆ ਹੈ ਕਿ ਮਨੁੱਖ ਸਰਮਾਏਦਾਰੀ ਲਈ ਇੱਕ ਮਸ਼ੀਨ ਬਣ ਕੇ ਨਿਕਲਦਾ ਹੈ, ਜਿਸਦਾ ਬੌਧਿਕ ਪੱਧਰ ਇਤਨਾ ਨੀਵਾਂ ਹੁੰਦਾ ਹੈ ਕਿ ਵੱਡੀਆਂ-ਵੱਡੀਆਂ ਡਿਗਰੀਆਂ ਵਾਲੇ ਲੋਕ ਵੀ ਇਸ ਮਨੁੱਖਤਾ ਵਿਰੋਧੀ ਨਿਜ਼ਾਮ ਨੂੰ ਸਮਝਣ ਤੋਂ ਅਸਮਰਥ ਹੁੰਦੇ ਹਨ।ਇਸ ਸਿਸਟਮ ਵਿੱਚ ਔਰਤ ਮਰਦ ਦੇ ਭੋਗਣ ਤੇ ਵੇਚਣਯੋਗ ਵਸਤੂ ਤੋਂ ਵੱਧ ਕੁਝ ਅਹਿਮੀਅਤ ਨਹੀਂ ਰੱਖਦੀ, ਭਾਵੇਂ ਕਿ ਉਸਨੂੰ ਭਰਮ ਪਾ ਦਿੱਤਾ ਗਿਆ ਹੈ ਕਿ ਉਹ ਆਜ਼ਾਦ ਤੇ ਆਤਮ ਨਿਰਭਰ ਹੈ।ਪਰ ਘਰੇਲੂ ਹਿੰਸਾ, ਨਸ਼ੇ, ਰੇਪ, ਤਲਾਕ ਆਦਿ ਦੇ ਅੰਕੜੇ ਉਸਦੀ ਅਸਲੀਅਤ ਸਪੱਸ਼ਟ ਦਿਖਾ ਰਹੇ ਹਨ।ਇੱਕ ਪਾਸੇ ਸਰਮਾਏਦਾਰ ਨਵੀਨ ਟੈਕਨੌਲੌਜੀ ਰਾਹੀਂ ਮਨੁੱਖ ਤੇ ਨਿਰਭਰਤਾ ਘਟਾ ਕੇ ਆਮ ਲੋਕਾਂ ਤੇ ਘੱਟ ਤਨਖਾਹ ਤੇ ਕੰਮ ਕਰਨ ਲਈ ਦਬਾਅ ਵਧਾ ਰਹੇ ਹਨ ਅਤੇ ਦੂਜੇ ਪਾਸੇ ਸਰਕਾਰਾਂ ਟੈਕਸ ਰੇਟ ਵਧਾਈ ਤੁਰੀਆਂ ਜਾ ਰਹੀਆਂ ਹਨ ਤੇ ਪਬਲਕਿ ਸੇਵਾਵਾਂ (ਐਜੂਕੇਸ਼ਨ, ਹੈਲਥ, ਟਰਾਂਸਪੋਰਟੇਸ਼ਨ, ਇਨਫਰਾਸਟਰੱਕਚਰ ਆਦਿ) ਤੇ ਕੱਟ ਲਾਈ ਜਾ ਰਹੀਆਂ ਹਨ।ਜਿਸ ਕਾਰਨ ਇਨ੍ਹਾਂ ਵੱਡੇ ਸਰਮਾਏਦਾਰ ਦੇਸ਼ਾਂ ਵਿੱਚ ਵੀ ਲੋਕਾਂ ਦਾ ਜੀਣਾ ਦੁੱਭਰ ਹੋ ਰਿਹਾ ਹੈ।ਇਸੇ ਕਾਰਨ ਇਤਨੀ ਵੱਡੀ ਪੱਧਰ ਤੇ ਮਾਨਸਿਕ ਅਤੇ ਸਰੀਰਕ ਰੋਗ ਵਧ ਰਹੇ ਹਨ, ਲੋਕ ਨਸ਼ਿਆਂ ਵੱਲ ਧੱਕੇ ਜਾ ਰਹੇ ਹਨ, ਜ਼ੁਰਮ ਦਿਨੋ ਦਿਨ ਵੱਧ ਰਿਹਾ ਹੈ, ਘਰੇਲੂ ਹਿੰਸਾ ਸਿੱਖਰਾਂ ਸ਼ੋ ਰਹੀ ਹੈ, ਕਾਮ ਭੜਕਾਊ ਮਨੋਰੰਜਨ (ਗੀਤ, ਫਿਲਮਾਂ, ਪੱਬ, ਕਲੱਬ, ਨਸ਼ੇ) ਨਾਲ ਮਨੁੱਖ ਵਹਿਸ਼ੀ ਬਣਦਾ ਜਾ ਰਿਹਾ ਹੈ, ਗੇਅ-ਲੈਸਬੀਅਨ ਦੀ ਵਧਦੀ ਗਿਣਤੀ ਸੈਕਸ ਤਵਾਜਨ ਦੇ ਵਿਗੜਨ ਦੀ ਨਿਸ਼ਾਨੀ ਹੈ।ਇਸੇ ਕਾਰਨ ਦੁਨੀਆਂ ਭਰ ਵਿੱਚ ਰੇਪ, ਹਿੰਸਾ ਸਮੇਤ ਔਰਤਾਂ ਤੇ ਜ਼ੁਰਮ ਦਿਨੋ-ਦਿਨ ਵਧ ਰਹੇ ਹਨ।ਸੋਸ਼ਲ ਮੀਡੀਆ ਨੇ ਮਨੁੱਖ ਨੂੰ ਮਾਨਸਿਕ ਗੁਲਾਮੀ ਤੇ ਬੌਧਿਕ ਦੀਵਾਲੀਆਪਨ ਵੱਲ ਹੋਰ ਧੱਕਣਾ ਸ਼ੁਰੂ ਕਰ ਦਿੱਤਾ ਹੈ।ਲੋਕਾਂ ਕੋਲ ਆਪਣੇ ਆਪ ਨਾਲ, ਆਪਣੇ ਪਰਿਵਾਰ ਅਤੇ ਬੱਚਿਆਂ ਨਾਲ ਬੈਠਣ ਲਈ ਸਮਾਂ ਨਹੀਂ ਹੈ, ਕੁਝ ਚੰਗਾ ਪੜ੍ਹਨ-ਸੁਣਨ ਲਈ ਸਮਾਂ ਨਹੀਂ ਹੈ, ਜਿਸ ਨਾਲ ਸਮਾਜ ਵਿਕਾਸ ਦੀ ਥਾਂ ਨਿਘਾਰ ਵੱਲ ਨੂੰ ਜਾ ਰਿਹਾ ਹੈ।ਸਮਾਜ ਦੇ ਅਗਾਂਹਵਧੂ, ਸੂਝਵਾਨ ਬੁੱਧੀਜੀਵੀਆਂ, ਸਮਾਜਿਕ ਸਰੋਕਾਰਾਂ ਨੂੰ ਸਮਰਪਿਤ ਲੋਕਾਂ ਨੂੰ ਜਾਗਰੂਕ ਕਰਨ, ਇਸ ਲੁਟੇਰਾ ਨਿਜ਼ਾਮ ਨੂੰ ਸਮਝਣ-ਸਮਝਾਉਣ ਲਈ ਜੋਰਦਾਰ ਯਤਨ ਕਰਨ ਦੀ ਲੋੜ ਹੈ ਤਾਂ ਕਿ ਲੋਕ ਆਪਣੀ ਸਰੀਰਕ, ਮਾਨਸਿਕ ਲੁੱਟ ਪ੍ਰਤੀ ਸੁਚੇਤ ਹੋ ਕੇ ਕੁਝ ਕਰਨ ਲਈ ਤਿਆਰ ਹੋਣ।



# ਸਰਕਾਰ ਨਾਲ ਟੱਕਰ ਲੈਣ ਵਾਲੇ ਜਮਹੂਰੀ ਹੱਕਾਂ ਦੇ ਕਾਰਕੁੰਨਾਂ ਨੂੰ ਨੇੜਿਓਂ ਜਾਣੋ




ਮਹਾਰਾਸ਼ਟਰ ਪੁਲਿਸ ਨੇ ਭੀਮਾ ਕੋਰੇਗਾਂਵ ਹਿੰਸਾ ਦੀ ਜਾਂਚ ਦੇ ਸਬੰਧ ਵਿੱਚ ਪੰਜ ਆਦੀਵਾਸੀ, ਦਲਿਤ ਤੇ ਸ਼ਹਿਰੀ ਹਕੂਕ ਦੇ ਕਾਰਕੁਨਾਂ ਨੂੰ ਗ੍ਰਿਫ਼ਤਾਰ ਕੀਤਾ ਹੈ।

ਮੰਗਲਵਾਰ ਸਵੇਰੇ ਦੇਸ ਦੇ ਕਈ ਸੂਬਿਆਂ ਵਿੱਚ ਇਨ੍ਹਾਂ ਕਾਰਕੁਨਾਂ ਦੇ ਘਰਾਂ 'ਤੇ ਛਾਪੇਮਾਰੀ ਹੋਈ।

ਪੁਲਿਸ ਦਾ ਦਾਅਵਾ ਹੈ ਕਿ ਪੁਣੇ 'ਚ 31 ਦਸੰਬਰ 2017 ਨੂੰ ਦਿੱਤੇ ਗਏ ਇਨ੍ਹਾਂ ਦੇ ਭਾਸ਼ਣਾਂ ਕਾਰਨ ਹੀ ਅਗਲੇ ਦਿਨ ਤੋਂ ਵੱਡੇ ਪੱਧਰ 'ਤੇ ਹਿੰਸਾ ਹੋਈ ਤੇ ਇੱਕ ਸ਼ਖ਼ਸ ਮਾਰਿਆ ਗਿਆ ਸੀ।

ਇਸੇ ਸਾਲ ਜਨਵਰੀ 'ਚ ਭੀਮਾ ਕੋਰੇਗਾਂਵ ਦੀ ਲੜਾਈ ਦੀ 200ਵੀਂ ਬਰਸੀ ਮੌਕੇ ਭੀਮਾ ਨਦੀ ਦੇ ਕੰਡੇ 'ਤੇ ਸਥਿਤ ਸਮਾਰਕ ਕੋਲ ਪੱਥਰਬਾਜ਼ੀ ਅਤੇ ਅੱਗ ਲੱਗਣ ਦੀਆਂ ਘਟਨਾਵਾਂ ਸਾਹਮਣੇ ਆਈਆਂ।

ਭੀਮਾ ਕੋਰੇਗਾਂਵ ਦੀ ਲੜਾਈ ਇੱਕ ਜਨਵਰੀ 1818 ਨੂੰ ਮਹਾਰ ਜਾਤੀ ਦੇ ਲੋਕਾਂ ਨੇ ਈਸਟ ਇੰਡੀਆ ਕੰਪਨੀ ਦੀ ਸੈਨਾ ਵੱਲੋਂ ਲੜਦਿਆਂ ਪੇਸ਼ਵਾਵਾਂ ਦੀ ਆਗਵਾਈ ਵਾਲੀ ਮਰਾਠਾ ਸੈਨਾ ਮਾਤ ਦਿੱਤੀ ਸੀ।

ਜਾਂਚ ਨਾਲ ਜੁੜੇ ਇੱਕ ਪੁਲਿਸ ਅਧਿਕਾਰੀ ਨੇ ਬੀਬੀਸੀ ਨੂੰ ਦੱਸਿਆ ਕਿ ਦਿੱਲੀ ਵਿੱਚ ਮਨੁੱਖੀ ਅਧਿਕਾਰਾਂ ਦੇ ਕਾਰਕੁਨ ਅਤੇ ਪੱਤਰਕਾਰ ਗੌਤਮ ਨਵਲਖਾ, ਕਬਾਈਲੀਆਂ ਦੇ ਹੱਕਾਂ ਦੀ ਵਕੀਲ ਸੁਧਾ ਭਾਰਦਵਾਜ, ਹੈਦਰਾਬਾਦ ਦੇ ਲੇਖਕ ਤੇ ਕਵੀ ਵਰਵਰਾ ਰਾਵ, ਦਲਿਤ ਵਿਚਾਰਕ ਤੇ ਲੇਖਕ ਆਨੰਦ ਤੇਲਤੁੰਬੜੇ, ਮੁੰਬਈ ਵਿੱਚ ਵਰਨੋਨ ਗੋਂਜ਼ਾਲਵਿਸ ਅਤੇ ਅਰੁਣ ਫਰੇਰਾ ਅਤੇ ਰਾਂਚੀ ਵਿੱਚ ਸਟੇਨ ਸਵਾਮੀ ਦੇ ਘਰਾਂ ਵਿੱਚ ਛਾਪੇਮਾਰੀ ਕੀਤੀ ਗਈ।

- ਭਾਰਤ ਦੇ ਕਈ ਪ੍ਰਮੁੱਖ ਖੱਬੇ ਪੱਖੀ ਸਮਾਜਿਕ ਕਾਰਕੁਨ ਹਿਰਾਸਤ ਵਿੱਚ
- ਮਰਾਠਿਆਂ ਖਿਲਾਫ਼ ਦਲਿਤਾਂ ਦੀ ਲੜਾਈ ਬਾਰੇ ਪੂਰਾ ਸੱਚ
- 'ਜਦੋਂ ਦਲਿਤਾਂ ਵਾਲੀ ਫੌਜ ਨੇ ਮਰਾਠਿਆਂ ਨੂੰ ਭਾਜੜਾਂ ਪਾਈਆਂ'
- ਅਰੁੰਧਤੀ ਰਾਏ ਨੂੰ ਲੰਡਨ ਤੋਂ ਬਰਨਾਲਾ ਕੌਣ ਲੈ ਆਇਆ
- ਕਿਵੇਂ ਫੈਲੀ ਕੋਰੇਗਾਂਓ ਭੀਮਾ ਨੂੰ ਲੈ ਕੇ ਹਿੰਸਾ?

ਕੌਣ ਹਨ ਇਹ ਕਾਰਕੁਨ ਜਿਨ੍ਹਾਂ 'ਤੇ ਮਹਾਰਾਸ਼ਟਰ ਪੁਲਿਸ ਨੇ ਕਾਰਵਾਈ ਕੀਤੀ ਹੈ।

**ਗੌਤਮ ਨਵਲਖਾ**

ਪੀਪਲਜ਼ ਯੂਨੀਅਨ ਫਾਰ ਡੈਮੋਕਰੇਟਿਕ ਰਾਈਟਸ ਦੇ ਕਾਰਕੁਨ ਹਰੀਸ਼ ਧਵਨ ਮੁਤਾਬਕ, "ਗੌਤਮ ਨਵਲਖਾ ਨੂੰ ਪੁਲਿਸ ਨੇ ਦਿੱਲੀ ਤੋਂ ਹਿਰਾਸਤ ਵਿੱਚ ਲਿਆ ਹੈ।"

ਗੌਤਮ ਨਵਲਖਾ ਪਿਛਲੇ ਚਾਰ ਦਹਾਕਿਆਂ ਤੋਂ ਮਨੁੱਖੀ ਹਕੂਕ ਅਤੇ ਸ਼ਹਿਰੀ ਹਕੂਕ ਦੇ ਕਾਰਕੁਨ ਹਨ। ਉਹ ਪੀਪਲਜ਼ ਯੂਨੀਅਨ ਫਾਰ ਡੈਮੋਕਰੇਟਿਕ ਰਾਈਟਸ ਦੇ ਕਈ ਵਾਰ ਸਕੱਤਰ ਰਹੇ ਹਨ ਕਿਉਂਕਿ ਇਸ ਜਥੇਬੰਦੀ ਦਾ ਹਰ ਸਾਲ ਸਕੱਤਰ ਬਦਲਦਾ ਹੈ। ਇਹ ਜਥੇਬੰਦੀ 1977 ਵਿੱਚ ਬਣੀ ਸੀ ਅਤੇ ਗੌਤਮ ਨਵਲੱਖਾ 1979 ਵਿੱਚ ਇਸ ਨਾਲ ਜੁੜ ਗਏ ਸਨ।

ਗੌਤਮ ਲਗਾਤਾਰ ਤੱਥ ਪੜਤਾਲ ਕਮੇਟੀਆਂ ਪੂਰੇ ਮੁਲਕ ਵਿੱਚ ਕਾਮਿਆਂ, ਦਲਿਤਾਂ, ਕਬਾਇਲੀਆਂ ਅਤੇ ਕਾਰਕੁਨਾਂ ਮੁੱਦਿਆਂ ਅਤੇ ਫਿਰਕਾਪ੍ਰਸਤੀ ਨਾਲ ਜੁੜੀ ਹਿੰਸਾ ਦੀਆਂ ਘਟਨਾਵਾਂ ਦੇ ਤੱਥ ਜੋੜਨ ਲਈ ਜਾਂਦੇ ਰਹੇ ਹਨ।

ਗੌਤਮ ਕਸ਼ਮੀਰ ਵਿੱਚ ਰਾਇਸ਼ੁਮਾਰੀ ਦੀ ਵਕਾਲਤ ਕਰਦੇ ਹਨ। ਉਹ ਕਸ਼ਮੀਰ ਵਿੱਚ ਇਨਸਾਫ਼ ਅਤੇ ਮਨੁੱਖੀ ਹਕੂਕ ਦੇ ਆਵਾਮੀ ਕੌਮਾਂਤਰੀ ਟ੍ਰਿਬਿਊਨਲ ਦੇ ਕਨਵੀਨਰ ਰਹੇ ਹਨ। ਮਈ 2011 ਵਿੱਚ ਗੌਤਮ ਨਵਲੱਖਾ ਨੂੰ ਸ਼੍ਰੀਨਗਰ ਦੇ ਹਵਾਲੀ ਅੱਡੇ ਤੋਂ ਵਾਪਸ ਭੇਜਿਆ ਗਿਆ ਸੀ ਕਿਉਂਕਿ ਪੁਲਿਸ ਦਾ ਦਾਅਵਾ ਸੀ ਕਿ ਇਸ ਨਾਲ 'ਹਾਲਾਤ ਵਿਗੜ' ਸਕਦੇ ਹਨ।

ਗੌਤਮ ਨਵਲੱਖਾ 'ਇਕਨੌਮਿਕ ਪੌਲੀਟੀਕਲ ਵੀਕਲੀ' ਮੈਗਜ਼ੀਨ ਦੇ ਸਲਾਹਕਾਰ ਸੰਪਾਦਕ ਰਹੇ ਹਨ। ਉਨ੍ਹਾਂ ਦੇ ਪੀਪਲਜ਼ ਯੂਨੀਅਨ ਫਾਰ ਡੈਮੋਕਰੇਟਿਕ ਰਾਈਟਸ ਦੇ ਸਾਥੀ ਦੱਸਦੇ ਹਨ ਕਿ ਗੌਤਮ ਨੇ ਆਪਣੀ ਡੂੰਘੀ ਸਮਝ ਅਤੇ ਪੜਚੋਲ ਰਾਹੀਂ ਇਨਸਾਫ਼ ਦੇ ਸੰਘਰਸ਼ ਵਿੱਚ ਠੋਸ ਹਿੱਸਾ ਪਾਇਆ ਹੈ।

ਗੌਤਮ ਨਵਲਖਾ ਨੇ 'ਡੇਅਜ਼ ਅਤੇ ਨਾਈਟਸ ਇਨ ਦਾ ਹਰਟਲੈਂਡ ਆਫ ਰਿਵੀਲੀਅਨ' ਨਾਂ ਦੀ ਕਿਤਾਬ ਲਿਖੀ ਹੈ ਜੋ 2012 ਵਿੱਚ ਪੈਂਗੁਇਨ ਬੁੱਕਸ ਨੇ ਛਾਪੀ ਸੀ। ਇਸ ਤੋਂ ਬਾਅਦ ਉਨ੍ਹਾਂ ਨੇ 2016 ਵਿੱਚ ਵਾਰ ਐਂਡ ਪੌਲੀਟਿਕਸ, ਅੰਡਰਸਟੈਂਡਿਗ ਰੈਵੋਲਿਊਸ਼ਨਰੀ ਨਾਂ ਦੀ ਕਿਤਾਬ ਲਿਖੀ।

ਗੌਤਮ ਜਾਨ ਮਿਰਡਲ ਨਾਲ ਭਾਰਤੀ ਕਮਿਉਨਿਸਟ ਪਾਰਟੀ (ਮਾਓਵਾਦੀ) ਦੇ ਸਕੱਤਰ ਗਣਪਥੀ ਨੂੰ ਮਿਲੇ ਸਨ ਅਤੇ ਉਨ੍ਹਾਂ ਦਾ ਲੇਖ ਇਨਕਲਾਬ ਅਤੇ ਇਨਕਲਾਬੀ ਲਹਿਰਾਂ ਦੇ ਹਵਾਲੇ ਨਾਲ ਚਰਚਾ ਦਾ ਵਿਸ਼ਾ ਬਣਿਆ ਸੀ। ਗੌਤਮ ਨਵਲੱਖਾ ਸੁਰੱਖਿਆ ਦੇ ਮਾਮਲਿਆਂ ਉੱਤੇ ਲਗਾਤਾਰ ਲਿਖਦੇ ਰਹੇ ਹਨ ਅਤੇ ਜਨਤਕ ਮੰਚਾਂ ਉੱਤੇ ਬੋਲਦੇ ਰਹੇ ਹਨ।

ਭਾਰਤ-ਪਾਕਿਸਤਾਨ ਵਿੱਚ ਅਮਨ ਦੀ ਵਕਾਲਤ ਕਰਨ ਵਾਲੇ ਪੰਜਾਬ ਵਿੱਚ ਲਗਾਤਾਰ ਆਉਂਦੇ ਰਹੇ ਹਨ ਅਤੇ ਵੱਖ-ਵੱਖ ਮੌਕਿਆਂ ਉੱਤੇ ਦੇਸ਼ ਭਗਤ ਯਾਦਗਾਰੀ ਹਾਲ ਜਲੰਧਰ, ਪੰਜਾਬੀ ਭਵਨ ਲੁਧਿਆਣਾ ਅਤੇ ਬਰਨਾਲਾ ਵਿੱਚ ਅਹਿਮ ਮੁੱਦਿਆਂ ਉੱਤੇ ਬੋਲਦੇ ਰਹੇ ਹਨ।

**ਅਰੁਨ ਫਰੇਰਾ**

ਮੁੰਬਈ ਦੇ ਬਾਂਦਰਾ ਇਲਾਕੇ ਦੇ ਰਹਿਣ ਵਾਲੇ ਅਰੁਨ ਫਰੇਰਾ ਬੰਬੇ ਸੈਸ਼ਨ ਕੋਰਟ ਅਤੇ ਬੰਬੇ ਹਾਈ ਕੋਰਟ ਵਿੱਚ ਵਕਾਲਤ ਕਰਦੇ ਹਨ।

ਇਸ ਤੋਂ ਪਹਿਲਾਂ ਉਹ ਤਕਰੀਬਨ ਚਾਰ ਸਾਲ ਗ਼ੈਰ-ਕਾਨੂੰਨੀ ਸਰਗਰਮੀਆਂ ਰੋਕੂ ਐਕਟ ਅਤੇ ਦੇਸ਼ ਧ੍ਰੋਹ ਦੇ ਇਲਜ਼ਾਮ ਵਿੱਚ ਜੇਲ੍ਹ ਵਿੱਚ ਰਹੇ ਹਨ। ਬਾਅਦ ਵਿੱਚ ਇਨ੍ਹਾਂ ਸਾਰੇ ਮਾਮਲਿਆਂ ਵਿੱਚ ਉਨ੍ਹਾਂ ਨੂੰ ਬਰੀ ਕੀਤਾ ਗਿਆ।

ਅਰੁਨ ਇਸ ਵੇਲੇ ਉਹ ਵਕੀਲਾਂ ਦੀ ਜਥੇਬੰਦੀ ਇੰਡੀਅਨ ਐਸੋਸੀਏਸ਼ਨ ਆਫ ਪੀਪਲਜ਼ ਲਾਈਅਰਜ਼ ਦੇ ਖ਼ਜ਼ਾਨਚੀ ਹਨ।

ਅਰੁਨ ਫਰੇਰਾ ਮੁੰਬਈ ਵਿੱਚ ਸੈਂਟ ਜ਼ੇਵੀਅਰ ਕਾਲਜ ਵਿੱਚ ਆਪਣੇ ਵਿਦਿਆਰਥੀ ਜੀਵਨ ਦੌਰਾਨ ਖ਼ੂਨ ਦਾਨ ਕਰਨ ਵਾਲੇ ਦਾਨੀਆਂ ਨੂੰ ਉਨ੍ਹਾਂ ਦੇ ਰੇਖਾਚਿੱਤਰ ਬਣਾ ਕੇ ਦਿੰਦੇ ਸਨ। ਉਨ੍ਹਾਂ ਦਾ ਮਕਸਦ ਲੋਕਾਂ ਨੂੰ ਖ਼ੂਨਦਾਨ ਕਰਨ ਲਈ ਹੱਲਾਸ਼ੇਰੀ ਦੇਣਾ ਸੀ।

ਮੁੰਬਈ ਸ਼ਹਿਰ ਹਿੰਸਾ ਦਾ ਸ਼ਿਕਾਰ ਹੋਇਆ ਤਾਂ ਅਰੁਨ ਫਰੇਰਾ ਹਿੰਸਾ ਪੀੜਤ ਇਲਾਕਿਆਂ, ਜੋਗੇਸ਼ਵਰੀ ਅਤੇ ਗੋਰੇਗਾਓਂ ਵਿੱਚ ਰਾਹਤ ਕਾਰਜਾਂ ਲਈ ਪਹੁੰਚੇ ਅਤੇ ਬਹੁਤ ਸਾਰੇ ਹਿੰਸਾ ਪੀੜਤਾਂ ਨਾਲ ਉਨ੍ਹਾਂ ਦੀ ਗੱਲਬਾਤ ਹੋਈ। ਉਨ੍ਹਾਂ ਦਾ ਮਾਰਕਸਵਾਦੀ ਵਿਚਾਰਾਂ ਨਾਲ ਜੁੜਾਅ ਹੋ ਗਿਆ ਤਾਂ ਇੱਕ ਕਲਾਕਾਰ ਬਣਨ ਦੇ ਰਾਹ ਤੁਰਿਆ ਮੁੰਡਾ ਕਾਰਕੁਨ ਬਣ ਗਿਆ।

ਉਹ ਦੇਸ਼ ਭਗਤ ਯੁਵਾ ਮੰਚ ਦਾ ਕਾਰਕੁਨ ਬਣੇ ਜਿਸ ਨੂੰ ਸਰਕਾਰ 'ਮਾਓਵਾਦੀ ਮੰਚ' ਕਰਾਰ ਦਿੰਦੀ ਹੈ। ਜੇਲ ਵਿੱਚ ਅਰੁਨ ਫਰੇਰਾ ਨੇ ਆਪਣੇ ਤਜਰਬਿਆਂ ਨੂੰ ਰੇਖਾਚਿੱਤਰਾਂ ਵਿੱਚ ਕਾਗ਼ਜ਼ਾਂ ਉੱਤੇ ਉਤਾਰਿਆ। ਬਰੀ ਹੋਣ ਤੋਂ ਬਾਅਦ ਇਹੋ ਕਾਗ਼ਜ਼ ਉਨ੍ਹਾਂ ਦੀ ਕਿਤਾਬ ਦੀ ਬੁਨਿਆਦ ਬਣੇ।

**ਕਲਰਜ਼ ਆਫ ਦਿ ਕੇਜ:** ਏ ਪਰੀਜ਼ਨ ਮੈਮੋਆਇਰ ਨਾਂ ਦੀ ਕਿਤਾਬ ਵਿੱਚ ਜੇਲ ਵਿੱਚ ਬਣਾਏ ਰੇਖਾਚਿੱਤਰ ਸ਼ਾਮਿਲ ਹਨ। ਇਸ ਕਿਤਾਬ ਵਿੱਚ ਉਨ੍ਹਾਂ ਨੇ ਜੇਲ ਦੀ ਜ਼ਿੰਦਗੀ ਅਤੇ ਪੁਲਿਸ ਤਸ਼ੱਦਦ ਦਾ ਤਫ਼ਸੀਲ ਨਾਲ ਜ਼ਿਕਰ ਕੀਤਾ ਹੈ ਜਿੱਥੇ ਉਨ੍ਹਾਂ ਨੂੰ ਅੰਡਾ ਸੈੱਲ ਵਿੱਚ ਰੱਖਿਆ ਗਿਆ ਸੀ। ਉਨ੍ਹਾਂ ਦੀ ਇਸ ਕਿਤਾਬ ਦਾ ਅਨੁਵਾਦ ਤੇਲਗੂ, ਬੰਗਲਾ, ਮਰਾਠੀ ਅਤੇ ਪੰਜਾਬੀ ਵਿੱਚ ਹੋ ਚੁੱਕਿਆ ਹੈ।

**ਵਰਨਨ ਗੋਂਜ਼ਾਲਵਿਸ**

ਮੁੰਬਈ ਯੂਨੀਵਰਸਿਟੀ ਤੋਂ ਗੋਲਡ ਮੈਡਲਿਸਟ ਲੇਖਕ ਵਰਨਨ ਗੋਂਜ਼ਾਲਵਿਸ ਮੁੰਬਈ ਵਿੱਚ ਰਹਿੰਦੇ ਹਨ ਅਤੇ ਕਮਰਸ ਪੜ੍ਹਾਉਂਦੇ ਹਨ।

ਸਾਲ 2007 ਵਿੱਚ ਵਰਨਨ ਨੂੰ ਗੈਰ-ਕਾਨੂੰਨੀ ਗਤੀਵਿਧੀਆਂ ਕਾਰਨ ਗ੍ਰਿਫ਼ਤਾਰ ਕੀਤਾ ਗਿਆ ਸੀ। ਉਨ੍ਹਾਂ ਨੂੰ 6 ਸਾਲ ਦੀ ਸਜ਼ਾ ਵੀ ਹੋਈ। ਵਰਨਨ ਦੀ ਪਤਨੀ ਮਨੁੱਖੀ ਅਧਿਕਾਰਾਂ ਦੀ ਵਕੀਲ ਹਨ।

**ਸਟੈਨ ਸਵਾਮੀ**

ਪੁਲਿਸ ਨੇ ਰਾਂਚੀ ਵਿੱਚ ਦੇ ਰਹਿਣਾ ਵਾਲੇ ਜਾਣੇ-ਪਛਾਣੇ 80 ਸਾਲਾ ਸਮਾਜਿਕ ਕਾਰਕੁਨ ਸਟੈਨ ਸਵਾਮੀ ਦੇ ਘਰ ਵੀ ਛਾਪੇਮਾਰੀ ਕੀਤੀ।

ਸਵਾਮੀ ਪਾਦਰੀ ਹਨ ਪਰ ਕਈ ਸਾਲਾਂ ਤੋਂ ਉਹ ਚਰਚ ਵਿੱਚ ਨਹੀਂ ਰਹਿੰਦੇ।

ਸਰਕਾਰ ਵਿੱਚ ਹੁੰਦੀਆਂ ਗੜਬੜੀਆਂ ਨੂੰ ਲੈ ਕੇ ਉਨ੍ਹਾਂ ਤੱਥ ਅਧਾਰਿਤ ਰਿਪੋਰਟਾਂ ਵੀ ਪ੍ਰਕਾਸ਼ਿਤ ਕੀਤੀਆਂ ਹਨ।

ਜੁਲਾਈ ਵਿੱਚ ਝਾਰਖੰਡ ਪੁਲਿਸ ਨੇ ਸਵਾਮੀ 'ਤੇ ਦੇਸ ਧ੍ਰੋਹ ਦਾ ਮਾਮਲਾ ਦਰਜ ਕੀਤਾ ਸੀ। ਉਨ੍ਹਾਂ 'ਤੇ ਸੂਬੇ ਵਿੱਚ 'ਪੱਥਲਗੜ੍ਹੀ ਅੰਦੋਲਨ' ਨੂੰ ਸਮਰਥਨ ਦੇਣ ਦਾ ਇਲਜ਼ਾਮ ਸੀ।

ਭਾਰਤ ਵਿੱਚ ਜਮਹੂਰੀਅਤ ਨੂੰ ਬਚਾਉਣ ਸਬੰਧੀ ਕੀਤੀ ਗਈ ਰੈਲੀ ਨੂੰ ਪੂਰੇ ਮੁਲਕ ਤੋਂ ਵੱਡਾ ਹੁੰਗਾਰਾ ਮਿਲਿਆ ਸੀ।

**ਵਰਵਰਾ ਰਾਓ**

ਪੁਣੇ ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਤੇਲੰਗਾਨਾ ਦੇ ਰਹਿਣ ਵਾਲੇ ਵਰਵਰਾ ਰਾਓ ਖੱਬੇਪੱਖੀਆਂ ਦੇ ਸਮਰਥਕ, ਲੇਖਕ, ਕਵੀ ਅਤੇ ਲੇਖਕਾਂ ਦੀ ਕ੍ਰਾਂਤੀਕਾਰੀ 'ਐਸੋਸ਼ੀਏਸ਼ਨ ਵਿਪਲਵ ਰਚਯਤਾਲਾ ਸੰਘਮ' ਸੰਸਥਾਪਕ ਹਨ, ਇਸ ਨੂੰ ਵਿਰਾਸਮ ਵੀ ਕਿਹਾ ਜਾਂਦਾ ਹੈ।

ਵਰਵਰਾ ਰਾਓ ਦੇ ਰਿਸ਼ਤੇਦਾਰ ਅਤੇ ਪੱਤਰਕਾਰ ਵੇਣੂਗੋਪਾਲ ਮੁਤਾਬਕ ਹੈਦਰਾਬਾਦ ਵਿੱਚ ਰਾਓ ਦੀ ਧੀ ਦੇ ਘਰ ਵੀ ਪੁਲਿਸ ਦੀ ਛਾਪੇਮਾਰੀ ਹੋਈ ਹੈ

ਤੇਲੰਗਾਮਾ ਦੇ ਵਾਰੰਗਲ ਜ਼ਿਲ੍ਹੇ ਦੇ ਚਿਨਾ ਪੇਂਡਯਾਲਾ ਪਿੰਡ ਵਿੱਚ ਉਨ੍ਹਾਂ ਦਾ ਜਨਮ ਹੋਇਆ।

ਐਮਰਜੈਂਸੀ ਦੌਰਾਨ ਉਨ੍ਹਾਂ ਨੂੰ ਸਾਜਿਸ਼ ਰਚਣ ਦੇ ਇਲਜ਼ਾਮਾਂ ਹੇਠ ਗ੍ਰਿਫਤਾਰ ਕੀਤਾ ਗਿਆ ਪਰ ਬਾਅਦ ਵਿੱਚ ਉਹ ਬਰੀ ਹੋ ਗਏ।

ਰਾਮ ਨਗਰ ਸਾਜਿਸ਼ ਤੇ ਸਿਕੰਦਰਾਬਾਦ ਸਾਜਿਸ਼ ਕੇਸ ਸਣੇ 20 ਮਾਮਲਿਆਂ ਵਿੱਚ ਵਰਵਰਾ ਰਾਓ ਨਾਲ ਪੁੱਛਗਿੱਛ ਹੋ ਚੁੱਕੀ ਹੈ।

ਹਿੰਸਾ ਦੇ ਖ਼ਾਤਮੇ ਲਈ ਮਾਓਵਾਦੀਆਂ, ਚੰਦਰਬਾਬੂ ਨਾਇਡੂ ਅਤੇ ਵਾਈਐਸ ਰਾਜਾ ਸੇਖਰ ਰੈੱਡੀ ਦੀ ਸਰਕਾਰ ਨਾਲ ਗੱਲਬਾਤ ਲਈ ਵਰਵਰਾ ਰਾਓ ਵਿਚੋਲੇ ਦੀ ਭੂਮਿਕਾ ਨਿਭਾ ਚੁੱਕੇ ਹਨ।

**ਸੁਧਾ ਭਾਰਦਵਾਜ**

ਪੁਲਿਸ ਸੁਧਾ ਭਾਰਦਵਾਜ ਨੂੰ ਹਰਿਆਣਾ ਸਥਿਤ ਸੂਰਜਕੁੰਡ ਪੁਲਿਸ ਥਾਣੇ ਲੈ ਗਈ। ਸੁਧਾ ਭਾਰਦਵਾਜ ਦੀ ਧੀ ਅਨੁਸ਼ਾ ਭਾਰਦਵਾਜ ਨੇ ਬੀਬੀਸੀ ਨੂੰ ਦੱਸਿਆ ਕਿ ਪੁਲਿਸ ਨੇ ਉਨ੍ਹਾਂ ਦੇ ਘਰ ਸਵੇਰੇ ਸੱਤ ਵਜੇ ਰੇਡ ਮਾਰੀ ਅਤੇ ਸੁਧਾ ਭਾਰਦਵਾਜ ਦਾ ਫੋਨ ਅਤੇ ਲੈਪਟਾਪ ਜ਼ਬਤ ਕਰ ਲਿਆ ਹੈ।

ਸੁਧਾ ਦਿੱਲੀ ਦੀ ਨੈਸ਼ਨਲ ਲਾਅ ਯੂਨੀਵਰਸਿਟੀ ਵਿੱਚ ਗੈਸਟ ਟੀਚਰ ਵਜੋਂ ਪੜ੍ਹਾਉਂਦੇ ਹਨ। ਉਹ ਟਰੇਡ ਯੂਨੀਅਨ ਨਾਲ ਵੀ ਜੁੜੇ ਹੋਏ ਹਨ ਅਤੇ ਕਾਮਿਆਂ ਦੇ ਮਾਮਲਿਆਂ ਨੂੰ ਵੀ ਚੁੱਕਦੇ ਹਨ।

ਆਦੀਵਾਸੀਆਂ ਦੇ ਹੱਕਾਂ ਅਤੇ ਜ਼ਮੀਨ ਐਕੁਆਇਰ ਕਰਨ ਦੇ ਮਾਮਲੇ 'ਤੇ ਸੁਧਾ ਨੇ ਸੈਮੀਨਾਰ ਕੋਰਸ ਵੀ ਕਰਵਾਏ ਹਨ। ਦਿੱਲੀ ਜਿਊਡੀਸ਼ੀਅਲ ਅਕੈਡਮੀ ਦੇ ਪ੍ਰੋਗਰਾਮ ਦਾ ਹਿੱਸਾ ਹੁੰਦੇ ਹੋਏ ਸੁਧਾ ਨੇ ਸ੍ਰੀਲੰਕਾ ਦੀਆਂ ਲੇਬਰ ਅਦਾਲਤਾਂ ਨੂੰ ਵੀ ਸੰਬੋਧਿਤ ਕੀਤਾ ਹੈ।

ਮਨੁੱਖੀ ਅਧਿਕਾਰਾਂ ਦੀ ਵਕੀਲ ਹੋਣ ਕਾਰਨ ਸੁਧਾ ਛੱਤੀਸਗੜ੍ਹ ਦੀ ਹਾਈ ਕੋਰਟ ਵਿੱਚ ਹੇਬੀਅਸ ਕੋਰਪਸ (ਕਾਨੂੰਨ ਮੁਤਾਬਕ ਅਦਾਲਤ ਵਿੱਚ ਤੈਅ ਸਮੇਂ ਅੰਦਰ ਹਿਰਾਸਤ 'ਚ ਲਏ ਸ਼ਖਸ ਨੂੰ ਪੇਸ਼ ਕਰਨਾ), ਆਦੀਵਾਸੀਆਂ ਦੇ ਫੇਕ ਐਨਕਾਊਂਟਰ ਦੇ ਮਾਮਲੇ ਵਿੱਚ ਪੀੜਤਾਂ ਵੱਲੋਂ ਪੇਸ਼ ਹੋਏ ਹਨ। ਮਨੁੱਖੀ ਅਧਿਕਾਰਾਂ ਦੇ ਕਾਰਕੁਨਾਂ ਵੱਲੋਂ ਵੀ ਨੈਸ਼ਨਲ ਹਿਊਮਨ ਰਾਈਟਸ ਕਮਿਸ਼ਨ ਵਿੱਚ ਵੀ ਪ੍ਰਤੀਨਿਧੀ ਵਜੋਂ ਪੇਸ਼ ਹੋਏ।

**ਅਰੁਣਧਤੀ ਰਾਏ ਨੇ ਕੀ ਕਿਹਾ**

ਮਸ਼ਹੂਰ ਲੇਖਕ ਅਰੁਣਧਤੀ ਰਾਏ ਨੇ ਬੀਬੀਸੀ ਤੇਲਗੂ ਸੇਵਾ ਨਾਲ ਗੱਲ ਕਰਦਿਆਂ ਕਿਹਾ, "ਸ਼ਰੇਆਮ ਲੋਕਾਂ ਦੀ ਹੱਤਿਆ ਕਰਨ ਵਾਲੇ ਅਤੇ ਲਿੰਚਿੰਗ ਕਰਨ ਵਾਲਿਆਂ ਦੀ ਥਾਂ ਵਕੀਲਾਂ, ਕਵੀਆਂ, ਲੇਖਕਾਂ, ਦਲਿਤ ਅਧਿਕਾਰਾਂ ਲਈ ਲੜਨ ਵਾਲਿਆਂ ਅਤੇ ਬੁੱਧੀਜੀਵੀਆਂ ਦੇ ਘਰ ਛਾਪੇਮਾਰੀ ਕੀਤੀ ਜਾ ਰਹੀ ਹੈ। ਇਸ ਤੋਂ ਪਤਾ ਲੱਗਦਾ ਹੈ ਤਕਿ ਭਾਰਤ ਕਿਸ ਪਾਸੇ ਜਾ ਰਿਹਾ ਹੈ। ਕਾਤਲਾਂ ਸਨਮਾਨਿਤ ਕੀਤਾ ਜਾ ਰਿਹਾ ਹੈ। ਕੀ ਇਹ ਆਉਣ ਵਾਲੀਆਂ ਚੋਣਾਂ ਨੂੰ ਤਿਆਰੀ ਹੈ?"

**ਕਦੋਂ ਅਤੇ ਕਿਉਂ ਹੋਈ ਸੀ ਕੋਰੇਗਾਂਵ 'ਚ ਹਿੰਸਾ**

ਮਹਾਰਾਸ਼ਟਰ 'ਚ ਇਸੇ ਸਾਲ ਜਨਵਰੀ 'ਚ ਭੀਮਾ ਕੋਰੇਗਾਂਵ ਦੀ 200ਵੀਂ ਬਰਸੀ ਮੌਕੇ ਭੀਮਾ ਨਦੀ ਦੇ ਕੰਡੇ 'ਤੇ ਸਥਿਤ ਸਮਾਰਕ ਕੋਲ ਪੱਥਰਬਾਜ਼ੀ ਅਤੇ ਅੱਗ ਲੱਗਣ ਦੀਆਂ ਘਟਨਾਵਾਂ ਸਾਹਮਣੇ ਆਈਆਂ।

ਕਿਹਾ ਜਾਂਦਾ ਹੈ ਕਿ ਭੀਮਾ ਕੋਰੇਗਾਂਵ ਦੀ ਲੜਾਈ ਇੱਕ ਜਨਵਰੀ 1818 ਨੂੰ ਈਸਟ ਇੰਡੀਆ ਕੰਪਨੀ ਦੀ ਸੈਨਾ ਅਤੇ ਪੇਸ਼ਵਾਵਾਂ ਦੀ ਆਗਵਾਈ ਵਾਲੀ ਮਰਾਠਾ ਸੈਨਾ ਦੇ ਵਿਚਾਲੇ ਹੋਈ ਸੀ।

ਇਸ ਜੰਗ ਵਿੱਚ ਮਹਾਰ ਜਾਤੀ ਨੇ ਈਸਟ ਇੰਡੀਆਂ ਕੰਪਨੀ ਵੱਲੋਂ ਲੜਦਿਆਂ ਹੋਇਆਂ ਮਰਾਠੀਆਂ ਨੂੰ ਮਾਤ ਦਿੱਤੀ ਸੀ। ਮਹਾਰਾਸ਼ਟਰ 'ਚ ਮਹਾਰ ਜਾਤੀ ਨੂੰ ਲੋਕ ਅਛੂਤ ਸਮਝਦੇ ਹਨ।

ਹਿੰਸਾ ਦੇ ਬਾਅਦ ਬੀਬੀਸੀ ਪੱਤਰਕਾਰ ਮਯੂਰੇਸ਼ ਕੁੰਨੂਰ ਨਾਲ ਗੱਲ ਕਰਦਿਆਂ ਪੁਣੇ ਗ੍ਰਾਮੀਣ ਦੇ ਪੁਲਿਸ ਸਪਰੀਡੈਂਟ ਸੁਵੇਜ਼ ਹਕ ਨੇ ਬੀਬੀਸੀ ਨੂੰ ਦੱਸਿਆ, "ਦੋ ਗੁੱਟਾਂ ਵਿਚਾਲੇ ਝੜਪ ਹੋਈ ਸੀ ਅਤੇ ਉਦੋਂ ਪੱਥਰਬਾਜ਼ੀ ਸ਼ੁਰੂ ਹੋ ਗਈ ਸੀ। ਪੁਲਿਸ ਫੌਰਨ ਹਰਕਤ ਵਿੱਚ ਆਈ। ਅਸੀਂ ਭੀੜ ਹਾਲਾਤ 'ਤੇ ਕਾਬੂ ਕਰਨ ਲਈ ਅਥਰੂ ਗੈਸ ਅਤੇ ਲਾਠੀਚਾਰਜ਼ ਦਾ ਇਸਤੇਮਾਲ ਕਰਨਾ ਪਿਆ ਸੀ।





**ਅਦਾਰਾ 'ਸਰੋਕਾਰਾਂ ਦੀ ਅਵਾਜ਼' ਦੇਸ਼ ਭਰ ਅੰਦਰ ਉਘੇ ਲੋਕਪੱਖੀ ਬੁੱਧੀਜੀਵੀਆਂ ਵਰਵਰਾ ਰਾਓ, ਗੋਤਮ ਨਵਲਖਾ, ਆਨੰਦ ਤੇਲ ਤੁਬੰੜੇ ਸਮੇਤ ਹੋਰਨਾਂ ਨੂੰ ਝੂਠੇ ਵਿਸੇਸ਼ਕਰ ਭੀਮਾ ਕੋਰੇ ਗਾਓਂ ਕੇਸ 'ਚ ਦੂਜੇ ਬੁੱਧੀਜੀਵੀਆਂ ਵਾਂਗ ਉਲਝਾਉਣ ਅਤੇ ਦੇਸ਼ ਧਰੋਹ ਦੇ ਕੇਸਾਂ ਚ ਫਸਾਉਣ ਦੀ ਮੋਦੀ ਦੀ ਮੁਜਰਮਾਨਾ ਚਾਲ ਦੀ ਤਿਖੀ ਨਿੰਦਾ ਕਰਦਾ ਜ਼ੋਰਦਾਰ ਸਾਂਝੀ ਆਵਾਜ਼ ਉਠਾਉਣ ਦੀ ਅਪੀਲ ਕਰਦਾ ਹੈ।**

**- ਸੰਪਾਦਕ**

# ਉੱਘੇ ਇਨਕਲਾਬੀ ਬੁੱਧੀਜੀਵੀ ਪ੍ਰੋਫ਼ੈਸਰ ਵਰਵਰਾ ਰਾਓ, ਗੌਤਮ ਨਵਲੱਖਾ, ਵਰਨੋਨ ਗੋਂਸਾਲਵੇਜ਼ ਅਤੇ ਐਡਵੋਕੇਟ ਸੁਧਾ ਭਾਰਦਵਾਜ ਨੂੰ ਗ੍ਰਿਫ਼ਤਾਰ ਕਰ ਲਿਆ

## ਹੋਰ ਜਮਹੂਰੀ ਕਾਰਕੁੰਨਾਂ ਦੇ ਘਰਾਂ ਵਿਚ ਛਾਪੇਮਾਰੀ ਅਤੇ ਤਲਾਸ਼ੀਆਂ ਬਾਰੇ ਅੱਪਡੇਟ ਜਾਣਕਾਰੀ



ਅੱਜ ਸਵੇਰ ਤੋਂ ਹੀ ਹੈਦਰਾਬਾਦ (ਤੇਲੰਗਾਨਾ), ਮਹਾਰਾਸ਼ਟਰ, ਦਿੱਲੀ, ਫ਼ਰੀਦਾਬਾਦ (ਹਰਿਆਣਾ), ਰਾਂਚੀ ਅਤੇ ਗੋਆ ਵਿਚ ਪੁਲਿਸ ਪਾਰਟੀਆਂ ਵੱਲੋ. ਉੱਘੇ ਜਮਹੂਰੀ ਕਾਰਕੰਨਾਂ ਦੇ ਘਰਾਂ ਵਿਚ ਛਾਪੇ ਮਾਰਕੇ ਤਲਾਸ਼ੀਆਂ ਅਤੇ ਪੁੱਛਗਿੱਛ ਦੀ ਮੁਹਿੰਮ ਚਲਾਈ ਗਈ। ਘਰਾਂ ਵਿੱਚੋਂ ਸਮਾਨ ਜ਼ਬਤ ਕੀਤਾ ਹੈ ਅਤੇ ਕਾਰਕੁੰਨਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਤੇਲੰਗਾਨਾ ਵਿਚ ਪ੍ਰੋਫੈਸਰ ਵਰਵਰਾ ਰਾਓ, ਰੈਵੋਲੂਸ਼ਨਰੀ ਰਾਈਟਰਜ਼ ਐਸੋਸੀਏਸ਼ਨ ਦੇ ਆਗੂਆਂ ਅਸੀਮ ਅਤੇ ਕ੍ਰਾਂਤੀ, ਪੱਤਰਕਾਰ ਕੁਮਾਰਨਾਥ ਦੇ ਘਰਾਂ ਦੀ ਤਲਾਸ਼ੀ ਗਈ।ਪ੍ਰੋਫੈਸਰ ਵਰਾਵਰਾ ਰਾਓ ਮੋਦੀ ਦੀ ਹੱਤਿਆ ਦੀ ਕਥਿਤ ਸਾਜ਼ਿਸ਼ ਬਾਰੇ ਪੁੱਛਗਿੱਛ ਕੀਤੀ ਗਈ ਹੈ ਅਤੇ ਟਰਾਂਜ਼ਿਟ ਰਿਮਾਂਡ ਲੈਣ ਲਈ ਨਮਾਪੱਲੀ ਅਦਾਲਤ ਵਿਚ ਲਿਜਾਇਆ ਗਿਆ ਹੈ। ਜਦਕਿ ਐਡਵੋਕੇਟ ਸੁਧਾ ਭਾਰਦਵਾਜ ਨੂੰ ਉਸਦੇ ਫ਼ਰੀਦਾਬਾਦ ਵਿਚਲੇ ਘਰ ਤੋਂ ਮਹਾਂਰਾਸ਼ਟਰ ਦੀ ਪੁਲਿਸ ਵੱਲੋਂ ਗ੍ਰਿਫ਼ਤਾਰ ਕਰਕੇ ਅਦਾਲਤ ਵਿਚ ਲਿਜਾਕੇ ਟਰਾਂਜ਼ਿਟ ਰਿਮਾਂਡ ਲਿਆ ਗਿਆ ਹੈ ਤਾਂ ਜੋ ਉਸ ਨੂੰ ਪੁਣੇ ਲਿਜਾਇਆ ਜਾਕੇ। ਪ੍ਰੋਫੈਸਰ ਵਰਾਵਰਾ ਰਾਓ ਦੀਆਂ ਧੀਆਂ ਅਨਾਲਾ ਅਤੇ ਪਵਨ ਦੇ ਘਰਾਂ ਦੀ ਤਲਾਸ਼ੀ ਵੀ ਲਈ ਜਾ ਰਹੀ ਹੈ ਜੋ ਕ੍ਰਮਵਾਰ ਦਲਿਤ ਐਕਟੀਵਿਸਟ ਪ੍ਰੋਫੈਸਰ ਕੇ. ਸੱਤਿਆਨਰਾਇਣ ਅਤੇ ਜਰਨਲਿਸਟ ਕੁਮਰਾਨਾਥ ਨੂੰ ਵਿਆਹੀਆਂ ਹੋਈਆਂ ਹਨ। ਮੁੰਬਈ ਵਿਚ ਅਰੁਣ ਫਰੇਰਾ, ਸੁਸਾਨ ਅਬਰਾਹਮ ਅਤੇ ਵਰਨੋਨ ਗੋਂਸਾਲਵੇਜ਼ ਦੇ ਘਰਾਂ ਵਿਚ ਪੁਣੇ ਪੁਲਿਸ ਵੱਲੋਂ ਛਾਪਾ ਮਾਰਿਆ ਗਿਆ ਹੈ। ਵਰਨੋਨ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਗੋਆ ਵਿਚ ਉੱਘੇ ਦਲਿਤ ਬੁੱਧੀਜੀਵੀ ਡਾ.ਆਨੰਦ ਤੇਲਤੁੰਬੜੇ ਦੇ ਘਰ ਦੀ ਤਲਾਸ਼ੀ ਲਈ ਗਈ ਹੈ। ਦਿੱਲੀ ਵਿਚ ਉੱਘੇ ਬੁੱਧੀਜੀਵੀ ਗੌਤਮ ਨਵਲੱਖਾ ਦੇ ਘਰ ਛਾਪਾ ਮਾਰਕੇ ਤਲਾਸ਼ੀ ਲਈ ਗਈ ਹੈ। ਇਸੇ ਤਰ੍ਹਾਂ ਰਾਂਚੀ ਵਿਚ 83 ਸਾਲ ਦੇ ਕਾਰਕੁੰਨ ਸਟੇਨ ਸਵਾਮੀ ਦੇ ਘਰ ਵਿਚ ਮਹਾਰਾਸ਼ਟਰ ਪੁਲਿਸ ਅਤੇ ਸਥਾਨਕ ਪੁਲਿਸ ਵੱਲੋਂ ਛਾਪਾ ਮਾਰਕੇ ਉਸਦਾ ਲੈਪਟਾਪ, ਹਾਰਡ ਡਿਸਕਾਂ, ਮੋਬਾਈਲ ਫ਼ੋਨ, ਡਾਇਰੀਆਂ ਅਤੇ ਹੋਰ ਤਕਨੀਕੀ ਸਮਾਨ ਜ਼ਬਤ ਕਰ ਲਿਆ ਗਿਆ।ਇਹਨਾਂ ਸਾਰੇ ਕਾਰਕੁੰਨਾਂ ਨੂੰ ਭੀਮਾ-ਕੋਰੇਗਾਓਂ ਮਾਮਲੇ ਨਾਲ ਜੋੜਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਛਾਪੇਮਾਰੀਆਂ ਅਤੇ ਤਲਾਸ਼ੀਆਂ ਦਾ ਇਹ ਸਿਲਸਿਲਾ ਕੇਂਦਰ ਸਰਕਾਰ ਦੀ ਕਿਸੇ ਵੱਡੀ ਸਾਜ਼ਿਸ਼ ਦਾ ਹਿੱਸਾ ਹੈ। ਹਾਲੀਆ ਛਾਪੇਮਾਰੀਆਂ ਅਤੇ ਗਿਰਫ਼ਤਾਰੀਆਂ ਵੀ ਦੋ ਮਹੀਨੇ ਪਹਿਲਾਂ ਪ੍ਰੋਫੈਸਰ ਸ਼ੋਮਾ ਸੇਨ, ਐਡਵੋਕੇਟ ਸੁਰਿੰਦਰ ਗਾਡਲਿੰਗ, ਸੁਧੀਰ ਧਾਵਲੇ, ਮਹੇਸ਼ ਰਾਵਤ, ਰੋਨਾ ਵਿਲਸਨ ਨੂੰ ਭੀਮਾ-ਕੋਰੇਗਾਓਂ ਦੀ ਕਥਿਤ ਹਿੰਸਾ ਨਾਲ ਜੋੜਕੇ ਗ੍ਰਿਫ਼ਤਾਰ ਕਰਨ ਅਤੇ ਫਿਰ ਉਹਨਾਂ ਉੱਪਰ ਮੋਦੀ ਦੀ ਹੱਤਿਆ ਦੀ ਸਾਜ਼ਿਸ਼ ਰਚਣ ਦਾ ਝੂਠਾ ਕੇਸ ਦਰਜ ਕਰਨ ਦੀ ਤਰਜ਼ 'ਤੇ ਕੀਤੀਆਂ ਜਾ ਰਹੀਆਂ ਹਨ। ਇਹ ਤੈਅ ਹੈ ਕਿ ਪੁਲਿਸ ਇਹਨਾਂ ਜਮਹੂਰੀ ਸ਼ਖਸੀਅਤਾਂ ਨੂੰ ਵੀ ਕਿਸੇ ਬਹਾਨੇ ਉਸੇ ਸਾਜ਼ਿਸ਼ ਕੇਸ ਨਾਲ ਜੋੜਕੇ ਗ੍ਰਿਫ਼ਤਾਰ ਕਰਕੇ ਪੁਣੇ ਲਿਜਾਏਗੀ ਅਤੇ ਉਸੇ ਝੂਠੇ ਕੇਸ ਵਿਚ ਫਸਾਏਗੀ ਜਿਵੇਂ ਪਹਿਲਾਂ ਪੰਜ ਕਾਰਕੁੰਨਾਂ ਨੂੰ ਜੇਲ੍ਹ ਬੰਦ ਕੀਤਾ ਜਾ ਚੁੱਕਾ ਹੈ। ਜਮਹੂਰੀ ਅਧਿਕਾਰ ਸਭਾ ਪੰਜਾਬ ਇਹਨਾਂ ਛਾਪੇਮਾਰੀਆਂ ਅਤੇ ਤਲਾਸ਼ੀਆਂ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦੀ ਹੈ ਅਤੇ ਮੰਗ ਕਰਦੀ ਹੈ ਕਿ ਜਮਹੂਰੀ ਸ਼ਖਸੀਅਤਾਂ ਨੂੰ ਝੂਠੇ ਕੇਸਾਂ ਵਿਚ ਗ੍ਰਿਫ਼ਤਾਰ ਕਰਕੇ ਉਹਨਾਂ ਦੀ ਜ਼ੁਬਾਨਬੰਦੀ ਦਾ ਤਾਨਾਸ਼ਾਹ ਸਿਲਸਿਲਾ ਬੰਦ ਕੀਤਾ ਜਾਵੇ। ਜਮਹੂਰੀ ਅਧਿਕਾਰ ਸਭਾ ਸਮੂਹ ਜਮਹੂਰੀ ਅਤੇ ਇਨਸਾਫ਼ਪਸੰਦ ਤਾਕਤਾਂ ਨੂੰ ਇਸ ਰਾਜਕੀ ਦਹਿਸ਼ਤਵਾਦ ਵਿਰੁੱਧ ਜ਼ੋਰਦਾਰ ਆਵਾਜ਼ ਉਠਾਉਣ ਦੀ ਅਪੀਲ ਕਰਦੀ ਹੈ।

**ਬੂਟਾ ਸਿੰਘ**

## ਬੁੱਧੀਜੀਵੀਆਂ ਦੀਆਂ ਗ੍ਰਿ.ਫਤਾਰੀਆਂ ਖਿਲਾ.ਫ ਦੇਸ਼ ਵਿਆਪੀ ਰੋਸ ਵਿਖਾਵਿਆਂ ਦਾ ਸੱਦਾ

ਮੁਲਕ ਭਰ ਦੇ ਲੋਕ ਹਿਤੈਸ਼ੀ ਬੁੱਧੀਜੀਵੀਆਂ, ਲੇਖਕਾਂ, ਜਮਹੂਰੀ ਕਾਮਿਆਂ, ਪੱਤਰਕਾਰਾਂ ਦੀਆਂ ਅੱਜ ਧੜਾਧੜ ਗ੍ਰਿ.ਫਤਾਰੀਆਂ, ਛਾਪਾਮਾਰੀ ਕਰਨ, ਤਲਾਸ਼ੀਆਂ ਲੈਣ ਅਤੇ ਘਰਾਂ 'ਚੋਂ ਜਬਰੀ ਸਮਾਨ ਚੁੱਕ ਕੇ ਲਿਜਾਣ ਦੇ ਸਿਰੇ ਦੇ ਧੱਕੜ, ਗੈਰ ਜਮਹੂਰੀ ਅਤੇ ਫ਼ਾਸੀ ਕਦਮਾਂ ਦਾ ਅਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਪੰਜਾਬ ਨੇ ਤਿੱਖਾ ਵਿਰੋਧ ਕਰਦੇ ਹੋਏ ਸਮੂਹ ਲੋਕਪੱਖੀ ਜਥੇਬੰਦੀਆਂ ਨੂੰ ਸਿਰ ਜੋੜ ਕੇ ਤੁਰੰਤ ਸੜਕਾਂ ਉਪਰ ਨਿਕਲ ਆਉਣ ਦਾ ਸੱਦਾ ਦਿੱਤਾ ਹੈ।


ਅਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਪੰਜਾਬ ਦੇ ਕਨਵੀਨਰ ਡਾ. ਪਰਮਿੰਦਰ, ਪ੍ਰੋ. ਏ. ਕੇ. ਮਲੇਰੀ ਅਤੇ ਯਸ਼ਪਾਲ ਨੇ ਲਿਖਤੀ ਪ੍ਰੈਸ ਬਿਆਨ 'ਚ ਦੱਸਿਆ ਕਿ ਮੁਲਕ ਦੇ ਜਾਣੇ ਪਹਿਚਾਣੇ ਕਵੀ ਵਰਵਰਾ ਰਾਓ, ਗੌਤਮ ਨਵਲੱਖਾ, ਆਨੰਦ ਤੇਲਤੁੰਬੜੇ, ਐਡਵੋਕੇਟ ਮੁਧਾ ਭਾਰਦਵਾਜ ਅਰੁਨ ਫਰੇਰਾ ਆਦਿ ਦਰਜਨਾਂ ਬੁੱਧੀਜੀਵੀਆਂ ਨੂੰ ਇਕੋ ਵੇਲੇ ਛਾਪਾਮਾਰੀ ਕਰਕੇ ਫੜਨ ਅਤੇ ਝੂਠੇ ਕੇਸਾਂ 'ਚ ਫਸਾਉਣ ਦੀ ਸਾਡੇ ਮੁਲਕ ਦੀ ਜਮਹੂਰੀ ਇਨਕਲਾਬੀ ਵਿਰਾਸਤ ਦੀ ਮਾਲਕ ਲੋਕ ਲਹਿਰ ਕਦਾਚਿਤ ਬਰਦਾਸ਼ਤ ਨਹੀਂ ਕਰੇਗਾ।

ਕਨਵੀਨਰਾਂ ਨੇ ਸੱਦਾ ਦਿੱਤਾ ਹੈ ਕਿ ਫਰੰਟ ਦੇ ਕਾਮੇ ਹੋਰਨਾਂ ਜਥੇਬੰਦੀਆਂ ਦੇ ਇਸ ਬਾਰੇ ਸੱਦੇ ਦੀ ਹਮਾਇਤ 'ਚ ਵੀ ਡਟਵਾਂ ਸਾਥ ਦੇਣ ਅਤੇ ਖੁਦ ਵੀ ਥਾਈਂ ਥਾਈਂ ਜਨਤਕ ਇਕੱਤਰਤਾਵਾਂ, ਰੈਲੀਆਂ ਕਰਨ ਅਤੇ ਅਰਥੀਆਂ ਫੂਕਣ ਦੀ ਲੰਮੀ ਲੜੀ ਵਾਲੀ ਸਰਗਰਮੀ ਲਈ ਲੱਕ ਬੰਨ੍ਹ ਕੇ ਅੱਗੇ ਆਉਣ।

ਜਮਹੂਰੀ ਫਰੰਟ ਨੇ ਸਮੁੱਚੀ ਲੋਕਪੱਖੀ ਇਨਕਲਾਬੀ ਜਮਹੂਰੀ ਲਹਿਰ ਨੂੰ ਸੱਦਾ ਦਿੱਤਾ ਹੈ ਕਿ ਉਹ ਆਪਣੇ ਤਬਕਾਤੀ/ਜਮਾਤੀ ਹੋਰ ਮੁੱਦਿਆਂ ਉਪਰ ਸਰਗਰਮੀ ਦੇ ਨਾਲ-ਨਾਲ ਵਿਚਾਰਾਂ ਦੇ ਪ੍ਰਗਟਾਵੇ ਦੀ ਅਜ਼ਾਦੀ ਉਪਰ ਬੋਲੇ ਵਿਆਪਕ ਅਤੇ ਮਾਰੂ ਹੱਲੇ ਦਾ ਮੂੰਹ ਤੋੜ ਜਵਾਬ ਦੇਣ ਲਈ ਅੱਗੇ ਆਉਣ।

ਡਾ. ਪ੍ਰਮਿੰਦਰ, ਪ੍ਰੋ. ਏ. ਕੇ. ਮਲੇਰੀ, ਯਸ਼ਪਾਲ

ਅੱਜ ਪ੍ਰੋਫੈਸਰ ਵਰਵਰਾ ਰਾਓ, ਗੌਤਮ ਨਵਲੱਖਾ, ਐਡਵੋਕੇਟ ਸੁਧਾ ਭਾਰਦਵਾਜ, ਵਰਨੋਨ ਗੋਂਸਾਲਵੇਜ਼, ਅਰੁਨ ਫਰੇਰਾ ਨੂੰ ਗ੍ਰਿਫ਼ਤਾਰ ਕਰਨ ਅਤੇ ਹੋਰ ਜਮਹੂਰੀ ਸ਼ਖਸੀਅਤਾਂ ਦੇ ਘਰਾਂ ਵਿਚ ਛਾਪੇ ਮਾਰਨ ਬਾਰੇ ਬੁੱਕਰ ਇਨਾਮ ਜੇਤੂ ਲੇਖਿਕਾ ਦਾ ਪ੍ਰਤੀਕਰਮ



*"ਵਕੀਲਾਂ, ਕਵੀਆਂ, ਲੇਖਕਾਂ, ਦਲਿਤ ਹੱਕਾਂ ਦੇ ਕਾਰਕੁੰਨਾਂ ਅਤੇ ਬੁੱਧੀਜੀਵੀਆਂ ਦੇ ਘਰਾਂ ਉੱਪਰ ਛਾਪੇ ਕਿਉਂ ਮਾਰੇ ਜਾ ਰਹੇ ਹਨ ਅਤੇ ਹਜੂਮੀ ਹਤਿਆਰੇ ਗਰੋਹਾਂ ਦੇ ਘਰਾਂ ਵਿਚ ਛਾਪੇ ਕਿਉਂ ਨਹੀਂ ਮਾਰੇ ਜਾ ਰਹੇ। ਅਸੀਂ ਐਮਰਜੈਂਸੀ ਦਾ ਐਲਾਨ ਕੀਤੇ ਜਾਣ ਦੇ ਨਜ਼ਦੀਕ ਜਾ ਰਹੇ ਹਾਂ। ਹਤਿਆਰੇ ਹਜੂਮਾਂ ਅਤੇ ਦਿਨ-ਦਿਹਾੜੇ ਲੋਕਾਂ ਦੇ ਕਤਲ ਕਰਨ ਵਾਲਿਆਂ ਦੇ ਛਾਪੇ ਮਾਰਨ ਦੀ ਬਜਾਏ ਵਕੀਲਾਂ,ਕਵੀਆਂ, ਲੇਖਕਾਂ, ਦਲਿਤਾਂ ਹੱਕਾਂ ਦੇ ਕਾਰਕੁੰਨਾਂ ਅਤੇ ਬੁੱਧੀਜੀਵੀਆਂ ਦੇ ਘਰਾਂ ਉੱਪਰ ਛਾਪੇਮਾਰੀ ਬਹੁਤ ਸਪਸ਼ਟ ਦਰਸਾਉਂਦੀ ਹੈ ਕਿ ਭਾਰਤ ਕਿਸ ਪਾਸੇ ਜਾ ਰਿਹਾ ਹੈ। ਜੋ ਵਾਪਰ ਰਿਹਾ ਹੈ ਉਹ ਬਹੁਤ ਹੀ ਖ਼ਤਰਨਾਕ ਹੈ। ਇਹ ਆ ਰਹੀਆਂ ਚੋਣਾਂ ਦੀ ਤਿਆਰੀ ਹੈ। ਅਸੀਂ ਇਸ ਨੂੰ ਵਾਪਰਨ ਦੀ ਇਜਾਜ਼ਤ ਨਹੀਂ ਦੇ ਸਕਦੇ। ਸਾਨੂੰ ਸਾਰਿਆਂ ਨੂੰ ਇਕੱਠੇ ਹੋਣਾ ਹੋਵੇਗਾ। ਨਹੀਂ ਤਾਂ ਉਹ ਤਮਾਮ ਆਜ਼ਾਦੀਆਂ ਖੁੱਸ ਜਾਣਗੀਆਂ ਜੋ ਅਸੀਂ ਸੰਜੋਈ ਬੈਠੇ ਹਾਂ।"*

**ਅਰੁੰਧਤੀ ਰਾਏ**

## We, the undersigned, are shocked by the serial raids across the country on the homes of activists and public intellectuals

ਭਾਰਤ ਦੇ ਪ੍ਰਮੁੱਖ ਲੋਕ ਪੱਖੀ ਬੁੱਧੀਜੀਵੀਆਂ ਵੱਲੋਂ, ਇੱਕ ਸਾਂਝੇ ਬਿਆਨ ਰਾਹੀਂ, ਜਮਹੂਰੀ ਹੱਕਾਂ ਦੇ ਕਾਰਕੁਨ ਵਰਵਰ ਰਾਓ, ਸੁਧਾ ਭਾਰਦਵਾਜ, ਗੌਤਮ ਨਵਲਖਾ ਅਤੇ ਵਰਮਨ ਗੌਂਸਲੇਵਜ਼ ਦੀ ਪ੍ਰਧਾਨ ਮੰਤਰੀ ਮੋਦੀ ਨੂੰ ਕਤਲ ਕਰਨ ਦੀ ਸ਼ਾਜਿਸ਼ ਦੇ ਝੂਠੇ ਕੇਸ ਚ ਗਿਰਫਤਾਰੀ ਅਤੇ ਹੋਰਾਂ ਦੇ ਘਰੀਂ ਛਾਪੇ ਮਾਰਨ ਦੀ ਜ਼ੋਰਦਾਰ ਨਿਖੇਧੀ ? ਇਸ ਵਹਿਸ਼ੀ ਕਦਮ ਨੂੰ ਲੁੱਟੇ ਲਤਾੜੇ ਲੋਕਾਂ ਦੇ ਹੱਕਾਂ ਲਈ ਲੜਨ ਵਾਲਿਆਂ ਨੂੰ ਦਹਿਸ਼ਤਜ਼ਦਾ ਕਰਨ ਦੀ ਕਾਰਵਾਈ ਦੱਸਿਆ ? ਇਹਨਾਂ ਬੁੱਧੀਜੀਵੀਆਂ ਨੇਂ ਗਿਰਫ਼ਤਾਰ ਲੋਕਾਂ ਦੀ ਤੁਰੰਤ ਰਿਹਾਈ ਅਤੇ ਉਹਨਾਂ ਦੇ ਖਿਲਾਫ ਲਾਏ ਸਾਰੇ ਦੋਸ਼ ਰੱਦ ਕਰਨ ਦੀ ਮੰਗ ਕੀਤੀ ਹੈ ? ਪੂਰਾ ਬਿਆਨ ਨਿਮਨਲਿਖਤ ਅਨੁਸਾਰ ਹੈ :

We, the undersigned, are shocked by the serial raids across the country on the homes of activists and public intellectuals who are critical of the government and the ruling party at the Centre. The arrests of prominent activists and intellectuals Sudha Bharadwaj, Vernon Gonsalves, Gautam Navlakha, Varavara Rao, Arun Ferreira, Kranthi Tekula and others, are nothing but an attempt by the government to strike terror among those who are fighting for justice for the marginalised. This is also an attempt by the BJP to invent a false enemy and engage in scaremongering in order to polarise the 2019 elections in its favour. Already, the government and the media houses close to the BJP have been trying to spin a false narrative of a Maoist conspiracy since June, 2018. Terms like "urban naxals" are invented in order to stifle any criticism of the government. We have learnt that the Delhi Police, after having arrested Sudha Bharadwaj, waited for Republic TV to arrive before taking her to the court. This simply shows that the arrests are incomplete without the accompanying sensationalist media propaganda to demonise activists, human rights defenders and intellectuals.The so-called raids carried out on the houses of these activists are aimed at creating a spectacle, as the writings and views of these intellectuals are already publicly known and are well documented. This seems like a conspiracy to divert attention from the gravity of the Sanatan Sanstha conspiracy to carry out serial bomb attacks on Eid and Ganesh Chaturthi! The same Sanatan Sanstha was also involved in the murder of Gauri Lankesh, as per the ongoing investigations by Karnataka police. Today's arrests have been carried out in order to give cover to the murderers of Gauri Lankesh. People like Sudha Bharadwaj, Gautam Navlakha and others who have been arrested are friends of the people who have dedicated their entire lives to the betterment of the Indian public. By arresting them, the BJP is only exposing its insecurities and its intolerance to any dissent or criticism of its policies.

The arrests should be seen in continuation with the recent attacks on pro-justice voices such as Swami Agnivesh, Umar Khalid and many other student activists from Delhi to Lucknow. A BJP lawmaker from Karnataka even advocated the murder of "intellectuals." Both the arrests and the physical attacks on justice loving people must be seen in a series of attempts to stifle dissent and deny social justice. We demand immediate release of the arrested individuals, dropping of all false and malicious charges, as these arrests are politically motivated and unjustified.

# All India People's Forum (AIPF)

All India People's Forum(AIPF) demands the immediate release of human and democratic rights activists Sudha Bharadwaj, Gautam Nalakha, Vernon Gonsalves, Varavara Rao and Kranti. Their arrests on 28 August, follow large scale raids at the residences of the activists who have been raising their voices for the rights of adivasis and dalits.

Pune Police have claimed arrests and raids are on the basis FIR lodged after Bhima Koregaon violence. The activists have been arrested under sedition charges and sections of UAPA.

AIPF condemns the government's move to present Bhima Koregaon event as an act of terrorism. It has been commemorated for decades by dalits of Maharastra. By arresting human rights activists, the RSS led BJP government is taking forward its casteist brahmanical agenda and trying to distract attention from the terror acts of RSS supported organisations such as Santhan Sanstha and Shiv Pratishtan, whose involvement in fomenting violence is now getting clearly established. AIPF condemns BJP government's attempt to crack down upon voices of democracy. The fascists designs of the government are clearly visible as it supports communal and casteist storm troopers and lynch mobs, while protest are being silenced through raids and arrests. This is nothing short of an undeclared Emergency. AIPF calls all democratic voices to unite and resist the fascists design of the government.

On 30th August 2018, at 4 pm , a Joint protest of citizens and democratic organisations is being held at Parliament Street, Delhi. AIPF calls all progressive voices to unite and resist the fascist onslaught on our democracy.

# ਨਾਵਲ 'ਇਹੁ ਜਨਮ ਤੁਮਾਹਰੇ ਲੇਖੇ' ਅਤੇ 'ਬੇਇੱਜ਼ਤ' ਦੇ ਸੰਦਰਭ ਵਿੱਚ ਔਰਤ ਸਸ਼ਤੀਕਰਣ ਦੀ ਦਸ਼ਾ ਅਤੇ ਦਿਸ਼ਾ

ਗੁਰਚਰਨ ਕੌਰ ਥਿੰਦ,
403-293-2625

ਇਸ ਵਾਰ ਲੁਧਿਆਣਾ, ਪੰਜਾਬ ਗਈ ਤਾਂ ਚੇਤਨਾ ਪ੍ਰਕਾਸ਼ਨ ਤੋਂ ਕੁੱਝ ਕਿਤਾਬਾਂ ਖਰੀਦ ਲਿਆਈ। ਨਛੱਤਰ ਦੀ 'ਪੰਜਾਬੀ ਸਾਹਿਤ ਅਕਾਡਮੀ' ਇਨਾਮ ਜੇਤੂ ਕਿਤਾਬ 'ਸਲੋਅ ਡਾਊਨ' ਰਿਸੈਸ਼ਨ ਦੇ ਸਮੇਂ ਦਿੱਲੀ ਸ਼ਹਿਰ ਤੇ ਇਸ ਦੇ ਆਸ ਪਾਸ ਦੀ ਆਰਥਿਕ ਤੇ ਸਮਾਜਿਕ ਸਥਿਤੀ ਨੂੰ ਦਰਸਾਉਂਦੀ ਅਤੇ 'ਕੈਂਸਰ ਟ੍ਰੇਨ' ਪੰਜਾਬ ਵਿੱਚ ਫੈਲ ਰਹੇ ਕੈਂਸਰ ਦੁਖਾਂਤ ਦੀ ਤ੍ਰਾਸਦੀ ਪ੍ਰਗਟਾਉਂਦੀ ਦਿੱਲ ਨੂੰ ਧੂਹ ਪਾਉਣ ਵਾਲੀਆਂ ਕਿਤਾਬਾਂ ਹਨ। ਨਾਲ ਹੀ ਗੁਰਬਚਨ ਭੁੱਲਰ ਦਾ 2018 ਵਿੱਚ ਛਪਿਆ ਚਾਰ ਸੌ ਅੱਠ ਸਫ਼ੇ ਦਾ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਕੁੱਝ ਪੜ੍ਹਿਆ ਕੁਝ ਅਣਪੜ੍ਹਿਆ ਨਾਲ ਲੈ ਆਈ ਜੋ ਪਹੁੰਚਦਿਆਂ ਦੋ ਚਾਰ ਦਿਨਾਂ ਵਿੱਚ ਮੁਕਾ ਕੇ ਹੀ ਸਾਹ ਲਿਆ। ਫੇਸ ਬੁੱਕ, ਵਟਸ ਐਪ ਅਤੇ ਅਖ਼ਬਾਰਾਂ ਰਸਾਲਿਆਂ ਵਿੱਚ 'ਬੇਇੱਜ਼ਤ' ਨਾਵਲ ਦਾ ਬੜਾ ਚਰਚਾ ਪੜ੍ਹਿਆ ਸੁਣਿਆ। ਐਤਕੀਂ ਦੇ ਬੁੱਕ ਫੇਅਰ ਵਿੱਚ ਜਿਉਂ ਹੀ ਇਹ ਕਿਤਾਬ ਹੱਥ ਲਗੀ ਇਸਦੇ ਤਿੰਨ ਸੌ ਵੀਹ ਪੰਨੇ ਵੀ ਨਿਗ੍ਹਾ ਹੇਠੋਂ ਲੰਘਾ ਕੇ ਹੀ ਚੈਨ ਲਿਆ।

'ਇਹੁ ਜਨਮੁ ਤੁਮਹਾਰੇ ਲੇਖੇ' ਅਤੇ 'ਬੇਇੱਜ਼ਤ' ਕਿਤਾਬਾਂ ਅਜਿਹੀਆਂ ਜ਼ਿਹਨ ਵਿੱਚ ਪੁੜੀਆਂ ਕਿ ਇਹਨਾਂ ਨੂੰ ਪੜ੍ਹ ਲੈਣ ਦਾ ਚੈਨ ਬੇਚੈਨੀ ਵਿੱਚ ਬਦਲ ਹਰ ਪਲ ਅੰਦਰ ਖ਼ੁਰਦਲੂ ਪਾਉਣ ਲਗਾ। ਔਰਤਾਂ ਦੇ ਸਸ਼ਕਤੀਕਰਣ (ਵੁਮੇਨ ਐਪਾਵਰਮੈਂਟ) ਵਾਲੇ ਕਹੇ ਜਾਣ ਵਾਲੇ ਅਜੋਕੇ ਜ਼ਮਾਨੇ ਵਿੱਚ ਸਾਡੀ ਆਪਣੀ ਕਮਿਊਨਿਟੀ ਵਿੱਚ ਔਰਤਾਂ ਦੀ (ਵਿਅਕਤਗਤ, ਸਮਾਜਿਕ, ਤੇ ਆਰਥਿਕ) ਦਸ਼ਾ ਤੇ ਦਿਸ਼ਾ ਨੂੰ ਇਨ੍ਹਾਂ ਕਿਤਾਬਾਂ ਦੇ ਪੰਨੇ ਬਾਖ਼ੂਬੀ ਬਿਆਨਦੇ ਹਨ। ਪਰਿਵਾਰਕ, ਸਮਾਜਕ ਤੇ ਧਾਰਮਿਕ ਸੀਮਾ-ਰੇਖਾ ਦੇ ਦਾਇਰਿਆਂ ਅੰਦਰ ਰਹਿੰਦੀ ਔਰਤ, ਚਾਹੇ ਮਾਂ ਹੋਵੇ, ਭੈਣ ਜਾਂ ਪਤਨੀ, ਸਰਬਪ੍ਰਵਾਨਤ ਹੈ, ਸਤਿਕਾਰਤ ਹੈ, ਪਿਆਰਨਯੋਗ ਹੈ। ਵਿਅਕਤੀਗਤ ਅਜ਼ਾਦੀ ਦੇ ਨਾਂ ਜ਼ਿੰਮੇਵਾਰੀ ਦੀਆਂ ਪੰਡਾਂ ਚੁੱਕਦੀ ਤੇ ਨਿਭਾਉਂਦੀ ਉਹ ਸੀਮਾ-ਰੇਖਾ ਦੇ ਅੰਦਰ ਕੁੱਝ ਵੀ ਕਰਨ ਲਈ ਅਜ਼ਾਦ ਆਖੀ ਜਾਂਦੀ ਹੈ। ਪਰ ਜਿਉਂ ਹੀ ਉਹ ਨਿਰਧਾਰਤ ਦਾਇਰਿਆਂ ਤੋਂ ਕਦਮ ਬਾਹਰ ਰੱਖ ਆਪਣੀ ਇੱਛਾ ਅਨੁਸਾਰ ਵਿਅਕਤੀਗਤ ਅਜ਼ਾਦੀ ਮਾਨਣਾ ਚਾਹਵੇ ਤਾਂ ਫਿਰ ਉਹ ਨਾ ਤਾਂ ਚੰਗੀ ਧੀ ਹੈ, ਨਾ ਹੀ ਚੰਗੀ ਪਤਨੀ ਅਤੇ ਨਾ ਹੀ ਚੰਗੀ ਮਾਂ ਹੈ। ਫਿਰ ਤਾਂ ਬਸ ਉਸ ਦਾ ਫਸਤਾ ਵੱਢਣਾ ਹੁੰਦਾ ਹੈ।

'ਇਹੁ ਜਨਮੁ ਤੁਮਹਾਰੇ ਲੇਖੇ' ਦੀ ਨਾਇਕਾ ਜਗਦੀਪ ਕੌਰ ਭਾਈਚਾਰੇ ਵਿੱਚ ਅਤਿ ਸਤਿਕਾਰਤ, ਧਰਮੀ ਪੁਰਸ਼ ਅਤੇ ਧਾਰਮਿਕ ਕਵੀ ਗੁਰਸੇਵ ਸਿੰਘ ਦੀ ਪੁੱਤਰੀ ਹੈ। ਉਹ ਬਚਪਨ ਤੋਂ ਹੀ ਆਪਣੇ ਪਿਤਾ ਦੀ ਦੇਖ ਰੇਖ ਵਿੱਚ ਪਲ਼ੀ ਤੀਖਣ ਬੁੱਧੀ, ਕੋਮਲ ਭਾਵੀ, ਧਾਰਮਿਕ ਕਵਿਤਾਵਾਂ ਲਿਖਣ ਵਾਲੀ ਬਹੁਤ ਹੀ ਖ਼ੂਬਸੂਰਤ ਬੱਚੀ ਸੀ। ਜਦੋਂ ਉਹ ਗੁਰਦੁਆਰੇ ਆਪਣੀਆਂ ਲਿਖੀਆਂ ਕਵਿਤਾਵਾਂ ਆਪਣੀ ਸੁਰੀਲੀ ਅਵਾਜ਼ ਵਿੱਚ ਪੜ੍ਹਦੀ ਤਾਂ ਹਰੇਕ ਦੀ ਪ੍ਰਸ਼ੰਸਾ ਝੋਲੀਆਂ ਭਰ ਭਰ ਬਟੋਰਦੀ। ਦੇਸ਼-ਵੰਡ ਨੇ ਪਿਓ ਧੀ ਨੂੰ ਵੀ ਆਪਣੇ ਮੂਲ ਨਾਲੋਂ ਤੋੜ ਦਿੱਲੀ ਸ਼ਹਿਰ ਦੀਆਂ ਗਲੀਆਂ ਵਿੱਚ ਸ਼ਰਨਾਰਥੀ ਬਣਾ ਆ ਵਸਾਇਆ। ਪ੍ਰਮਾਤਮਾ ਦੀ ਮਿਹਰ ਸਮਝ ਲਓ ਜਾਂ ਸੰਯੋਗ ਕਹਿ ਲਓ ਕਿ ਇੱਕ ਦਿਨ ਗੁਰਦੁਆਰੇ ਗੁਰਸੇਵ ਸਿੰਘ ਹੁਰਾਂ ਦਾ ਮੇਲ ਉਹਨਾਂ ਦੇ ਪਰਮ ਮਿੱਤਰ ਤੀਰਥ ਸਿੰਘ ਨਾਲ ਹੋ ਗਿਆ ਜੋ ਉਹਨਾਂ ਵਾਂਗ ਹੀ ਉੱਜੜ ਪੁੱਜੜ ਕੇ ਦਿੱਲੀ ਆ ਵਸੇ ਸਨ। ਦੋਵਾਂ ਮਿਤਰਾਂ ਨੇ ਛੇਤੀ ਹੀ ਆਪਣੀ ਮਿੱਤਰਤਾ ਨੂੰ ਰਿਸ਼ਤੇਦਾਰੀ ਵਿੱਚ ਬਦਲਣ ਦਾ ਫੈਸਲਾ ਕਰ ਆਪਣੇ ਬੱਚਿਆਂ ਜਗਦੀਪ ਅਤੇ ਗੁਰਮੁਖ ਸਿੰਘ ਦੀ ਸ਼ਾਦੀ ਕਰ ਦਿੱਤੀ। ਉਹ ਇੱਕ ਦੂਜੇ ਨੂੰ ਪਹਿਲਾਂ ਹੀ ਜਾਣਦੇ ਅਤੇ ਸ਼ਾਇਦ ਦਿਲੋਂ ਇੱਕ ਦੂਜੇ ਨੂੰ ਚਾਹੁੰਦੇ ਵੀ ਸਨ।

ਕਵਿੱਤਰੀ ਜਗਦੀਪ ਹੁਣ ਧਾਰਮਿਕ ਦੀ ਬਜਾਏ ਵਿਅਕਤੀਗਤ ਜਜ਼ਬਾਤਾਂ ਵਾਲੀਆਂ, ਸਮਾਜਿਕ ਹੱਦਾਂ ਬੰਨ੍ਹਿਆਂ ਨੂੰ ਨਕਾਰਦੀਆਂ ਰਚਨਾਵਾਂ ਲਿਖਣ ਲਗ ਪਈ ਸੀ। ਬੇਸ਼ਕ ਉਹਦੀ ਦੇਸ਼-ਵੰਡ ਵੇਲੇ ਦੀ ਦਿੱਲਾਂ ਨੂੰ ਧੂਹ ਪਾਉਂਦੀ ਕਵਿਤਾ ਨੇ ਉਸ ਨੂੰ ਦੇਸ਼ ਪ੍ਰਦੇਸ਼ ਵਿੱਚ ਮਸ਼ਹੂਰ ਕਰ ਦਿੱਤਾ ਪਰ ਹੁਣ ਉਹ ਆਪਣੇ ਬਾਪ ਦੀ ਧਾਰਮਿਕ ਕਵਿਤਾਵਾਂ ਲਿਖਣ ਵਾਲੀ ਬੀਬੀ ਧੀ ਨਹੀਂ ਸੀ ਰਹੀ। ਅਤੇ ਜਦ ਉਹ ਘਰੋਂ ਬਾਹਰ ਮੁਸ਼ਾਇਰਿਆਂ ਵਿੱਚ ਕਵਿਤਾਵਾਂ ਪੜ੍ਹਨ ਜਾਂਦੀ, ਉਹਦੇ ਲੇਖਕ ਦੋਸਤ ਉਹਨੂੰ ਉਹਦੇ ਸਹੁਰੇ ਘਰ ਮਿਲਣ ਆਉਂਦੇ, ਉਹ ਘੰਟਿਆਂ ਬੱਧੀ ਬੇਤੁਕੱਲਫ਼ ਉਹਨਾਂ ਨਾਲ ਬੈਠ ਗੱਲਾਂ ਕਰਦੀ ਤਾਂ ਉਹ ਇਕ ਚੰਗੀ ਪਤਨੀ ਤੇ ਚੰਗੀ ਨੂੰਹ ਵੀ ਨਹੀਂ ਰਹੀ।

ਫਿਰ ਉਹ ਮਰਦ ਕਵੀਆਂ ਵਾਂਗ ਜਾਮ ਦੀ ਸਾਂਝ ਪਾਉਣ ਤੋਂ ਵੀ ਨਹੀਂ ਕਤਰਾਉਂਦੀ ਹੈ। ਚੋਰੀ ਛਿਪੇ ਸਿਗਰਟਾਂ ਦਾ ਸੇਵਨ ਕਰ ਸਮਾਜ ਦੀਆਂ ਸਥਾਪਤ ਕਦਰਾਂ ਕੀਮਤਾਂ ਨੂੰ ਨਕਾਰਦੀ, ਭਾਵਪੂਰਤ ਕਲਾਤਮਿਕ ਰਚਨਾਵਾਂ ਨੂੰ ਜਨਮ ਦੇਂਦੀ ਦੁਨਿਆਵੀ ਸਦਾਚਾਰਕ ਕਦਰਾਂ ਕੀਮਤਾਂ ਦਾ ਮੂੰਹ ਚੜਾਉਂਦੀ ਪ੍ਰਤੀਤ ਹੁੰਦੀ ਹੈ। ਸਿਤਮ ਤਦ ਹੁੰਦਾ ਹੈ ਜਦ ਉਹ ਆਪਣੇ ਪਤੀ ਗੁਰਮੁਖ ਸਿੰਘ ਨੂੰ ਤਲਾਕ ਦੇਣ ਨੂੰ ਕਹਿੰਦੀ ਹੈ ਅਤੇ ਉਸ ਦੇ ਪਤੀ ਵਲੋਂ ਅਜਿਹਾ ਕਰਨ ਤੋਂ ਇਨਕਾਰ ਕਰਨ ਤੇ ਉਹ ਸਮਾਜਿਕ ਨੇਮਾਂ ਅਸੂਲਾਂ ਦੀ ਪ੍ਰਵਾਹ ਨਾ ਕਰਦੀ ਹੋਈ ਆਪਣੇ ਦੋਸਤ 'ਨਵਰੰਗ' ਨੂੰ ਆਪਣੇ ਘਰ ਵਿੱਚ ਰਖ ਆਪਣੀ ਮਨਭਾਉਂਦੀ ਅਜ਼ਾਦ ਜ਼ਿੰਦਗੀ ਜਿਉਣ ਲਗ ਪੈਂਦੀ ਹੈ। ਹੁਣ ਉਹ ਇੱਕ ਚੰਗੀ ਮਾਂ ਵੀ ਨਹੀਂ ਸੀ, ਭਾਵੇਂ ਉਹ ਆਪਣੀ ਧੀ ਤੇ ਪੁੱਤਰ ਨੂੰ ਦਿਲੋਜਾਨ ਨਾਲ ਪਿਆਰ ਕਰਦੀ ਸੀ। ਅੰਤ ਵਿੱਚ ਦੋਵੇਂ ਬੱਚੇ ਆਪਣੀ ਮਾਂ ਨੂੰ ਨਕਾਰਦੇ ਹੀ ਨਹੀਂ ਬਲਕਿ ਉਸ ਤੋਂ ਸ਼ਰਮਸ਼ਾਰ ਵੀ ਹਨ ਅਤੇ ਉਸ ਨੂੰ ਨਫ਼ਰਤ ਕਰਦੇ ਹਨ।

ਜਗਦੀਪ ਦਾ ਦਰਵੇਸ਼ ਪਿਤਾ ਤਾਂ ਖ਼ਵਰੇ ਧੀ ਦੀ ਅਮੋੜਤਾ ਦੀ ਪਸ਼ੇਮਾਨੀ ਦਾ ਮਾਰਿਆ ਗੁਰੂ ਚਰਨਾਂ 'ਚ ਜੋਦੜੀ ਕਰਨ ਐਸਾ ਨਿਵਿਆਂ ਕਿ ਮੁੜ ਉੱਠਿਆ ਹੀ ਨਹੀਂ। ਉਸਨੂੰ ਬੇਇੰਤਹਾ ਪਿਆਰ ਕਰਨ ਵਾਲਾ ਉਸ ਦਾ ਪਤੀ ਗੁਰਮੁਖ ਸਿੰਘ ਹੌਲੀ ਹੌਲੀ ਉਸ ਤੋਂ ਬੇਨਿਆਜ਼ ਹੋ ਆਪਣੀ ਹੀ ਦੁਨੀਆਂ ਵਿੱਚ ਸਿਮਟ ਗਿਆ। ਉਸ ਅਨੁਸਾਰ ਉਹ ਇਸ ਸਬੰਧ ਵਿੱਚ ਕੁੱਝ ਆਖ ਕੇ ਉਹਦੇ ਲੇਖਕ ਮਿੱਤਰਾਂ ਅਤੇ ਅਖ਼ਬਾਰਾਂ ਰਸਾਲਿਆਂ ਤੋਂ ਆਪਣੀ ਅਤੇ ਆਪਣੇ ਪਰਿਵਾਰ ਦੀ ਇੱਜ਼ਤ ਦੀਆਂ ਧੱਜੀਆਂ ਨਹੀਂ ਉਡਵਾਉਣਾ ਚਾਹੁੰਦਾ ਸੀ। ਬੱਚੇ ਵੀ ਆਪਣੀ ਮਾਂ ਤੋਂ ਬਾਗ਼ੀ ਹੋ ਗਏ। ਬੇਟੀ ਵਿਆਹ ਕਰਵਾ ਕੇ ਪ੍ਰਦੇਸ ਗਈ ਨੇ ਮੁੜ ਕਦੇ ਆਪਣੀ ਮਾਂ ਦੀ ਸਾਰ ਨਹੀਂ ਲਈ। ਅਤੇ ਉਸ ਦਾ ਬੇਟਾ 'ਸਰਬਗੁਣ' ਜਿਹੜਾ ਉਹਦੇ ਨਾਲ ਉਸੇ ਘਰ ਵਿੱਚ ਹੀ ਰਹਿੰਦਾ ਰਿਹਾ ਸੀ, ਮੌਤ ਦੀਆਂ ਆਖਰੀ ਘੜੀਆਂ ਗਿਣ ਰਹੀ ਮਾਂ ਦੇ ਸੁਆਸ ਪੂਰੇ ਹੋਣ ਤੋਂ ਪਹਿਲਾਂ ਹੀ ਉਸ ਘਰ ਦਾ ਸੌਦਾ ਕਰ ਉਹਦੀ ਤੇ ਉਹਦੇ 'ਨਵਰੰਗ' ਦੀ ਹੋਂਦ ਨੂੰ ਆਪਣੇ ਮੱਥੇ ਦੀ ਪੱਟੀ ਤੋਂ ਪੂੰਝ ਦੇਣ ਦਾ ਤਹੱਈਆ ਕਰ ਲੈਂਦਾ ਹੈ। ਘਰ ਢਾਹੁਣ ਵੇਲੇ ਗੇਟ ਤੇ ਲਗੀ 'ਜਗਦੀਪ-ਨਵਰੰਗ' ਨਾਂ ਦੀ ਪੱਟੀ ਨੂੰ ਹਥੌੜੇ ਨਾਲ ਤੋੜਨ ਦੀ ਉਸ ਦੀ ਪ੍ਰਤੀਕ੍ਰਿਆ ਉਹਦੇ ਅੰਦਰਲੇ ਮਰਦਾਨੇ ਰੋਹ ਨੂੰ ਪ੍ਰਗਟਾਉਂਦੀ ਹੈ।

ਲੇਖਕ ਅਨੁਸਾਰ ਉਇਸ ਨਾਵਲ ਦੀ ਨਾਇਕਾ ਨਾਰੀ ਦੀ ਥਾਂ ਨਾਰੀ ਸੋਚ ਹੈ ਜਿਸਦਾ ਸਾਰ ਮਨਚਾਹਿਆ ਜੀਵਨ ਜਿਉਣ ਦੀ ਕਲਪਨਾ, ਕਾਮਨਾ ਤੇ ਕੋਸ਼ਿਸ਼ ਹੈ। ਨਾਇਕ ਕਿਸੇ ਪੁਰਸ਼ ਦੀ ਥਾਂ ਸਮਾਜ ਹੈ ਜਿਸਦੇ ਇੱਕ ਹੱਥ ਵਿੱਚ ਮਨੁੱਖ ਨੂੰ ਜੰਗਲ ਤੋਂ ਸਭਿਅਕ ਜੀਵਨ ਤੱਕ ਲਿਆਉਣ ਵਾਲੀ ਨੇਮਾਂ ਦੀ ਪੱਟ ਕੂਲੀ ਡੋਰ ਹੈ ਅਤੇ ਦੂਜੇ ਹੱਥ ਵਿੱਚ ਅਮੋੜ ਮਨੁੱਖ ਨੂੰ ਕਾਬੂ ਵਿੱਚ ਰਖਣ ਵਾਸਤੇ ਬੰਨਣਾ-ਵਰਜਨਾਂ ਦੀ ਮੁੰਜ ਦੀ ਰੱਸੀ ਹੈ। ਇਸ ਤੋਂ ਇਲਾਵਾ ਸਮਾਜ ਪ੍ਰੰਪਰਾਵਾਂ ਤੇ ਰਹੁ-ਰੀਤਾਂ, ਨੇਮਾਂ ਤੇ ਕਾਨੂੰਨ, ਵਿਆਹ ਤੇ ਪਰਿਵਾਰ ਸੰਸਥਾ ਅਤੇ ਸਦਾਚਾਰ ਤੇ ਦੁਰਾਚਾਰ ਦੇ ਸਿਧਾਤਾਂ ਨਾਲ ਵੀ ਲੈਸ ਹੈ।" ਦੁਨਿਆਵੀ ਨਜ਼ਰੇ ਵੇਖਿਆਂ ਜਗਦੀਪ ਨੇ ਸਮਾਜਿਕ ਦਾਇਰਿਆਂ ਨੂੰ ਉਲੰਘਿਆ ਹੀ ਨਹੀਂ ਬਲਕਿ ਤਹਿਸ ਨਹਿਸ ਕੀਤਾ ਹੈ। ਨੇਮਾਂ ਦੀ ਪੱਟ-ਕੂਲੀ ਡੋਰ ਤਾਂ ਜੁਆਨੀ ਵੇਲੇ ਉਸ ਧਾਰਮਿਕ ਸਾਹਿਤ ਦੀ ਰਚਨਾ ਦੇ ਦਾਇਰੇ 'ਚੋਂ ਬਾਹਰ ਨਿਕਲ 'ਪ੍ਰੇਮ-ਧਾਰਾ' ਵਾਲੇ ਸਾਹਿਤ ਦੀ ਰਚਨਾ ਕਰਨ ਵੇਲੇ ਹੀ ਤੋੜ ਦਿੱਤੀ ਸੀ। ਬੰਨਣਾ-ਵਰਜਨਾਂ ਦੀ ਮੁੰਜ ਦੀ ਰੱਸੀ ਵੀ ਉਸਨੂੰ ਰਹੁ ਰੀਤਾਂ ਨਾਲ ਬੰਨ੍ਹ ਨਹੀਂ ਸਕੀ ਸੀ। ਦੁਰਾਚਾਰ ਤੇ ਸਦਾਚਾਰ ਦੇ ਸਿਧਾਤਾਂ ਤੋਂ ਬੇਪ੍ਰਵਾਹ, ਉਸ ਦਾ ਪ੍ਰਸ਼ੰਸਕ ਅਤੇ ਆਪਣੇ ਆਪ ਨੂੰ ਉਸ ਦਾ ਦੀਵਾਨਾ ਕਹਿਣ ਵਾਲੇ ਕਵੀ ਸ਼ਾਂਤ ਦੇ ਲਫ਼ਜ਼ਾਂ ਵਿੱਚ, ਉਹ "ਵਾਹ! ਸਿਰਫ਼ ਲਿਖਣ ਵਿੱਚ ਹੀ ਨਹੀਂ ਇਹ ਤਾਂ ਜੀਵਨ ਵਿੱਚ ਵੀ ਬੰਧਨ-ਮੁੱਕਤ ਔਰਤ ਹੈ।"




ਜਗਦੀਪ ਇੱਕ ਬੰਧਨ-ਮੁੱਕਤ ਔਰਤ ਹੈ? ਸਮਾਜ ਵਲੋਂ ਔਰਤ ਵੱਲ ਸੇਧਿਆ ਜਾਣ ਵਾਲਾ ਕਟਾਖ਼ਸ਼ ਬਾਣ 'ਬੰਧਨ-ਮੁੱਕਤ' ਔਰਤ! ਔਰਤ ਦੀ ਐਮਪਾਵਰਮੈਂਟ ਜਾਂ ਐਮਪਾਵਰਡ ਔਰਤ ਦੀ ਗਲ ਕਰੀਏ ਤਾਂ ਸੁਆਲ ਉੱਠਦਾ 'ਕੀ ਜਗਦੀਪ ਇੱਕ ਸਸ਼ਕਤ ਔਰਤ ਹੈ?' ਜੇ ਹੈ ਤਾਂ ਕਿੰਜ ਤੇ ਕਿਤਨੀ?......ਉਹ ਇੱਕ ਮਹਾਨ ਤੇ ਮਸ਼ਹੂਰ ਲੇਖਿਕਾ ਹੈ। ਉਸ ਸਾਹਿਤ ਦੀ ਝੋਲੀ ਵਿੱਚ ਔਰਤ ਮਰਦ ਦੇ ਜਜ਼ਬਾਤਾਂ ਦਾ, ਇੱਕ ਔਰਤ ਦੀ ਜ਼ੁਬਾਨੀ ਅਜਿਹਾ ਵਿਵਰਣ ਪਾਇਆ ਜਿਹੜਾ ਰਹਿੰਦੇ ਸਮੇਂ ਤੱਕ ਯਾਦਗਾਰੀ ਹੋ ਨਿਬੜੇਗਾ। ਉਸ ਆਪਣੀ ਮਨਮਰਜ਼ੀ ਦਾ ਜੀਵਨ ਜੀਵਿਆ। ਮਰਦ ਕਵੀਆਂ ਦੇ ਝੁਰਮੁੱਟ ਵਿਚ ਉਹ ਆਪਣੇ ਸਮੇਂ ਦੀ ਇਕੋ ਇਕ ਅਜਿਹੀ ਲੇਖਕਾ ਹੈ ਜੋ ਉਹਨਾਂ ਦੀਆਂ ਸਾਹਿਤਕ ਮਹਿਫ਼ਲਾਂ ਵਿੱਚ ਉਹਨਾਂ ਵਾਂਗ ਵਿਚਰਨ ਦੀ ਜੁਰੱਅਤ ਕਰਦੀ ਹੈ। ਉਹਦੀ ਕਲਾ ਦੇ ਨਾਲ ਨਾਲ ਉਹਦੇ ਸੁਹੱਪਣ ਨੂੰ ਵੇਖ ਲਗਪਗ ਹਰ ਸਾਹਿਤਕਾਰ ਅਖਵਾਉਣ ਵਾਲਾ ਮਰਦ ਉਹਦੇ ਨੇੜੇ ਢੁੱਕ ਬੈਠਣ ਨੂੰ ਲੋਚਦਾ ਹੈ। ਕਈ ਤਾਂ ਉਸ ਨਾਲ ਆਪਣੇ ਕਲਪਿਤ ਪਿਆਰ ਦੇ ਕਿੱਸੇ ਚਸਕੇ ਲੈ ਲੈ ਦੂਸਰਿਆਂ ਸਾਹਮਣੇ ਬਿਆਨਦੇ ਨਹੀਂ ਥੱਕਦੇ। ਭਲਾ ਇਸ ਵਿੱਚ ਜਗਦੀਪ ਦਾ ਕੀ ਕਸੂਰ? ਕੀ ਇੱਕ ਸੰਵੇਦਨਸ਼ੀਲ ਕਵਿਤਰੀ, ਬੇਹਤਰੀਨ ਲੇਖਕਾ ਤੇ ਖ਼ੂਬਸੂਰਤ ਔਰਤ ਹੋਣਾ ਗੁਨਾਹ ਹੈ?

ਔਰਤਾਂ ਦੀ ਸਮਾਜਿਕ ਆਰਥਿਕ ਤੇ ਰਾਜਨੀਤਕ ਅਜ਼ਾਦੀ ਲਈ ਸੰਸਾਰ ਭਰ ਵਿੱਚ ਅਨੇਕਾਂ ਅੰਦੋਲਨ ਹੋਏ ਅਤੇ ਹੁੰਦੇ ਵੀ ਰਹਿਣਗੇ। ਪ੍ਰੰਤੂ 'ਵਿਅਕਤੀਗਤ ਅਜ਼ਾਦੀ' ਹਰੇਕ ਦਾ ਨਿੱਜੀ ਮਸਲਾ ਹੈ। ਉਸ ਦੀ ਨਿੱਜੀ ਅਜ਼ਾਦੀ ਦਾ ਦਾਇਰਾ ਉਹਦੀ ਆਪਣੀ ਸੋਚ ਅਨੁਸਾਰ ਖੁੱਲ੍ਹਾ ਜਾਂ ਤੰਗ ਹੁੰਦਾ ਹੈ। ਹੋਣਾ ਵੀ ਚਾਹੀਦਾ ਹੈ। ਅਤੇ ਇਹੋ ਹੀ ਉਸ ਦੀ ਐਮਪਾਵਰਮੈਂਟ ਵੀ ਹੁੰਦੀ ਹੈ।

ਪਰ ਜਦੋਂ ਜਗਦੀਪ ਦੀ ਗੱਲ ਕਰਦੇ ਹਾਂ ਤਾਂ ਸਮਾਜ ਉਸ ਦੀ ਵਿਅਕਤੀਗਤ ਸੋਚ ਅਤੇ ਵਿਅਕਤੀਗਤ ਅਜ਼ਾਦੀ ਤੇ ਤਿਲਮਲਾ ਉੱਠਦਾ ਹੈ। ਖਾਸ ਤੌਰ ਤੇ ਉਹਦੇ ਅੰਦਰਲੇ ਘੇਰੇ ਦਾ ਸਮਾਜ। ਵੇਖਿਆ ਜਾਵੇ ਤਾਂ ਵਿਅਕਤੀ ਨੂੰ ਪ੍ਰਭਾਵਿਤ ਕਰਨ ਵਾਲਾ ਜਾਂ ਉਸ ਕਾਰਨ ਪ੍ਰਭਾਵਿਤ ਹੋਣ ਵਾਲਾ ਸਮਾਜ ਹੈ ਵੀ ਕਿੰਨਾ ਕੁ! ਉਹਦਾ ਪਰਿਵਾਰ, ਚੰਦ ਕੁ ਰਿਸ਼ਤੇਦਾਰ ਅਤੇ ਜਗਦੀਪ ਦੇ ਸਬੰਧ ਵਿੱਚ ਕਵੀ ਮਿੱਤਰ ਅਤੇ ਪ੍ਰਸ਼ੰਸਕ। ਉਸ ਤੋਂ ਅਗਾਂਹ ਲੱਖਾਂ ਕਰੋੜਾਂ ਦੀ ਅਬਾਦੀ ਵਿੱਚ ਕਿਸੇ ਨੂੰ ਕੀ ਪ੍ਰਵਾਹ ਕਿ ਉਹ ਕੀ ਕਰਦੀ ਹੈ? ਕਿਉਂ ਕਰਦੀ ਹੈ? ਇਥੋਂ ਤੱਕ ਕਿ ਕਿੱਥੇ ਰਹਿੰਦੀ ਹੈ? ਜਦੋਂ ਜਗਦੀਪ ਦੀ ਮੌਤ ਹੁੰਦੀ ਹੈ ਤਾਂ ਗੁਆਂਢੀਆਂ ਤੱਕ ਨੂੰ ਪਤਾ ਨਹੀਂ ਲਗਦਾ ਕਿ ਉਹਨਾਂ ਦੇ ਗੁਆਂਢ ਰਹਿੰਦੀ ਕੋਈ ਮਹਾਨ ਲੇਖਿਕਾ ਹੁਣ ਨਹੀਂ ਰਹੀ। ਤਾਂ ਫਿਰ ਉਸ ਸਮਾਜ ਦੀ ਐਨੀ ਪ੍ਰਵਾਹ ਕੋਈ ਕਿਉਂ ਕਰੇ? ਜਗਦੀਪ ਦੇ ਲੀਹੋਂ ਹਟ ਕੁੱਝ ਕਰਨ ਕਰਕੇ ਉਸਨੂੰ ਤਾ-ਉਮਰ ਪਰਿਵਾਰਕ ਤੇ ਸਮਾਜਿਕ ਅਵਹੇਲਨਾ ਝਲਣੀ ਪੈਂਦੀ ਹੈ। ਹਾਲਾਂਕਿ ਉਹਦੇ ਨਾਲ ਦੇ ਕਵੀ ਮਿੱਤਰ ਵੀ ਅਜਿਹਾ ਹੀ ਕਰ ਰਹੇ ਹਨ। ਭਾਵੇਂ ਚੋਰੀ ਚੋਰੀ ਭਾਵੇਂ ਸ਼ਰੇਆਮ ਸਮਾਜ ਦੇ ਸਥਾਪਿਤ ਨੇਮਾਂ, ਪ੍ਰੰਪਰਾਵਾਂ, ਰਹੁਰੀਤਾਂ ਤੇ ਬੰਨਣਾ-ਵਰਜਣਾਂ ਦੀ ਮੁੰਜ-ਰੱਸੀ ਨੂੰ ਤੋੜ ਰਹੇ ਹਨ। ਕਾਵਿਕ ਮਹਿਫ਼ਲਾਂ ਵਿੱਚ ਉਹੋ ਕੁੱਝ ਹੀ ਕਰਦੇ ਹਨ ਜੋ ਜਗਦੀਪ ਨੇ ਉੱਥੇ ਸ਼ਾਮਲ ਹੋ ਕਰਨ ਦੀ ਜੁਰੱਅਤ ਕੀਤੀ। ਪਰ ਜਗਦੀਪ ਦਾ ਔਰਤ ਹੋਣਾ ਉਸੇ ਕਰਮ ਨੂੰ ਉਸ ਦਾ ਗੁਨਾਹ ਹੀ ਨਹੀਂ ਬਲਕਿ ਸੰਗੀਨ ਗੁਨਾਹ ਬਣਾ ਦਿੰਦਾ ਹੈ। ਆਖਰ ਅਜਿਹਾ ਵਿਤਕਰਾ ਕਿਉਂ? ਤੇ ਕਦੋਂ ਤੱਕ? ਗਲਤੀ ਜਾਂ ਗੁਨਾਹ ਤਾਂ ਇਕੋ ਜਿਹਾ ਹੈ ਚਾਹੇ ਮਰਦ ਕਰੇ ਜਾਂ ਔਰਤ। ਫਿਰ ਔਰਤ ਵੱਧ ਜ਼ਿੰਮੇਵਾਰ ਕਿਉਂ? ਉਹਨੂੰ ਵੱਧ ਸਜ਼ਾ ਕਿਉਂ? ਔਰਤ ਲਈ ਵਖਰੇ ਮਾਪ-ਦੰਡ ਕਿਉਂ? ਕਈ ਪ੍ਰਸ਼ਨ ਹਨ ਜੋ ਮਨ ਅੰਦਰ ਖੌਰੂ ਪਾਉਂਦੇ ਹਨ।

ਇੰਜ ਦੇ ਹੀ ਕੁੱਝ ਸੁਆਲ ਸਰਬਜੀਤ ਕੌਰ ਅਠਵਾਲ ਦਾ ਲਿਖਿਆ ਨਾਵਲ 'ਅਸ਼ੇਮਡ', ਜਿਹਦਾ ਪੰਜਾਬੀ ਰੂਪਾਂਤਰਣ 'ਬੇਇਜ਼ਤ' ਨਾਂ ਹੇਠ ਛਪਿਆ ਹੈ, ਪੇਸ਼ ਕਰਦਾ ਹੈ। ਇਹ ਲੰਡਨ (ਇੰਗਲੈਂਡ) ਦੇ ਹੰਸਲੋ ਇਲਾਕੇ ਵਿੱਚ ਇੱਕ ਸ਼ਰਧਾਵਾਨ ਸਿੱਖ ਪਰਿਵਾਰ ਵਿੱਚ, ਆਪਣੇ ਪਰਿਵਾਰ ਅਤੇ ਭਾਈਚਾਰੇ ਦੀ ਇੱਜ਼ਤ ਰੱਖਣ ਅਤੇ ਉਹਨਾਂ ਦਾ ਹੁਕਮ ਅੱਖਾਂ ਮੀਟ ਕੇ ਮੰਨਣ ਵਾਲੀ, ਵਜੋਂ ਜੰਮੀ ਪਾਲ਼ੀ ਗਈ ਸਰਬਜੀਤ ਕੌਰ ਅਠਵਾਲ ਦੀ ਡਰੀ ਸਹਿਮੀ ਮਨੋਦਸ਼ਾ ਦਾ ਚਿਤਰਣ ਹੈ। ਉਹ ਖ਼ੁਦ ਇਸ ਕਿਤਾਬ ਦੀ ਲੇਖਿਕਾ ਹੈ। ਉਸ ਅਨੁਸਾਰ "ਮੈਂ 13 ਸਾਲ ਦੀ ਉਮਰ ਤੱਕ ਇੱਕ ਚੰਗੀ ਧੀ ਵਰਗੀ ਜ਼ਿੰਦਗੀ ਗੁਜ਼ਾਰੀ ਸੀ। ਮੇਰੇ ਦੂਜੇ ਜਨਮ ਦਿਨ ਤੋਂ ਪਹਿਲਾਂ ਹੀ ਗੁਰਦੁਆਰੇ ਦੇ ਤੌਰ ਤਰੀਕਿਆਂ ਦੀ ਜਾਣ-ਪਛਾਣ ਕਰਾਏ ਜਾਣ ਕਰਕੇ ਮੈਂ ਕਿਸੇ ਹੋਰ ਤਰ੍ਹਾਂ ਦੀ ਨਹੀਂ ਸੀ ਬਣ ਸਕਦੀ।" ਇਥੋਂ ਤੱਕ ਕਿ ਉਸ ਨੂੰ ਇੱਕ ਚੰਗੀ, ਸੁੱਘੜ ਤੇ ਘਰੇਲੂ ਔਰਤ ਬਣਾਉਣ ਲਈ ਗਿਆਰਾਂ ਸਾਲ ਦੀ ਉਮਰ ਵਿੱਚ ਦੋ ਸਾਲ ਉਹਦੇ ਦਾਦਕੇ ਪੱਟੀ (ਅੰਮ੍ਰਿਤਸਰ) ਭੇਜਿਆ ਜਾਂਦਾ ਹੈ। ਇੱਥੇ ਉਸਨੂੰ ਪੇਂਡੂ ਘਰ ਦੇ ਅਤੇ ਖੇਤਾਂ ਦੇ ਸਾਰੇ ਕੰਮ ਸਿਖਾਏ ਜਾਂਦੇ ਹਨ ਜਿਹੜੇ ਲੰਡਨ ਰਹਿੰਦਿਆਂ ਉਹਦੇ ਕਿਸੇ ਕੰਮ ਵੀ ਨਹੀਂ ਆਉਣੇ ਸਨ। ਇਸ ਕਰਕੇ ਉਸਦਾ ਆਪਣੀ ਸਕੂਲੀ ਪੜ੍ਹਾਈ ਵਿੱਚ ਪਛੜ ਜਾਣਾ ਅਤੇ ਫਿਰ ਯੂਨੀਵਰਸਿਟੀ ਵਿੱਚ ਦਾਖਲਾ ਨਾ ਲੈ ਸਕਣਾ ਉਸਦੀ ਨਲਾਇਕੀ ਸਮਝਿਆ ਜਾਂਦਾ ਹੈ। ਇਸੇ ਕਰਕੇ ਹੀ ਅਕਾਊਂਟਸ ਦਾ ਕੋਰਸ ਕਰਨ ਉਪਰੰਤ 19 ਸਾਲ ਦੀ ਉਮਰ ਵਿੱਚ ਉਸ ਦਾ ਪਰਿਵਾਰ ਉਸਨੂੰ ਉਹਨਾਂ ਦੀ ਆਪਣੀ ਮਰਜ਼ੀ ਦੇ ਲੜਕੇ ਨਾਲ ਸ਼ਾਦੀ ਕਰਨ ਲਈ ਮਜ਼ਬੂਰ ਕਰ ਦਿੰਦਾ ਹੈ। ਫਿਰ ਉਸ ਦੇ ਸਹੁਰੇ ਘਰ ਉਸ ਤੋਂ ਚੰਗੀ ਪਤਨੀ ਤੇ ਚੰਗੀ ਨੂੰਹ ਬਣਨ ਦੀ ਤਵਕੋ ਕੀਤੀ ਜਾਣੀ ਵੀ ਲਾਜ਼ਮੀ ਸੀ।

ਸਹੁਰੇ ਪਰਿਵਾਰ ਵਿੱਚ ਉਸ ਦੀ ਸੱਸ ਬਚਨ ਕੌਰ, ਜੋ ਕਿ ਉੱਚੀ ਲੰਮੀ, ਸਿਰ ਤੇ ਦਸਤਾਰ ਸਜਾਉਣ ਵਾਲੀ ਧਾਰਮਿਕ ਔਰਤ ਹੈ, ਦਾ ਹੁਕਮ ਚਲਦਾ ਹੈ। ਸਰਬਜੀਤ ਨੂੰ ਆਪਣੇ ਪੇਕੇ ਘਰ ਵਿੱਚ ਚੰਗੀ ਧੀ ਤੇ ਚੰਗੀ ਔਰਤ ਬਣਨ ਦੀ ਸਿਖਲਾਈ ਮਿਲੀ ਹੋਣ ਕਾਰਨ ਇਸ ਘਰ ਵਿੱਚ ਵਿਚਰਨਾ ਬਹੁਤਾ ਔਖਾ ਨਹੀਂ ਹੈ। ਪਰ ਉਸ ਘਰ ਵਿੱਚ ਉਸ ਦੀ ਜਠਾਣੀ ਸੁਰਜੀਤ ਹੈ ਜੋ ਭਾਵੇਂ ਉਸ ਤੋਂ ਦੋ ਸਾਲ ਪਹਿਲਾਂ ਵਿਆਹੀ ਗਈ ਸੀ, ਪਰ ਉਮਰ ਵਿੱਚ ਉਸ ਨਾਲੋਂ ਦੋ ਸਾਲ ਛੋਟੀ ਹੈ।

ਸਰਬਜੀਤ ਅਠਵਾਲ ਦੇ ਲਫ਼ਜ਼ਾਂ ਵਿੱਚ, ਉਸੁਰਜੀਤ ਵੀ ਇੱਕ ਹੱਦ ਤੱਕ ਰਵਾਇਤੀ ਪਰਿਵਾਰ ਵਿਚੋਂ ਸੀ ਭਾਵੇਂ ਕਿ ਬਚਨ ਕੌਰ ਦੀ ਲੀਡਰਸ਼ਿਪ ਵਾਲੇ ਅਠਵਾਲ ਪਰਿਵਾਰ ਨਾਲੋਂ ਘੱਟ ਕੱਟੜ ਪਰਿਵਾਰ ਵਿਚੋਂ ਸੀ। ਪ੍ਰੰਤੂ ਕਿਸੇ ਮੋੜ ਤੇ ਉਸਨੇ ਆਪਣੇ ਲਈ ਸੋਚਣਾ ਸ਼ੁਰੂ ਕਰ ਦਿੱਤਾ ਸੀ। ਸਾਡੀ ਉਮਰ ਵਿਚਲੇ ਫ਼ਰਕ ਨਾਲੋਂ ਇੱਕ ਹੋਰ ਵੱਡੀ ਗੱਲ ਸੀ। ਉਹ ਹੋਰ ਸਾਡੇ ਵਾਂਗ ਰਹਿ ਕੇ ਖ਼ੁਸ਼ ਨਹੀਂ ਸੀ। ਘਰ ਵਿੱਚ ਕੰਮ ਕਰਨ ਦਾ ਵੀ ਉਸ ਨੂੰ ਕੋਈ ਫ਼ਰਕ ਨਹੀਂ ਸੀ ਪਰ ਉਸਨੂੰ ਇਸ ਚੀਜ਼ ਤੇ ਇਤਰਾਜ਼ ਸੀ ਕਿ ਘਰ ਦੇ ਕੰਮ ਕਾਜ ਹੀ ਉਸ ਦੀ ਸਾਰੀ ਜ਼ਿੰਦਗੀ ਹੋਣ।"

ਸੁਰਜੀਤ ਦੀ ਆਪਣੇ ਨਿੱਜ ਲਈ ਇਹ ਸੋਚ ਉਹਦੇ ਅੰਤ ਦਾ ਕਾਰਨ ਬਣਦੀ ਹੈ। ਸੰਪੂਰਨ ਧਾਰਮਿਕ ਦਿੱਖ ਵਾਲੀ ਬਚਨ ਕੌਰ ਲਈ ਉਹਦੀ ਨੂੰਹ ਸੁਰਜੀਤ ਕੌਰ ਇੱਕ ਚੁਨੌਤੀ ਵਾਂਗ ਹੈ। ਉਸ ਦਾ ਰਵਾਇਤੀ ਪੰਜਾਬੀ ਪਹਿਰਾਵੇ ਦੀ ਬਜਾਏ ਮਨਭਾਉਂਦਾ ਪੱਛਮੀ ਪਹਿਰਾਵਾ ਪਾਉਣਾ, ਕੰਮ ਤੋਂ ਬਾਅਦ ਮਨਮਰਜ਼ੀ ਨਾਲ ਆਪਣੀਆਂ ਸਹੇਲੀਆਂ ਤੇ ਦੋਸਤਾਂ ਨਾਲ ਸਮਾਂ ਬਿਤਾਉਣਾ, ਉਹਨਾਂ ਨਾਲ ਪਾਰਟੀਆਂ ਵਿੱਚ ਜਾਣਾ ਤੇ ਦੇਰ ਨਾਲ ਘਰ ਆਉਣਾ, ਉਸ ਨੂੰ ਘਰ ਪਰਿਵਾਰ ਦੀ ਮਰਿਆਦਾ ਭੰਗ ਕਰਨਾ ਪ੍ਰਤੀਤ ਹੁੰਦਾ ਹੈ। ਉਹ ਦੋਵਾਂ ਨੂੰਹਾਂ ਨੂੰ ਕਾਬੂ ਵਿੱਚ ਰਖਣ ਲਈ ਜ਼ਬਰਦਸਤੀ ਅੰਮ੍ਰਿਤ ਪਾਨ ਕਰਵਾ ਕੇ ਉਹਨਾਂ ਨੂੰ ਲੀਹ 'ਤੇ ਰਖਣ ਦਾ ਭਰਮ ਵੀ ਪਾਲਦੀ ਹੈ। ਸਰਬਜੀਤ ਤਾਂ ਵੈਸੇ ਵੀ ਮਰਿਆਦਾ ਦੇ ਸੰਗਲਾਂ ਵਿੱਚ ਜਕੜੀ ਹੋਣ ਕਰਕੇ ਇਨ੍ਹਾਂ ਦਾ ਉਲੰਘਣ ਕਰਨ ਬਾਰੇ ਸੋਚ ਵੀ ਨਹੀਂ ਸਕਦੀ। ਪਰ ਸੁਰਜੀਤ ਗਾਹੇ ਬਗਾਹੇ ਨਿਰਾ ਵਿਰੋਧ ਹੀ ਨਹੀਂ ਕਰਦੀ ਬਲਕਿ ਆਪਣੀ ਨਿੱਜੀ ਅਜ਼ਾਦੀ ਆਪਣਾ ਹੱਕ ਸਮਝ ਜਦੋਂ ਚਾਹੇ ਮਰਿਆਦਾ ਦੀ ਚੌਖ਼ਟ ਉਲੰਘਣ ਦੀ ਹਿਮਾਕਤ ਵੀ ਕਰ ਲੈਂਦੀ ਹੈ। ਅਜਿਹਾ ਕਰਨ ਤੇ ਅਕਸਰ ਉਸ ਨੂੰ ਆਪਣੇ ਪਤੀ ਦੇ ਗੁੱਸੇ ਤੇ ਮਾਰ-ਕੁੱਟ ਦਾ ਸ਼ਿਕਾਰ ਹੋਣਾ ਪੈਂਦਾ ਹੈ। ਜਦੋਂ ਇੱਕ ਪਰਾਏ ਮਰਦ ਨਾਲ ਸੁਰਜੀਤ ਦੀ ਨੇੜਤਾ ਬਾਰੇ ਘਰ ਵਿੱਚ ਪਤਾ ਚਲਦਾ ਹੈ ਤਾਂ ਆਪਣੇ ਸਮਾਜਿਕ ਤੇ ਧਾਰਮਿਕ ਰੁਤਬੇ ਨੂੰ ਸੱਟ ਵੱਜੀ ਜਾਣ 'ਪਵਿੱਤਰ ਦਿੱਖ ਅਤੇ ਅਰਦਾਸ ਕਰਨ ਵਾਲੇ ਆਦਰਯੋਗ ਪਹਿਰਾਵੇ ਵਾਲੀ' ਬਚਨ ਕੌਰ ਇੱਕ ਪਰਿਵਾਰਕ ਮੀਟਿੰਗ ਵਿੱਚ ਐਲਾਨ ਕਰਦੀ ਹੈ, 'ਤਾਂ ਫਿਰ ਫੈਸਲਾ ਹੋ ਗਿਆ। ਸਾਨੂੰ ਉਸ ਦਾ ਫਸਤਾ ਵੱਢਣਾ ਹੀ ਪੈਣਾ ਹੈ'।

ਪਰਿਵਾਰਕ, ਸਮਾਜਿਕ, ਧਾਰਮਿਕ ਮਰਿਆਦਾ ਤੇ ਪ੍ਰੰਪਰਾਵਾਂ ਦੀ ਹਿਫ਼ਾਜ਼ਤ ਖਾਤਰ ਸੁਰਜੀਤ ਨੂੰ, ਕਿਸੇ ਨਾ ਕਿਸੇ ਤਰ੍ਹਾਂ ਝਾਂਸੇ ਨਾਲ ਇੰਡੀਆ ਲਿਆ, ਕਰਾਏ ਦੇ ਬੰਦਿਆਂ ਤੋਂ ਕਤਲ ਕਰਵਾ ਦਿੱਤਾ ਜਾਂਦਾ ਹੈ। ਮਾਂ ਦਾ ਰੋਅਬ ਪੁੱਤਰਾਂ ਦਾ ਮੂੰਹ ਤਾਂ ਬੰਦ ਕਰਦਾ ਹੀ ਹੈ, ਨੂੰਹ ਸਰਬਜੀਤ ਆਪਣੀ ਦਰਾਣੀ ਦੇ ਕਤਲ ਬਾਰੇ ਜਾਣਦੀ ਹੋਈ ਵੀ ਦੰਦੀ ਤੋਂ ਦੰਦੀ ਨਹੀਂ ਚੁੱਕਦੀ। ਉਹ ਹਰ ਪਲ ਸਹਿਮੀ ਤੇ ਤ੍ਰਹਿੰਦੀ ਰਹਿੰਦੀ ਹੈ। ਸੰਸਕਾਰੀ ਧੀ ਤੇ ਨੂੰਹ ਹੋਣ ਕਾਰਣ ਉਹ ਪਰਿਵਾਰ ਦੀ ਇੱਜ਼ਤ ਉਛਾਲਣ ਦੀ ਜੁਰੱਅਤ ਨਹੀਂ ਕਰਦੀ। ਇਸ ਤੋਂ ਇਲਾਵਾ ਉਸ ਨੂੰ ਡਰ ਹੈ ਕਿ ਜੇ ਉਸ ਨੇ ਆਪਣਾ ਮੂੰਹ ਖੋਲ੍ਹਿਆ ਤਾਂ ਉਹ ਉਸਨੂੰ ਵੀ ਸੁਰਜੀਤ ਵਾਂਗ ਮਰਵਾ ਦੇਣਗੇ।

ਵੇਖਣ ਸੁਣਨ ਨੂੰ ਇਹ ਕੋਈ ਅਲੋਕਾਰੀ ਗੱਲ ਨਹੀਂ ਲਗਦੀ। ਸਭ ਕੁੱਝ ਬੜਾ ਆਮ ਤੇ ਸੁਭਾਵਿਕ ਹੀ ਹੈ। ਸਾਡੀ ਸਦੀਆਂ ਪੁਰਾਣੀ ਕਰਮਾਂ ਦੀ ਥਿਊਰੀ ਕਹਿੰਦੀ ਹੈ 'ਜਿਹੋ ਜਿਹਾ ਕੋਈ ਕਰਮ ਕਰਦਾ ਉਸੇ ਤਰ੍ਹਾਂ ਦਾ ਫਲ਼ ਭੁਗਤਦਾ'। ਪ੍ਰੰਤੂ ਜ਼ਰਾ ਖੁਲ੍ਹੇ ਦਿਲ ਦਿਮਾਗ ਨਾਲ ਵਿਚਾਰ ਕਰੀਏ ਤਾਂ ਇਹ ਦੁਖਾਂਤਕ ਘਟਨਾ ਕੋਈ ਸਦੀਆਂ ਪਹਿਲਾਂ ਨਹੀਂ ਵਾਪਰੀ ਬਲਕਿ ਵੀਹਵੀ ਸਦੀ ਦੇ ਅੰਤਲੇ ਦਹਾਕੇ ਦੇ ਅੰਤਮ ਸਾਲਾਂ ਵਿੱਚ ਪਰਿਵਾਰਕ ਮਾਣ-ਮਰਿਆਦਾ ਦੇ ਨਾਂ ਤੇ ਵਾਪਰਿਆ ਦੁਖਾਂਤ ਹੈ। ਇਹ ਪਰਿਵਾਰ ਵੀ ਪੰਜਾਬ ਦੇ ਕਿਸੇ ਪਛੜੇ ਪਿੰਡ ਵਿੱਚ ਨਹੀਂ ਬਲਕਿ ਸੰਸਾਰ ਦੇ ਅਤਿ ਵਿਕਸਤ ਦੇਸ਼ ਇੰਗਲੈਂਡ ਦੇ ਸਭ ਤੋਂ ਵੱਡੇ ਸ਼ਹਿਰ ਲੰਡਨ ਦੇ 'ਹੇਅਜ਼' ਨਾਂ ਦੇ ਇਲਾਕੇ ਵਿੱਚ ਰਹਿੰਦਾ ਸਿੱਖੀ ਨੂੰ ਪ੍ਰਣਾਇਆ ਧਾਰਮਿਕ ਪਰਿਵਾਰ ਹੈ। ਪਰਿਵਾਰ ਦੀ ਮੁੱਖੀ ਬਚਨ ਕੌਰ ਗੁਰਦੁਆਰੇ ਵਿੱਚ ਬਹੁਤ ਹੀ ਧਾਰਮਿਕ ਅਤੇ ਸੱਚੀ-ਸੁੱਚੀ ਔਰਤ ਵਜੋਂ ਸਤਿਕਾਰੀ ਜਾਂਦੀ ਹੈ। ਧਾਰਮਿਕ ਪੁਰਖ ਕਹਾਏ ਜਾਣ ਵਾਲੇ ਵਿਅਕਤੀ ਉਸ ਦੇ ਧਾਰਮਿਕ ਰਹੁ-ਰੀਤਾਂ ਅਤੇ ਗੁਰੂ ਆਸ਼ੇ ਤੋਂ ਭਟਕ ਜਾਣ ਬਾਰੇ ਕਿਆਸ ਵੀ ਨਹੀਂ ਕਰ ਸਕਦੇ। ਉਲਟਾ ਉਹ ਪਰਿਵਾਰ ਦੀ ਨੂੰਹ ਵਿੱਚ ਹੀ ਦੋਸ਼ ਕਢਦੇ ਹਨ।

'ਇਹੁ ਜਨਮੁ ਤੁਮਾਹਰੇ ਲੇਖੇ' ਦੀ ਜਗਦੀਪ ਨੂੰ ਰਤਾ ਗਹੁ ਨਾਲ ਵੇਖੀਏ ਤਾਂ ਇਸ ਵਿਚੋਂ ਪੰਜਾਬੀ ਦੀ ਇੱਕ ਮਹਾਨ ਲੇਖਕਾ ਦੀ ਝਲਕ ਨਜ਼ਰ ਆਉਂਦੀ ਹੈ। ਜਿਸ ਕਿਸੇ ਨੇ 'ਕਾਲਿਆਂ ਬਾਗਾਂ ਦੀ ਮਹਿੰਦੀ' 'ਰਸੀਦੀ ਟਿਕਟ' ਅਤੇ 'ਮੈਂ ਜਮਾਂ ਤੂੰ' ਵਿਚੋਂ ਇੱਕ ਜਾਂ ਦੋ ਕਿਤਾਬਾਂ ਪੜ੍ਹੀਆਂ ਹੋਣ, ਉਹ 'ਇਹੁ ਜਨਮੁ ਤੁਮਹਾਰੇ ਲੇਖੇ' ਦੇ ਪਹਿਲੇ ਕਾਂਡ ਦੇ ਦੋ ਤਿੰਨ ਪੰਨੇ ਪੜ੍ਹਕੇ ਹੀ ਸਮਝ ਜਾਂਦਾ ਹੈ ਕਿ ਗੁਰਸੇਵ ਸਿੰਘ ਦਰਵੇਸ਼ ਦੀ ਧੀ 'ਜਗਦੀਪ' ਹੋਰ ਕੋਈ ਨਹੀਂ ਬਲਕਿ ਸਿੱਖਾਂ ਦੇ ਸਤਿਕਾਰਤ ਧਾਰਮਿਕ ਪੁਰਸ਼ ਅਤੇ ਜਾਣੇ ਮਾਣੇ ਧਾਰਮਿਕ ਕਵੀ 'ਕਰਤਾਰ ਸਿੰਘ ਹਿਤਕਾਰੀ ਦੀ ਧੀ 'ਅੰਮ੍ਰਿਤ ਕੌਰ ਹੈ। ਜੋ ਕਿ ਪ੍ਰੀਤਮ ਸਿੰਘ ਨਾਲ ਵਿਆਹੀ ਗਈ ਅਤੇ ਪੰਜਾਬੀ ਸਾਹਿਤ ਦੀ ਮੰਨੀ ਪ੍ਰਮੰਨੀ ਸ਼ਖਸ਼ੀਅਤ 'ਅੰਮ੍ਰਿਤਾ ਪ੍ਰੀਤਮ' ਬਣ ਦੇਸ਼ ਪ੍ਰਦੇਸ਼ ਵਿੱਚ ਪੰਜਾਬੀ ਸਾਹਿਤ ਦਾ ਧਰੂ ਤਾਰਾ ਬਣ ਚਮਕੀ। ਜਗਦੀਪ ਉਰਫ਼ ਅੰਮ੍ਰਿਤਾ ਪ੍ਰੀਤਮ ਦਿੱਲੀ ਸ਼ਹਿਰ ਵਿੱਚ ਰਹਿੰਦੀ ਧਾਰਮਿਕ ਤੇ ਸਮਾਜਿਕ ਪ੍ਰੰਪਰਾਵਾਂ ਤੋਂ ਬੇਮੁਖ ਹੋਈ ਬੰਧਨ-ਮੁਕਤ ਔਰਤ ਹੈ। ਉਹ ਵੀਹਵੀ ਸਦੀ ਦੇ ਦੂਜੇ ਦਹਾਕੇ ਵਿੱਚ ਜਨਮੀ, ਸਤਾਰਾਂ ਕੁ ਵਰ੍ਹਿਆਂ ਦੀ ਉਮਰ ਵਿੱਚ ਕਲਮ ਹੱਥ ਵਿੱਚ ਫੜ ਸੌ ਕਿਤਾਬਾਂ ਦੀ ਲਖਾਇਕ ਪੰਜਾਬੀ ਸਾਹਿਤ ਦੀ ਮਹਾਨ ਕਵਿੱਤਰੀ, ਕਹਾਣੀਕਾਰ, ਨਾਵਲਿਸਟ ਅਤੇ ਲੇਖਿਕਾ ਹੈ ਜਿਸਦੀਆਂ ਕਿਰਤਾਂ ਨੂੰ ਉਸਦੇ ਜਿਉਂਦੇ ਜੀਅ ਅਨੇਕਾਂ ਸਾਹਿਤਕ ਇਨਾਮਾਂ ਤੇ ਸਨਮਾਨਾਂ ਨਾਲ ਸਨਮਾਨਿਆ ਗਿਆ। ਪਰ ਅਫ਼ਸੋਸ! ਉਹਦੇ ਅੱਖਾਂ ਮੀਟਦਿਆਂ ਹੀ ਉਹਦੇ ਪੁੱਤਰ ਅੰਦਰ ਉਸ ਪ੍ਰਤੀ ਵਰ੍ਹਿਆਂ ਤੋਂ ਸੁਲਘਦਾ ਨਫ਼ਰਤ ਦਾ ਰੰਜ੍ਹ ਤੇ ਰੋਹ, ਆਪਣੀ ਮਾਂ ਦੇ ਵਿਅਕਤੀਗਤ ਅਜ਼ਾਦੀ ਦੇ ਆਦਰਸ਼ਾਂ ਨੂੰ ਨਕਾਰਦਾ, ਲਾਵੇ ਵਾਂਗ ਫੁੱਟ ਨਿਕਲਿਆ। ਉਹ ਆਪਣੀ ਮਾਂ ਦੇ ਪ੍ਰੇਮ-ਰਾਗ ਨੂੰ ਖ਼ੁਦਗਰਜ਼ੀ-ਰਾਗ ਦਾ ਨਾਂ ਦਿੰਦਾ, ਢੱਠੇ ਘਰ ਦੇ ਮਲਬੇ ਵਿਚੋਂ 'ਜਗਰੂਪ ਨਵਰੂਪ' ਦੇ ਨਾਂ ਦੀ ਨੇਮ-ਪਲੇਟ ਨੂੰ ਅੱਧ ਵਿਚਾਲਿਓਂ ਤੋੜ ਇਸ ਰਿਸ਼ਤੇ ਦਾ ਨਾਮੋ-ਨਿਸ਼ਾਨ ਮਿਟਾਉਂਦਾ ਹੈ ਜੋ ਅਗੇ ਤੋਂ ਅਜਿਹਾ ਕਰਨ ਵਾਲੀਆਂ ਹੋਰ ਔਰਤਾਂ ਨਾਲ ਐਸਾ ਹੀ ਹੋਣ ਦਾ ਪ੍ਰਤੀਕ ਬਣਦਾ ਹੈ।

'ਬੇਇੱਜ਼ਤ' ਨਾਵਲ ਦੀਆਂ ਅਠਵਾਲ ਪਰਿਵਾਰ ਦੀਆਂ ਨੂੰਹਾਂ ਸਰਬਜੀਤ ਕੌਰ ਅਤੇ ਸੁਰਜੀਤ ਕੌਰ ਵੀ ਕੋਈ ਸਤਾਰਵੀਂ ਸਦੀ ਦੀਆਂ ਔਰਤਾਂ ਨਹੀਂ ਹਨ। ਉਹ ਵੀਹਵੀਂ ਸਦੀ ਦੇ ਸਤਰਵੇਂ ਦਹਾਕੇ ਦੇ ਆਖਰੀ ਸਾਲਾਂ ਵਿੱਚ ਜੰਮੀਆਂ, ਨੱਬਵੇਂ ਦਹਾਕੇ ਦੇ ਦੂਸਰੇ ਅੱਧ ਵਿੱਚ ਵਿਆਹ ਕੇ ਅਠਵਾਲ ਪਰਿਵਾਰ ਦੀਆਂ ਨੂੰਹਾਂ ਬਣੀਆਂ, ਪੱਛਮੀ ਮੁਲਕ ਵਿੱਚ ਰਹਿੰਦੀਆਂ ਹੋਈਆਂ ਵੀ ਧਾਰਮਿਕ ਤੇ ਸਮਾਜਿਕ ਕੱਟੜਤਾ ਦਾ ਸ਼ਿਕਾਰ ਹੋਈਆਂ ਔਰਤਾਂ ਹਨ। ਟੈਕਨਾਲੋਜੀ ਦੇ ਸਿਖਰ ਤੇ ਪਹੁੰਚੀ ਇਕੀਵੀਂ ਸਦੀ ਚੜ੍ਹਨ ਵਿੱਚ ਮਸਾਂ ਇੱਕ ਸਾਲ ਰਹਿੰਦਾ ਸੀ ਜਦੋਂ ਉਨੱਤੀ ਸਾਲ ਦੀ ਸਰਬਜੀਤ ਕੌਰ ਅਠਵਾਲ, ਆਪਣੇ ਤੋਂ ਦੋ ਸਾਲ ਛੋਟੀ ਆਪਣੀ ਜਠਾਣੀ ਸੁਰਜੀਤ ਕੌਰ ਦੇ, ਪਰਿਵਾਰਕ ਮਾਣ-ਮਰਿਆਦਾ ਖਾਤਰ ਕਰਵਾਏ ਗਏ, ਕਤਲ ਦੀ ਰਾਜ਼ਦਾਰ ਹੋਣ ਦੀ ਭਾਗੀਦਾਰ ਬਣਦੀ ਹੈ। ਉਹਦੇ ਮੂੰਹ ਤੇ ਲਗਿਆ ਚੁੱਪ ਦਾ ਜਿੰਦਰਾ ਖੁਲ੍ਹਣ ਦਾ ਨਾਂ ਨਹੀਂ ਲੈਂਦਾ ਕਿਉਂਕਿ ਉਹਦੇ ਚੁਫ਼ੇਰੇ ਸਮਾਜਿਕ ਤੇ ਧਾਰਮਿਕ ਮਰਿਆਦਾ ਤੇ ਪ੍ਰੰਪਰਾਵਾਂ, ਨੇਮਾਂ ਤੇ ਅਸੂਲਾਂ ਦੀਆਂ ਕੰਧਾਂ ਇਨੀਆਂ ਉੱਚੀਆਂ ਤੇ ਪੱਕੀਆਂ ਉਸਾਰੀਆਂ ਗਈਆਂ ਹਨ ਕਿ ਉਹਨੂੰ ਸਾਹ ਵੀ ਔਖਾ ਆਉਂਦਾ ਹੈ। ਉਹਦੇ ਢਿੱਡ ਵਿਚੋਂ ਸਚਾਈ ਬਾਹਰ ਆਉਣ ਲਈ ਵਲੇਟ ਪੈਂਦੇ ਹਨ। ਪਰ ਅਫ਼ਸੋਸ ਉਹਦੇ ਅੰਦਰਲਾ ਖ਼ੌਫ਼ ਉਹਨੂੰ ਅਜਿਹਾ ਕਰਨ ਨਹੀਂ ਦੇਂਦਾ। ਅੱਠ ਸਾਲ ਬਾਦ ਉਹ ਹਿੰਮਤ ਜੁਟਾ ਗਵਾਹੀ ਦਿੰਦੀ ਹੈ। ਦੋਸ਼ੀਆਂ ਨੂੰ ਸਜ਼ਾ ਮਿਲਦੀ ਹੈ। ਫਲਸਰੂਪ ਉਹ ਘਰੋਂ ਬੇਘਰ ਹੋ ਆਪਣੇ ਚਾਰ ਬੱਚਿਆਂ ਤੋਂ ਦੂਰ ਰਹਿੰਦੀ ਇੱਕ ਖ਼ੌਫ਼ ਵਿੱਚ ਹੀ ਜਿਉਂਦੀ ਹੈ।

'ਇੰਜ ਦੀ ਡਰੀ, ਸਹਿਮੀ, ਖ਼ੌਫ਼ ਭਰੀ ਜ਼ਿੰਦਗੀ ਵੀ ਦੇ ਰਹੀਆਂ ਹਨ ਸਾਡੀਆਂ ਪਵਿੱਤਰ ਤੇ ਪੂਜਣਯੋਗ ਧਾਰਮਿਕ ਅਤੇ ਆਦਰਯੋਗ ਸਮਾਜਿਕ ਮਰਿਆਦਾਵਾਂ ਤੇ ਪ੍ਰੰਪਰਾਵਾਂ ਜਿਹਨਾਂ ਦੀ ਵਡਿਆਈ ਦਾ ਬਖ਼ਾਨ ਕਰਦੇ ਆਪਾਂ ਥੱਕਦੇ ਨਹੀਂ।' ਕੀ ਕਦੇ ਇਸ ਪਹਿਲੂ ਨੂੰ ਵੀ ਸੰਜੀਦਗੀ ਨਾਲ ਗੌਲ੍ਹਿਆ ਜਾਂ ਵਿਚਾਰਿਆ ਗਿਆ ਹੈ?

ਇਨ੍ਹਾਂ ਦੋ ਲਿਖਤਾਂ ਨੂੰ ਦ੍ਰਿਸ਼ਟੀਗੋਚਰ ਕਰ ਵਿਚਾਰ ਕਰਨਾ ਬਣਦਾ ਹੈ ਕਿ ਪੰਜਾਬੀ ਵਿਸ਼ੇਸ਼ ਤੌਰ ਤੇ ਪੰਜਾਬੀ ਸਿੱਖ ਔਰਤ ਕਿੰਨੀ ਕੁ ਸਸ਼ਕਤ ਹੈ? ਔਰਤਾਂ ਦੀ ਅਜ਼ਾਦੀ ਅਤੇ ਐਮਪਾਵਰਮੈਂਟ ਦੇ ਨਾਂ ਤੇ ਸੰਸਾਰ ਵਿੱਚ ਪਿਛਲੇ ਸੌ ਸਾਲਾਂ ਤੋਂ ਔਰਤਾਂ ਵਲੋਂ ਵਿੱਢੇ ਗਏ ਲੰਮੇ ਸੰਘਰਸ਼ ਦੇ ਫਲਸਰੂਪ ਅੱਜ ਦੀ ਔਰਤ ਪਹਿਲਾਂ ਦੇ ਮੁਕਾਬਲੇ ਸਸ਼ਕਤ ਔਰਤ ਹੈ। ਪ੍ਰੰਤੂ ਉਸ ਵਿਚੋਂ ਇਨ੍ਹਾਂ ਔਰਤਾਂ ਦੇ ਹਿੱਸੇ ਕਿੰਨਾ ਕੁ ਆਇਆ, ਆਉਂਦਾ ਜਾਂ ਆਉਣਾ ਬਣਦਾ ਹੈ? ਡੂੰਘੇ ਵਿਚਾਰ ਦਾ ਵਿਸ਼ਾ ਹੈ। ਸਾਹਿਤ ਵਿੱਚ ਚੰਦ ਕੁ ਸ਼ਬਦਾਂ, ਘਟਨਾਵਾਂ ਜਾਂ ਪਾਤਰਾਂ ਦੁਆਰਾ ਬਿਆਨਿਆ ਗਿਆ ਕੌੜਾ ਸੱਚ ਅਸਲ ਵਿੱਚ ਪੂਰੇ ਸਮਾਜ ਦਾ ਅਕਸ ਹੁੰਦਾ ਹੈ। ਅਜਿਹਾ ਹੀ ਕੁੱਝ ਇਨ੍ਹਾਂ ਲਿਖਤਾਂ ਰਾਹੀਂ ਪ੍ਰਗਟਾਇਆ ਜਾਣਾ, ਸਾਡੇ ਭਾਈਚਾਰੇ ਦੀ ਔਰਤ ਦੀ ਤਰਸਯੋਗ ਪਰਿਵਾਰਕ ਤੇ ਸਮਾਜਿਕ ਸਥਿਤੀ ਸਾਡੇ ਸਾਹਮਣੇ ਰੂਪਮਾਨ ਕਰਦਾ ਹੈ।

ਕਿਹਾ ਜਾਂਦਾ ਕਿ ਉਔਰਤ ਦੀ ਖ਼ਰੀ ਅਜ਼ਾਦੀ ਸਮਾਜਿਕ, ਆਰਥਿਕ ਤੇ ਰਾਜਨੀਤਕ ਅਜ਼ਾਦੀ ਹੈ। ਮਰਦ ਜਾਂ ਮਰਦਾਂ ਦੀ ਚੋਣ ਉਸ ਵਿੱਚ ਸੁਭਾਵਿਕ ਹੀ ਸ਼ਾਮਲ ਹੈ" ਕੀ ਸਾਡੀਆਂ ਔਰਤਾਂ ਲਈ ਅਜਿਹੀ ਅਜ਼ਾਦੀ ਨੂੰ ਕਬੂਲਿਆ ਗਿਆ ਹੈ? ਜੇ ਹਾਂ ਤਾਂ ਉਸ ਦੇ ਹੱਦ-ਬੰਨੇ!......ਭਾਵ ਕਿਸ ਹੱਦ ਤੱਕ? ਕੋਈ ਸੀਮਾ-ਰੇਖਾ ਨਿਸ਼ਚਤ ਹੈ ਜਾਂ ਇਹ ਅਜ਼ਾਦੀ ਦੇਣ ਵਾਲੇ ਉਸ ਦੇ ਨੇੜਲੇ ਸਮਾਜ ਦੀ ਮਨਮਰਜ਼ੀ 'ਤੇ ਨਿਰਭਰ ਰਖਿਆ ਗਿਆ ਹੈ? ਕੀ ਸਾਡੀ ਔਰਤ ਇਸ ਜ਼ਿੰਦਗੀ ਨਾਲ ਸੰਤੁਸ਼ਟ ਹੈ ਜਾਂ ਕਿਸੇ ਤਬਦੀਲੀ ਜਾਂ ਹੋਰ ਖੁੱਲ੍ਹਾਂ ਦੀ ਮੰਗ ਭਾਲਦੀ ਹੈ? ਆਪਣੇ ਭਾਈਚਾਰੇ ਦੀ ਔਰਤ ਦੀ ਸਸ਼ਕਤਾ (ਐਮਪਾਵਰਮੈਂਟ) ਦੀ ਦਸ਼ਾ ਤਾਂ ਸਾਡੇ ਸਭ ਦੇ ਸਾਹਮਣੇ ਹੈ ਪ੍ਰੰਤੂ ਉਸ ਦੀ ਦਿਸ਼ਾ ਨਿਰਧਾਰਤ ਕਰਨ ਲਈ ਇਨ੍ਹਾਂ ਸੁਆਲਾਂ ਦੇ ਜੁਆਬਾਂ ਨੂੰ ਗੌਲਣ ਦੀ ਲੋੜ ਭਾਸਦੀ ਹੈ।

# ਸ਼ਹੀਦ ਭਗਤ ਸਿੰਘ ਦੀ ਬੰਦੂਕ ਨਾਲ ਸੈਲਫ਼ੀ!

**ਡਾ: ਸ਼ਿਆਮ ਸੁੰਦਰ ਦੀਪਤੀ**



ਅੱਜ ਦੇ ਸਮੇਂ ਵਿੱਚ ਪੰਜਾਬ ਦੇ ਨੌਜਵਾਨਾਂ ਲਈ ਸ਼ਹੀਦ ਭਗਤ ਸਿੰਘ ਸਭ ਤੋਂ ਵੱਧ ਪ੍ਰਚੱਲਤ ਨਾਇਕ ਹੈ; ਇੱਕ ਰੋਲ ਮਾਡਲ। ਅੱਜ ਜਦੋਂ ਨੌਜਵਾਨਾਂ ਨੂੰ ਆਪਣੇ ਅੱਗੇ ਸਭ ਕੁਝ ਧੁੰਦਲਾ ਦਿਖਾਈ ਦੇ ਰਿਹਾ ਹੈ ਤਾਂ ਉਸ ਦਾ ਮੁੱਖ ਕਾਰਨ ਉਨ੍ਹਾਂ ਸਾਹਮਣੇ ਕਿਸੇ ਤਰ੍ਹਾਂ ਦੇ ਆਦਰਸ਼/ਰੋਲ ਮਾਡਲ ਦਾ ਨਾ ਹੋਣਾ ਹੈ। ਇਸ ਤਰ੍ਹਾਂ ਕੋਈ ਰਾਹ ਪਾਉਣ ਵਾਲਾ ਨਾ ਹੋਣ ਕਰ ਕੇ ਨੌਜਵਾਨਾਂ ਨੂੰ ਸਗੋਂ ਗ਼ੈਰ-ਕਾਨੂੰਨੀ, ਗ਼ੈਰ-ਸਮਾਜਕ ਕੰਮਾਂ ਲਈ ਵਰਤਿਆ ਜਾ ਰਿਹਾ ਹੈ। ਕਿਤੇ ਨਾ ਕਿਤੇ, ਕਿਸੇ ਨਾ ਕਿਸੇ ਨਾਂਅ ਹੇਠ, ਜਨੂੰਨੀ ਸੰਗਠਨਾਂ ਵਿੱਚ ਅਜਿਹੇ ਨੌਜਵਾਨਾਂ ਦੀ ਭਰਮਾਰ ਹੈ, ਜੋ ਦੇਸ਼ਭਗਤੀ ਜਾਂ ਗਊ ਭਗਤੀ ਜਾਂ ਆਪਣੇ ਅਕੀਦੇ ਦੀ ਸ਼ਾਨ ਨੂੰ ਲੈ ਕੇ ਮਰਨ-ਮਾਰਨ ਲਈ ਤਿਆਰ ਹੋ ਜਾਂਦੇ ਹਨ। ਇਸ ਸਮੇਂ ਜਵਾਨੀ ਦੇ ਜੋਸ਼ ਨੂੰ, ਉਹਨਾਂ ਦੀ ਸਾਰਥਕ ਤਾਕਤ ਨੂੰ ਕੁਰਾਹੇ ਪਾ ਕੇ ਵਰਤਿਆ ਜਾ ਰਿਹਾ ਹੈ ਤੇ ਆਪਣੇ ਹਿੱਤ ਪੂਰੇ ਕੀਤੇ ਜਾ ਰਹੇ ਹਨ।

ਦੇਸ ਵਿੱਚ ਨੌਜਵਾਨਾਂ ਨੂੰ ਲੈ ਕੇ ਕੋਈ ਸਪਸ਼ਟ ਨੀਤੀ ਤਾਂ ਹੈ ਹੀ ਨਹੀਂ, ਸਗੋਂ ਸਿੱਖਿਆ ਅਤੇ ਰੁਜ਼ਗਾਰ ਦੇ ਪਹਿਲੂ 'ਤੇ ਉਹ ਮਿਲ ਕੇ ਨਾ ਬੈਠਣ ਤੇ ਕੋਈ ਸਵਾਲ ਨਾ ਖੜ੍ਹੇ ਕਰਨ, ਇਸ ਲਈ ਜੋਸ਼ ਦੀ ਗਲਤ ਵਰਤੋਂ ਹੋ ਰਹੀ ਹੈ। ਨੌਜਵਾਨ ਆਪਣੀ ਜ਼ਿੰਦਗੀ ਨਾਲ ਜੁੜੇ ਅਹਿਮ ਮੁੱਦਿਆਂ 'ਤੇ ਇਕੱਠੇ ਨਹੀਂ ਹੁੰਦੇ, ਸਗੋਂ ਭਾਰਤ ਮਾਤਾ ਦੀ ਜੈ ਜਾਂ ਹਿੰਦੂ-ਮੁਸਲਿਮ ਮੁੱਦਿਆਂ 'ਤੇ ਮਿੰਟੋ-ਮਿੰਟੀ ਭਿੜ ਜਾਂਦੇ ਹਨ।

ਭਾਵੇਂ ਭਗਤ ਸਿੰਘ ਪੂਰੇ ਭਾਰਤ ਵਿੱਚ ਆਪਣੇ ਵਿਚਾਰਾਂ ਅਤੇ ਕੁਰਬਾਨੀ ਕਰ ਕੇ ਜਵਾਨਾਂ ਦੇ ਦਿਲਾਂ ਦੇ ਨੇੜੇ ਹੈ, ਪਰ ਪੰਜਾਬ ਵਿੱਚ ਕਈ ਜਥੇਬੰਦੀਆਂ ਨੇ ਭਗਤ ਸਿੰਘ ਨੂੰ ਨੌਜਵਾਨਾਂ ਵਿੱਚ ਲੈ ਕੇ ਜਾਣ ਦੀ ਕੋਸ਼ਿਸ਼ ਕੀਤੀ ਹੈ। ਭਗਤ ਸਿੰਘ ਦੀਆਂ ਲਿਖਤਾਂ ਅਤੇ ਵਿਚਾਰ, ਆਪਣੇ ਵਿਚਾਰਾਂ 'ਤੇ ਖਰੇ ਉੱਤਰਨਾ ਅਤੇ ਉਹਨਾਂ ਨੂੰ ਕਾਰਜਾਂ ਵਿੱਚ ਢਾਲਣਾ ਉਸ ਨੂੰ ਹੋਰ ਦਿਲ-ਖਿੱਚਵਾਂ ਬਣਾਉਂਦੇ ਹਨ। ਇਹੀ ਸਭ ਤੋਂ ਵੱਡਾ ਸੰਕਟ ਹੈ, ਜਦੋਂ ਸਮਾਜ ਵਿੱਚ ਕੋਈ ਵੀ ਸ਼ਖ਼ਸ ਅਜਿਹਾ ਨਹੀਂ ਦਿਸਦਾ, ਜੋ ਆਪਣੀ ਕਹਿਣੀ ਅਤੇ ਕਰਨੀ 'ਤੇ ਖਰਾ ਉੱਤਰਦਾ ਹੋਵੇ, ਉਹ ਚਾਹੇ ਮਾਂ-ਪਿਉ ਹੋਣ ਤੇ ਚਾਹੇ ਅਧਿਆਪਕ। ਰਾਜਨੀਤਕ ਨੇਤਾਵਾਂ ਅਤੇ ਧਾਰਮਿਕ ਆਗੂਆਂ ਤੋਂ ਤਾਂ ਇਸ ਦੀ ਬਿਲਕੁੱਲ ਹੀ ਆਸ ਨਹੀਂ ਕੀਤੀ ਜਾ ਸਕਦੀ।

ਇਹ ਠੀਕ ਹੈ ਕਿ ਭਗਤ ਸਿੰਘ ਦੀ ਜ਼ਿੰਦਗੀ ਦੇ ਸ਼ੁਰੂਆਤੀ ਦਿਨ, ਜਵਾਨੀ ਦੇ ਚੜ੍ਹਦੇ ਵਰ੍ਹੇ ਗਰਮ-ਖ਼ਿਆਲਾਂ ਵਾਲੇ ਸਨ। ਉਹ ਮਹਾਤਮਾ ਗਾਂਧੀ ਦੀ ਅਹਿੰਸਾ ਵਾਲੀ ਸ਼ੈਲੀ ਨੂੰ ਪਰਵਾਨ ਨਹੀਂ ਸੀ ਕਰਦਾ। ਇਸ ਪਿੱਛੇ ਵੀ ਕਾਰਨ ਸੀ ਕਿ ਉਸ ਨੂੰ ਅੰਗਰੇਜ਼ਾਂ ਦੀ ਬੇਇੰਤਹਾ ਹਿੰਸਾ ਦਿਸਦੀ ਸੀ। ਉਹ ਜਲ੍ਹਿਆਂਵਾਲੇ ਬਾਗ਼ ਦੇ ਕਾਂਡ ਦਾ ਗਵਾਹ ਸੀ। ਇਸ ਤੋਂ ਵੀ ਵੱਧ ਉਸ ਕੋਲ ਹਿੰਸਾ-ਅਹਿੰਸਾ ਦਾ ਆਪਣਾ ਫਲਸਫਾ ਸੀ। ਉਹ ਮੰਨਦਾ ਸੀ ਕਿ ਲੋਕਾਂ ਦੀ ਨਰਕ ਭਰੀ ਜ਼ਿੰਦਗੀ, ਭੁੱਖ ਅਤੇ ਬੀਮਾਰੀ ਨਾਲ ਤੜਪ-ਤੜਪ ਕੇ ਮਰਨਾ ਵੀ ਹਿੰਸਾ ਹੈ, ਜੋ ਲੋਕਾਂ ਨੂੰ ਨਜ਼ਰ ਨਹੀਂ ਆਉਂਦੀ ਜਾਂ ਉਹ ਜਾਣ-ਬੁੱਝ ਕੇ ਦੇਖਣਾ ਨਹੀਂ ਚਾਹੁੰਦੇ। ਉਸ ਨੇ ਬਾਅਦ ਵਿੱਚ ਬੰਦੂਕ ਅਤੇ ਬੰਬ ਦੇ ਇਸਤੇਮਾਲ ਬਾਰੇ ਵੀ ਕਿਹਾ ਸੀ ਕਿ ਇਹ ਸਾਡਾ ਮੂਲ ਮੰਤਵ ਨਹੀਂ ਹੈ। ਅਸੀਂ ਮਨੁੱਖਤਾ ਨੂੰ ਪਿਆਰ ਕਰਨ ਵਾਲੇ ਲੋਕ ਹਾਂ।

ਅਜਿਹੇ ਫਲਸਫੇ ਨਾਲ ਲਬਰੇਜ਼ ਸੀ ਭਗਤ ਸਿੰਘ। ਭਗਤ ਸਿੰਘ ਨੇ ਛੋਟੀ ਹੀ ਸਮਝ ਲਿਆ ਸੀ ਕਿ ਵਿਚਾਰਾਂ ਨੂੰ ਇਕੱਠਾ ਕੀਤਾ ਜਾਵੇ, ਪੜ੍ਹਿਆ ਜਾਵੇ ਤੇ ਦਲੀਲਾਂ ਦੇ ਸਹਾਰੇ ਬਹਿਸ ਕੀਤੀ ਜਾਵੇ। ਵਿਚਾਰਾਂ ਨਾਲ ਹੀ ਟਾਕਰਾ ਕਰਨ ਨੂੰ ਉਸ ਨੇ ਤਰਜੀਹ ਦਿੱਤੀ। ਉਸਦੀਆਂ ਕੁਝ ਲਿਖਤਾਂ ਇਤਿਹਾਸਕ ਹਨ; ਜਿਵੇਂ ਮੈਂ ਨਾਸਤਿਕ ਕਿਉਂ ਹਾਂ, ਅਛੂਤ ਦਾ ਸਵਾਲ ਅਤੇ ਬੰਬ ਦਾ ਫਲਸਫਾ ਤੇ ਨੌਜਵਾਨਾਂ ਲਈ ਵਿਚਾਰਾਂ। ਇਹਨਾਂ ਦਸਤਾਵੇਜ਼ਾਂ ਵਿੱਚ ਵਿਚਾਰਾਂ ਦੀ ਮੌਲਿਕਤਾ ਹੈ ਤੇ ਨਾਲ ਹੀ ਇਹ ਬਾਦਲੀਲ ਤੇ ਸੌਖੇ ਅਤੇ ਸਪਸ਼ਟ ਸ਼ਬਦਾਂ ਵਿੱਚ ਪੇਸ਼ ਕੀਤੇ ਗਏ ਹਨ। ਉਸ ਨੇ ਆਪਣੀਆਂ ਇਹਨਾਂ ਗੱਲਾਂ ਨੂੰ ਜ਼ਿੰਦਗੀ ਵਿੱਚ ਉਤਾਰਿਆ ਅਤੇ ਆਪਣੇ ਸਾਥੀਆਂ ਵਿੱਚ ਵੀ ਵਿਚਾਰਿਆ। ਭਗਤ ਸਿੰਘ ਨੇ ਇਸੇ ਰੌਅ ਵਿੱਚ ਬਰਾਬਰੀ ਦਾ ਸਮਾਜ ਉਸਾਰਨ ਅਤੇ ਆਜ਼ਾਦੀ ਦੇ ਸਰੂਪ ਬਾਰੇ ਸੋਚਿਆ।

ਅੱਜ ਜਦੋਂ ਭਗਤ ਸਿੰਘ ਦੇ ਵਿਚਾਰਾਂ ਨੂੰ ਸਾਂਭਣ ਅਤੇ ਪ੍ਰਚਾਰਨ ਦੀ ਗੱਲ ਹੋ ਰਹੀ ਹੈ ਤਾਂ ਇੱਕ ਵਾਰੀ ਫਿਰ ਭਗਤ ਸਿੰਘ ਦੇ ਅਜਿਹੇ ਅਕਸ ਨੂੰ ਉਭਾਰਨ ਦੀ ਕੋਸ਼ਿਸ਼ ਹੋ ਰਹੀ ਹੈ, ਜਿਸਦੀ ਉਸ ਨੇ ਖ਼ੁਦ ਆਲੋਚਨਾ ਕੀਤੀ ਸੀ। ਧਰਮ ਦੇ ਖ਼ਿਲਾਫ਼ ਖੁੱਲ੍ਹ ਕੇ ਬੋਲਣ ਵਾਲੇ ਇਸ ਚਿੰਤਕ ਦੇ ਬੁੱਤ ਨੂੰ ਜਦੋਂ ਸੰਸਦ ਵਿੱਚ ਲਗਾਉਣ ਦੀ ਗੱਲ ਚੱਲੀ ਤਾਂ ਟੋਪੀ ਅਤੇ ਪਗੜੀ 'ਤੇ ਬਹਿਸ ਛਿੜ ਗਈ। ਇਸੇ ਤਰ੍ਹਾਂ ਜਦੋਂ ਹੁਣ ਪੰਜਾਬ ਨੂੰ ਉਸ ਦੀ ਉਹ ਬੰਦੂਕ ਮਿਲੀ ਹੈ, ਜਿਸ ਨਾਲ ਉਸ ਨੇ ਸਾਂਡਰਸ ਨੂੰ ਮਾਰਿਆ ਸੀ, ਬੀ ਐੱਸ ਐੱਫ਼ ਮਿਊਜ਼ੀਅਮ (ਹੁਸੈਨੀਵਾਲਾ) ਵਿਖੇ ਕੁਝ ਇਸ ਤਰ੍ਹਾਂ ਸਜਾਉਣ-ਦਿਖਾਉਣ ਦੀ ਤਿਆਰੀ ਹੋ ਰਹੀ ਹੈ ਕਿ ਉਸ ਨਾਲ ਸੈਲਫ਼ੀ ਲਈ ਜਾ ਸਕੇ। ਇਹ ਵੀ ਭਗਤ ਸਿੰਘ ਦੇ ਅਕਸ ਨੂੰ ਗ਼ਲਤ ਉਲੀਕਣ ਅਤੇ ਉਭਾਰਨ ਵੱਲ ਇੱਕ ਕਦਮ ਹੈ। ਇਸ ਤਰ੍ਹਾਂ ਦੀਆਂ ਕਈ ਕੋਸ਼ਿਸ਼ਾਂ ਆਜ਼ਾਦੀ ਤੋਂ ਬਾਅਦ ਹੋਈਆਂ ਹਨ, ਜਦੋਂ ਉਸ ਨੂੰ ਕਾਫ਼ੀ ਸਮਾਂ ਅੱਤਵਾਦੀ ਹੀ ਮੰਨਿਆ ਗਿਆ।

ਕਿਸੇ ਵੀ ਅਜਿਹੀ ਸ਼ਖ਼ਸੀਅਤ ਨੂੰ ਲੈ ਕੇ ਮਿਊਜ਼ੀਅਮ ਉਸਾਰਨ ਦਾ ਮਕਸਦ ਹੋਣਾ ਚਾਹੀਦਾ ਹੈ ਜਾਂ ਹੁੰਦਾ ਹੈ ਕਿ ਉਸ ਦੀ ਜੀਵਨ ਜਾਚ ਬਾਰੇ ਜਾਣਿਆ ਜਾ ਸਕੇ। ਉਹ ਕੀ ਸੋਚਦਾ ਸੀ, ਕਿਵੇਂ ਕਾਰਜਸ਼ੀਲ ਰਹਿੰਦਾ ਸੀ? ਕੋਈ ਵੀ ਮਿਊਜ਼ੀਅਮ ਲੋਕਾਂ ਲਈ ਪ੍ਰੇਰਣਾ ਕੇਂਦਰ ਹੋਣਾ ਚਾਹੀਦਾ ਹੈ ਤੇ ਵਿਚਾਰ ਪੈਦਾ ਕਰਨ ਵਾਲਾ ਵੀ। ਇਹ ਠੀਕ ਹੈ ਕਿ ਲੋਕ ਆਉਣ ਤੇ ਉੱਥੋਂ ਕੁਝ ਅਜਿਹਾ ਲੈ ਕੇ ਜਾਣ, ਜੋ ਉਹਨਾਂ ਦੀ ਜ਼ਿੰਦਗੀ ਨੂੰ ਤਬਦੀਲ ਕਰ ਸਕੇ।

ਭਗਤ ਸਿੰਘ ਨੇ ਦੇਸ ਦੇ ਲੋਕਾਂ ਦੀ ਹੋਣੀ ਬਦਲਣੀ ਚਾਹੀ। ਉਸ ਨੇ ਚਾਹਿਆ ਕਿ ਗ਼ਰੀਬਾਂ, ਮਜ਼ਦੂਰਾਂ, ਦਲਿਤਾਂ ਦੀ ਜ਼ਿੰਦਗੀ ਨਰਕ ਵਰਗੀ ਨਾ ਹੋਵੇ। ਸਿੱਖਿਆ ਅਤੇ ਸਿਹਤ ਤੱਕ ਸਭ ਦੀ ਬਰਾਬਰ ਪਹੁੰਚ ਹੋਵੇ। ਦੇਸ ਨੂੰ ਧਰਮ ਦੇ ਨਾਂਅ 'ਤੇ ਨਾ ਚਲਾਇਆ ਜਾਵੇ, ਸਗੋਂ ਆਪਸੀ ਭਾਈਚਾਰੇ ਅਤੇ ਮਿਲ-ਜੁਲ ਕੇ ਚਲਾਇਆ ਜਾਵੇ। ਕੋਈ ਵਿਤਕਰਾ ਅਤੇ ਨਫ਼ਰਤ ਨਾ ਹੋਵੇ।

ਕੀ ਅਸੀਂ ਭਗਤ ਸਿੰਘ ਨੂੰ ਲੈ ਕੇ ਕੋਈ ਅਜਿਹਾ ਮਿਊਜ਼ੀਅਮ ਉਸਾਰ ਸਕੇ ਹਾਂ? ਖਟਕੜ ਕਲਾਂ ਦਾ ਮਿਊਜ਼ੀਅਮ ਵੀ ਲਾਵਾਰਸ ਲੱਗਦਾ ਹੈ। ਸਮੇਂ-ਸਮੇਂ ਉਸ ਨੂੰ ਉਸਾਰਨ-ਸੰਵਾਰਨ ਦੇ ਐਲਾਨ ਹੁੰਦੇ ਹਨ, ਪਰ ਹਾਲਤ ਉਹੀ ਹੈ। ਹਰ ਸਾਲ ਦੋ ਵਾਰੀ ਸਾਰੀਆਂ ਰਾਜਨੀਤਕ ਪਾਰਟੀਆਂ ਆਪਣਾ ਅਖਾੜਾ ਲਗਾਉਂਦੀਆਂ ਹਨ ਤੇ ਫਿਰ ਆ ਕੇ ਘਰੇ ਬੈਠ ਜਾਂਦੀਆਂ ਹਨ। ਇਹ ਉਹਨਾਂ ਦੀ ਮਜਬੂਰੀ ਹੈ ਕਿ ਦੇਸ ਦੀ ਆਜ਼ਾਦੀ ਦਾ ਪੰਜਾਬ ਕੋਲ ਇਹ ਸਿਰਕੱਢ ਨਾਂਅ ਹੈ, ਜਿਸ ਦੀ ਕੁਰਬਾਨੀ ਬੇਮਿਸਾਲ ਹੈ, ਭਾਵੇਂ ਪੰਜਾਬ ਦੀ ਭੂਮਿਕਾ ਸਭ ਤੋਂ ਵੱਧ ਰਹੀ ਹੈ। ਉਹਨਾਂ ਨੂੰ ਇਹ ਕਾਰਵਾਈ ਪਾਉਣੀ ਪੈਂਦੀ ਹੈ, ਪਰ ਭਗਤ ਸਿੰਘ ਦੀ ਵਿਚਾਰਧਾਰਾ ਉਹਨਾਂ ਦੇ ਰਾਸ ਨਹੀਂ ਆਉਂਦੀ।

ਭਗਤ ਸਿੰਘ ਨਾਲ ਜੁੜੇ ਦੋ ਸਥਾਨ ਹੁਸੈਨੀਵਾਲਾ ਅਤੇ ਖਟਕੜ ਕਲਾਂ ਨੂੰ ਟੂਰਿਸਟ ਵਿਭਾਗ ਨੇ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਬਣਾਉਣ ਦੇ ਕਦੇ ਜਤਨ ਨਹੀਂ ਕੀਤੇ। ਭਗਤ ਸਿੰਘ ਦੀ ਬੰਦੂਕ ਨਾਲ ਸੈਲਫ਼ੀ, ਜੇ ਕੋਈ ਅਜਿਹੀ ਕੋਸ਼ਿਸ਼ ਹੈ ਤਾਂ ਇਹ ਸਗੋਂ ਗ਼ਲਤ ਦਿਸ਼ਾ ਵਿੱਚ ਲੈ ਜਾਣ ਵਾਲੀ ਹੈ। ਜੇਕਰ ਸੱਚਮੁੱਚ ਹੀ ਭਗਤ ਸਿੰਘ ਨੂੰ ਯਾਦ ਕਰਨਾ ਹੈ ਤਾਂ ਉਸਦੀਆਂ ਬਹੁਤ ਹੀ ਪ੍ਰਭਾਵਸ਼ਾਲੀ ਅਤੇ ਅਜੋਕੇ ਸਮੇਂ ਵਿੱਚ ਪੂਰੀ ਤਰ੍ਹਾਂ ਢੁੱਕਦੀਆਂ, ਵਿਚਾਰਾਂ ਨੂੰ ਪ੍ਰੇਰਤ ਕਰਨ ਵਾਲੀਆਂ ਤੁਕਾਂ ਨੂੰ ਲਗਾਇਆ ਜਾਵੇ, ਤਾਂ ਜੁ ਲੋਕ ਉਹਨਾਂ ਨੂੰ ਆਪਣੇ ਮਨ-ਮਸਤਕ ਵਿੱਚ ਸਮਾ ਕੇ ਲੈ ਜਾਣ ਤੇ ਦੇਸ ਨੂੰ ਸਹੀ ਦਿਸ਼ਾ ਵਿੱਚ ਲੈ ਜਾਣ ਬਾਰੇ ਸੋਚਣ। ਇਹਨਾਂ ਮਿਊਜ਼ੀਅਮਾਂ ਤੋਂ ਭਗਤ ਸਿੰਘ ਦਾ ਸੁਫ਼ਨਾ ਅੱਗੇ ਤੁਰਨਾ ਚਾਹੀਦਾ ਹੈ, ਨਾ ਕਿ ਨੌਜਵਾਨਾਂ ਦੇ ਕੋਲ ਬੰਬ-ਬੰਦੂਕ ਦੀ ਹਿੰਸਾ ਦੀ ਭਾਵਨਾ ਪਹੁੰਚੇ, ਜੋ ਪਹਿਲਾਂ ਹੀ ਦੇਸ ਨੂੰ ਨਫ਼ਰਤ ਅਤੇ ਆਪਸੀ ਤਣਾਉ ਵੱਲ ਲੈ ਜਾ ਰਹੀ ਹੈ।

**ਮੋਬਾਇਲ 9815808506**

## ਵਿਦਿਆਰਥੀ

ਵਿਦਿਆਰਥੀ
ਜੋ ਮਹਿਜ਼ ਸਿਲੇਬਸ ਹੀ ਨਹੀਂ ਪੜ੍ਹਦੇ,
ਟੀਰ ਵੀ ਪੜ੍ਹਨ ਲੱਗ ਪੈਂਦੇ ਨੇ ਸੱਤਾ ਦੀ ਅੱਖ ਦਾ।

ਵਿਦਿਆਰਥੀ
ਜੋ ਹਰ ਵਾਰ ਚੁੱਪ-ਚਾਪ ਅੰਗੂਠਾ ਨਹੀਂ ਦਿੰਦੇ
ਕਟਿਹਰੇ 'ਚ ਖੜ੍ਹਾ ਲੈਂਦੇ ਨੇ "ਦ੍ਰੋਣ" ਦੇ "ਗੁਰੂ" ਹੋਣ ਨੂੰ।

ਵਿਦਿਆਰਥੀ
ਜੋ ਮਹਿਜ਼ ਗਣਿਤ ਦੇ ਸਵਾਲ ਹੀ ਨਹੀਂ ਸੁਲਝਦਾਉਂਦੇ
ਅਵਾਮ ਦੀ ਜ਼ਿੰਦਗੀ ਦੇ ਉਲਝ ਨੂੰ ਵੀ ਸਮਝਣ ਲੱਗਦੇ ਨੇ।

ਵਿਦਿਆਰਥੀ
ਜੋ ਰਾਜਨੀਤੀ ਸ਼ਾਸਤਰ ਦੇ ਸੁੰਦਰ ਵਿਖਿਆਨਾਂ ਦੀ
ਫੂਕ ਕੱਢ ਕੇ ਧਰ ਦਿੰਦੇ ਨੇ ਸੜਕਾਂ 'ਤੇ ਆ ਕੇ।

ਵਿਦਿਆਰਥੀ
ਜੋ ਇਨਕਾਰੀ ਹੋ ਜਾਂਦੇ ਨੇ
ਸਥਾਪਿਤ ਢਾਂਚੇ 'ਚ ਫਿੱਟ ਆਉਣ ਵਾਲਾ "ਪੁਰਜ਼ਾ" ਬਣਨੋਂ।

ਉਹ ਸੱਚੀਂ ਖਤਰਨਾਕ ਹੁੰਦੇ ਨੇ
ਸਿਸਟਮ ਦੇ ਜਮ੍ਹਾਂ ਫਿੱਟ ਪੁਰਜ਼ਿਆਂ ਲਈ
ਕਿਉਂਕਿ ਉਹ ਸਮਝ ਗਏ ਹੁੰਦੇ ਨੇ
"ਵਿਦਿਆਰਥੀ" ਹੋਣ ਦੇ ਅਰਥ ਨੂੰ।

-ਲਵਪ੍ਰੀਤ ਸਿੰਘ ਫੇਰੋਕੇ

ਡਾ. ਹਰਦੀਪ ਸਿੰਘ
ਮਿਲਟਨ, ਓਂਟਾਰੀਓ

# ਇੰਡੀਅਨ ਮੂਲਨਿਵਾਸੀਆਂ ਦੇ ਦੋਖੀ, ਕੈਨੇਡਾ ਦੇ ਬਾਨੀ ਜੌਹਨ ਮੈਕਡੋਨਲ ਦੇ ਬੁੱਤ ਉਤਰੇ






ਕੈਨੇਡਾ ਦੇ ਬਾਨੀ ਅਤੇ ਸਭ ਤੋਂ ਪਹਿਲੇ ਪ੍ਰਧਾਨ ਮੰਤਰੀ ਸਰ ਜੌਹਨ ਏ ਮੈਕਡੋਨਲ ਦੇ ਬੁੱਤ ਨੂੰ ਚਾਰਲਟਾਊਨ ਵਿਕਟੋਰੀਆ ਦੇ ਸਿਟੀ ਹਾਲ ਦੇ ਬਾਹਰੋਂ ਉਤਾਰ ਦਿੱਤਾ ਗਿਆ ਹੈ। ਇਸ ਨਾਲ, ਉਸ ਦੌਰ ਦਾ ਲੋਕ-ਦੋਖੀ ਇਤਿਹਾਸ ਮੁੜ ਚਰਚਾ ਵਿੱਚ ਆ ਗਿਆ ਹੈ। ਇਸੇ ਸ਼ਹਿਰ ਵਿੱਚ ਜੌਹਨ ਏ ਮੈਕਡੋਨਲ ਦੀ ਪਹਿਲ-ਕਦਮੀ ਨਾਲ 1864 ਵਿੱਚ ਯੁਰੋਪੀਅਨ ਬਸਤੀਆਂ ਦੇ ਸ਼ਾਸਕਾਂ ਦੀ ਇਤਿਹਾਸਕ ਕਾਨਫਰੰਸ ਕੀਤੀ ਗਈ ਸੀ, ਜਿਸ ਦੇ ਨਤੀਜੇ ਵਜੋਂ ਹੀ ਇੱਕ ਕਨਫੈਂਡਰੇਸ਼ਨ ਦਾ ਮੁੱਢ ਬੱਝਾ। ਇਹ ਕਨਫੈਡਰੇਸ਼ਨ ਹੀ ਕੈਨੇਡਾ ਨਾਮ ਦੇ ਨਵੇਂ ਦੇਸ਼ ਦੇ ਤੌਰ 'ਤੇ ਸੰਸਾਰ ਨਕਸ਼ੇ ਦਾ ਹਿੱਸਾ ਬਣੀ । ਕੈਨੇਡਾ ਦੇਸ਼ ਬਨਣ ਲਈ ਆਗੂ ਰੋਲ ਵਾਲੇ ਸਰ ਜੌਹਨ ਮੈਕਡੋਨਲ ਨੂੰ ਇਸ ਦਾ ਪਹਿਲਾ ਪ੍ਰਧਾਨ ਮੰਤਰੀ ਬਣਾਇਆ ਗਿਆ। ਇਸ ਦੀ ਅਤੇ ਇਤਿਹਾਸਕ ਚਾਰਲਟਾਉਨ ਕਾਨਫਰੰਸ ਦੀ ਯਾਦ ਵਿੱਚ 2010 ਵਿੱਚ ਇਥੇ ਸਿਟੀ ਹਾਲ ਦੇ ਬਾਹਰ ਇਸ ਦੇ ਬੁੱਤ ਦੀ ਸਥਾਪਨਾ ਕੀਤੀ ਗਈ ਸੀ।

ਇਸਦੇ ਇਤਿਹਾਸਕ ਕਾਲ ਵਿੱਚ ਬਸਤੀਵਾਦੀ ਹਾਕਮਾਂ ਨੇ ਇਥੋਂ ਦੇ ਮੂਲਨਿਵਾਸੀ ਲੋਕਾਂ ਨੂੰ ਦਬਾਉਣ ਲਈ ਮਨੁੱਖੀ ਕਦਰਾਂ ਕੀਮਤਾਂ ਦਾ ਘਾਣ ਸੰਗਠਿਤ ਰੂਪ ਵਿੱਚ ਕੀਤਾ। ਮੂਲਨਿਵਾਸੀ ਪਰਿਵਾਰਾਂ ਦੇ ਵਸਦੇ ਘਰਾਂ ਨੂੰ ਉਜਾੜਿਆ ਗਿਆ। ਬੱਚਿਆਂ ਅਤੇ ਔਰਤਾਂ ਨੂੰ ਕਿਡਨੈਪ ਕਰਕੇ ਪਰਿਵਾਰਾਂ ਤੋਂ ਵੱਖ ਕੀਤਾ ਗਿਆ। ਪਰਿਵਾਰਾਂ ਦੇ ਵਿਛੋੜੇ ਅਤੇ ਸਕੂਲ ਕੈਂਪਾਂ ਦੀ ਮਾੜ੍ਹੇ ਪ੍ਰਬੰਧਾਂ ਕਾਰਣ ਕਈ ਬੱਚੇ ਮੌਤ ਦਾ ਸ਼ਿਕਾਰ ਹੋਏ। ਲੁੱਟ ਤੇ ਦਾਬੇ ਦੇ ਇਸ ਘਿਨਾਉਣੇ ਨਸਲੀ ਰੂਪ ਨੂੰ ਜਾਇਜ਼ ਠਹਰਾਇਆ ਗਿਆ ਅਤੇ ਕਾਨੂੰਨੀ ਤੌਰ 'ਤੇ ਸਰਕਾਰੀ ਸਕੀਮਾਂ ਰਾਹੀਂ ਇਸ ਨੂੰ ਲਾਗੂ ਕੀਤਾ ਗਿਆ। ਬਸਤੀਵਾਦੀ ਸਕੀਮਾਂ ਦੇ ਘਾੜ੍ਹੇ ਅਤੇ ਲਾਗੂ ਕਰਨ ਵਾਲੇ ਸਾਬਕਾ ਪ੍ਰਧਾਨ ਮੰਤਰੀ ਮੈਕਡੋਨਲ ਨੂੰ ਹੀਰੋ ਦੀ ਤਰ੍ਹਾਂ ਸਨਮਾਨਿਤ ਕੀਤਾ ਜਾਂਦਾ ਰਿਹਾ ਅਤੇ ਇਸ ਨੂੰ ਰਾਸ਼ਟਰ-ਪਿਤਾ ਦਾ ਦਰਜਾ ਪ੍ਰਾਪਤ ਹੋਇਆ। ਸਿਰਫ 5 ਸਾਲ ਦੀ ਛੋਟੀ ਉਮਰੇ ਬ੍ਰਿਟਿਸ਼ ਸਕਾਟਲੈਂਡ ਤੋਂ ਆਏ ਇੰਮੀਗਰੈਂਟ ਅਤੇ ਉਸ ਵੇਲੇ ਓਂਟਾਰੀਓ ਬ੍ਰਿਟਿਸ਼ ਬਸਤੀ ਦੇ ਕਿੰਗਸਟਨ ਸ਼ਹਿਰ ਵਿੱਚ ਵਸਦੇ ਇਸ ਵਿਅਕਤੀ ਨੂੰ ਸਿਰਫ ਕੈਨੇਡਾ ਦੇ ਇਤਿਹਾਸ ਵਿੱਚ ਹੀ ਨਹੀਂ ਸਗੋਂ ਬ੍ਰਿਟਿਸ਼ ਸਕਾਟਲੈਂਡ ਵਿੱਚ ਵੀ ਧਰਤੀ ਦੇ ਜਾਏ ਮਹਾਨ ਸਪੂਤ ਦਾ ਦਰਜ਼ਾ ਮਿਲਿਆ। ਉਸ ਵੇਲੇ ਵੀ ਜੌਹਨ ਮੈਕਡੋਨਲ ਪੱਕੇ ਸ਼ਰਾਬੀ ਦੇ ਤੌਰ ਤੇ ਬਦਨਾਮ ਸੀ ।

ਯਾਦ ਰਹੇ, ਕੈਨੇਡਾ ਵਿੱਚ ਪ੍ਰਧਾਨ ਮੰਤਰੀ ਜੌਹਨ ਏ ਮੈਕਡੋਨਲ ਵੱਲੋਂ 'ਇੰਡੀਅਨ ਰੈਜੀਡੈਂਸੀ ਸਕੂਲ ਸਿਸਟਮ' ਬੋਰਡਿੰਗ ਸਕੂਲਾਂ ਦਾ ਨੇਟਵਰਕ ਖੋਲਿਆ ਗਿਆ ਸੀ ਜਿਥੇ ਇੰਡੀਜੀਨੀਅਸ ਬੱਚੇ ਜਬਰੀ ਮਾਂ-ਬਾਪ ਤੋਂ ਦੂਰ ਰੱਖੇ ਜਾਂਦੇ। ਇਹ ਸਕੂਲ ਕੈਨੇਡਾ ਸਰਕਾਰ ਦੇ "ਡਿਪਾਰਟਮੈਂਟ ਆਫ ਇੰਡੀਅਨ ਅਫੇਰਸ" ਫੰਡਾਂ ਨਾਲ ਕ੍ਰੀਸ਼ਚੀਅਨ ਚਰਚਾਂ ਦੇ ਪ੍ਰਬੰਧਾਂ ਹੇਠ ਚਲਾਏ ਗਏ। ਇਹ ਸਕੂਲ ਜਾਣ-ਬੁੱਝ ਕੇ ਮੂਲਨਿਵਾਸੀ ਬਸਤੀਆਂ ਤੋਂ ਦੂਰ ਬਣਾਏ ਗਏ ਅਤੇ ਮਾਂ-ਬਾਪ ਨੂੰ ਆਮ ਮਿਲਣਾ ਵਰਜਿਤ ਸੀ। ਇਨ੍ਹਾਂ ਸਕੂਲਾਂ ਦਾ ਮੰਤਵ ਇਨ੍ਹਾਂ ਬੱਚਿਆਂ ਲਈ ਆਪਣੇ ਕਲਚਰ ਤੇ ਭਾਸ਼ਾ ਨੂੰ ਭੁਲਾਉਣਾ ਅਤੇ ਭਾਰੂ ਕ੍ਰਿਸ਼ਚੀਅਨ ਕੈਨੇਡੀਅਨ ਕਲਚਰ ਦਾ ਹਿੱਸਾ ਬਣਾਉਣਾ ਸੀ। ਇੱਕ ਸਦੀ ਤੱਕ ਚਲੇ ਇਸ ਸਕੂਲਾਂ ਵਿੱਚ ਪੂਰੇ ਦੇਸ਼ ਵਿੱਚ 30% ਮੂਲਨਿਵਾਸੀ ਫਸਟ ਨੈਸ਼ਨ ਬੱਚੇ ਮਤਲਬ ਗਿਣਤੀ ਵਿੱਚ ਡੇਢ ਲੱਖ ਦੇ ਕਰੀਬ ਬੱਚਿਆਂ ਨੂੰ ਭਰਤੀ ਕੀਤਾ ਗਿਆ। ਇਨ੍ਹਾਂ ਸਕੂਲਾਂ ਵਿੱਚ ਮਾੜੀਆਂ ਹਾਲਤਾਂ ਕਰਕੇ ਬੱਚਿਆਂ ਦੀ ਮੌਤ ਸਬੰਧੀ ਰਿਕਾਰਡ ਅਧੂਰਾ ਹੈ ਪਰ ਫਿਰ ਵੀ ਇੱਕ ਅੰਦਾਜ਼ੇ ਮੁਤਾਬਿਕ 3,200 ਤੋਂ 6,000 ਬੱਚੇ ਮੌਤ ਦਾ ਸ਼ਿਕਾਰ ਹੋਏ। ਇਥੇ ਬੱਚਿਆ ਨੂੰ ਆਪਣੀ ਭਾਸ਼ਾ ਵਿੱਚ ਬੋਲਣ ਤੇ ਪਾਬੰਦੀ ਸੀ ਅਤੇ ਜਬਰੀ ਇੰਗਲਿਸ਼ ਜਾਂ ਫਰੈਂਚ ਬੋਲਣ ਲਈ ਕਿਹਾ ਜਾਂਦਾ ਸੀ। ਪਰਿਵਾਰਾਂ ਦੇ ਉਦਰੇਵੇਂ ਕਰਕੇ ਬਹੁਤ ਸਾਰੇ ਬੱਚੇ ਮਾਨਸਿਕ ਰੋਗਾਂ ਦਾ ਸ਼ਿਕਾਰ ਵੀ ਹੋਏ। ਇਥੇ ਬੱਚੇ ਸਰੀਰਕ ਅਤੇ ਸੈਕਸੂਅਲ ਹਮਲਿਆਂ ਦਾ ਸ਼ਿਕਾਰ ਵੀ ਹੋਏ। ਸੰਨ 1996 ਤੱਕ ਇਹ ਰੈਜੀਡੈਂਸ਼ੀਅਲ ਸਕੂਲ ਬੰਦ ਕੀਤੇ ਗਏ। ਇਥੇ ਪੜ੍ਹਾਈ ਕਰਣ ਵਾਲੇ ਬੱਚੇ ਵਾਪਿਸ ਆਪਣੇ ਪੁਰਾਣੇ ਸਮਾਜ ਵਿੱਚ ਦਿਮਾਗੀ ਤੌਰ 'ਤੇ ਫਿਟ ਨਹੀਂ ਹੋ ਸਕੇ ਤੇ ਨਾਂ ਹੀ ਉਹ ਕੈਨੇਡੀਅਨ ਸਮਾਜ ਵਿੱਚ ਫਿਟ ਹੋ ਸਕੇ। ਬੱਚਿਆਂ ਰਾਹੀਂ ਇੰਡੀਜੀਨਅਸ ਕਲਚਰ ਨੂੰ ਭਵਿੱਖ ਲਈ ਤਬਾਹ ਕਰ ਦਿੱਤਾ ਗਿਆ। ਇਸੇ ਦੇ ਨਤੀਜੇ ਹਨ ਕਿ ਫਸਟ ਨੈਸ਼ਨ ਲੋਕਾਂ ਦੀਆਂ ਨਵੀਆਂ ਨਸਲਾਂ ਦਿਮਾਗੀ ਬਿਮਾਰੀਆਂ, ਨਸ਼ਿਆਂ ਅਤੇ ਆਤਮ-ਹੱਤਿਆਵਾਂ ਦਾ ਸ਼ਿਕਾਰ ਹਨ। ਜੂਨ 11, 2008 ਵਿੱਚ ਕੈਨੇਡਾ ਦੇ ਤਤਕਾਲੀ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਕੈਨੇਡਾ ਸਰਕਾਰ ਵੱਲੋਂ ਇਸ ਸਰਕਾਰੀ ਜੁਰਮ ਲਈ ਪਬਲਿਕ ਮਾਫੀ ਮੰਗੀ ਸੀ ਅਤੇ ਇਸ ਲਈ ਸਥਾਪਿਤ "ਟਰੂਥ ਐਂਡ ਰੀਕੋਨਸਾਇਲੀਸ਼ਨ ਕਮਸ਼ਿਨ" (ਟੀ ਆਰ ਸੀ) ਨੇ 2015 ਵਿੱਚ ਦਿੱਤੀ ਰਿਪੋਰਟ ਵਿੱਚ ਵੀ ਇਸ ਸਕੀਮ ਨੂੰ 'ਕਲਚਰਲ ਜੀਨੋਸਾਇਡ' ਮਤਲਬ ਕਲਚਰਲ ਨਸਲਕੁਸ਼ੀ ਐਲਾਨਿਆ ਹੈ।

ਇਸ ਨਸਲੀ ਅਤੇ ਦਾਬੇ ਦੀ ਅਣ-ਮਨੁੱਖੀ ਸਕੀਮਾਂ ਦੇ ਘਾੜ੍ਹੇ, ਮੈਕਡੋਨਲ ਦੇ ਬੁੱਤ ਹੀਰੋ ਦੇ ਤੌਰ ਤੇ ਕਈ ਥਾਈਂ ਲਗਾਏ ਗਏ ਅਤੇ ਬਹੁਤ ਸਾਰੇ ਸਕੂਲਾਂ, ਪਾਰਕਾਂ ਦਾ ਨਾਮ ਵੀ ਇਸ ਦੇ ਨਾਮ ਤੇ ਰੱਖਿਆ ਗਿਆ। ਇਸ ਬੁੱਤਾਂ ਨੂੰ ਕਈ ਵਾਰੀ ਫਸਟ ਨੈਸ਼ਨ ਮੂਲਨਿਵਾਸੀ ਵਿਖਾਵਾਕਾਰੀਆਂ ਦੇ ਰੋਹ ਦਾ ਸ਼ਿਕਾਰ ਵੀ ਹੋਣਾ ਪਿਆ। 'ਕਲੋਨੀਜ਼ੀਅਮ ਨੋ ਮੋਰ' ਅਤੇ 'ਸਸਕੈਚਵਨ ਕੋਲੀਸ਼ਨ ਅਗੇਨਸਟ ਰੇਸੀਜ਼ਮ' ਨਾਮ ਦੀਆਂ ਜੱਥੇਬੰਦੀਆਂ ਜੌਹਨ ਏ ਮੈਕਡੋਨਲ ਦੇ ਬੁੱਤਾਂ ਨੂੰ ਹਟਾਉਣ ਦੀ ਮੰਗ ਕਰ ਰਹੀਆਂ ਹਨ। ਓਂਨਟਾਰੀਓ ਪਰੋਵਿੰਸ ਦੇ ਅਧਿਆਪਕਾਂ ਦੀ ਜੱਥੇਬੰਦੀ 'ਐਲੀਮੈਂਟਰੀ ਟੀਚਰ ਫੇਡਰੇਸ਼ਨ ਆਫ ਓਂਨਟਾਰੀਓ" ਵੀ ਜੌਹਨ ਏ ਮੈਕਡੋਨਲ ਦੇ ਨਾਮ ਵਾਲੇ ਸਕੂਲਾਂ ਤੋਂ ਨਾਮ ਹਟਾਉਣ ਦੀ ਮੰਗ ਕਰ ਰਹੀ ਹੈ। ਟੀਚਰਾਂ ਦਾ ਕਹਿਣਾ ਹੈ ਕਿ ਇਨ੍ਹਾਂ ਸਕੂਲਾਂ ਵਿੱਚ ਜੁਲਮਾਂ ਦਾ ਸ਼ਿਕਾਰ ਹੋਏ ਫਸਟ ਨੈਸ਼ਨ ਮੂਲਨਿਵਾਸੀ ਪਰਿਵਾਰਾਂ ਦੇ ਬੱਚੇ ਵੀ ਪੜ੍ਹਦੇ ਹਨ। ਇਤਿਹਾਸ ਵਿੱਚ ਮੂਲਨਿਵਾਸੀ ਲੋਕਾਂ ਦੇ ਨਸਲਕਸ਼ੀ ਲਈ ਜ਼ਿੰਮੇਵਾਰ ਇਤਿਹਾਸਕ ਪਾਤਰ ਦੇ ਨਾਮ ਨਾਲ ਚੱਲਣ ਵਾਲੇ ਸਕੂਲ ਅੰਦਰ ਇੰਡੀਜੀਨਸ ਬੱਚਿਆਂ ਅਤੇ ਨਾਨ-ਇੰਡੀਜੀਨਸ ਬੱਚਿਆਂ ਵਿੱਚ ਆਪਸੀ ਸਬੰਧਾਂ ਵਿੱਚ ਵਿਗਾੜ ਪੈਂਦਾ ਹੈ।

ਪਰ ਬਦਲਵੇਂ ਅਜੋਕੇ ਦੌਰ ਵਿੱਚ, ਸਰਮਾਏਦਾਰੀ ਜਮਾਤ ਕਬਜ਼ੇ ਦਾ ਆਪਣਾ ਦੌਰ ਪੂਰਾ ਕਰ ਚੁੱਕੀ ਹੈ ਅਤੇ ਆਪਣੇ ਆਪ ਨੂੰ ਮਨੁੱਖੀ ਹੱਕਾਂ ਦੀ ਆਗੂ ਵੀ ਪੇਸ਼ ਕਰ ਰਹੀ ਹੈ। ਹੁਣ ਇਹ ਆਪਣੇ ਅਣ-ਮਨੁੱਖੀ ਇਤਿਹਾਸਕ ਪਿਛੋਕੜ ਵਿੱਚ ਸੋਧ ਕਰਨਾ ਚਾਹੁੰਦੀ ਹੈ । ਅੱਜ ਵੀ ਨੇਟਿਵ, ਫਸਟ ਨੈਸ਼ਨ, ਮੈਟਿਜ਼ ਆਦਿ 'ਇੰਡੀਅਨ' ਕਹੇ ਜਾਣ ਵਾਲੇ ਇਹ ਲੋਕ, ਮਾੜ੍ਹੀਆਂ ਜੀਵਨ ਹਾਲਤਾਂ ਨਾਲ ਜੀਵਨ ਬਸਰ ਕਰ ਰਹੇ। ਸੰਨ 2011 ਦੀ ਜਨਗਣਨਾ ਮੁਤਬਿਕ ਸਾਰੇ ਕੈਨੇਡਾ ਵਿੱਚ ਤਕਰੀਬਨ 14,00,685 ( ਚੋਦਾਂ ਲੱਖ, ਛੇ ਸੌ ਪਚਾਸੀ) ਜਾਂ ਕੈਨੇਡਾ ਦੀ ਕੁਲ ਵਸੋਂ ਦਾ 4.3% ਹਿੱਸਾ ਹਨ। ਇਹ ਲੋਕ ਸਾਰੇ ਦੇਸ਼ ਦੇ ਵਿੱਚ ਅਲਗ ਅਲਗ ਹਿੱਸਿਆਂ ਅੰਦਰ ਨਿਰਧਾਰਿਤ 600 ਦੇ ਕਰੀਬ ਮਨੁੱਖੀ ਰਿਜਰਵਾਂ ਵਿੱਚ ਰਹਿ ਰਹੇ ਹਨ। ਬਾਕੀ ਨਾਗਰਿਕਾਂ ਦੇ ਮੁਕਾਬਲਤਨ, ਇਹ ਲੋਕ ਨੀਵੇਂ ਜੀਵਨ ਪੱਧਰ ਲਈ ਮਜ਼ਬੂਰ ਹਨ। 'ਕੈਨੇਡੀਅਨ ਸੈਂਟਰ ਫਾਰ ਪੋਲੀਸੀ ਅਲਟਰਨੇਟਿਵ' ਨਾਮ ਦੀ ਸੰਸਥਾ ਦੀ ਇੱਕ ਤਾਜ਼ਾ ਰਿਪੋਰਟ ਮੁਤਾਬਿਕ ਇਨ੍ਹਾਂ ਰਿਜ਼ਰਵਾਂ ਵਿੱਚ ਰਹਿਣ ਵਾਲੇ ਮੂਲ-ਨਿਵਾਸੀ ਬੱਚੇ ਗਰੀਬੀ ਦੀ ਮਾਰ ਝੱਲ ਰਹੇ ਹਨ। ਸਾਲ 2011 ਦੇ ਨੈਸ਼ਨਲ ਘਰੇਲੂ ਸਰਵੇਖਣ ਦੇ ਅੰਕੜੇ ਦਰਸਾਈ ਇਹ ਗਰੀਬੀ ਦੀ ਭਿਆਨਕਤਾ ਪਿਛਲੇ ਅੰਕੜਿਆਂ ਨਾਲੋਂ ਕਿਤੇ ਜਿਆਦਾ ਹੈ। ਅੱਜ ਵੀ ਮਨੁੱਖੀ ਅਧਿਕਾਰਾਂ ਦੀਆਂ ਜੱਥੇਬੰਦੀਆਂ, ਫਸਟ ਨੈਸ਼ਨ ਦੀਆਂ ਮਿਸਿੰਗ, ਮਰਡਰਡ ਅਤੇ ਹਿੰਸਕ ਹਮਲਿਆਂ ਦਾ ਸ਼ਿਕਾਰ ਹੋ ਰਹੀਆਂ ਔਰਤਾਂ ਲਈ ਇਨਸਾਫ ਦੀ ਮੰਗ ਕਰ ਰਹੀਆਂ ਹਨ।

'ਕੈਨੇਡੀਅਨ ਸੈਂਟਰ ਫਾਰ ਪੋਲੀਸੀ ਅਲਟਰਨੇਟਿਵ' ਨੇ ਦੇਸ਼ ਦੇ ਰਿਜ਼ਰਵਾਂ ਲਈ ਦਿੱਤੇ ਸੁਝਾਵਾਂ ਤਹਿਤ ਮੰਗ ਕੀਤੀ ਹੈ ਕਿ ਇਨ੍ਹਾਂ ਮਨੁੱਖੀ ਰਿਜ਼ਰਵਾਂ ਦੀ ਗਰੀਬੀ ਦਰ ਦਾ ਸਰਵੇ ਖਾਸ ਤੌਰ 'ਤੇ ਕੀਤਾ ਜਾਵੇ ਅਤੇ ਹਰ ਪੰਜ ਸਾਲਾਂ ਵਿੱਚ ਇੱਕ ਤੋਂ ਜ਼ਿਆਦਾ ਵਾਰ ਇਸ ਸਰਵੇਖਣ ਨੂੰ ਅਪਡੇਟ ਕੀਤਾ ਜਾਵੇ। ਇਨ੍ਹਾਂ ਦੀ ਗਰੀਬੀ ਨੂੰ ਦੂਰ ਕਰਨ ਲਈ ਇਨ੍ਹਾਂ ਪਰਿਵਾਰਾਂ ਦੀ ਆਰਥਿਕ ਮਦਦ ਵਧਾਈ ਜਾਵੇ। ਇਨ੍ਹਾਂ ਰਿਜ਼ਰਵਾਂ ਵਿੱਚ ਆਧਾਰ-ਢਾਂਚੇ ਦੇ ਵਿਕਾਸ ਉਪਰ ਹੋਰ ਬਜ਼ਟ ਖਰਚ ਕਰਕੇ ਇਥੇ ਰਹਿੰਦੇ ਲੋਕਾਂ ਲਈ ਮੁਢਲੀਆਂ ਲੋੜਾਂ ਅਤੇ ਰੋਜ਼ਗਾਰ ਦਾ ਪ੍ਰਬੰਧ ਕੀਤਾ ਜਾਵੇ। ਕੰਮ ਦੌਰਾਨ ਟ੍ਰੇਨਿੰਗ ਨਾਲ ਮਾਪਿਆਂ ਲਈ ਰੋਜ਼ਗਾਰ ਅਤੇ ਸਿੱਖਿਆ ਦਾ ਪ੍ਰਬੰਧ ਕੀਤਾ ਜਾਵੇ। ਮੌਜੂਦਾ ਸਮਾਂ ਇਨ੍ਹਾਂ ਨਾਗਰਿਕਾਂ ਲਈ ਸਰਕਾਰੀ ਨੀਤੀਆਂ ਵਿੱਚ ਗੁਣਾਤਮਿਕ ਅਤੇ ਪ੍ਰਭਾਵਸ਼ਾਲੀ ਤਬਦੀਲੀ ਲਿਆਉਣ ਦਾ ਹੈ। ਸਿਰਫ ਬੁੱਤਾਂ ਨੂੰ ਹਟਾਉਣ ਜਾਂ ਨਾਮ ਬਦਲਣ ਨਾਲ ਹੀ ਇਤਿਹਾਸ ਦੇ ਉਸ ਕਾਲੇ ਕਾਰਨਾਮਿਆਂ ਨੂੰ ਧੋਤਾ ਨਹੀਂ ਜਾ ਸਕਦਾ ਸਗੋਂ ਲੋੜ ਹੈ ਇਸ ਦਾ ਸ਼ਿਕਾਰ ਬਣੇ ਲੋਕਾਂ ਪ੍ਰਤੀ ਸੁਹਿਰਦ ਮੌਜੂਦਾ ਨੀਤੀ ਬਣਾਈ ਜਾਵੇ।

BAINS VISION CENTRE
New Patients & Walk-Ins Welcome
McKnight Village 5218 Falsbridge Dr. NE Calgary AB T3J 3G1
Dr. Jaswinder S. Bains
DR. J.S. BAINS & ASSOCIATES-(OPTOMETRY)
Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English
- Complete Eye Exam ਨਜ਼ਰ ਦੀ ਪੂਰੀ ਜਾਂਚ
- Ocular Health Assessment ਅੱਖਾਂ ਦੀ ਅੰਦਰਲੀ ਜਾਂਚ
- Contact Lenses ਕਾਂਨਟੈਕਟ ਲੈਨਜ਼ ਲਗਾਉਣੇ
Jaswinder S Bains, Ph.D., OD.
403-274-4514
deerfootvision@yahoo.ca
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।
Every Monday, 9:30 to 5:00 pm at Dr. Pardeep Dhillon Optometric Corporation
7110 120 St, #102, Surrey, BC V3W 3M8
604-635-0155

HMP
ਐਚ. ਐਮ. ਪੀ. ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
HMP Professional Construction Ltd.
- ਗੈਰਾਜ ਡੋਰ ਰਿਪੇਅਰ - ਰੂਫਿੰਗ - ਫੈਂਸ
- ਨਵੇਂ ਘਰਾਂ ਦੀ ਫਰੇਮਿੰਗ - ਡੈਕ
- ਪੁਰਾਣੇ ਘਰ ਐਕਸਟੈਂਸ਼ਨ ਦੇ ਮਾਹਿਰ
- ਨਵੇਂ ਗੈਰਾਜ - ਬੇਸਮੈਂਟ
Free Estimate Best Prices!
Paul Sekhon
www.hmphome.com
403 701 4947

FOR ALL YOUR REAL ESTATE NEEDS
Contact Long time trusted name in the community
Gurbachan Singh Brar
REALTOR
* RESIDENTIAL * BUSINESS * LAND
* COMMERCIAL * INDUSTRIAL * INVESTMENT
403-470-2628
gsbrar@gsbrar.com
www.gsbrar.com
ਰੀਅਲ ਅਸਟੇਟ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਸੰਪਰਕ ਕਰੋ।
* Free no obligation evaluation
* Full time commitment
* Assistance to arrange best mortgage rates
urban Real Estate Services Ltd.
1A-4101 19 ST N.E, CALGARY, AB T2E 6X8
Ph: 403-590-2233 Fax: 403-776-1942

# ਇਕ ਇਨਕਲਾਬੀ ਸ਼ਾਇਰਾ ਬਖਸ਼ ਸੰਘਾ



ਹਰੀਪਾਲ
403-714-4816

ਇਸ ਤੋਂ ਪਹਿਲਾਂ ਕਿ ਆਪਾਂ ਬਖਸ਼ ਦੀ ਸਾਹਿਤਕ ਦੇਣ ਬਾਰੇ ਗੱਲ ਕਰੀਏ।ਆਓ ਪਹਿਲਾਂ ਵਿਚਾਰੀਏ ਕਿ ਸਾਹਿਤ ਕੀ ਹੈ। ਸਾਹਿਤ ਕਿਸੇ ਖਾਸ ਖਿੱਤੇ ਦਾ, ਲੋਕਾਂ ਦਾ ਰਹਿਣ ਸਹਿਣ, ਜਿੱਤਾਂ ਹਾਰਾਂ, ਸਮਾਜਿਕ ਰਾਜਨੀਤਿਕ ਸਮੱਸਿਆਵਾਂ ਦਾ ਉਥਲ ਪੁਥਲ, ਕਿਸੇ ਖਾਸ ਜਾਂ ਉਥੋਂ ਦੇ ਲੋਕਾਂ ਦੀ ਬੋਲੀ ਵਿੱਚ ਲਿਖਿਆ ਦਸਤਾਵੇਜ਼ ਹੁੰਦਾ ਹੈ। ਸਾਹਿਤਕਾਰ ਮਿਹਨਤ ਕਰਦਾ ਹੈ। ਪੜ੍ਹਦਾ ਹੈ, ਸੋਚਦਾ ਹੈ ਸਮਾਜ ਨੂੰ ਘੋਖਦਾ ਹੈ, ਫਿਰ ਲਿਖਦਾ ਹੈ। ਕੋਲੋਂ ਪੈਸੇ ਖਰਚ ਕੇ ਛਪਵਾਉਂਦਾ ਹੈ। ਇਹ ਠੀਕ ਹੈ ਕਿ ਜਦ ਉਸਦੀ ਕਾਬਲੀਅਤ ਛਾ ਜਾਂਦੀ ਹੈ



ਤਦ ਉਸ ਨੂੰ ਪੈਸੇ ਨਹੀਂ ਖਰਚਣੇ ਪੈਂਦੇ। ਅਜੇ ਪੰਜਾਬੀ ਪਾਠਕਾਂ ਦਾ ਸਾਹਿਤ ਵਿੱਚ ਐਨਾ ਪਿਆਰ ਨਹੀਂ ਪਿਆ ਕਿ ਉਹ ਬੰਗਾਲੀਆਂ ਮਦਰਾਸੀਆਂ ਜਾ ਚੀਨਿਆਂ ਦੀ ਤਰ੍ਹਾਂ ਕਿਤਾਬ ਕਲਚਰ ਅਪਨਾ ਲੈਣ। ਜਦ ਪੰਜਾਬੀ ਪਾਠਕ ਜਾਗ ਪਿਆ ਤਾਂ ਲੇਖਕਾਂ ਲਈ ਲਿਖਣਾ ਵੀ ਸੌਖਾ ਹੋ ਜਾਵੇਗਾ ਤੇ ਛਪਵਾਉਣਾ ਵੀ।

ਹੁਣ ਜੇਕਰ ਪੰਜਾਬੀ ਸਾਹਿਤ ਦੀ ਗੱਲ ਕਰੀਏ ਤਾਂ ਪੰਜਾਬੀ ਵਿੱਚ ਦੋ ਤਰ੍ਹਾਂ ਦਾ ਸਾਹਿਤ ਰਚਿਆ ਜਾ ਰਿਹਾ ਹੈ। ਇੱਕ ਹੈ ਰਾਜ ਦਰਬਾਰੀ ਸਾਹਿਤ ਜਿਹੜਾ ਮਰਾਸਪੁਣਾ ਉਚਾਰਦਾ ਹੈ। ਸਥਾਪਤੀ ਦੀ ਤਾਰੀਫ਼ ਕਰਦਾ ਹੈ। ਸੱਤਾ ਦੇ ਅੱਗੇ ਦੁੰਮ ਹਿਲਾਉਂਦਾ ਹੈ। ਇਹ ਉਹ ਸਾਹਿਤਕਾਰ ਹੁੰਦੇ ਹਨ ਜਿਹੜੇ ਸਰਕਾਰੀ ਇਨਾਮਾਂ ਸਨਮਾਨਾਂ, ਲੀਡਰਾਂ ਨਾਲ ਫੋਟੋਆਂ: ਅਖਬਾਰਾਂ ਚ ਛਪਵਾ ਕੇ ਖੁਸ਼ ਹੁੰਦੇ ਹਨ। ਆਪਦੇ ਆਪ ਨੂੰ ਝੂਠੀ ਤਸੱਲੀ ਦਿੰਦੇ ਹਨ ਅਤੇ ਪਾਠਕਾਂ ਦਾ ਸਮਾਂ ਬਰਬਾਦ ਕਰਦੇ ਹਨ। ਇਹੋ ਜਿਹੇ ਲੇਖਕਾਂ ਨੇ ਸਾਹਿਤ ਦਾ ਬੇੜਾ ਗਰਕ ਕੀਤਾ ਹੈ। ਕਿਉਂ ਕਿ ਇਹ ਲੋਕਾਂ ਨੂੰ ਉਨਾਂ ਦੀਆਂ ਸਮੱਸਿਆਵਾਂ ਤੋਂ ਭਟਕਾਉਂਦੇ ਹਨ। ਦੂਜੀ ਕਿਸਮ ਦੇ ਸਾਹਿਤਕਾਰ ਉਹ ਹੁੰਦੇ ਹਨ ਜਿਹੜੇ ਕਿ ਰੋਜਮਰ੍ਹਾ ਦੀਆਂ ਸਮੱਸਿਆਵਾਂ ਨਾਲ ਜੂਝਦੇ ਹਨ, ਲੋਕਾਂ ਨੂੰ ਉਨਾਂ ਦੇ ਹੱਕਾਂ ਤੋਂ ਚੇਤੰਨ ਕਰਦੇ ਹਨ ਤੇ ਲੀਡਰਾਂ ਦੀਆਂ ਲੋਕ ਵਿਰੋਧੀ ਕਾਰਵਾਈਆਂ ਨੂੰ ਲੋਕਾਂ ਸਾਹਮਣੇ ਨੰਗਾ ਹੀ ਨਹੀਂ ਕਰਦੇ ਬਲਕਿ ਲੋਕਾਂ ਨੂੰ ਲਾਮਬੰਦ ਕਰਦੇ ਹਨ।

ਮੈਨੂੰ ਇਸ ਗੱਲ ਦੀ ਬੇਹੱਦ ਖੁਸ਼ੀ ਹੈ ਕਿ ਬਖਸ਼ ਸੰਘਾ ਉਸ ਦੂਜੀ ਕਿਸਮ ਦੀ ਲੇਖਿਕਾ ਹੈ। ਬਖਸ਼ ਲੋਕਾਂ ਦੀ ਲੇਖਿਕਾ ਹੈ। ਜਿਹੜੀ ਲੋਕਾਂ ਦੀਆਂ ਸਮੱਸਿਆਵਾਂ ਨਾਲ ਖੜ੍ਹਦੀ ਹੈ। ਕੈਨੇਡਾ ਦੇ ਨੇਟਿਵ ਲੋਕਾਂ ਦੇ ਨਾਲ ਹੁੰਦੇ ਧੱਕੇ ਦੇ ਉਲਟ ਖੜ੍ਹਦੀ ਹੈ। ਲੱਚਰਤਾ ਦਾ ਵਿਰੋਧ ਕਰਦੀ ਹੈ। ਔਰਤ ਦੇ 365 ਚਰਿੱਤਰ ਕਹਿਣ ਵਾਲਿਆਂ ਨੂੰ ਰੰਨ ਤਿੱਖੀ ਤਲਵਾਰ ਕਹਿਣ ਵਾਲਿਆਂ ਨੂੰ ਚੈਲੰਜ ਕਰਦੀ ਹੈ ਅਤੇ ਕਹਿੰਦੀ ਹੈ ਕਿ ਤੁਸੀਂ ਇਹ ਸਤਰਾਂ ਆਪਦੀ ਬੇਟੀ ਜਾਂ ਆਪਦੀ ਭੈਣ ਨੂੰ ਸਾਹਮਣੇ ਬੈਠਾ ਕੇ ਕਰ ਸਕਦੇ ਹੋ। ਔਰਤ ਨੂੰ ਕਦੇ ਪੈਰਾਂ ਦੀ ਜੁੱਤੀ ਕਿਹਾ ਜਾਂਦਾ ਹੈ, ਕਦੇ ਗੁੱਤ ਪਿੱਛੇ ਮੱਤ ਕਹੀ ਜਾਂਦੀ ਹੈ ਕਦੇ ਚੰਚਲ ਹਾਰੀ ਕਿਹਾ ਜਾਂਦਾ ਹੈ। ਬਖਸ਼ ਸਮਾਜ ਨੂੰ ਪੁੱਛਦੀ ਹੈ ਕਿ ਮਰਦ ਪ੍ਰਧਾਨ ਸਮਾਜ ਤੂੰ ਔਰਤ ਨੂੰ ਹੋਰ ਕਿੰਨੇ ਕੁ ਖਿਤਾਬ ਦੇਵੇਂਗਾ ਹੁਣ ਬੱਸ ਵੀ ਕਰ। ਯੁਧਿਸ਼ਟਰ ਜੂਆ ਹਾਰ ਜਾਂਦਾ ਹੈ, ਸਜ਼ਾ ਦਰੋਪਤੀ ਨੂੰ ਮਿਲਦੀ ਹੈ, ਗਲਤੀ ਲਛਮਣ ਦੀ ਹੈ ਸਜ਼ਾ ਸੀਤਾ ਨੂੰ ਮਿਲਦੀ ਹੈ। ਲੜਾਈਆਂ ਹੁੰਦੀਆਂ ਹਨ, ਯੁੱਧ ਹੁੰਦੇ ਹਨ, ਦੰਗੇ ਫਸਾਦ ਹੁੰਦੇ ਹਨ ਪਰ ਬਲਾਤਕਾਰ ਔਰਤਾਂ ਦੇ ਹੁੰਦੇ ਹਨ। ਇਹ ਕਿਉਂ ਹੈ? ਔਰਤਾਂ ਤਾਂ ਦੰਗੇ ਨਹੀਂ ਕਰਵਾਉਂਦੀਆਂ, ਫਿਰ ਸਜ਼ਾ ਦੀ ਭਾਗੀ ਕਿਉਂ ਬਣਦੀਆਂ ਹਨ। ਔਰਤ ਦਾ ਜੰਮਣਾ ਮਰਨਾ ਸਮਾਜ ਨੇ ਆਪਦੇ ਹੱਥ ਲਿਆ ਹੋਇਆ ਹੈ। ਕਿਸੇ ਟਾਇਮ ਪਿੰਡਾਂ ਵਿੱਚ ਅਨਪੜ੍ਹ ਦਾਈਆਂ, ਦਾਦੀਆਂ, ਦੇਸੀ ਅੱਕ ਦੇ ਦੁੱਧ ਦਾ ਫੰਬਾ ਲੈ ਕੇ ਬੱਚੀਆਂ ਦਾ ਕਤਲ ਕਰਨ ਲਈ ਤਿਆਰ ਬੈਠੀਆਂ ਹੁੰਦੀਆਂ ਸਨ। ਪਰ ਹੁਣ ਇਸ ਨਵੇਂ ਯੁੱਗ ਵਿੱਚ ਕਿਉਂਕਿ ਸਮਾਜ ਤਰੱਕੀ ਕਰ ਗਿਆ ਹੈ, ਇਸ ਕਰਕੇ ਕੁੜੀਆਂ ਦਾ ਜੱਗ ਤੇ ਆਉਣਾ ਬੰਦ ਕਰਨ ਲਈ ਭਰੂਣ ਟੈਸਟ ਕਰਨ ਵਾਲੀਆਂ ਮਸ਼ੀਨਾਂ ਲੈ ਆਇਆ ਹੈ। ਹੱਦ ਦੀ ਗੱਲ ਹੈ ਕਿ ਪੁੱਤ ਸ਼ਰੇਆਮ ਆਪਣੀ ਪਸੰਦ ਨਾ ਪਸੰਦ ਦੱਸ ਸਕਦਾ ਹੈ ਪਰ ਔਰਤ ਨਹੀਂ। ਔਰਤ ਨੇ ਜੇਕਰ ਕਿਸੇ ਰੂਹ ਦੇ ਹਾਣੀ ਨੂੰ ਦਿਲ ਦੇ ਦਿੱਤਾ ਹੈ ਤਾਂ ਮਰਦ ਨੇ ਉਸਦੇ ਟੁਕੜੇ ਕਰ ਦਿੱਤੇ। ਮਰਦ ਮਾਂ ਚਾਹੁੰਦਾ ਹੈ, ਭੈਣ ਚਾਹੁੰਦਾ ਹੈ। ਪਤਨੀ ਚਾਹੁੰਦਾ ਹੈ। ਪਰ ਬੇਟੀ ਦੀ ਤਮੰਨਾ ਨਹੀਂ ਕਰਦਾ। ਮਰਦ ਇਹ ਭੁੱਲ ਜਾਂਦਾ ਹੈ ਕਿ ਇਸ ਦੁਨੀਆਂ ਉੱਤੇ ਮਨੁੱਖ ਦੀ ਹੋਂਦ ਔਰਤ ਕਰਕੇ ਹੀ ਹੈ।

ਬਖਸ਼ ਦੀ ਸਮੁੱਚੀ ਸ਼ਾਇਰੀ ਇਕ ਬਗਾਵਤ ਹੈ। ਰਾਜਨੀਤਿਕ, ਸਮਾਜਿਕ ਕਦਰਾਂ ਕੀਮਤਾਂ ਦੇ ਇਸ ਸੱਭਿਆਚਾਰ ਦੇ ਕੂੜੇ ਕਬਾੜੇ ਦੇ ਵਿਰੋਧ ਵਿੱਚ ਇੱਕ ਅਣ ਐਲਾਨੀ ਜੰਗ ਹੈ। ਬਖਸ਼ ਨੂੰ ਗਿਲਾ ਹੈ ਕਿ ਕੁੜੀਆਂ ਦਾ ਵਿਆਹ, ਜ਼ਮੀਨਾਂ ਨਾਲ ਕੋਠੀਆਂ ਨਾਲ ਜਾਂ ਕੈਨੇਡਾ, ਅਮਰੀਕਾ ਦੇ ਵੀਜੇ ਨਾਲ ਹੁੰਦਾ ਹੈ। ਹਾਣ ਦੇ ਹਾਣੀ ਨਾਲ ਨਹੀਂ।

'ਤੁਰ ਚਾਨਣ ਦੀ ਤੋਰ' ਬਖਸ਼ ਦੀ ਬੋਲੀਆਂ ਦੀ ਕਿਤਾਬ ਹੈ। ਇਸ ਨੇ ਬੋਲੀਆਂ ਨੂੰ ਇੱਕ ਨਵੀਂ ਦਿਸ਼ਾ ਦਿੱਤੀ ਹੈ। ਜੇਕਰ ਇਹ ਬੋਲੀਆਂ ਕਿਸਾਨਾਂ ਦੀਆਂ ਖੁਦਕਸ਼ੀਆਂ ਬਾਰੇ ਹਨ ਤਾਂ ਉਹ ਕਿਸਾਨਾ ਨੂੰ ਲਲਕਾਰਦੀ ਹੈ ਕਿ ਢੇਰੀ ਢਾਹ ਕੇ ਬੈਠੇ, ਖੁਦਕਸ਼ੀਆਂ ਨਾ ਕਰੋ ਅਸਲੀ ਦੁਸ਼ਮਣ ਨੂੰ ਪਛਾਣੋ। ਗਰੀਬ ਕੁੜੀਆਂ ਦੀਆਂ ਰੀਝਾਂ, ਧਾਰਮਿਕ ਅੰਧ ਵਿਸ਼ਵਾਸ, ਲੁਟੇਰੇ ਸਾਮਰਾਜ, ਬੇ ਰੁਜ਼ਗਾਰੀ ਨਸ਼ਿਆਂ ਦੇ ਖਿਲਾਫ਼, ਕਾਰਪੋਰੇਸ਼ਨਾਂ ਦੀ ਫਰਮਾਬਰਦਾਰ, ਸਰਕਾਰਾਂ, ਜਾਣੀ ਕਿ ਉਹ ਕਿਹੜਾ ਵਿਸ਼ਾ ਹੈ, ਜਿਸ ਨੂੰ ਬਖਸ਼ ਨੇ ਨਹੀਂ ਛੋਹਿਆ। ਸਾਰੀਆਂ ਬੋਲੀਆਂ ਲੁੱਟ ਰਹੇ ਅਤੇ ਲੁਟੇਰਿਆਂ ਦੇ ਖਿਲਾਫ਼ ਇੱਕ ਜਦੋ ਜਹਿਦ ਹਨ। ਕੋਈ ਵੀ ਬੋਲੀ ਦਿਲ ਢਾਹੂ ਨਹੀਂ ਹੈ। ਸਗੋਂ ਸਾਰੀਆਂ ਹੀ ਬੋਲੀਆਂ ਸਮਾਜੀ ਲੜਾਈ ਨੂੰ ਤੇਜ਼ ਕਰਨ ਲਈ ਪ੍ਰੇਰਦੀਆਂ ਹਨ।

"ਮਾਂ ਧੀ ਦਾ ਸੰਵਾਦ" ਬਖਸ਼ ਦੀ ਸ਼ਾਹਕਾਰ ਰਚਨਾ ਹੈ। ਮਾਂ ਧੀ ਨੂੰ ਆਖ਼ਰੀ ਜ਼ਿੰਦਗੀ ਦਾ ਦੁਖਾਂਤ ਦੱਸਦੀ ਹੈ।

ਬਚਪਨ ਤੋਂ ਲੈ ਕੇ ਮਰਨ ਤੱਕ ਆਪਦੀ ਗੁਲਾਮੀ ਭਰੀ ਜੂਨ ਬਿਆਨ ਕਰਦੀ ਮਾਂ ਅਸਲ ਵਿੱਚ ਧੀ ਨੂੰ ਬਗਾਵਤ ਕਰਨ ਦਾ ਸੱਦਾ ਦਿੰਦੀ ਹੈ। ਇਹ ਕਵਿਤਾ ਪੜ੍ਹ ਕੇ ਇੱਕ ਵਾਰ ਤਾਂ ਪਾਠਕ ਨੂੰ ਵੀ ਭੁਲੇਖਾ ਪੈਂਦਾ ਹੈ ਕਿ ਸ਼ਾਇਦ ਮਾਂ, ਆਪ ਦੀ ਧੀ ਨੂੰ ਡਰਾ ਰਹੀ ਹੈ, ਕਿ ਉਹ ਪਰੰਪਰਾ ਦਾ ਵਿਰੋਧ ਨਾ ਕਰੇ, ਮਾਂ ਬਾਪ ਦਾ ਕਹਿਣਾ ਮੰਨੇ, ਪਤੀ ਦੀ ਗੋਲੀ ਬਣ ਕੇ ਰਹੇ ਪਰ ਅਸਲ ਵਿੱਚ ਮਾਂ ਆਪ ਦੀ ਧੀ ਨੂੰ ਸਮਝਾ ਰਹੀ ਹੈ ਕਿ ਜੇਕਰ ਤੂੰ ਬਗਾਵਤ ਨਾਂ ਕੀਤੀ ਤਾਂ ਤੇਰਾ ਹਸ਼ਰ ਵੀ ਮੇਰੇ ਵਰਗਾ ਹੀ ਹੋਵੇਗਾ, ਤੂੰ ਵੀ ਮੇਰੇ ਵਾਂਗ ਨਰਕ ਹੀ ਭੋਗੇਂਗੀ। ਲੇਖਕ ਦੀ ਇਹ ਖੂਬੀ ਹੋਣੀ ਚਾਹੀਦੀ ਹੈ ਕਿ ਜੋ ਉਹ ਚਾਹੁੰਦੀ ਹੈ ਜਿਸ ਤਰ੍ਹਾਂ ਦਾ ਸਮਾਜ ਸਿਰਜਣਾ ਚਾਹੁੰਦੀ ਹੈ, ਉਹ ਉਸਦੀ ਲਿਖਤ ਵਿੱਚ ਉਜਾਗਰ ਹੋਵੇ। ਜਿਸ ਤਰ੍ਹਾਂ ਕਿਸੇ ਲੇਖਕ ਨੇ ਲਿਖਿਆ ਹੈ ਕਿ ਲੋਕਾਂ ਨੂੰ ਉਨਾਂ ਦੇ ਦੋਸਤਾਂ ਦੁਸ਼ਮਣਾਂ ਦੀ ਪਛਾਣ ਕਰਾ ਦੇਵੋਂ ਬਾਕੀ ਕੰਮ ਲੋਕ ਆਪ ਦੇ ਆਪ ਹੀ ਕਰ ਲੈਂਦੇ ਹਨ।

ਬਖਸ਼ ਲੋਕਾਂ ਦੀ ਲੇਖਿਕਾ ਹੈ। ਬਖਸ਼ ਜੋ ਲਿਖਦੀ ਹੈ ਉਸ ਤੇ ਅਮਲ ਕਰਦੀ ਹੈ। ਉਸ ਦਾ ਘਰ ਲੇਖਕਾਂ, ਅਗਾਂਹਵਧੂ ਲੋਕਾਂ ਦੀ ਪਨਾਹਗਾਹ ਹੈ। ਉਸ ਦਾ ਜੀਵਨ ਸਾਥੀ ਜਸਵੀਰ ਸੰਘਾ ਬਖਸ਼ ਦੀਆਂ ਸਾਰੀਆਂ ਗਤੀ ਵਿਧੀਆਂ ਵਿੱਚ ਉਸ ਦੇ ਨਾਲ ਖੜਦਾ ਹੈ।

ਅਖੀਰ ਵਿੱਚ ਮੈਂ ਇਹ ਕਹਿਣਾ ਚਾਹਾਂਗਾ ਕਿਉਂ ਕਿ ਇਹ ਦੌਰ ਪੂੰਜੀ ਵਾਦੀ ਕਦਰਾਂ ਕੀਮਤਾਂ ਦੇ ਵਿਰੁੱਧ ਸੰਘਰਸ਼ ਤੇਜ਼ ਕਰਨ ਦਾ ਯੁੱਗ ਹੈ। ਹੁਣ ਸਮਾਂ ਆ ਗਿਆ ਹੈ ਕਿ ਅਸੀਂ ਉਨ੍ਹਾਂ ਲੇਖਕਾਂ ਨੂੰ ਉਨਾਂ ਦਾ ਬਣਦਾ ਸਨਮਾਨ ਦੇਈਏ। ਜਿਹੜੇ ਗਲਤ ਕਦਰਾਂ ਕੀਮਤਾਂ ਦੇ ਉਲਟ ਸਿਰਫ਼ ਲਿਖਦੇ ਹੀ ਨਹੀਂ ਬਲਕਿ ਆਪਦੀ ਲਿਖਤ ਤੇ ਖੜਦੇ ਵੀ ਹਨ ਕਿਉਂਕਿ ਜਿਹੜਾ ਲੇਖਕ ਆਪਦੀ ਲਿਖਤ ਤੇ ਨਹੀਂ ਖੜਦਾ ਉਹ ਉਸ ਗੈਰ ਜ਼ੁੰਮੇਵਾਰ ਬਾਪ ਦੀ ਤਰ੍ਹਾਂ ਹੁੰਦਾ ਹੈ , ਜਿਹੜਾ ਬੱਚੇ ਜੰਮ ਤਾਂ ਦਿੰਦਾ ਹੈ ਪਰ ਉਨਾਂ ਨੂੰ ਪਾਲਦਾ ਨਹੀਂ। ।

ਇਹੋ ਜਿਹੀ ਅਗਾਂਹਵਧੂ ਲੇਖਿਕਾ ਨੂੰ ਸਨਮਾਨ ਕਰਨ ਲਈ ਪੰਜਾਬੀ ਲਿਖਾਰੀ ਸਭਾ ਵਧਾਈ ਦੀ ਪਾਤਰ ਹੈ।

ਅੱਠ ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ ਅਤੇ ਕੈਲਗਰੀ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰੋ। ਇਸ ਅਖ਼ਬਾਰ ਈਮੇਲ 'ਤੇ ਮੰਗਵਾਉਣ ਲਈ ਜਾਂ ਕਾਪੀ ਪ੍ਰਾਪਤ ਕਰਨ ਲਈ ਸਾਡੀ ਟੀਮ ਨਾਲ ਸੰਪਰਕ ਕਰੋ।



| ਹਰਬੰਸ ਸਿੰਘ | ਮਾਸਟਰ ਭਜਨ | ਪਰਮਿੰਦਰ ਕੌਰ ਸਵੈਚ | ਸੁਖਵੀਰ ਗਰੇਵਾਲ | ਸੁਰਿੰਦਰ ਮਾਵੀ |
|---|---|---|---|---|
| (ਟੋਰਾਂਟੋ) | (ਕੈਲਗਰੀ) | (ਵੈਨਕੂਵਰ) | (ਕੈਲਗਰੀ) | (ਵਿੰਨੀਪੈਗ) |
| 416-817-7142 | 403-455-4220 | 604 760 4794 | 778-979-4978 | 204-510-6284 |

ਨੋਟ: ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਟੋਰਾਂਟੋ, ਐਡਮਿੰਟਨ ਸ਼ਹਿਰਾਂ ਤੋਂ ਮਾਰਕੀਟਿੰਗ ਲਈ ਪ੍ਰਤੀਨਧਾਂ ਦੀ ਲੋੜ ਹੈ। ਵਾਜਬ ਕਮਿਸ਼ਨ ਦਿੱਤਾ ਜਾਵੇਗਾ। ਐਡਮਿੰਟਨ ਤੋਂ ਪੱਤਰਕਾਰ ਦੀ ਵੀ ਲੋੜ ਹੈ।

CARE Inc.
Home Health Solutions

403-605-6300
ਪੰਜਾਬੀ ਮਾਰਕੀਟ ਗਰੋਸਰੀ ਸਟੋਰ ਦੇ ਸਾਹਮਣੇ
ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ
ਐਤਵਾਰ ਬੰਦ



"ਮਾਤਾ ਪਿਤਾ ਦਾ ਰੱਖੋ ਖਿਆਲ
ਹੁਣ ਕੇਅਰ ਇੰਕ ਹੈ ਤੁਹਾਡੇ ਨਾਲ"

ਹੁਣ ਤੁਸੀਂ ਸੀਨੀਅਰਜ਼ ਲਈ ਹਰ ਤਰ੍ਹਾਂ ਦੀਆਂ ਲੋੜਾਂ ਸਬੰਧੀ ਵਧੀਆ ਕੁਆਲਿਟੀ ਦਾ ਸਮਾਨ ਪੰਜਾਬੀਆਂ ਦੇ ਗੜ੍ਹ ਵਿੱਚ ਆਪਣੇ ਪੰਜਾਬੀ ਭਰਾਵਾਂ ਕੋਲੋਂ ਹੀ ਲੈ ਸਕਦੇ ਹੋ। ਕੇਅਰ ਇੰਕ ਤੋਂ ਤੁਸੀਂ ਵਧੀਆ ਮਸਾਜ ਚੇਅਰ, ਲਿਫਟ ਚੇਅਰ, ਵੀਲ੍ਹ ਚੇਅਰ, ਵਾਕਰ, ਵਾਕਿੰਗ ਕੈਨਜ, ਸਕੂਟਰ, ਬਾਥਰੂਮ ਸੇਫਟੀ ਪ੍ਰੋਡਕਟਸ, ਸੀਨੀਅਰਜ ਲਈ ਬੈੱਡ, ਗੱਦੇ, ਕਸਟਮ ਮੇਡ ਪਤਾਵੇ, ਕੰਪਰੈਸ਼ਨ ਥੈਰੇਪੀ ਲਈ ਜਰਮਨ ਦੇ ਬਣੇ ਸਮਾਨ ਤੋਂ ਇਲਾਵਾ ਹੋਰ ਵੀ ਬਹੁਤ ਸਾਰਾ ਸਮਾਨ ਲੈ ਸਕਦੇ ਹੋ।



ਸੀਨੀਅਰਜ਼ ਲਈ ਬਹੁਤ ਸਾਰੇ ਸਰਕਾਰੀ ਫੰਡ ਵੀ ਮਿਲਦੇ ਹਨ। ਸਾਡੇ ਕੋਲੋਂ ਤੁਸੀਂ ਫਾਰਮ ਭਰਵਾ ਸਕਦੇ ਹੋ। ਇਹ ਸੇਵਾ ਬਿਲਕੁੱਲ ਮੁਫ਼ਤ ਹੈ। ਜੇਕਰ ਤੁਹਾਡੇ ਕੋਲ ਪਹਿਲਾਂ ਹੀ ਮਨਜ਼ੂਰੀ ਹੈ ਤਾਂ ਵੀ ਤੁਸੀਂ ਸਾਡੇ ਕੋਲੋਂ ਸਮਾਨ ਲੈ ਸਕਦੇ ਹੋ। ਤੁਹਾਡਾ ਪਹਿਲਾਂ ਦਿੱਤਾ ਡਿਪਾਜਿਟ ਅਡਜਸਟ ਕਰ ਦਿੱਤਾ ਜਾਵੇਗਾ।



ਜ਼ਿਆਦਾ ਜਾਣਕਾਰੀ ਲਈ ਵੈਬਸਾਈਟ 'ਤੇ ਕਲਿੱਕ ਕਰੋ
www.careinc.ca

Head Office: #124-4774 Westwinds Drive N.E., Calgary Alberta, Canada
Fax : 403-536-4057 Email : info@careinc.ca Edmonton Store #108-5239 55 Ave. NW, 780-229-3233





ਪ੍ਰਿੰ. ਸਰਵਣ ਸਿੰਘ

# ਕਬੱਡੀ ਨੂੰ ਡਰੱਗ ਦੀ ਮਾਰ



2007 ਵਿਚ ਪ੍ਰਕਾਸ਼ਤ ਪੁਸਤਕ ਕਬੱਡੀ ਕਬੱਡੀ ਕਬੱਡੀ ਵਿਚ ਕਬੱਡੀ ਨੂੰ ਡਰੱਗ ਦਾ ਜੱਫਾ ਕਾਂਡ ਛਪਣ ਕਾਰਨ ਕਈ ਕਬੱਡੀ ਪ੍ਰਮੋਟਰ ਮੇਰੇ ਨਾਲ ਨਾਰਾਜ਼ ਹੋਏ ਸਨ। ਉਨ੍ਹਾਂ ਦਾ ਉਲਾਂਭਾ ਸੀ ਕਿ ਮੈਂ ਕਬੱਡੀ ਦਾ ਕੁਮੈਂਟੇਟਰ ਹੋ ਕੇ ਕਬੱਡੀ ਦਾ ਹੀ ਭਾਂਡਾ ਭੰਨ ਰਿਹਾਂ। ਫਿਰ ਬਿੱਲੀ ਥੈਲਿਓਂ ਬਾਹਰ ਆ ਗਈ ਅਤੇ ਅਨੇਕਾਂ ਖਿਡਾਰੀਆਂ ਦੇ ਡਰੱਗੀ ਹੋਣ ਦੀ ਗੁੱਝੀ ਗੱਲ ਜੱਗ ਜ਼ਾਹਿਰ ਹੋ ਗਈ। ਕੈਨੇਡਾ ਤੇ ਇੰਗਲੈਂਡ ਦੇ ਕਬੱਡੀ ਸੀਜ਼ਨ-2008 ਵਿਚ ਖੇਡੇ ਢਾਈ ਸੌ ਖਿਡਾਰੀਆਂ ’ਚੋਂ 119 ਖਿਡਾਰੀ ਡਰੱਗੀ ਨਿਕਲੇ! 2014 ਵਿਚ ਕਿਤਾਬ ਕਿੱਸਾ ਕਬੱਡੀ ਦਾ ਵਿਚ ਕਬੱਡੀ ਨੂੰ ਡਰੱਗ ਦਾ ਕੋਹੜ ਕਾਂਡ ਲਿਖਿਆ ਤਾਂ ਸਾਰਾ ਹੀਜ ਪਿਆਜ਼ ਹੀ ਨੰਗਾ ਹੋ ਗਿਆ।

ਸਿਹਤਮਾਰੂ ਸਟੀਰੌਇਡਜ਼ ਲੈਣ ਦਾ ਇਹ ਕੋਹੜ ਪੰਜਾਬ ’ਚੋਂ ਲੱਗਾ ਜਿਥੇ ਦਰਜਨਾਂ ਕਬੱਡੀ ਅਕੈਡਮੀਆਂ ਚੱਲ ਰਹੀਆਂ ਹਨ। ਉਨ੍ਹਾਂ ਦੇ ਤਿੰਨ ਗੁੱਟ ਹਨ। ਇਕ ਨੂੰ ਅਕੈਡਮੀਆਂ ਦੀ ਫੈਡਰੇਸ਼ਨ ਕਿਹਾ ਜਾਂਦੈ, ਦੂਜੀ ਨੂੰ ਅਕੈਡਮੀਆਂ ਦੀ ਐਸੋਸੀਏਸ਼ਨ ਤੇ ਤੀਜੀ ਪੰਜਾਬ ਕਬੱਡੀ ਐਸੋਸੀਏਸ਼ਨ। ਤਿੰਨੇ ਗਰੁੱਪ ਸੌ ਤੋਂ ਵੱਧ ਕਬੱਡੀ ਕੱਪ ਖੇਡਦੇ ਹਨ ਪਰ ਕਿਤੇ ਵੀ ਡੋਪ ਟੈੱਸਟ ਨਹੀਂ ਹੁੰਦੇ। ਉਂਜ ਕਬੱਡੀ ਕੱਪਾਂ ਦਾ ਖਰਚਾ ਦਸ ਬਾਰਾਂ ਕਰੋੜ ਰੁਪਏ ਤੋਂ ਵੀ ਵੱਧ ਹੋ ਜਾਂਦੈ। ਅੰਦਾਜ਼ਾ ਹੈ ਕਿ ਕਬੱਡੀ ਦੇ ਖਿਡਾਰੀ ਇਕ ਕਰੋੜ ਤੋਂ ਵੱਧ ਰੁਪਏ ਸਿਹਤ ਮਾਰੂ ਡਰੱਗਾਂ ਉਤੇ ਖਰਚਦੇ ਹਨ ਜਿਨ੍ਹਾਂ ਨਾਲ ਡਰੱਗ ਦਾ ਧੰਦਾ ਕਰਨ ਵਾਲਿਆਂ ਦੇ ਵਾਰੇ ਨਿਆਰੇ ਹੁੰਦੇ ਹਨ।

**ਇਉਂ ਖੁੱਲ੍ਹਾ ਸੀ ਭੇਤ**

2006 ਵਿਚ ਮੈਂ ਵਿਨੀਪੈੱਗ ਦਾ ਟੂਰਨਾਮੈਂਟ ਭੁਗਤਾਅ ਕੇ ਟੋਰਾਂਟੋ ਮੁੜ ਰਿਹਾ ਸਾਂ। ਉਸੇ ਜਹਾਜ਼ ਵਿਚ ਕਬੱਡੀ ਦੇ ਕੁਝ ਖਿਡਾਰੀ ਵੀ ਸਵਾਰ ਸਨ। ਜਹਾਜ਼ ਚੜ੍ਹਾਉਣ ਆਏ ਮਿੱਤਰਾਂ ਨੇ ਉਨ੍ਹਾਂ ਨੂੰ ਖੁਆ ਪਿਆ ਕੇ ਵਿਦਾ ਕੀਤਾ ਸੀ। ਨਸ਼ੇ ਵਿਚ ਗੱਲਾਂ ਕਰਦੇ ਉਹ ਡਰੱਗ ਲੈਣ ਵਾਲੇ ਕਬੱਡੀ ਖਿਡਾਰੀਆਂ ਦੇ ਕਿੱਸੇ ਤੋਰ ਬੈਠੇ। ਮੇਰੇ ਲਈ ਉਨ੍ਹਾਂ ਦੀਆਂ ਗੱਲਾਂ ਹੈਰਾਨ ਕਰਨ ਵਾਲੀਆਂ ਸਨ। ਉਹ ਵਿਸਕੀ ਪੀਂਦੇ ਕਹੀ ਜਾਣ, “ਅਸੀਂ ਤਾਂ ਜੀ ਆਹੀ ਮਾੜੀ ਮੋਟੀ ਪੀਣ ਦੇ ਸ਼ੁਕੀਨ ਆਂ। ਸਾਡੇ ਨਾਲ ਦੇ ਖਿਡਾਰੀ ਮੱਝਾਂ ਦਾ ਦੁੱਧ ਲਾਹੁਣ ਤੇ ਘੋੜਿਆਂ ਨੂੰ ਭਜਾਉਣ ਵਾਲੇ ਟੀਕੇ ਲਾਈ ਜਾਂਦੇ ਆ! ਕਹਿੰਦੇ ਆ ਹੁਣ ਸਾਡੇ ’ਚ ਘੋੜੇ ਜਿੰਨੀ ਤਾਕਤ ਹੋਗੀ!”

ਹਵਾਈ ਸਫ਼ਰ ਦੌਰਾਨ ਉਹ ਡਰੱਗ ਲੈਣ ਵਾਲੇ ਖਿਡਾਰੀਆਂ ਦੇ ਕਾਰਨਾਮੇ ਸੁਣਾਉਂਦੇ ਆਏ। ਮੈਨੂੰ ਇਹ ਵੀ ਕਹਿੰਦੇ ਆਏ ਕਿ ਉਨ੍ਹਾਂ ਬਾਰੇ ਜ਼ਰੂਰ ਲਿਖੋ ਪਰ ਸਾਡਾ ਨਾਂ ਨਾ ਲਿਖਿਓ। ਜੇ ਸਾਡੀਆਂ ਗੱਲਾਂ ਸੱਚੀਆਂ ਨਾ ਹੋਈਆਂ ਤਾਂ ਬੇਸ਼ੱਕ ਸਾਡਾ ਮੂੰਹ ਕਾਲਾ ਕਰ ਦਿਓ! ਫਿਰ ਮੈਂ ਲੇਖ ਲਿਖਿਆ: ਕਬੱਡੀ ਨੂੰ ਡਰੱਗ ਦਾ ਜੱਫਾ।

**ਇਉਂ ਸ਼ੁਰੂ ਹੋਇਆ ਸੀ ਡੋਪ ਟੈੱਸਟ**

1960 ਵਿਚ ਰੋਮ ਦੀਆਂ ਓਲੰਪਿਕ ਖੇਡਾਂ ਦੌਰਾਨ ਡਰੱਗ ਲੈਣ ਵਾਲੇ ਇਕ ਸਾਈਕਲ ਸਵਾਰ ਦੀ ਮੌਤ ਹੋ ਗਈ ਸੀ। ਅੰਤਰਰਾਸ਼ਟਰੀ ਓਲੰਪਿਕ ਕਮੇਟੀ ਨੇ ਇਸ ਦਾ ਗੰਭੀਰ ਨੋਟਿਸ ਲਿਆ ਤੇ ਮੈਡੀਕਲ ਕਮਿਸ਼ਨ ਬਣਾਇਆ ਜਿਸ ਨੇ ਪੜਤਾਲ ਕਰ ਕੇ ਉਨ੍ਹਾਂ ਦਵਾਈਆਂ ਦੀ ਸੂਚੀ ਜਾਰੀ ਕੀਤੀ ਜੋ ਖਿਡਾਰੀਆਂ ਲਈ ਘਾਤਕ ਹਨ। ਉਹ ਦਵਾਈਆਂ ਖਿਡਾਰੀਆਂ ਲਈ ਵਰਜਿਤ ਕੀਤੀਆਂ ਗਈਆਂ। ਉਦੋਂ ਤੋਂ ਡੋਪ ਟੈੱਸਟ ਕੀਤੇ ਜਾਂਦੇ ਹਨ ਜਿਨ੍ਹਾਂ ਨਾਲ ਵਰਜਿਤ ਦਵਾਈਆਂ ਲੈਣ ਵਾਲੇ ਖਿਡਾਰੀ ਪਛਾਣੇ ਜਾਂਦੇ ਹਨ ਤੇ ਉਨ੍ਹਾਂ ਉਤੇ ਖੇਡ ਮੁਕਾਬਲਿਆਂ ਵਿਚ ਭਾਗ ਲੈਣ ਦੀ ਪਾਬੰਦੀ ਲਾ ਦਿੱਤੀ ਜਾਂਦੀ ਹੈ। ਉਨ੍ਹਾਂ ਦੇ ਜਿੱਤੇ ਹੋਏ ਮੈਡਲ ਵਾਪਸ ਲੈ ਲਏ ਜਾਂਦੇ ਤੇ ਖੇਡ ਰਿਕਾਰਡਾਂ ’ਚੋਂ ਉਨ੍ਹਾਂ ਦਾ ਨਾਂ ਮੇਟ ਦਿੱਤਾ ਜਾਂਦਾ ਹੈ। ਕੈਨੇਡਾ ਦੇ ਦੌੜਾਕ ਬੈੱਨ ਜੌਨਸਨ, ਅਮਰੀਕਾ ਦੀ ਦੌੜਾਕ ਮੇਰੀਅਨ ਜੋਨਜ਼, ਆਇਰਲੈਂਡ ਦੀ ਮੀਸ਼ੇਲ ਸਮਿੱਥ ਤੇ ਹੋਰ ਕਈ ਚੋਟੀ ਦੇ ਖਿਡਾਰੀ ਡਰੱਗ ਲੈਣ ਦੀ ਸਜ਼ਾ ਭੁਗਤਦੇ ਰਹੇ ਹਨ। ਉਡਣ ਪਰੀ ਮੇਰੀਅਨ ਜੋਨਜ਼ ਨੂੰ ਤਾਂ ਜੇਲ੍ਹ ਵੀ ਜਾਣਾ ਪਿਆ ਸੀ।

ਸਿਓਲ ਦੀਆਂ ਓਲੰਪਿਕ ਖੇਡਾਂ ’ਚੋਂ ਤਿੰਨ ਗੋਲਡ ਮੈਡਲ ਜਿੱਤਣ ਵਾਲੀ ਦੌੜਾਕ ਫਲੋਰੈਂਸ ਗ੍ਰਿਫਤ ਜਾਇਨਰ ਡਰੱਗ ’ਤੇ ਲੱਗੀ ਹੋਈ ਸੀ। ਡੋਪ ਟੈੱਸਟ ਤੋਂ ਪਹਿਲਾਂ ਉਹ ਅਜਿਹੀ ਦਵਾਈ ਲੈ ਲੈਂਦੀ ਸੀ ਜਿਸ ਨਾਲ ਡੋਪ ਟੈੱਸਟ ਵਿਚ ਫੜੀ ਨਹੀਂ ਸੀ ਜਾਂਦੀ। ਉਹ ਡੋਪ ਟੈੱਸਟ ਕਰਨ ਵਾਲਿਆਂ ਨੂੰ ਤਾਂ ਧੋਖਾ ਦਿੰਦੀ ਰਹੀ ਪਰ ਮੌਤ ਨੇ ਧੋਖਾ ਨਾ ਖਾਧਾ। ਮੌਤ ਨੇ ਉਸ ਨੂੰ ਚਾਲੀ ਸਾਲ ਦੀ ਉਮਰ ਤੋਂ ਪਹਿਲਾਂ ਹੀ ਦਬੋਚ ਲਿਆ। ਮੈਡਲ ਤਾਂ ਉਸ ਨੇ ਬੜੇ ਜਿੱਤੇ ਤੇ ਬੱਲੇ ਬੱਲੇ ਵੀ ਬੜੀ ਕਰਾਈ ਪਰ ਜਿੰਨੀ ਬੁਰੀ ਤਰ੍ਹਾਂ ਉਹ ਮਰੀ ਉਹਦਾ ਦੁੱਖ ਉਹੀ ਜਾਣਦੀ ਸੀ।

**ਡਰੱਗ ਦੇ ਟੀਕੇ, ਕੈਪਸੂਲ ਤੇ ਪਾਊਡਰ**

ਕਬੱਡੀ ਦੇ ਜਿਹੜੇ ਖਿਡਾਰੀ ਮੈਚ ਜਿੱਤਣ ਦੇ ਮੂਡ ਵਿਚ ਵੇਖਾ ਵੇਖੀ ਨਸ਼ੇ ਦੇ ਟੀਕੇ ਲੁਆਈ, ਕੈਪਸੂਲ ਲਈ ਤੇ ਪਾਊਡਰ ਪੀਈ ਜਾਂਦੇ ਹਨ ਉਨ੍ਹਾਂ ਨੂੰ ਪਤਾ ਉਦੋਂ ਲੱਗੇਗਾ ਜਦੋਂ ਨਿਪੁੰਸਕ ਹੋ ਗਏ। ਜਿਹੜੇ ਐਨਾਬੌਲਿਕ ਸਟੇਰੌਇਡਜ਼ ਦਸਾਂ ਦਿਨਾਂ ਵਿਚ ਵੀਹ ਪੌਂਡ ਭਾਰ ਵਧਾਉਂਦੇ ਨੇ ਉਨ੍ਹਾਂ ਦੀ ਫੂਕ ਨਿਕਲਣ ਲੱਗਿਆਂ ਵੀ ਦਸ ਦਿਨ ਨਹੀਂ ਲੱਗਦੇ। ਸਪੀਡ ਪਾਊਡਰ ਗਿਣਤੀ ਦੀਆਂ ਕਬੱਡੀਆਂ ਹੀ ਸਪੀਡ ਨਾਲ ਪੁਆਉਂਦੈ ਜੋ ਮਗਰੋਂ ਹਿੱਲਣ ਜੋਗਾ ਵੀ ਨਹੀਂ ਛੱਡਦਾ। ਭੇਤੀ ਬੰਦੇ ਚਿਹਰਾ ਵੇਖ ਈ ਬੁੱਝ ਲੈਂਦੇ ਹਨ ਕਿ ਜੁਆਨ ਡਰੱਗ ’ਤੇ ਲੱਗ ਚੁੱਕੈ!

ਐਨਾਬੌਲਿਕ ਸਟੇਰੌਇਡਜ਼ ਦਾ ਇਕ ਹਾਰਮੋਨ ਟੈੱਸਟੋਸਟੈਰੌਨ ਹੈ। ਤਾਕਤ ਦੇਣ ਵਾਲੇ ਇਸ ਹਾਰਮੋਨ ਦੇ ਕਈ ਦੁਰਪ੍ਰਭਾਵ ਹਨ। ਇਸ ਨਾਲ ਮੱਸਲ ਵਧ ਸਕਦੇ ਹਨ, ਮਰਦਾਨਾ ਸ਼ਕਤੀ ਘਟ ਸਕਦੀ ਹੈ ਅਤੇ ਅੰਡਕੋਸ਼ ਸਪੱਰਮ ਪੈਦਾ ਕਰਨੋਂ ਜਵਾਬ ਦੇ ਸਕਦੇ ਹਨ। ਕਿਸੇ ਦੇ ਗੰਜ ਪੈ ਸਕਦੈ, ਕਿਸੇ ਦੇ ਵਾਲ ਵਧ ਸਕਦੇ ਤੇ ਕਿਸੇ ਦੇ ਝੜ ਸਕਦੇ ਹਨ। ਮੂੰਹ ’ਤੇ ਫਿਨਸੀਆਂ ਤੇ ਜਿਗਰ ਦਾ ਕੈਂਸਰ ਹੋ ਸਕਦੈ। ਮਾੜਾ ਕਲੈਸਟਰੋਲ ਵਧ ਸਕਦੈ, ਬੰਦਾ ਗੁੱਸੇਖੋਰਾ ਤੇ ਧੱਕੜ ਬਣ ਸਕਦੈ। ਉਹ ਗੁੰਮ ਸੁੰਮ ਤੇ ਡਰੱਗ ਦਾ ਗ਼ੁਲਾਮ ਵੀ ਹੋ ਸਕਦੈ। ਟੀਕੇ ਦੀ ਸੂਈ ਨਾਲ ਲਾਗ ਦੀ ਬਿਮਾਰੀ ਲੱਗ ਸਕਦੀ ਹੈ, ਏਡਜ਼ ਤੇ ਹੈਪੀਟਾਈਟਸ ਹੋ ਸਕਦੀ ਹੈ। ਮਰਦ ਲਈ ਵੱਡਾ ਮਿਹਣਾ ਹੈ ਨਾਮਰਦ ਹੋ ਜਾਣਾ। ਕਈ ਖਿਡਾਰੀ ਕੱਪ ਜਿੱਤਦੇ-ਜਿੱਤਦੇ ਪਤਨੀਆਂ ਹਾਰ ਬੈਠੇ ਹਨ!

ਕਬੱਡੀ ਦੇ ਖਿਡਾਰੀਆਂ ਨੂੰ ਟੀਕਿਆਂ ’ਤੇ ਲਾਉਣ ’ਚ ਕਈ ਨੀਮ ਹਕੀਮਾਂ ਨੇ ਲੱਖਾਂ ਰੁਪਈਏ ਬਣਾਏ ਹਨ। ਮੱਸਲ ਬਣਾਉਣ ਦੇ ਟੀਕੇ ਪ੍ਰਚਲਤ ਕਰਨ ਵਾਲਾ ਇਕ ਭਲਵਾਨ ਖ਼ੁਦ ਚੱਲ ਵਸਿਆ ਹੈ। ਮੀਫੈਂਟਰਮਾਈਨ ਟੀਕੇ ਦਾ ਨਾਂ ਹੀ ਮੌਕੇ ਦਾ ਟੀਕਾ ਪੱਕ ਗਿਆ ਹੈ। ਕਬੱਡੀ ਦੀਆਂ ਕੁਝ ਕਥਿਤ ਅਕੈਡਮੀਆਂ ’ਚ ਕਬੱਡੀ ਦੀ ਕੋਚਿੰਗ ਨਾਲੋਂ ਟੀਕੇ ਲਾਉਣ ਦੀ ਕੋਚਿੰਗ ਵੱਧ ਮਿਲਦੀ ਹੈ! ਕਈ ਕੋਚਾਂ ਨੇ ਇਹਦਾ ਨਾਂ ਸਪਲੀਮੈਂਟ ਡਾਈਟ ਰੱਖਿਆ ਹੈ। ਚੋਰਾਂ ਨੂੰ ਫੜਨ ਨਾਲ ਮਾਵਾਂ ਵੀ ਫੜਨੀਆਂ ਚਾਹੀਦੀਆਂ ਹਨ ਜਿਹੜੀਆਂ ਚੋਰਾਂ ਨੂੰ ਜਨਮ ਦਿੰਦੀਆਂ ਹਨ। ਜਿਥੋਂ ਇਹ ਡਰੱਗਾਂ ਸਪਲਾਈ ਹੁੰਦੀਆਂ ਹਨ ਉਥੇ ਵੀ ਛਾਪੇ ਮਾਰਨੇ ਚਾਹੀਦੇ ਹਨ।

**ਕਬੱਡੀ ਖਿਡਾਰੀਆ ਦੇ ਡੋਪ ਟੈੱਸਟ**

ਜਦੋਂ ਕਬੱਡੀ ਨੂੰ ਲੱਗੇ ਡਰੱਗ ਦੇ ਕੋਹੜ ਨੂੰ ਵਾਰ ਵਾਰ ਕਬੱਡੀ ਫੈਡਰੇਸ਼ਨਾਂ ਦੇ ਧਿਆਨ ਵਿਚ ਲਿਆਂਦਾ ਤਾਂ ਮਤੇ ਪਾਸ ਕੀਤੇ ਗਏ ਕਿ ਕੈਨੇਡਾ ਤੇ ਇੰਗਲੈਂਡ ਵਿਚ 2007 ਦਾ ਕਬੱਡੀ ਸੀਜ਼ਨ ਡੋਪ ਟੈੱਸਟ ਕਰਾ ਕੇ ਹੀ ਖਿਡਾਇਆ ਜਾਵੇਗਾ। ਪਰ ਉਹਦੇ ਉਤੇ ਅਮਲ ਨਾ ਕੀਤਾ ਗਿਆ। ਬਹੁਤੇ ਕਲੱਬਾਂ ਨੇ ਵੋਟ ਪਾ ਦਿੱਤੀ ਕਿ ਡੋਪ ਟੈੱਸਟ ਕਰਾਉਣੇ ਰਹਿਣ ਦਿਓ ਕਿਉਂਕਿ ਖਿਡਾਰੀ ਮਸਾਂ ਕੈਨੇਡਾ/ਇੰਗਲੈਂਡ ਸੱਦੇ ਨੇ! ਇਸ ਖੁੱਲ੍ਹ ਦਾ ਫਾਇਦਾ ਉਠਾਉਂਦਿਆਂ ਜਿਨ੍ਹਾਂ ਖਿਡਾਰੀਆਂ ਨੇ ਡਰਦਿਆਂ ਟੀਕੇ ਲਾਉਣੇ ਛੱਡ ਦਿੱਤੇ ਸਨ ਉਹ ਦੁਬਾਰਾ ਲਾਉਣ ਲੱਗ ਪਏ ਤੇ ਪਿੱਛੇ ਤਾਰਾਂ ਖੜਕਾ ਦਿੱਤੀਆਂ ਪਈ ਏਥੇ ਤਾਂ ਹਰੀ ਝੰਡੀ ਐ! ਆਉਣ ਵਾਲੇ ਮਾਲ ਮੱਤਾ ਲਈ ਆਉਣ ਕਿਉਂਕਿ ਕੈਨੇਡਾ ’ਚ ਮਿਲਦਾ ਨਹੀਂ ਜਾਂ ਬਹੁਤ ਮਹਿੰਗਾ ਮਿਲਦੈ। ਜਦੋਂ ਮਾਲ ਮੱਤੇ ਨਾਲ ਲੈਸ ਇਕ ਖਿਡਾਰੀ ਵੈਨਕੂਵਰ ਹਵਾਈ ਅੱਡੇ ’ਤੇ ਫੜਿਆ ਗਿਆ ਤਾਂ ਕਬੱਡੀ ਫੈਡਰੇਸ਼ਨਾਂ ਦੀਆਂ ਵੀ ਅੱਖਾਂ ਖੁੱਲ੍ਹ ਗਈਆਂ। ਕਬੱਡੀ ਕਲੱਬਾਂ ਨੂੰ ਫੰਡ ਦੇਣ ਵਾਲੇ ਵੀ ਕਲੱਬਾਂ ਨੂੰ ਕਹਿਣ ਲੱਗ ਪਏ ਕਿ ਕਬੱਡੀ ਟੂਰਨਾਮੈਂਟ ਕਰਾਉਣ ਦੀ ਥਾਂ ਸਾਥੋਂ ਡੋਪ ਟੈੱਸਟ ਕਰਾਉਣ ਦਾ ਈ ਫੰਡ ਲੈ ਲਵੋ ਪਰ ਕਬੱਡੀ ਨੂੰ ਡਰੱਗ ਮੁਕਤ ਕਰੋ।

ਕਬੱਡੀ ਸੀਜ਼ਨ 2008 ਤੋਂ ਪਹਿਲਾਂ ਉਨਟਾਰੀਓ, ਬੀ. ਸੀ. ਤੇ ਯੂ. ਕੇ. ਦੀਆਂ ਕਬੱਡੀ ਫੈਡਰੇਸ਼ਨਾਂ ਨੇ ਫਿਰ ਮਤੇ ਪਕਾਏ ਪਈ ਐਤਕੀਂ ਹਰ ਹਾਲਤ ਵਿਚ ਖਿਡਾਰੀਆਂ ਦੇ ਡੋਪ ਟੈੱਸਟ ਕੀਤੇ ਜਾਣਗੇ। ਖਿਡਾਰੀ ਸਮਝਦੇ ਰਹੇ ਕਿ ਪਿਛਲੇ ਸਾਲ ਵਾਂਗ ਡਰਾਵਾ ਹੀ ਹੈ। ਇਹ ਟੈੱਸਟ ਕਾਫੀ ਮਹਿੰਗੇ ਸਨ ਫਿਰ ਵੀ ਕਬੱਡੀ ਫੈਡਰੇਸ਼ਨਾਂ ਨੇ ਕਰਵਾ ਲਏ। ਸ਼ਾਬਾਸ਼ੇ ਉਨ੍ਹਾਂ ਫੈਡਰੇਸ਼ਨਾਂ ਦੇ ਜਿਨ੍ਹਾਂ ਨੇ ਕਬੱਡੀ ਨੂੰ ਡਰੱਗ ਮੁਕਤ ਕਰਨ ਦਾ ਬੀੜਾ ਚੁੱਕਿਆ।

2008 ਵਿਚ ਕੈਨੇਡਾ ’ਚ ਸਾਢੇ ਤਿੰਨ ਸੌ ਤੇ ਇੰਗਲੈਂਡ ਵਿਚ ਢਾਈ ਸੌ ਡੋਪ ਟੈੱਸਟ ਕੀਤੇ ਗਏ। ਟੈੱਸਟਾਂ ’ਤੇ ਖਰਚਾ ਤਾਂ ਬਹੁਤ ਹੋ ਗਿਆ ਪਰ ਓਨਾ ਫਿਰ ਵੀ ਨਹੀਂ ਹੋਇਆ ਜਿੰਨਾ ਖਿਡਾਰੀ ਡਰੱਗਾਂ ਉਤੇ ਖਰਚਦੇ ਸਨ। ਡੋਪ ਟੈੱਸਟ ਕਰਨੇ ਸੌਖਾ ਕਾਰਜ ਨਹੀਂ ਸੀ। ਇਹ ਤਸੱਲੀ ਵਾਲੀ ਗੱਲ ਸੀ ਕਿ 8 ਅਗੱਸਤ 2008 ਦੀ ਮੀਟਿੰਗ ਵਿਚ ਉਨਟਾਰੀਓ, ਬੀ. ਸੀ., ਯੂ. ਕੇ. ਤੇ ਪੰਜਾਬ ਦੀਆਂ ਕਬੱਡੀ ਫੈਡਰੇਸ਼ਨਾਂ ਨੇ ਸਰਬ ਸੰਮਤੀ ਨਾਲ ਫੈਸਲਾ ਕੀਤਾ ਕਿ ਡੋਪ ਟੈੱਸਟ ਵਿਚ ਡਰੱਗੀ ਸਾਬਤ ਹੋਏ ਕਿਸੇ ਵੀ ਖਿਡਾਰੀ ਨੂੰ ਕਿਸੇ ਵੀ ਦੇਸ਼ ਵਿਚ ਕੋਈ ਕਲੱਬ ਕਬੱਡੀ ਨਹੀਂ ਖਿਡਾਏਗਾ। ਪਰ ਇਸ ਫੈਸਲੇ ਨੂੰ ਅਮਲੀ ਰੂਪ ਵਿਚ ਲਾਗੂ ਨਾ ਕੀਤਾ ਗਿਆ।

ਡੋਪ ਟੈੱਸਟਾਂ ਵਿਚ ਜਿਨ੍ਹਾਂ ਖਿਡਾਰੀਆਂ ਦਾ ਸੈਂਪਲ ਇਕ ਵਾਰ ਪਾਜ਼ੇਟਿਵ ਆਇਆ ਉਨ੍ਹਾਂ ਨੂੰ ਇਕ ਹਜ਼ਾਰ ਡਾਲਰ ਜੁਰਮਾਨਾ ਤੇ ਇਕ ਸਾਲ ਲਈ ਕਿਤੇ ਵੀ ਕਬੱਡੀ ਖੇਡਣ ਤੋਂ ਬੈਨ ਕੀਤਾ ਗਿਆ ਸੀ। ਬੈਨ ਮੁੱਕਣ ਤੋਂ ਬਾਅਦ ਦੁਬਾਰਾ ਖੇਡਣ ਲੱਗੇ ਤੇ ਦੂਜੀ ਵਾਰ ਪਾਜ਼ੇਟਿਵ ਆਏ ਖਿਡਾਰੀ ਨੂੰ ਕਬੱਡੀ ਦੇ ਮੈਦਾਨ ’ਚੋਂ ਜੀਵਨ ਭਰ ਲਈ ਬੈਨ ਕਰਨ ਦਾ ਫੈਸਲਾ ਕੀਤਾ ਗਿਆ ਸੀ। ਫੈਸਲਾ ਹੋਇਆ ਸੀ ਕਿ ਜਿਹੜੇ ਕਲੱਬ, ਅਕੈਡਮੀਆਂ, ਐਸੋਸੀਏਸ਼ਨਾਂ ਜਾਂ ਫੈਡਰੇਸ਼ਨਾਂ ਬੈਨ ਹੋਏ ਖਿਡਾਰੀਆਂ ਨੂੰ ਬੈਨ ਦੌਰਾਨ ਖਿਡਾਉਣਗੀਆਂ ਉਨ੍ਹਾਂ ਦਾ ਕੋਈ ਵੀ ਖਿਡਾਰੀ ਇੰਗਲੈਂਡ ਜਾਂ ਕੈਨੇਡਾ ਵਿਚ ਨਹੀਂ ਸੱਦਿਆ ਜਾਵੇਗਾ। ਜੇ ਕੋਈ ਹੋਰ ਮੁਲਕ ਉਨ੍ਹਾਂ ਨੂੰ ਸੱਦਦਾ ਹੈ ਤਾਂ ਉਥੇ ਇੰਗਲੈਂਡ ਤੇ ਕੈਨੇਡਾ ਦੀਆਂ ਫੈਡਰੇਸ਼ਨਾਂ ਵੱਲੋਂ ਕੋਈ ਖਿਡਾਰੀ ਨਹੀਂ ਭੇਜਿਆ ਜਾਵੇਗਾ।

**ਖੇਡਾਂ ਦਾ ਮੰਤਵ**

ਖੇਡਾਂ ਜੁਆਨਾਂ ਦੇ ਜੁੱਸੇ ਤਕੜੇ ਤੇ ਨਰੋਏ ਬਣਾਉਣ, ਚੰਗੀਆਂ ਆਦਤਾਂ ਪਾਉਣ, ਲੜਾਈਆਂ ਝਗੜਿਆਂ ਤੋਂ ਬਚਾਉਣ, ਵਧੀਆ ਇਨਸਾਨ ਬਣਾਉਣ, ਸਰੀਰਾਂ ’ਚ ਪੈਦਾ ਹੋ ਰਹੀ ਵਾਧੂ ਊਰਜਾ ਦਾ ਸਹੀ ਨਿਕਾਸ ਕਰਨ, ਮਿਲਵਰਤਣ ਤੇ ਉਸਾਰੂ ਮੁਕਾਬਲੇ ਦੀ ਭਾਵਨਾ ਉਪਜਾਉਣ, ਸਿਹਤਮੰਦ ਮਨੋਰੰਜਨ ਕਰਨ ਅਤੇ ਐਕਸੇਲੈਂਸ ਭਾਵ ਖੇਡ ਨੂੰ ਸਿਖਰ ’ਤੇ ਪੁਚਾਉਣ ਤੇ ਦਰਸਾਉਣ ਲਈ ਹੁੰਦੀਆਂ ਹਨ। ਖੇਡਾਂ ਖਿਡਾਰੀਆਂ ਨੂੰ ਨਸ਼ਿਆਂ ’ਤੇ ਲਾ ਕੇ ਕੱਪ ਜਿੱਤਣ ਲਈ ਨਹੀਂ ਹੁੰਦੀਆਂ। 2008-9 ਵਿਚ ਬਾਕਾਇਦਾ ਡੋਪ ਟੈੱਸਟ ਹੋਣ ਕਾਰਨ ਡਰੱਗ ਦੇ ਕੋਹੜ ਨੂੰ ਕਾਫੀ ਠੱਲ੍ਹ ਪੈ ਗਈ ਸੀ। 2010 ਵਿਚ ਪੱਛਮੀ ਮੁਲਕਾਂ ਦਾ ਕਬੱਡੀ ਸੀਜ਼ਨ ਖੇਡਣ ਲਈ ਇਕ ਹਜ਼ਾਰ ਤੋਂ ਵੀ ਵੱਧ ਪੰਜਾਬੀ ਖਿਡਾਰੀ ਹਵਾਈ ਜਹਾਜ਼ਾਂ ’ਤੇ ਚੜ੍ਹੇ ਸਨ।

**ਵਰਲਡ ਕੱਪਾਂ ਵਿਚ ਡੋਪ ਟੈੱਸਟ**

2010 ਵਿਚ ਪੰਜਾਬ ਦੇ ਪਹਿਲੇ ਕਬੱਡੀ ਵਰਲਡ ਕੱਪ ਸਮੇਂ ਡੋਪ ਟੈੱਸਟ ਕੀਤੇ ਤਾਂ 23 ਖਿਡਾਰੀ ਟਰਾਇਲਾਂ ਸਮੇਂ ਤੇ 9 ਖਿਡਾਰੀ ਟੂਰਨਾਮੈਂਟ ਦੌਰਾਨ ਪਾਜ਼ੇਟਿਵ ਪਾਏ ਗਏ। ਪੰਜਾਬ ਦੇ ਦੂਜੇ ਕਬੱਡੀ ਵਰਲਡ ਕੱਪ-2011 ਲਈ ਭਾਰਤੀ ਟੀਮ ਦੀ ਚੋਣ ਕਰਨ ਵੇਲੇ 51 ਖਿਡਾਰੀਆਂ ਦੇ ਡੋਪ ਟੈੱਸਟ ਕੀਤੇ ਗਏ ਜਿਨ੍ਹਾਂ ਵਿਚੋਂ 20 ਖਿਡਾਰੀ ਪਾਜ਼ੇਟਿਵ ਨਿਕਲੇ। ਕੱਪ ਦੌਰਾਨ ਹਰ ਮੈਚ ਪਿੱਛੋਂ ਦੋਹਾਂ ਟੀਮਾਂ ਦੇ ਦੋ ਦੋ ਖਿਡਾਰੀਆਂ ਦੇ ਸੈਂਪਲ ਲਏ ਜਾਂਦੇ ਰਹੇ ਤੇ ਦੋ ਦਿਨਾਂ ਬਾਅਦ ਨਤੀਜਾ ਨਸ਼ਰ ਕੀਤਾ ਜਾਂਦਾ ਰਿਹਾ। ਦੂਜੇ ਵਿਸ਼ਵ ਕੱਪ ਵਿਚ ਕੁਲ 311 ਡੋਪ ਟੈਸਟ ਕੀਤੇ ਗਏ ਜਿਨ੍ਹਾਂ ਉਤੇ 47 ਲੱਖ ਰੁਪਏ ਖਰਚ ਹੋਏ। ਕੱਪ ਦੌਰਾਨ 52 ਤੇ ਟਰਾਇਲਾਂ ਦੌਰਾਨ 20 ਖਿਡਾਰੀ ਜੋੜ ਕੇ ਕੁਲ 72 ਖਿਡਾਰੀ ਡਰੱਗੀ ਨਿਕਲੇ। ਉਨ੍ਹਾਂ ਵਿਚ ਇੰਗਲੈਂਡ ਦੇ 10, ਕੈਨੇਡਾ 8, ਅਮਰੀਕਾ 8, ਸਪੇਨ 7, ਆਸਟ੍ਰੇਲੀਆ 6, ਇਟਲੀ 6, ਨਾਰਵੇ 3, ਭਾਰਤ 1, ਪਾਕਿਸਤਾਨ 1, ਜਰਮਨੀ 1 ਅਤੇ ਅਰਜਨਟੀਨਾ ਦਾ ਵੀ 1 ਖਿਡਾਰੀ ਸੀ। ਟਰਾਇਲਾਂ ਦੌਰਾਨ ਭਾਰਤ ਦੇ 20 ਖਿਡਾਰੀ ਡਰੱਗੀ ਨਿਕਲੇ ਸਨ ਜਿਨ੍ਹਾਂ ਵਿਚ 1 ਜੋੜ ਕੇ ਕੁਲ 21 ਬਣਦੇ ਸਨ! ਇਨ੍ਹਾਂ ਵਿਚ ਸਭ ਤੋਂ ਵੱਧ ਖਿਡਾਰੀ ਭਾਰਤ ਦੇ ਹੀ ਸਨ।

ਕਬੱਡੀ ਵਰਲਡ ਕੱਪਾਂ ਵਿਚ 2010 ਤੋਂ 14 ਤਕ ਡੋਪ ਟੈਸਟ ਤਾਂ ਕੀਤੇ ਜਾਂਦੇ ਰਹੇ ਪਰ ਡੋਪੀ ਖਿਡਾਰੀਆਂ ਨੂੰ ਖ਼ਾਸ ਸਜ਼ਾ ਨਾ ਦਿੱਤੀ ਗਈ। 2015 ਦਾ ਵਰਲਡ ਕੱਪ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਕਾਰਨ ਮੁਲਤਵੀ ਕਰਨਾ ਪਿਆ। 2016 ਵਿਚ ਨਾਂ ਦਾ ਹੀ ਕਬੱਡੀ ਵਰਲਡ ਕੱਪ ਕਰਵਾਇਆ ਤਾਂ ਚੋਣਾਂ ਸਾਹਮਣੇ ਵੇਖਦਿਆਂ ਡੋਪ ਟੈਸਟ ਕੀਤੇ ਹੀ ਨਾ ਗਏ। ਡਰ ਸੀ ਕਿ ਪਹਿਲਾਂ ਹੀ ਅਧੂਰਾ ਕੱਪ ਸ਼ਾਇਦ ਸਿਰੇ ਹੀ ਨਾ ਚੜ੍ਹੇ!

**ਕਬੱਡੀ ਕਲੱਬਾਂ ਤੇ ਫੈਡਰੇਸ਼ਨਾਂ ਦਾ ਰੋਲ**

ਕਬੱਡੀ ਕਲੱਬਾਂ, ਕਬੱਡੀ ਫੈਡਰੇਸ਼ਨਾਂ ਤੇ ਕਬੱਡੀ ਟੂਰਨਾਮੈਂਟ ਕਰਾਉਣ ਵਾਲਿਆਂ ਨੂੰ ਚਾਹੀਦਾ ਸੀ ਕਿ ਜਿੰਨੇ ਸਮੇਂ ਲਈ ਡਰੱਗੀ ਖਿਡਾਰੀਆਂ ਦੇ ਖੇਡਣ ਉਤੇ ਪਾਬੰਦੀ ਸੀ ਓਨਾ ਸਮਾਂ ਉਨ੍ਹਾਂ ਨੂੰ ਖਿਡਾਇਆ ਨਾ ਜਾਂਦਾ ਅਤੇ ਸੁਧਰਨ ਦਾ ਮੌਕਾ ਦਿੱਤਾ ਜਾਂਦਾ। ਪਰ ਅਜਿਹਾ ਨਹੀਂ ਹੋਇਆ। ਕਬੱਡੀ ਦੀਆਂ ਕੁਝ ਪੈਰਲਲ ਫੈਡਰੇਸ਼ਨਾਂ ਅਜਿਹੀਆਂ ਬਣ ਗਈਆਂ ਜੋ ਡੋਪ ਟੈੱਸਟ ਕਰਾ ਕੇ ਡਰੱਗੀ ਖਿਡਾਰੀਆਂ ਨੂੰ ਆਪਣੇ ਹੱਥੋਂ ਨਹੀਂ ਸਨ ਗੁਆਉਣਾ ਚਾਹੁੰਦੀਆਂ। ਡਰੱਗ ਦੇ ਵਪਾਰੀ ਵੀ ਨਹੀਂ ਸੀ ਚਾਹੁੰਦੇ ਕਿ ਡਰੱਗ ਦਾ ਕਾਰੋਬਾਰ ਬੰਦ ਹੋਵੇ। ਉਨ੍ਹਾਂ ਦੀ ਚਾਂਦੀ ਇਸੇ ਵਿਚ ਸੀ। ਜਿਹੜੇ ਕਬੱਡੀ ਪ੍ਰਮੋਟਰ ਡਰੱਗੀ ਖਿਡਾਰੀਆਂ ਨੂੰ ਆਪਣੇ ਟੂਰਨਾਮੈਂਟਾਂ ਵਿਚ ਖਿਡਾਉਂਦੇ ਹਨ ਉਹ ਡਾਲਰਾਂ ਨਾਲ ਖਿਡਾਰੀਆਂ ਦਾ ਭਲਾ ਕਰਨ ਦੀ ਥਾਂ ਉਨ੍ਹਾਂ ਦਾ ਬੁਰਾ ਹੀ ਕਰਦੇ ਹਨ ਜੋ ਉਨ੍ਹਾਂ ਨੂੰ ਬਾਅਦ ਵਿਚ ਪਤਾ ਲੱਗੇਗਾ। ਕਬੱਡੀ ਵਿਚ ਡਰੱਗ ਦੀ ਆਮਦ ਨੇ ਹੁਣ ਚੰਗੀ ਸੋਚ ਵਾਲੇ ਲੋਕਾਂ ਦਾ ਕਬੱਡੀ ਤੋਂ ਮੋਹ ਭੰਗ ਕਰ ਦਿੱਤਾ ਹੈ। ਹੁਣ ਕਬੱਡੀ ਟੂਰਨਾਮੈਂਟ ਵੇਖਣ ਲਈ ਓਨੇ ਦਰਸ਼ਕ ਨਹੀਂ ਜੁੜਦੇ ਜਿੰਨੇ ਪਹਿਲਾਂ ਜੁੜਦੇ ਸਨ। ਜਿਹੜੇ ਥੋੜ੍ਹੇ ਬਹੁਤੇ ਜੁੜਦੇ ਵੀ ਹਨ ਉਨ੍ਹਾਂ ਵਿਚੋਂ ਵੀ ਕਬੱਡੀ ਪ੍ਰੇਮੀ ਘੱਟ ਹੁੰਦੇ ਹਨ ਤੇ ਤਮਾਸ਼ਬੀਨ ਵੱਧ।

**ਵੀਜ਼ਾ ਹੀ ਗੋਲਡ ਮੈਡਲ**

ਪੰਜਾਬ ਦੇ ਕਬੱਡੀ ਖਿਡਾਰੀਆਂ ਨੂੰ ਸਭ ਤੋਂ ਵੱਡੀ ਖ਼ੁਸ਼ੀ ਓਦੋਂ ਹੁੰਦੀ ਹੈ ਜਦੋਂ ਉਨ੍ਹਾਂ ਨੂੰ ਵਿਦੇਸ਼ ਜਾਣ ਦੇ ਵੀਜ਼ੇ ਮਿਲ ਜਾਣ। ਉਹ ਵੀਜ਼ੇ ਨੂੰ ਹੀ ਕਬੱਡੀ ਦਾ ਗੋਲਡ ਮੈਡਲ ਸਮਝਦੇ ਹਨ। ਬਹੁਤੇ ਖਿਡਾਰੀ ਸਿਰਫ਼ ਇਸ ਲਈ ਕਬੱਡੀ ਖੇਡਦੇ ਹਨ ਕਿ ਕਿਸੇ ਦਿਨ ਉਹ ਵਿਦੇਸ਼ ਜਾਣ ਦਾ ਵੀਜ਼ਾ ਲੈ ਸਕਣਗੇ। ਕਈ ਅਖੰਡ ਪਾਠ ਸੁੱਖ ਲੈਂਦੇ ਹਨ ਕਿ ਵੀਜ਼ਾ ਮਿਲ ਗਿਆ ਤਾਂ ਪੁੰਨ ਦਾਨ ਵੀ ਕਰਾਂਗੇ। ਦੁਆਬੇ ਵਿਚ ਇਕ ਐਸਾ ਗੁਰਦੁਆਰਾ ਹੈ ਜਿਥੇ ਮੰਨਤ ਵਜੋਂ ਹਵਾਈ ਜਹਾਜ਼ਾਂ ਦੇ ਖਿਡੌਣੇ ਚੜ੍ਹਾਏ ਜਾਂਦੇ ਸਨ। ਹੁਣ ਉਥੇ ਖਿਡੌਣੇ ਰੱਖਣ ਦੀ ਥਾਂ ਨਹੀਂ ਬਚੀ!

ਕਬੱਡੀ ਹੁਣ ਲੱਖਾਂ ਕਰੋੜਾਂ ਦਾ ਕਾਰੋਬਾਰ ਬਣ ਚੁੱਕੀ ਹੈ। ਕਬੱਡੀ ਦੀ ਮੰਡੀ ਵਿਚ ਡਰੱਗੀ ਖਿਡਾਰੀ ਵੀ ਬੋਲੀ ਲੁਆ ਜਾਂਦੇ ਹਨ। ਸਿਰੇ ਦਾ ਡਰੱਗੀ ਖਿਡਾਰੀ ਟੋਰਾਂਟੋ, ਵੈਨਕੂਵਰ, ਕੈਲਗਰੀ, ਐਡਮੰਟਨ ਦੇ ਟੂਰਨਾਮੈਂਟ ਖੇਡ ਕੇ ਇਕੋ ਸੀਜ਼ਨ ਵਿਚ 50 ਹਜ਼ਾਰ ਡਾਲਰ ਭੋਟ ਰਿਹੈ। ਕੈਨੇਡਾ ਕੱਪ ਤੇ ਅਮਰੀਕਾ ਕੱਪ ਖੇਡਣ ਦੇ ਵੀਹ ਪੱਚੀ ਹਜ਼ਾਰ ਡਾਲਰ ਵੱਖਰੇ। ਡਰੱਗ ਨਾ ਲੈਣ ਵਾਲੇ ਖਰੇ ਖਿਡਾਰੀ ਬਿਟ ਬਿਟ ਵੇਖਦੇ ਰਹਿ ਜਾਂਦੇ ਹਨ। ਕਬੱਡੀ ਦੇ ਨਾਂ ’ਤੇ ਵਿਚੇ ਅਸਲੀ ਤੇ ਵਿਚੇ ਨਕਲੀ ਖਿਡਾਰੀ ਵੀਜ਼ੇ ਲੈ ਕੇ ਵਿਦੇਸ਼ਾਂ ’ਚ ਪੱਕੇ ਵਸਨੀਕ ਬਣ ਬੈਠੇ ਹਨ। ਕਬੱਡੀ ’ਚੋਂ ਟ੍ਰੈਵਲ ਏਜੰਟ ਵੀ ਚੰਗੀਆਂ ਚੁੰਗਾਂ ਕੱਢਦੇ ਹਨ।

ਜਦੋਂ ਪੱਛਮੀ ਮੁਲਕਾਂ ਦਾ ਕਬੱਡੀ ਸੀਜ਼ਨ ਸ਼ੁਰੂ ਹੋਣਾ ਹੁੰਦੈ ਤਾਂ ਨਾਲ ਹੀ ਕਬੱਡੀ ਵੀਜ਼ਿਆਂ ਦੀ ਰੁੱਤ ਆ ਜਾਂਦੀ ਹੈ। ਸਪਾਂਸਰ ਲੱਭੇ ਜਾਂਦੇ ਨੇ, ਰਾਹਦਾਰੀਆਂ ਮੰਗਾਈਆਂ ਜਾਂਦੀਆਂ ਤੇ ਵਿਦੇਸ਼ਾਂ ਦੇ ਸਿਆਸੀ ਨੇਤਾਵਾਂ ਤੋਂ ਸਿਫ਼ਾਰਸ਼ੀ ਚਿੱਠੀਆਂ ਪੁਆਈਆਂ ਜਾਂਦੀਆਂ। ਕਈ

ਕਹਿੰਦੇ ਕਹਾਉਂਦੇ ਖਿਡਾਰੀਆਂ ਨੂੰ ਵੀ ਵੀਜ਼ੇ ਨਹੀਂ ਮਿਲਦੇ ਪਰ ਜਾਅ੍ਲੀ ਖਿਡਾਰੀ ਦਾਅ ਲਾ ਜਾਂਦੇ ਨੇ। ਖੱਜਲ ਖੁਆਰੀ ਲਈ ਕਈ ਕਬੱਡੀ ਖਿਡਾਰੀ ਖ਼ੁਦ ਹੀ ਜ਼ਿੰਮੇਵਾਰ ਹੁੰਦੇ ਹਨ। ਕੋਈ ਖਿਡਾਰੀ ਪਾਸਪੋਰਟ ਨਾਲ ਹੀ ਛੇੜਖਾਨੀ ਕਰ ਬਹਿੰਦਾ ਹੈ। ਜਿਸ ਪਾਸਪੋਰਟ ਉਤੇ ਵੀਜ਼ਾ ਨਾ ਮਿਲਿਆ ਹੋਵੇ ਉਹ ਝੂਠੀ ਮੂਠੀ ਗੁਆ ਛੱਡਦਾ ਹੈ ਤੇ ਆਪਣੇ ਨਾਂ ਦਾ ਇਕ ਅੱਧਾ ਅੱਖਰ ਬਦਲ ਕੇ ਤੇ ਜਨਮ ਸਥਾਨ ਪਿੰਡ ਦੀ ਥਾਂ ਨਾਨਕਿਆਂ ਦਾ ਭਰ ਕੇ ਦੂਜਾ ਪਾਸਪੋਰਟ ਬਣਾ ਲੈਂਦਾ ਹੈ। ਪਹਿਲੀ ਫੋਟੋ ਪੱਗ ਵਾਲੀ ਹੋਵੇ ਤਾਂ ਦੂਜੀ ਸਿਰ ਮੁੰਨੇ ਦੀ ਲੱਗ ਜਾਂਦੀ ਹੈ। ਕਰਦਾ ਕੋਈ ਹੈ, ਭੁਗਤਣੀਆਂ ਕਿਸੇ ਹੋਰ ਨੂੰ ਪੈਂਦੀਆਂ ਹਨ!

**ਡਰੱਗ ਦੇ ਕੋਹੜ ਦਾ ਇਲਾਜ**

ਕਬੱਡੀ ਵਿਚ ਡਰੱਗ ਦੇ ਕੋਹੜ ਦਾ ਇਲਾਜ ਕਰਨਾ ਬੇਸ਼ੱਕ ਸੌਖਾ ਨਹੀਂ ਪਰ ਜੇ ਸਾਰੇ ਕਬੱਡੀ ਪ੍ਰੇਮੀ ਤਹੱਈਆ ਕਰ ਲੈਣ ਤਾਂ ਇਹ ਔਖਾ ਵੀ ਨਹੀਂ। ਕਬੱਡੀ ਲਈ ਫੰਡ ਦੇਣ ਵਾਲੇ ਮੁੱਢਲੀ ਸ਼ਰਤ ਇਹ ਰੱਖਣ ਕਿ ਸਾਡਾ ਪੈਸਾ ਖਰੇ ਖਿਡਾਰੀਆਂ ’ਤੇ ਲੱਗੇ ਨਾ ਕਿ ਡਰੱਗੀ ਖਿਡਾਰੀਆਂ ’ਤੇ ਲੱਗ ਕੇ ਉਨ੍ਹਾਂ ਦਾ ਸੱਤਿਆਨਾਸ਼ ਕਰੇ। ਦਰਸ਼ਕ ਵੀ ਖਰੇ ਖਿਡਾਰੀਆਂ ਦੀ ਖੇਡ ਵੇਖਣ ਨਾ ਕਿ ਡਰੱਗੀ ਖਿਡਾਰੀਆਂ ਦੀ। ਜੇ ਕੋਈ ਡਰੱਗੀ ਖਿਡਾਰੀਆਂ ਨੂੰ ਖਿਡਾਉਣ ਦੀ ਹਿਮਾਕਤ ਕਰੇ ਤਾਂ ਦਰਸ਼ਕ ਉਹਨੂੰ ਹੂਟ ਕਰਨ ਤਾਂ ਕਿ ਹੋਰਨਾਂ ਨੂੰ ਸਬਕ ਮਿਲੇ। ਇਨਾਮਾਂ ਨਾਲ ਹੌਂਸਲਾ ਖਰੇ ਖਿਡਾਰੀਆਂ ਦਾ ਵਧਾਇਆ ਜਾਵੇ ਨਾ ਕਿ ਡਰੱਗੀ ਖਿਡਾਰੀਆਂ ਦਾ। ਲਚਰ ਗਾਇਕੀ ਤੇ ਡਰੱਗੀ ਕਬੱਡੀ ਤਦੇ ਬੰਦ ਹੋ ਸਕਦੀ ਹੈ ਜੇ ਲੋਕ ਖ਼ੁਦ ਸਾਥ ਦੇਣ। ਜੇ ਪੁਰਾਣੇ ਖਿਡਾਰੀ ਡਰੱਗਾਂ ਤੋਂ ਬਿਨਾਂ ਸਾਲਾਂ-ਬੱਧੀ ਵਧੀਆ ਕਬੱਡੀ ਖੇਡਦੇ ਰਹੇ ਤਾਂ ਨਵੇਂ ਖਿਡਾਰੀ ਕਿਉਂ ਨਹੀਂ ਖੇਡ ਸਕਦੇ?

ਵਿਦੇਸ਼ਾਂ ਦੀਆਂ ਕਬੱਡੀ ਫੈਡਰੇਸ਼ਨਾਂ ਪੰਜਾਬ ਤੋਂ ਕੇਵਲ ਉਨ੍ਹਾਂ ਖਿਡਾਰੀਆਂ ਨੂੰ ਸੱਦਣ ਜਿਹੜੇ ਵੀਜ਼ਾ ਅਰਜ਼ੀ ਨਾਲ ਕੁਝ ਦਿਨ ਪਹਿਲਾਂ ਮਾਨਤਾ ਪ੍ਰਾਪਤ ਏਜੰਸੀ ਤੋਂ ਡੋਪ ਟੈੱਸਟ ਕਰਾਏ ਦਾ ਸਰਟੀਫਿਕੇਟ ਲਾਉਣ। ਸੱਦੇ ਗਏ ਖਿਡਾਰੀਆਂ ਨੂੰ ਐਟ ਰੈਂਡਮ ਡੋਪ ਟੈੱਸਟ ਦਾ ਵੀ ਡਰ ਹੋਵੇ। ਕਬੱਡੀ ਨੂੰ ਡਰੱਗ ਦੀ ਮਾਰ ਤੋਂ ਬਚਾਉਣ ਲਈ ਨੇਕਨੀਅਤੀ ਦੀ ਲੋੜ ਹੈ, ਡਰਾਮੇਬਾਜ਼ੀ ਦੀ ਨਹੀਂ। ਐਵੇਂ ਜਾਅ੍ਲੀ ਡੋਪ ਟੈੱਸਟ ਕਰਾਉਣ ਦਾ ਡਰਾਮਾ ਰਚ ਕੇ ਕਬੱਡੀ ਪ੍ਰੇਮੀਆਂ ਤੇ ਖਰੇ ਖਿਡਾਰੀਆਂ ਦੀਆਂ ਅੱਖਾਂ ਵਿਚ ਘੱਟਾ ਨਹੀਂ ਪਾਉਣਾ ਚਾਹੀਦਾ। ਡਰੱਗ ਟੈੱਸਟ ਦੀ ਫੀਸ 40 ਡਾਲਰ ਹੈ ਤੇ ਡੋਪ ਟੈੱਸਟ ਦੀ 200 ਡਾਲਰ। ਕਬੱਡੀ ਟੂਰਨਾਮੈਂਟਾਂ ਨੂੰ ਫੰਡ ਦੇਣ ਵਾਲੇ ਡੋਪ ਟੈੱਸਟ ਸਪਾਂਸਰ ਕਰਨ ਲਈ ਨਿਤਰਨ। ਕਬੱਡੀ ਦਾ ਨਾਅਰਾ ਹੋਣਾ ਚਾਹੀਦੈ:

ਖਰੇ ਖਿਡਾਰੀ ਜ਼ਿੰਦਾਬਾਦ, ਡਰੱਗੀ ਖਿਡਾਰੀ ਮੁਰਦਾਬਾਦ!

# ਅੰਤਰਰਾਸ਼ਟਰੀ ਵਿਦਿਆਰਥੀਆਂ ਨਾਲ ਕਨੇਡਾ ਵਿੱਚ ਵੱਡੇ ਪੱਧਰ ’ਤੇ ਹੋ ਰਹੇ ਸ਼ੋਸ਼ਣ ਬਾਰੇ ਚਰਚਾ














ਕੈਲਗਰੀ: ਪਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵੱਲੋਂ ਹਰ ਮਹੀਨੇ ਦੇ ਪਹਿਲੇ ਐਤਵਾਰ ਨੂੰ ਵੱਖ-ਵੱਖ ਵਿਸ਼ਿਆਂ ਤੇ ਸੈਮੀਨਾਰ ਅਤੇ ਵਿਚਾਰ ਚਰਚਾ ਦਾ ਪ੍ਰਬੰਧ ਕੀਤਾ ਜਾਂਦਾ ਹੈ, ਬੁਲਾਰੇ ਆਪਣੇ ਖੋਜ ਭਰਪੂਰ ਵਿਚਾਰ ਪੇਸ਼ ਕਰਦੇ ਹਨ। ਅਗਸਤ ਮਹੀਨੇ ਦੀ ਅੱਜ 5 ਅਗਸਤ ਦਿਨ ਐਤਵਾਰ ਨੂੰ ਕੋਸੋ ਹਾਲ ਵਿੱਚ ਹੋਈ ਮਾਸਿਕ ਇਕੱਤਰਤਾ ਵਿੱਚ ਚਾਰ ਮੁੱਖ ਬੁਲਾਰਿਆਂ ਵੱਲੋਂ ਵੱਖ-ਵੱਖ ਵਿਸ਼ਿਆਂ ਤੇ ਆਪਣੇ ਵਿਚਾਰ ਕੀਤੇ। ਇਸ ਮੌਕੇ ’ਤੇ ਪੰਜਾਬ ਤੋਂ ਕਨੇਡਾ ਫੇਰੀ ਤੇ ਆਏ ਪ੍ਰਿੰਸੀਪਲ ਰਾਮ ਸਰੂਪ ਰਿਖੀ ਵੱਲੋਂ ਪੰਜਾਬੀ ਸਮਾਜ ਵਿੱਚ ਨਸ਼ਿਆਂ ਦੇ ਰੁਝਾਨ ਤੇ ਬੌਧਿਕ ਨਿਘਾਰ ਬਾਰੇ ਚਿੰਤਾ ਪ੍ਰਗਟ ਕਰਦੇ ਹੋਏ ਭਾਵਪੂਰਤ ਵਿਚਾਰ ਪੇਸ਼ ਕੀਤੇ ਗਏ। ਸਿੱਖੀ ਵਰਸਾ ਮੈਗਜ਼ੀਨ ਦੇ ਮੁੱਖ ਸੰਪਾਦਕ ਹਰਚਰਨ ਸਿੰਘ ਪ੍ਰਹਾਰ ਵੱਲੋਂ ‘ਸਰਮਾਏਦਾਰੀ ਤੇ ਸਰਕਾਰਾਂ ਦੇ ਲੋਕ ਵਿਰੋਧੀ ਗੱਠਜੋੜ’ ਵਿਸ਼ੇ ਤੇ ਬੋਲਦੇ ਹੋਏ ਦੱਸਿਆ ਕਿ ਕਿਵੇਂ ਦੋਨੋ ਰਲ ਕੇ ਲੋਕਾਂ ਨੂੰ ਲੁੱਟ ਰਹੇ ਹਨ, ਜਿਸਦੇ ਨਤੀਜੇ ਵਜੋਂ ਅੱਜ 1% ਲੋਕਾਂ ਕੋਲ ਜਿਤਨੀ ਦੌਲਤ ਜਮਾਂ ਹੋ ਚੁੱਕੀ ਹੈ, ਉਤਨੀ ਦੌਲਤ ਬਾਕੀ 99% ਲੋਕਾਂ ਕੋਲ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸਰਮਾਏਦਾਰੀ ਨੇ ਟੈਕਨੌਲੋਜੀ ਦੀ ਤਰੱਕੀ ਨੂੰ ਸਿਰਫ ਆਪਣੇ ਮੁਨਾਫ਼ੇ ਦੇ ਹਿੱਤਾਂ ਵਿੱਚ ਵਰਤਣ ਕਾਰਨ ਅੱਜ ਲੋਕ ਦਿਨੋ ਦਿਨ ਜੌਬਾਂ ਗੁਆ ਰਹੇ ਹਨ। ਉਨ੍ਹਾਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਅਸੀਂ ਕੰਮ ਲਈ 5 ਘੰਟਿਆਂ ਦੇ ਦਿਨ ਅਤੇ 20 ਘੰਟਿਆਂ ਦੇ ਹਫ਼ਤੇ ਦੀ ਮੰਗ ਕਰੀਏ।

ਰੇਡੀਓ ਰੈਡ ਐਫ ਐਮ ਤੋਂ ਹੋਸਟ ਰਿਸ਼ੀ ਨਾਗਰ ਨੇ ਪੰਜਾਬ ਤੋਂ ਕਨੇਡਾ ਆ ਰਹੇ ਅੰਤਰ ਰਾਸ਼ਟਰੀ ਵਿਦਿਆਰਥੀਆਂ ਦੇ ਹਰ ਪੱਧਰ ਤੇ ਹੋ ਰਹੇ ਸ਼ੋਸ਼ਣ ਬਾਰੇ ਬੋਲਦਿਆਂ ਦੱਸਿਆ ਕਿ ਕਿਵੇਂ ਇਮੀਗਰੇਸ਼ਨ ਏਜੰਟਾਂ, ਆਇਲਟ ਕਰਾਉਣ ਵਾਲ਼ੀਆਂ ਅਕੈਡਮੀਆਂ, ਕਨੇਡਾ ਦੇ ਕਾਲਿਜਾਂ, ਬਿਜਨੈਸਮੈਨਾਂ ਆਦਿ ਵੱਲੋਂ ਇਨ੍ਹਾਂ ਦਾ ਆਰਥਿਕ, ਮਾਨਸਿਕ, ਸਰੀਰਕ ਸੋਅਣ ਕੀਤਾ ਜਾ ਰਿਹਾ ਹੈ। ਪਰ ਸਰਕਾਰਾਂ ਆਪਣੀ ਜ਼ਿੰਮੇਵਾਰੀ ਨਿਭਾਉਣ ਵਿੱਚ ਨਾਕਾਮ ਰਹੀਆਂ ਹਨ। ਮਾਸਟਰ ਭਜਨ ਸਿੰਘ ਵੱਲੋਂ ਸਟੇਜ ਸਕੱਤਰ ਦੀਆਂ ਸੇਵਾਵਾਂ ਨਿਭਾਈਆਂ ਅਤੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਰਾਜਨੀਤਕ ਤੇ ਸਮਾਜਿਕ ਲੀਡਰਾਂ ਸਮੇਤ ਸਾਹਿਤਕਾਰਾਂ ਦੇ ਕਿਰਦਾਰ ਤੇ ਵਿਵਹਾਰ ਵਿੱਚ ਆ ਰਹੇ ਨਿਘਾਰ ਤੇ ਚਿੰਤਾ ਪ੍ਰਗਟ ਕੀਤੀ। ਇਸ ਮੌਕੇ ’ਤੇ ਪਾਕਿਸਤਾਨ ਦੀ ਸਰਗੋਧਾ ਯੂਨੀਵਰਸਿਟੀ ਤੋਂ ਕਨੇਡਾ ਦੌਰੇ ’ਤੇ ਆਏ ਹੋਏ ਅੱਖਾਂ ਦੇ ਡਾ. ਹਾਸ਼ਿਮਇਮਰਾਨ ਵੱਲੋਂ ਅੱਖਾਂ ਸੰਭਾਲ਼ ਤੇ ਬੀਮਾਰੀਆਂ ਬਾਰੇ ਵਡਮੁੱਲੀ ਜਾਣਕਾਰੀ ਸਾਂਝੀ ਕੀਤੀ। ਹਰੀਪਾਲ, ਬਲਜਿੰਦਰ ਸੰਘਾ ਅਤੇ ਹਰਕੀਰਤ ਧਾਲੀਵਾਲ ਵੱਲੋਂ ਇੱਕ-ਇੱਕ ਕਵਿਤਾ ਅਤੇ ਮਾਸਟਰ ਬਚਿੱਤਰ ਗਿੱਲ ਵੱਲੋਂ ਕਵੀਸ਼ਰੀ ਪੇਸ਼ ਗਈ। ਸੈਮੀਨਾਰ ਦੌਰਾਨ ਡਾ. ਹਾਸ਼ਮ ਇਮਰਾਨ ਤੇ ਪ੍ਰਿੰਸੀਪਲ ਰਾਮ ਸਰੂਪ ਰਿਖੀ ਨੂੰ ਕਿਤਾਬਾਂ ਦਾ ਸੈੱਟ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਐਸੋਸੀਏਸ਼ਨ ਦੀ ਅਗਲੀ ਮੀਟਿੰਗ 2 ਸਤੰਬਰ ਨੂੰ 2.00 ਵਜੇ ਕੋਸ਼ੋ ਹਾਲ ਹੋਵੇਗੀ। ਜਾਣਕਾਰੀ ਲਈ ਮਾ. ਭਜਨ ਫੋਨ : 403-455-4220













# ਇਤਿਹਾਸਕ ਸੱਚ 'ਜਿੱਥੇ ਜਬਰ ਹੈ, ਉੱਥੇ ਟੱਕਰ ਹੈ'

ਪ੍ਰੋ. ਕੁਲਦੀਪ





ਇਤਿਹਾਸਕ ਸੱਚ 'ਜਿੱਥੇ ਜਬਰ ਹੈ, ਉੱਥੇ ਟੱਕਰ ਹੈ' ਦਾ ਅਕਸਰ ਹੀ ਅਸੀਂ ਹਵਾਲਾ ਦਿੰਦੇ ਹਾਂ। ਪਰ ਸ਼ਹੀਦ ਕਿਰਨਜੀਤ ਕੌਰ ਮਹਿਲਕਲਾਂ ਦੇ ਲੰਮੇ ਲੋਕ-ਘੋਲ ਨੇ ਇਸ ਸੱਚ ਨੂੰ, ਜਬਰ ਖਿਲਾਫ ਟੱਕਰ ਦੀ ਰਵਾਇਤ ਨੂੰ ਹੋਰ ਵੱਧ ਗੂੜ੍ਹਾ ਕੀਤਾ ਹੈ। ਜਿਸ ਗੁੰਡਾ-ਪੁਲਿਸ-ਸਿਆਸੀ ਗੱਠਜੋੜ ਖਿਲਾਫ ਸ਼ੁਰੂ ਹੋਇਆ ਸੰਘਰਸ਼ ਇੱਕ ਪੜਾਅ 'ਤੇ ਆਕੇ ਖਾਸ ਕਰ ਮਾਰਚ 2005 ਦੇ ਅਖੀਰ ਵਿੱਚ ਜਦ ਅਦਾਲਤ ਨੇ ਸੰਘਰਸ਼ ਦੀ ਅਗਵਾਈ ਕਰਨ ਵਾਲੇ ਤਿੰਨ ਲੋਕ ਆਗੂਆਂ (ਨਰਾਇਣ ਦੱਤ, ਮਨਜੀਤ ਧਨੇਰ, ਪ੍ਰੇਮ ਕੁਮਾਰ) ਨੂੰ ਝੂਠੇ ਮੁਕੱਦਮੇ ਵਿੱਚ ਉਮਰ ਕੈਦ ਦੀ ਸਜ਼ਾ ਸੁਣਾਕੇ ਜੇਲ੍ਹ ਦੀਆਂ ਸਲਾਖਾਂ ਪਿੱਛੇ ਬੰਦ ਕਰ ਦਿੱਤਾ ਸੀ ਤਾਂ ਸੰਘਰਸ਼ ਦੀ ਧਾਰ ਇਨ੍ਹਾਂ ਸਮੇਤ ਅਦਾਲਤੀ ਗੱਠਜੋੜ ਖਿਲਾਫ ਵੀ ਸੇਧਤ ਹੋ ਗਈ ਸੀ/ਹੈ। ਇਹੀ ਨਹੀਂ ਹੁਣ ਤਾਂ ਇਹ ਸੰਘਰਸ਼ ਔਰਤਾਂ ਉੱਪਰ ਹੁੰਦੇ ਅੱਤਿਆਚਾਰਾਂ ਸਮੇਤ ਕਿਰਤੀ ਲੋਕਾਂ ਦੇ ਬੁਨਿਆਦੀ ਮਸਲਿਆਂ ਦੇ ਜ਼ਿੰਮੇਵਾਰ ਇਸ ਲੁਟੇਰੇ ਅਤੇ ਜਾਬਰ ਰਾਜ ਪ੍ਰਬੰਧ ਖਿਲਾਫ ਵੀ ਸੇਧਤ ਹੁੰਦਾ ਹੋਇਆ ਨਵਾਂ ਲੋਕ ਪੱਖੀ ਸਮਾਜ ਸਿਰਜਣ ਦਾ ਸੱਦਾ ਦੇ ਰਿਹਾ ਹੈ।

1997 ਤੋਂ ਪਹਿਲਾਂ ਵੀ ਇਸ ਗੁੰਡਾ ਲਾਣੇ ਵੱਲੋਂ ਆਪਣੇ ਪਾਲਣਹਾਰਾਂ ਦੇ ਆਸਰੇ ਲੋਕਾਂ ਉੱਪਰ ਜ਼ੁਲਮ ਕੀਤੇ ਜਾਂਦੇ ਸਨ। ਤੱਥ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਇਸ ਗੁੰਡਾ ਲਾਣੇ ਦੇ ਜ਼ੁਲਮਾਂ ਦੀ ਦਾਸਤਾਨ ਬਹੁਤ ਲੰਮੀ ਹੈ। ਇਸ ਗੁੰਡਾ ਲਾਣੇ ਦੇ ਮੋਢੀ ਜਵਾਹਰੇ ਤੋਂ ਸ਼ੁਰੂ ਹੋਈ ਲੋਕਾਂ ਉੱਪਰ ਵਧੀਕੀਆਂ ਦੀ ਕੜੀ ਇਨ੍ਹਾਂ ਦੀ ਤੀਜੀ ਪੀੜ੍ਹੀ 'ਚ ਦਾਖਲ ਹੋ ਚੁੱਕੀ ਹੈ। ਇਨ੍ਹਾਂ ਦੇ ਹਰ ਕਿਸਮ ਦੇ ਲੋਕ ਵਿਰੋਧੀ ਕਾਰਨਾਮਿਆਂ ਦੀ ਸ਼ਾਹਦੀ ਬਰਨਾਲਾ-ਮਹਿਲਕਲਾਂ ਥਾਣਿਆਂ 'ਚ ਦਰਜ ਮੁਕੱਦਮੇ ਬਾਖੂਬੀ ਭਰਦੇ ਹਨ। ਜੋ ਦਰਜ ਹੀ ਨਹੀਂ ਹੋਏ ਉਨ੍ਹਾਂ ਦੀ ਗਿਣਤੀ ਵੱਖਰੀ ਹੈ। ਹਰ ਕਿਸਮ ਦੇ ਅਨੈਤਿਕ (ਕਤਲ, ਨਸ਼ਾ, ਸਮਗਲਿੰਗ, ਔਰਤਾਂ ਦੀ ਖ੍ਰੀਦੋ ਫਰੋਖਤ, ਜ਼ਮੀਨਾਂ ਜਾਇਦਾਦਾਂ ਉੱਪਰ ਕਬਜੇ) ਕੰਮ ਇਸ ਲਾਣੇ ਦਾ ਕਿੱਤਾ ਸੀ। 80ਵਿਆਂ ਦੇ ਦੌਰ 'ਚ ਜਦ ਨੌਜਵਾਨ ਸਭਾਵਾਂ ਪੂਰੀ ਚੜ੍ਹਤ 'ਚ ਸਨ ਤਾਂ ਉਸ ਸਮੇਂ ਐਕਸ਼ਨ ਕਮੇਟੀ ਮਹਿਲਕਲਾਂ ਦੇ ਮਰਹੂਮ ਕਨਵੀਨਰ ਸਾਥੀ ਭਗਵੰਤ ਸਿੰਘ, ਪ੍ਰੇਮ ਕੁਮਾਰ, ਪ੍ਰੀਤਮ ਦਰਦੀ ਦੀ ਅਗਵਾਈ 'ਚ ਨੌਜਵਾਨ ਭਾਰਤ ਸਭਾ ਦੇ ਆਗੂਆਂ ਨੇ ਇਸੇ ਲਾਣੇ ਦੇ ਮੋਢੀ ਦਲੀਪੇ ਨੂੰ ਵੰਗਾਰਿਆ ਸੀ ਅਤੇ ਭਾਜੜਾਂ ਵੀ ਪਾਈਆਂ ਸਨ। ਪਰ ਨੌਜਵਾਨ ਸਭਾ ਦਾ ਦੌਰ ਨਰਮ ਪੈਣ ਤੋਂ ਬਾਅਦ ਇਸ ਲੋਕ ਵਿਰੋਧੀ ਕਿਰਦਾਰ ਵਾਲੇ ਲਾਣੇ ਨੇ ਫਿਰ ਆਪਣਾ ਫਨ ਚੁੱਕ ਲਿਆ। ਲੋਕਾਂ ਉੱਪਰ ਇਹਨਾਂ ਦੁਆਰਾ ਪਾਈ ਜਾਂਦੀ ਦਹਿਸ਼ਤ ਦਾ ਸਿੱਟਾ ਇਹ ਨਿੱਕਲਿਆ ਕਿ ਲੋਕਾਂ ਉੱਪਰ ਵਧੀਕੀਆਂ ਕਰਨ ਦਾ ਇਨ੍ਹਾਂ ਦਾ ਅਮਲ ਤੇਜ਼ ਹੁੰਦਾ ਗਿਆ।

ਗੱਲ ਮਹਿਲਕਲਾਂ ਤੱਕ ਸੀਮਤ ਰੱਖਕੇ ਵੇਖਾਂਗੇ ਤਾਂ ਸ਼ਾਇਦ ਅਸੀਂ ਸਹੀ ਸਿੱਟੇ ਕੱਢਣ 'ਚ ਕਾਮਯਾਬ ਨਾ ਹੋ ਸਕੀਏ। ਪੰਜਾਬ ਅੰਦਰ ਅਨੇਕਾਂ ਦਿਲ ਕੰਬਾਊ ਘਟਨਾਵਾਂ ਵਾਪਰੀਆਂ ਹਨ ਜਿਨ੍ਹਾਂ ਖਿਲ਼ਾਫ ਸੰਘਰਸ਼ ਲੜਕੇ ਇਨਸਾਫ ਹਾਸਲ ਕਰਨ ਦਾ ਇਤਿਹਾਸ ਰਿਹਾ ਹੈ। ਦਾਮਿਨੀ ਕਾਂਡ ਦਿੱਲੀ, ਪਿੰਕੀ ਕਾਂਡ ਬਰੇਟਾ ਅਤੇ ਸ਼ਰੁਤੀ ਕਾਂਡ ਫਰੀਦਕੋਟ ਗਿਣਨਯੋਗ ਘਟਨਾਵਾਂ ਹਨ ਜਿਨ੍ਹਾਂ ਖਿਲਾਫ ਲੋਕ ਸੜਕਾਂ ਉੱਪਰ ਨਿੱਕਲੇ ਹਨ। ਦੋਸ਼ੀਆਂ ਨੂੰ ਸਜਾਵਾਂ ਦਿਵਾਉਣ 'ਚ ਵੀ ਸਫਲਤਾ ਹਾਸਲ ਕੀਤੀ। ਕਿਰਨਜੀਤ ਘੋਲ ਨੇ ਇਨ੍ਹਾਂ ਘਟਨਾਵਾਂ ਖਾਸ ਕਰ ਪੰਜਾਬ ਅੰਦਰਲੀਆਂ ਦੋਵੇਂ ਘਟਨਾਵਾਂ ਨੂੰ ਸਾਂਝਾ ਅਤੇ ਵਿਆਪਕ ਅਧਾਰ ਵਾਲਾ ਬਨਾਉਣ ਵਿੱਚ ਸਹੀ ਸੇਧ ਦਾ ਮਹੱਤਵਪੂਰਨ ਰੋਲ ਅਦਾ ਕੀਤਾ ਹੈ।

ਮਹਿਲਕਲਾਂ ਇਲਾਕੇ ਦਾ ਬੀਤੇ ਸਮੇਂ 'ਚ ਚੱਲੀਆਂ ਵੱਖ-ਵੱਖ ਲਹਿਰਾਂ 'ਚ ਸਿਰਕੱਢ ਯੋਗਦਾਨ ਰਿਹਾ ਹੈ। ਵੱਡਾ ਘੱਲੂਘਾਰਾ ਕੁੱਪ-ਰੋਹੀੜਾ ਤੇ ਕੁਤਬਾ-ਬਾਹਮਣੀਆਂ ਅਤੇ ਗਹਿਲ, ਗਦਰ ਲਹਿਰ, ਬੱਬਰ ਅਕਾਲੀ ਲਹਿਰ, ਪਰਜਾ ਮੰਡਲ, ਕਿਰਤੀ ਪਾਰਟੀ, ਲਾਲ ਪਾਰਟੀ, ਪੈਪਸੂ ਮੁਜਾਰਾ ਲਹਿਰ, ਖੁਸ਼ਹੈਸੀਅਤ ਟੈਕਸ ਵਿਰੋਧੀ ਮੋਰਚਾ ਤੋਂ ਇਲਾਵਾ ਨਕਸਲਵਾੜੀ ਲਹਿਰ, ਜਨਤਕ ਜਮਹੂਰੀ ਜਥੇਬੰਦੀਆਂ ਨੌਜਵਾਨ ਭਾਰਤ ਸਭਾ, ਪੰਜਾਬ ਸਟੂਡੈਂਟਸ ਯੂਨੀਅਨ ਦਾ ਵੀ ਇਹ ਇਲਾਕਾ ਗੜ੍ਹ ਰਿਹਾ ਹੈ। ਹੁਣ ਵੀ ਕਿਸਾਨਾਂ-ਮਜਦੂਰਾਂ-ਮੁਲਾਜਮਾਂ ਸਮੇਤ ਹੋਰ ਜਨਤਕ ਜਥੇਬੰਦੀਆਂ ਦਾ ਤਕੜਾ ਅਧਾਰ ਹੈ। ਜਬਰ ਜ਼ੁਲਮ ਅੱਗੇ ਹਿੱਕ ਡਾਹਕੇ ਜੂਝਣ ਤੋਂ ਅੱਗੇ ਮਰ ਮਿਟ ਜਾਣ (ਸ਼ਹੀਦੀਆਂ ਪਾਉਣ) ਦਾ ਸ਼ਾਨਾਮੱਤਾ ਇਤਿਹਾਸ ਇਹ ਇਲਾਕਾ ਆਪਣੀ ਬੁੱਕਲ 'ਚ ਸਮੋਈ ਬੈਠਾ ਹੈ। ਗੱਲ ਕੀ ਮਹਿਲਕਲਾਂ ਦੀ ਧਰਤੀ ਸੰਗਰਾਮਾਂ ਦੀ ਧਰਤੀ ਵਜੋਂ ਜਾਣੀ ਜਾਂਦੀ ਰਹੀ ਹੈ। ਸ਼ਹੀਦ ਸੇਵਾ ਸਿੰਘ ਠੀਕਰੀਵਾਲ, ਰਹਿਮਤ ਅਲੀ ਵਜੀਦਕੇ, ਬਾਬਾ ਦੁੱਲਾ ਸਿੰਘ ਜਲਾਲਦੀਵਾਲ ਅਤੇ ਨਕਸਲਵਾੜੀ ਲਹਿਰ ਦੇ ਸ਼ਹੀਦਾਂ, ਰਾਜ ਕਿਸ਼ੋਰ, ਗੁਰਦੇਵ ਦਰਦੀ, ਮੇਹਰ ਸਿੰਘ ਮੰਡਵੀਂ, ਨਿਰੰਜਣ ਸਿੰਘ ਅਕਾਲੀ ਕਾਲਸਾਂ, ਸ਼ਹੀਦ ਬੇਅੰਤ ਮੂੰਮ, ਪਿਆਰਾ ਸਿੰਘ, ਟਹਿਲ ਸਿੰਘ ਦੱਧਾਹੂਰ, ਮੁਹੰਮਦ ਸ਼ਰੀਫ ਕਾਂਝਲਾ, ਬਾਬੂ ਸਿੰਘ, ਦਲੀਪ ਸਿੰਘ, ਛੋਟਾ ਸਿੰਘ ਸੁਲਤਾਨਪੁਰ ਤੋਂ ਇਲਾਵਾ ਸਾਂਝੀ ਕਮਿਊਨਿਸਟ ਪਾਰਟੀ ਅਤੇ ਕਾ. ਹਰਨਾਮ ਸਿੰਘ ਚਮਕ, ਕਾ.ਤੇਜਾ ਸਿੰਘ ਸੁਤੰਤਰ, ਬਾਬਾ ਅਰਜਨ ਸਿੰਘ ਭਦੌੜ ਦਾ ਜੇਲ੍ਹਾਂ 'ਚ ਲੰਬਾ ਸਮਾਂ ਕੱਟਣ, ਹਕੂਮਤ ਦਾ ਹਰ ਜਬਰ ਤਸ਼ੱਦਦ ਝੱਲਣ, ਹਕੂਮਤ ਨਾਲ ਘਮਸਾਨੀ ਟੱਕਰਾਂ ਲੈਣਾ ਇਸ ਗੱਲ ਦੀ ਸ਼ਾਹਦੀ ਭਰਦਾ ਹੈ। ਮਹਿਲਕਲਾਂ ਦੇ ਲੋਕ ਸੰਘਰਸ਼ ਨੇ ਆਪਣੇ ਇਤਿਹਾਸਕ ਵਿਰਸੇ ਤੋਂ ਸਬਕਾਂ ਨੂੰ ਪੱਲੇ ਬੰਨ੍ਹਦਿਆਂ ਉਸੇ ਰਾਹ 'ਤੇ ਅੱਗੇ ਤੁਰਨ ਦਾ ਯਤਨ ਕੀਤਾ ਹੈ। ਇਸੇ ਕਰਕੇ ਲੋਕ ਸੰਘਰਸ਼ ਦੀ ਅਗਵਾਈ ਕਰਨ ਵਾਲੇ ਤਿੰਨ ਲੋਕ ਆਗੂਆਂ ਉੱਪਰ ਪੁਲਿਸ ਵੱਲੋਂ 3 ਮਾਰਚ 2001 ਨੂੰ ਸਾਜ਼ਿਸ਼ ਤਹਿਤ ਝੂਠਾ ਕੇਸ ਕਰਨ ਅਤੇ 28-30 ਮਾਰਚ 2005 ਨੂੰ ਬਰਨਾਲਾ ਸ਼ੈਸ਼ਨ ਕੋਰਟ ਵੱਲੋਂ ਉਮਰ ਕੈਦ ਵਰਗੀਆਂ ਸਜਾਵਾਂ ਦੇ ਕੇ ਜੇਲ੍ਹ ਦੀਆਂ ਕਾਲ ਕੋਠੜੀਆਂ ਪਿੱਛੇ ਕੈਦ ਕਰਨ ਦੇ ਜਾਬਰ ਵਾਰ ਨੂੰ ਲੋਕ ਤਾਕਤ ਦੇ ਉੱਸਰੇ ਕਿਲ੍ਹੇ ਸਦਕਾ ਘੱਟੇ ਰੋਲ ਕੇ ਆਪਣੀ ਤਾਕਤ ਦਾ ਲੋਹਾ ਮਨਵਾਇਆ।

ਦੋਸ਼ੀਆ ਵੱਲੋ ਸਜ਼ਾ ਪੂਰੀ ਕਰਨ ਤੋ ਬਾਅਦ ਬਾਹਰ ਆਕੇ ਇੱਕ ਵਾਰ ਫਿਰ ਸ਼ਹੀਦ ਬੀਬੀ ਕਿਰਨਜੀਤ ਕੌਰ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਮਹਿਲਕਲਾਂ ਦਾ ਨਾਮ ਮਿਟਾਉਣ ਦੀ ਸਾਜ਼ਿਸ਼ ਰਚੀ ਸੀ ਪਰ ਸਲਾਮ ਹੈ ਮਹਿਲਕਲਾਂ ਦੀ ਧਰਤੀ ਨੂੰ, ਇਸ ਦੇ ਸੱਚੇ ਵਾਰਸਾਂ ਨੂੰ ਜਿਨ੍ਹਾਂ ਨੇ 21 ਸਾਲ ਦੀ ਲਗਾਤਾਰ ਜਦੱਦੋਜਹਿਦ ਤੋ ਬਾਅਦ ਵੀ ਆਪਣੀ ਏਕਤਾ, ਦ੍ਰਿੜਤਾ ਦਾ ਸਬੂਤ ਦਿੰਦਿਆਂ ਦੋਸ਼ੀਆਂ ਦੀ ਸਾਜ਼ਿਸ਼ ਨੂੰ ਪੈਰਾਂ ਹੇਠ ਰੋਲਕੇ ਰੱਖ ਦਿੱਤਾ। ਅੱਜ 'ਸ਼ਹੀਦ ਬੀਬੀ ਕਿਰਨਜੀਤ ਕੌਰ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਮਹਿਲਕਲਾਂ' ਜਾਬਰਾਂ ਦੀ ਹਿੱਕ ਉੱਤੇ ਸਦੀਵੀ ਦੀਵਾ ਬਣ ਬਲ ਰਿਹਾ ਹੈ।

ਇਸ ਤਰ੍ਹਾਂ ਅਸੀਂ ਇਸ ਲੋਕ ਸੰਘਰਸ਼ ਉੱਪਰ ਜਦ ਘੋਖਵੀਂ ਝਾਤ ਮਾਰਦੇ ਹਾਂ ਤਾਂ ਉਸ ਸਮੇਂ ਦੀ ਹਾਲਾਤ ਇਹ ਸੀ ਕਿ ਇਲਾਕੇ ਅੰਦਰ ਸਾਂਝੇ ਸੰਘਰਸ਼ਾਂ ਦੀ ਦਰੁਸਤ ਬੁਨਿਆਦ ਨੂੰ ਬੁਲੰਦ ਕਰਦੀ ਆਗੂ ਟੁਕੜੀ ਮੌਜੂਦ ਸੀ। ਇਸ ਘਟਨਾ ਤੋਂ ਕੁੱਝ ਸਮਾਂ ਪਹਿਲਾਂ ਹੀ ਪਿੰਡ ਪੰਡੋਰੀ ਦੀ ਦਲਿਤ ਔਰਤ ਨੂੰ ਨਿਰਵਸਤਰ ਕਰਕੇ ਬੇਇੱਜਤ ਕਰਨ ਖਿਲ਼ਾਫ ਸਾਂਝਾ ਸੰਘਰਸ਼ ਕਰਕੇ ਦੋਸ਼ੀਆਂ ਨੂੰ ਭਰੇ ਇਕੱਠ ਵਿੱਚ ਸਜਾ ਦਿਵਾਈ ਸੀ ਅਤੇ ਇਸ ਇਲਾਕੇ ਦੇ ਪਿੰਡ ਕਿਰਪਾਲ ਸਿੰਘ ਵਾਲਾ ਦੇ ਗਰੀਬ ਦਲਿਤ ਮਜਦੂਰ ਪਿਆਰਾ ਸਿੰਘ ਨੂੰ ਮਹਿਲਕਲਾਂ ਥਾਣੇ ਵਿੱਚ ਕੁੱਟ ਕੇ ਮਾਰਨ ਖਿਲਾਫ ਸਾਂਝਾ ਸੰਘਰਸ਼ ਚੱਲਿਆ ਸੀ। ਇਸ ਸੰਘਰਸ਼ ਵਿੱਚ ਹਾਲਾਂ ਕਿ ਕਿਰਨਜੀਤ ਕੌਰ ਦੇ ਕਤਲ ਲਈ ਜ਼ਿੰਮੇਵਾਰ ਪ੍ਰੀਵਾਰ ਦੇ ਲਾਣੇ ਦੇ ਲੋਕ ਵੀ ਛੁਪੇ ਹੋਏ ਸਨ। ਇਨਕਲਾਬੀ ਜਮਹੂਰੀ ਲਹਿਰ ਦੀ ਅਗਵਾਨੂੰ ਟੁਕੜੀ ਦੀ ਸਰਗਰਮ ਤੇ ਦਰੁਸਤ ਸ਼ਮੂਲੀਅਤ ਦੀ ਬਦੌਲਤ ਜੇਕਰ ਅੱਜ ਦੀ ਹਾਲਾਤ ਵਿੱਚ ਇੱਕ ਵਿਦਿਆਰਥਣ ਨੂੰ ਇਨਸਾਫ ਦਿਵਾਉਣ ਤੋਂ ਸ਼ੁਰੂ ਹੋਈ ਜੱਦੋ ਜਹਿਦ ਨਾਂ ਸਿਰਫ ਗੁੰਡਾ-ਪੁਲਿਸ-ਸਿਆਸੀ-ਅਦਾਲਤੀ ਗੱਠਜੋੜ ਖਿਲਾਫ ਸੇਧਤ ਹੋ ਚੁੱਕੀ ਹੈ ਸਗੋਂ ਇਸ ਬੁਰਾਈ ਦੀ ਜੜ੍ਹ ਲੁੱਟ ਜਬਰ ਅਤੇ ਦਾਬੇ ਵਾਲੇ ਪ੍ਰਬੰਧ ਦੀ ਕਬਰ ਪੁੱਟਣ ਦੇ ਚੱਲ ਰਹੇ ਇਨਕਲਾਬੀ ਸੰਗਰਾਮ ਦਾ ਅੰਗ ਬਣ ਚੁੱਕੀ ਹੈ। ਅਜਿਹਾ ਨਹੀਂ ਕਿ ਇਹ ਸਾਰਾ ਕੁੱਝ ਸਹਿਜੇ ਹੀ ਵਾਪਰ ਗਿਆ। ਇਹ ਰਸਤਾ ਸਿੱਧ ਪੱਧਰਾ ਨਹੀਂ ਸੀ। ਸਗੋਂ ਇਹ ਲੋਕ ਘੋਲ ਆਪਣੇ ਵੀਹ ਸਾਲਾਂ ਦੇ ਸੰਗਰਾਮੀ ਸਫ਼ਰ ਦੌਰਾਨ ਬਹੁਤ ਸਾਰੇ ਨਾਜ਼ੁਕ ਮੋੜਾਂ ਘੋੜਾਂ 'ਚੋਂ ਅੱਗੇ ਵਧਿਆ ਹੈ। ਜਿਸ ਦੌਰਾਨ ਵੱਖ-ਵੱਖ ਵਿਚਾਰਾਂ ਦੀ ਪ੍ਰਤੀਨਿਧਤਾ ਕਰਦੇ ਸਾਥੀਆਂ ਵਾਲੇ ਅਦਾਰੇ ਅੰਦਰ ਹਾਲਾਤ ਦਾ ਸਹੀ ਜਾਇਜਾ ਬਨਾਉਣ, ਦੁਸ਼ਮਣ ਦੇ ਬੀਤੇ ਅਮਲ ਨੂੰ ਧਿਆਨ 'ਚ ਰੱਖਣ, ਇਲਾਕੇ ਦੀ ਸਿਆਸੀ ਹਾਲਾਤ ਦਾ ਠੀਕ ਨਿਰਨਾ ਕਰਨ, ਲੋਕਾਂ 'ਤੇ ਟੇਕ ਰਖਦੇ ਹੋਏ ਸੰਘਰਸ਼ ਦਾ ਘੇਰਾ ਲਗਾਤਾਰ ਵਿਸ਼ਾਲ ਕਰਨ, ਸੰਘਰਸ਼ ਨੂੰ ਸਹੀ ਦਿਸ਼ਾ ਵੱਲ ਸੇਧਤ ਰੱਖਣਾ, ਕਿਸੇ ਭਟਕਾਅ ਵਿੱਚ ਨਾ ਆਉਣ ਦੇਣਾ ਅਤੇ ਸਰਕਾਰ ਨਾਲ ਸੰਘਰਸ਼ ਦੀਆ ਮੰਗਾਂ ਮਨਵਾਉਣ ਸਬੰਧੀ ਚੱਲਦੀ ਰਹੀ ਗੱਲਬਾਤ ਦੌਰਾਨ ਹਮੇਸ਼ਾਂ ਲੋਕ ਹਿਤਾਂ ਨੂੰ ਮੂਹਰੇ ਰੱਖਣ ਤੇ ਸੰਘਰਸ਼ ਨੂੰ ਹੋਰ ਵਧੇਰੇ ਤਿੱਖਾ ਕਰਨ ਦੀ ਸੇਧ 'ਤੇ ਡੱਟਕੇ ਚੱਲਦੇ ਰਹਿਣਾ ਦਾ ਸੌਖਾ ਕਾਰਜ ਨਹੀਂ ਸੀ। ਬਹੁਤ ਸਾਰੇ ਮੌਕੇ ਅਜਿਹੇ ਵੀ ਆਏ ਜਦ ਦੁਸ਼ਮਣ ਵੱਲੋਂ ਰਚੀਆਂ ਜਾ ਰਹੀਆਂ ਸਾਜਿਸ਼ਾਂ ਭਾਂਡਾ ਫੋੜ ਕਰਦੇ ਹੋਏ ਉਨ੍ਹਾਂ ਦਾ ਵਧੇਰੇ ਸਿਦਕ ਦਿਲੀ ਨਾਲ ਟਾਕਰਾ ਵੀ ਕੀਤਾ ਅਤੇ ਸੰਘਰਸ਼ ਉੱਪਰ ਬਾਹਰੋਂ ਬਾਜ ਅੱਖ ਰੱਖ ਰਹੇ ਸਿਆਸੀ ਵਿਰੋਧੀ ਵਿਚਾਰਾਂ ਦੀਆਂ ਟਿੱਪਣੀਆਂ ਨੂੰ ਵੀ ਸੁਣਨਾ ਪਿਆ ਜੋ ਹਾਲੇ ਵੀ ਕਿਸੇ ਨਾ ਕਿਸੇ ਰੂਪ 'ਚ ਦਰਪੇਸ਼ ਹਨ।

ਜਿਵੇਂ ਅਸੀਂ ਉੱਪਰ ਚਰਚਾ ਕੀਤੀ ਹੈ ਕਿ ਇਸ ਲੋਕ ਸੰਘਰਸ਼ ਦੀ ਬੁਨਿਆਦ ਰੱਖਣ ਵੇਲੇ ਹੀ ਤਹਿ ਕਰ ਲਿਆ ਸੀ ਕਿ ਇਹ ਸੰਘਰਸ਼ ਵੋਟ ਵਟੋਰੂ ਪਾਰਟੀਆਂ ਦੇ ਸਿਆਸਤਦਾਨਾਂ ਉੱਪਰ ਟੇਕ ਰੱਖਕੇ ਚੱਲਣ ਦੀ ਥਾਂ ਹਮੇਸ਼ਾ ਲੋਕਾਂ ਉੱਤੇ ਟੇਕ ਰੱਖਕੇ ਚੱਲੇਗਾ। ਇਸ ਸੰਘਰਸ਼ ਵਿੱਚ ਜਥੇਬੰਦੀਆਂ, ਆਮ ਲੋਕਾਂ, ਸਮਾਜਿਕ ਸੰਸਥਾਵਾਂ, ਪੰਚਾਇਤਾਂ, ਕੁੱਝ ਸਿਆਸੀ ਜਥੇਬੰਦੀਆਂ ਵੱਲੋਂ ਕਿਸੇ ਨਾਂ ਕਿਸੇ ਰੂਪ 'ਚ ਬਣਦਾ ਯੋਗਦਾਨ ਪਾਇਆ ਹੈ। ਭਾਵੇਂ ਕਿ ਹਕੀਕਤ ਇਹ ਵੀ ਹੈ ਕਿ ਇਹ ਹਰ ਤਾਕਤਾਂ ਸੰਘਰਸ਼ ਦੇ ਅੰਤਿਮ ਪੜਾਅ ਤੱਕ ਨਹੀਂ ਨਿਭ ਸਕੀਆਂ ਦੀ ਮਹੱਤਤਾ ਨੂੰ ਛੁਟਿਆਇਆ ਵੀ ਨਹੀਂ ਜਾ ਸਕਦਾ।

ਲੋਕਾਂ ਦੇ ਪ੍ਰਚਾਰ ਸਾਧਨਾਂ ਦੇ ਆਸਰੇ ਇਸ ਸੰਘਰਸ਼ ਨੂੰ ਦੇਸ਼ ਤੇ ਦੁਨੀਆਂ ਪੱਧਰ 'ਤੇ ਪ੍ਰਚਾਰਨ ਦੇ ਉਪਰਾਲੇ ਕੀਤੇ ਗਏ। ਦਿੱਲੀ ਤੋਂ ਸੈਂਕੜੇ ਮੀਲ ਦੂਰ ਹੋਣ ਦੇ ਬਾਵਜੂਦ ਲੋਕ ਪੱਖੀ ਕਲਮਾਂ ਨੇ ਲੋਕਾਂ ਦੀ ਅਵਾਜ਼ ਨੂੰ ਅਖਬਾਰੀ ਪੰਨਿਆਂ ਦਾ ਹਿੱਸਾ ਬਣਾਇਆ ਹੈ, ਸੰਪਾਦਕੀਆਂ ਲਿਖੀਆਂ ਹਨ, ਲੇਖ ਲਿਖੇ ਹਨ, ਕਿਤਾਬਾਂ, ਸੀਡੀ, ਵੀਡੀਓ ਰਾਹੀਂ ਲੋਕਾਂ ਤੱਕ ਇਹ ਆਵਾਜ ਪਹੁੰਚਾਈ ਹੈ। ਇਸ ਤਰ੍ਹਾਂ ਪਿਛਲੇ ਵੀਹ ਸਾਲਾਂ ਤੋਂ ਮਘਦਾ ਭੱਖਦਾ ਤੇ ਬੁਲੰਦੀਆਂ ਉੱਤੇ ਪਹੁੰਚਦਾ ਰਿਹਾ ਇਹ ਮਹਿਲਕਲਾਂ ਦਾ ਲੋਕ ਘੋਲ ਲੋਕ ਪੱਖੀ ਆਵਾਜ਼ ਦਾ ਇੱਕ ਸ਼ਾਨਦਾਰ ਹਿੱਸਾ ਬਣਿਆ ਹੈ। ਇਸ ਘੋਲ ਦੇ ਹੋਰ ਪੱਖੀ ਸਾਹਿਤ ਸਮੇਤ ਇਸਦੇ ਸੰਗਰਾਮੀ ਇਤਿਹਾਸ ਨੂੰ ਇੱਕ ਕੜੀ 'ਚ ਬੋਲਦੇ ਹੋਏ ਲੋਕ ਪੱਖੀ ਕਲਾਕਾਰ ਦਲਜੀਤ ਅਮੀ ਨਿਰਦੇਸ਼ਤ ਕੀਤੀ ਡਾਕੂਮੈਂਟਰੀ ਫ਼ਿਲਮ "ਹਰ ਮਿੱਟੀ ਕੁੱਟਿਆਂ ਨਹੀਂ ਭੁਰਦੀ" ਨੇ ਲੋਕ ਪੱਖੀ ਮੀਡੀਏ ਅੰਦਰ ਇੱਕ ਅਸਰਦਾਰ ਥਾਂ ਬਣਾਈ ਹੋਈ ਹੈ।

21 ਸਾਲ ਦੇ ਲੰਬੇ ਅਰਸੇ ਦੌਰਾਨ ਮਹਿਲਕਲਾਂ ਦਾ ਲੋਕ ਸੰਘਰਸ਼ ਇਹ ਗੱਲ ਦਾ ਬਹੁਤ ਮਾਣ ਨਾਲ ਠੋਕ ਵਜਾਕੇ ਐਲਾਨ ਕਰਦਾ ਹੈ ਕਿ ਇਸ ਸੰਘਰਸ਼ ਵਿੱਚ ਫੰਡ ਦੇ ਰੂਪ ਵਿੱਚ ਸਭ ਤੋਂ ਵੱਧ ਯੋਗਦਾਨ ਮਿਹਨਤਕਸ਼ ਹਿੱਸਿਆਂ (ਭਾਈ ਲਾਲੋਆਂ) ਵਿੱਚੋਂ ਆਇਆ ਹੈ। ਸਰਕਾਰੀ ਫੰਡ ਦਾ ਐਕਸ਼ਨ ਕਮੇਟੀ ਕੋਲ ਇੱਕ ਧੇਲਾ ਵੀ ਨਹੀਂ ਆਇਆ ਨਾ ਹੀ ਅਸੀਂ ਸਰਕਾਰੀ ਫੰਡ ਉੱਪਰ ਕੋਈ ਟੇਕ ਰੱਖੀ। ਆਮ ਲੋਕਾਂ ਵਾਂਗ ਕੁੱਝ ਸਿਆਸਤਦਾਨਾਂ ਨੇ ਇਸ ਲੋਕ ਸੰਘਰਸ਼ ਵਿੱਚ ਯੋਗਦਾਨ ਪਾਇਆ ਹੈ। ਪਰ ਉਹ ਕੁੱਲ ਫੰਡ ਦਾ ਬਹੁਤ ਹੀ ਨਿਗੂਣਾ ਹਿੱਸਾ ਹੈ। ਐਕਸ਼ਨ ਕਮੇਟੀ ਪਾਸ ਕਿਸਾਨਾਂ-ਮੁਲਾਜ਼ਮਾਂ-ਮਜ਼ਦੂਰਾਂ ਸਮੇਤ ਹੋਰਨਾਂ ਤਬਕਿਆਂ ਦੇ ਫੰਡ ਦਾ ਇਤਨਾ ਕੁ ਰਾਖਵਾਂ ਭੰਡਾਰ ਪਿਆ ਹੈ ਕਿ ਲੋਕ ਆਗੂ ਮਨਜੀਤ ਵਾਲੇ ਕੇਸ ਦੀ ਸੁਪਰੀਮ ਕੋਰਟ ਵਿੱਚ ਪੈਰਵਾਈ ਕਰਨ ਲਈ ਕੋਈ ਤੋਟ ਨਹੀਂ ਹੈ। ਹਰ ਪੱਖੋਂ ਸਰਗਰਮੀਆਂ ਜਾਰੀ ਰੱਖਣ ਲਈ ਅੱਜ ਵੀ ਫੰਡ ਦੀ ਬਹੁਤ ਜ਼ਰੂਰਤ ਹੈ।

**ਸਾਜ਼ਸ਼ਾਂ ਇੱਕ ਨਹੀਂ ਸੈਂਕੜੇ ਰਚੀਆਂ** : 2 ਅਗਸਤ 1997 ਨੂੰ ਐਕਸ਼ਨ ਕਮੇਟੀ ਮਹਿਲਕਲਾਂ ਦੀ ਬੁਨਿਆਦ ਰੱਖੀ ਗਈ ਸੀ। ਉਸੇ ਸਮੇਂ ਤੋਂ ਹੀ ਸਾਜਿਸ਼ਾਂ ਦਾ ਦੌਰ ਸ਼ੁਰੂ ਹੋ ਗਿਆ ਸੀ। ਐਕਸ਼ਨ ਕਮੇਟੀ ਬਾਰੇ ਅਫਵਾਹਾਂ ਫੈਲਾਉਣ ਤੋਂ ਸ਼ੁਰੂ ਹੋਇਆ ਸਾਜਿਸ਼ਾਂ ਦਾ ਦੌਰ 3 ਮਾਰਚ 2001 ਨੂੰ ਦਲੀਪੇ ਦੇ ਹੋਏ ਕਤਲ ਤੋਂ ਬਾਅਦ ਵੱਡੀ ਸਾਜ਼ਿਸ਼ ਦਾ ਰੂਪ ਅਖਤਿਆਰ ਕਰ ਗਿਆ ਸੀ। ਜਦ ਸਾਡੇ ਤਿੰਨ ਐਕਸ਼ਨ ਕਮੇਟੀ ਮੈਂਬਰਾਂ ਨੂੰ ਗੁੰਡਾ-ਪੁਲਿਸ-ਸਿਆਸੀ ਗੱਠਜੋੜ ਨੇ ਵਿਉਂਤਬੱਧ ਸਾਜ਼ਿਸ਼ ਨਾਲ ਇਸ ਝੂਠੇ ਕੇਸ ਵਿੱਚ ਅੜੁੰਗ ਦਿੱਤਾ ਸੀ। ਅਦਾਲਤਾਂ ਵੀ ਇਸ ਜਾਬਰ ਪ੍ਰਬੰਧ ਦਾ ਹੀ ਹਿੱਸਾ ਹਨ ਜਿਨ੍ਹਾਂ ਸੱਚ ਨੂੰ ਦਰਕਿਨਾਰ ਕਰਕੇ ਪੁਲਿਸ ਦੀ ਝੂਠੀ ਕਹਾਣੀ ਉੱਪਰ ਮੋਹਰ ਲਾਕੇ ਲੋਕਾਂ ਵਿੱਚ ਡਰ, ਸਹਿਮ ਅਤੇ ਦਹਿਸ਼ਤ ਪੈਦਾ ਕਰਨ ਲਈ 28,30 ਮਾਰਚ 2005 ਨੂੰ ਉਮਰ ਕੈਦ ਦੀ ਸਜਾ ਸੁਣਾਕੇ ਆਪਣੇ ਲੋਕ ਵਿਰੋਧੀ ਖਾਸੇ ਦਾ ਸਬੂਤ ਦਿੱਤਾ ਸੀ। ਲੋਕ ਹਮੇਸ਼ਾ ਆਪਣੇ ਹੱਥੀਂ ਆਪਣਾ ਇਤਿਹਾਸ ਸਿਰਜਦੇ ਆਏ ਹਨ, ਮਹਿਲਕਲਾਂ ਦੀ ਧਰਤੀ ਦੇ ਵਾਰਸਾਂ ਨੇ ਵੀ ਇਤਿਹਾਸਕ ਪਦ ਚਿੰਨਾਂ ਉੱਪਰ ਚੱਲਦਿਆਂ ਲੰਮਾ ਅਰਸਾ ਬੀਤ ਜਾਣ ਦੇ ਬਾਵਜੂਦ ਦੁਸ਼ਮਣ ਦੀ ਸਾਜ਼ਿਸ਼ ਨੂੰ ਚਕਨਾਚੂਰ ਕੀਤਾ। ਵਿਸ਼ਾਲ ਲਾਮਬੰਦੀ ਰਾਹੀਂ ਸੰਘਰਸ਼ ਦਾ ਅਜਿਹਾ ਦਬਾਅ ਬਣਾਇਆ ਕਿ ਹਕੂਮਤ ਨੂੰ ਤਿੰਨ ਲੋਕ ਆਗੂਆਂ ਨੂੰ ਅਦਾਲਤ ਵੱਲੋਂ ਸੁਣਾਈ ਉਮਰ ਕੈਦ ਸਜਾ ਦਾ ਹੁਕਮ ਰੱਦ ਕਰਨ ਦਾ ਕੌੜਾ ਘੁੱਟ ਭਰਨ ਲਈ ਮਜਬੂਰ ਕੀਤਾ। ਪਰ ਇਨਸਾਫ ਦੇ ਮੰਦਿਰ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੂੰ ਇਹ ਲੋਕਾਸ਼ਾਹੀ ਸੱਚ ਹਜਮ ਕਰਨਾ ਔਖਾ ਸੀ। ਇਸੇ ਕਰਕੇ ਤਕਨੀਕੀ ਬਹਾਨੇ ਲੱਭ ਕੇ ਗਵਰਨਰ ਵੱਲੋਂ ਖਤਮ ਕੀਤੀ ਸਜਾ ਦਾ ਹੁਕਮ ਰੱਦ ਕਰ ਦਿੱਤਾ। ਜਿਸ ਦਾ ਸਿੱਟਾ ਇਹ ਹੈ ਕਿ ਦੋ ਲੋਕ ਆਗੂਆਂ ਦੇ ਅਦਾਲਤ ਵੱਲੋਂ ਬਰੀ ਹੋ ਜਾਣ ਤੋਂ ਬਾਅਦ ਇਕ ਲੋਕ ਆਗੂ ਮਨਜੀਤ ਧਨੇਰ ਦੀ ਬਹਾਲ ਰੱਖੀ ਉਮਰ ਕੈਦ ਸਜਾ ਵਾਲੀ ਵੱਡੀ ਚੁਣੌਤੀ ਦਰਪੇਸ਼ ਹੈ। ਸ਼ਹੀਦ ਬੀਬੀ ਕਿਰਨਜੀਤ ਕੌਰ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਮਹਿਲਕਲਾਂ ਦਾ ਨਾਮ ਤਬਦੀਲ ਕਰਨ ਦੀ ਸਾਜ਼ਿਸ਼ ਰਚਣਾ ਦੁਸ਼ਮਣ ਦੀ ਕੋਈ ਪਹਿਲੀ ਜਾਂ ਆਖਿਰੀ ਸਾਜ਼ਿਸ਼ ਨਹੀਂ। ਇੱਕ ਵਾਰ ਪਿੱਛੇ ਹਟਣ ਤੋਂ ਬਾਅਦ ਹੇਮੂ ਬਾਣੀਏ ਵਾਲੀਆਂ ਮਨਆਈਆਂ ਕਰਕੇ ਲੋਕ ਤਾਕਤ ਦੇ ਉੱਸਰੇ ਕਿਲੇ ਨੂੰ ਪਾੜਨ ਖਿੰਡਾਉਣ ਦਾ ਭਰਮ ਪਾਲਦਾ ਸੀ।

ਦੁਸ਼ਮਣ ਸੋਚਦਾ ਸੀ ਕਿ ਅਠਾਰਾਂ ਸਾਲ ਬੀਤ ਗਏ ਹੁਣ ਸਾਡੇ ਰਾਹ ਵਿੱਚ ਰੋੜਾ ਕੌਣ ਹੈ। ਪਰ ਐਕਸ਼ਨ ਕਮੇਟੀ ਨੇ ਲੰਬੇ ਸਮੇਂ ਤੋਂ ਇਸ ਲੋਕ ਸੰਘਰਸ਼ ਨੂੰ ਜਾਰੀ ਰੱਖਣ ਦੀ ਲੋੜ ਇਸ ਕਰਕੇ ਹੀ ਮਹਿਸੂਸ ਕੀਤੀ ਕਿ ਜਿਉਂ ਹੀ ਸੰਘਰਸ਼ ਦੀ ਧਾਰ ਮੱਠੀ ਪਈ ਦੁਸ਼ਮਣ ਆਪਣੀਆਂ ਪਹਿਲੀਆਂ ਮਨਆਈਆਂ ਕਰਨ ਤੇ ਉੱਤਰੇਗਾ। ਜਿਸ ਦਾ ਖਮਿਆਜਾ ਆਮ ਲੋਕਾਂ ਨੂੰ ਭੁਗਤਣਾ ਪਵੇਗਾ। ਸੰਘਰਸ਼ ਜਾਰੀ ਰਹਿਣ ਦਾ ਹੀ ਸਿੱਟਾ ਹੈ ਕਿ 21 ਸਾਲ ਤੋਂ ਜਦ ਤੋਂ ਲੋਕਾਂ ਨੇ ਸਿਰ ਜੋੜਕੇ ਸੰਘਰਸ਼ਾਂ ਦਾ ਪਿੜ ਮੱਲਿਆ ਹੈ ਦੁਸ਼ਮਣ ਟੋਲੇ ਦੀ ਜ਼ੁਰਅਤ ਨਹੀਂ ਪਈ ਕਿ ਉਹ ਕਿਸੇ ਦੀ ਧੀਅ ਭੈਣ ਵੱਲ ਕੈਰੀ ਅੱਖ ਚੁੱਕ ਕੇ ਵੀ ਵੇਖ ਸਕੇ। ਇਹ ਘਟਨਾ ਉਨ੍ਹਾਂ ਲੋਕਾਂ ਲਈ ਵੀ ਕਰਾਰਾ ਜਵਾਬ ਹੈ ਜੋ ਸੋਚਦੇ ਸਨ ਕਿ ਹੁਣ ਕੀ ਜ਼ਰੂਰਤ ਹੈ ਕਿਰਨਜੀਤ ਕੌਰ ਦੇ ਸੰਘਰਸ਼ ਨੂੰ ਜਾਰੀ ਰੱਖਣ ਦੀ। ਦੋਸ਼ੀਆਂ ਨੂੰ ਸਜਾ ਹੋ ਗਈ ਹੈ। ਪਰ ਸਲਾਮ ਹੈ 'ਭਾਈ ਲਾਲੋਆਂ ਦੇ ਵਾਰਸਾਂ' ਨੂੰ ਜਿਨ੍ਹਾਂ 1997 ਵਾਲਾ ਹੀ ਇਤਿਹਾਸ ਦੁਸ਼ਮਣ ਦੀ ਹਰ ਸਾਜ਼ਿਸ਼ ਖਿਲਾਫ ਦੁਹਰਾਇਆ ਕਿ ਦੁਸ਼ਮਣ ਨੂੰ ਮੂੰਹ ਦੀ ਖਾਣੀ ਪਈ। ਇਹ ਲੋਕ ਸੰਘਰਸ਼ ਪੰਜਾਬ ਅੰਦਰ ਹੀ ਨਹੀਂ, ਹੋਰਨਾਂ ਥਾਵਾਂ ਉੱਪਰ ਵੀ ਇੱਕ ਅਜਿਹਾ ਮੀਲ-ਪੱਥਰ ਸਾਬਤ ਹੋਇਆ ਕਿ ਇਸ ਸੰਘਰਸ਼ ਨੇ ਪਹਿਲਾਂ ਸਥਾਪਤ ਜਗੀਰੂ ਰਹਿੰਦ-ਖੂੰਹਦ ਦੀਆਂ ਕਦਰਾਂ ਕੀਮਤਾਂ ਭੰਨ ਸੁੱਟੀਆਂ। ਇਹ ਲੋਕ ਸੰਘਰਸ਼ ਅਨੇਕਾਂ ਸੰਘਰਸ਼ਾਂ ਲਈ ਇੱਕ ਚਾਣਨ ਮੁਨਾਰਾ ਬਣਿਆ ਹੈ।

ਐਕਸ਼ਨ ਕਮੇਟੀ ਨੂੰ ਸਮੇਂ ਸਮੇਂ ਉੱਤੇ ਇਸ ਗੱਲ ਨਾਲ ਦੋ ਚਾਰ ਹੋਣਾ ਪੈ ਰਿਹਾ ਹੈ ਕਿ ਜਦੋਂ ਕੁੱਝ ਮੁੱਠੀ ਭਰ ਲੋਕਾਂ ਵੱਲੋਂ ਇਹ ਪ੍ਰਚਾਰ ਧੁਮਾਇਆ ਜਾਂਦਾ ਹੈ ਐਕਸ਼ਨ ਕਮੇਟੀ ਹਾਕਮ ਜਮਾਤੀ ਸਿਆਸਤਦਾਨਾਂ ਦੀ ਝੋਲੀ 'ਚ ਪੈ ਗਈ ਹੈ। ਪਰ ਸੱਚਾਈ ਨੂੰ ਛੁਪਾਇਆ ਨਹੀਂ ਸਕਦਾ। ਸੱਚ ਤਾਂ ਇਹ ਹੈ ਕਿ ਐਕਸ਼ਨ ਕਮੇਟੀ ਨੇ ਟੇਕ ਹਮੇਸ਼ਾ ਲੋਕਾਂ ਉੱਤੇ ਰੱਖੀ ਹੈ/ਰੱਖੇਗੀ। ਪਰ ਸਿਆਸਤਦਾਨਾਂ ਪ੍ਰਤੀ ਪਹੁੰਚ ਕੀ ਹੋਵੇ ਇਹ ਕਾਫੀ ਗੁੰਝਲਦਾਰ ਮਸਲਾ ਹੈ। ਐਕਸ਼ਨ ਕਮੇਟੀ ਨੇ ਸਿਆਸਤਦਾਨਾਂ ਨੂੰ ਸਟੇਜ 'ਤੇ ਬੁਲਾਉਣ ਤੋਂ ਜਵਾਬ ਨਹੀਂ ਦਿੱਤਾ। ਪਰ ਨਾਲ ਦੀ ਨਾਲ ਐਕਸ਼ਨ ਕਮੇਟੀ ਦਾ ਜਾਬਤਾ ਵੀ ਬਰਕਰਾਰ ਰੱਖਿਆ ਹੈ ਕਿ ਕੋਈ ਵੀ ਸਿਆਸਤਦਾਨ ਇਸ ਸਟੇਜ ਦੀ ਵੋਟ ਮੰਗਣ ਲਈ ਵਰਤੋਂ ਨਹੀਂ ਕਰ ਸਕਦਾ। ਉਹ ਸਮਾਜਿਕ ਜਬਰ ਦੇ ਮੁੱਦੇ ਤੇ ਆਪਣੀ ਗੱਲ ਰੱਖ ਸਕਦਾ ਹੈ। ਇਸ ਸਮੇਂ ਦੋ ਪ੍ਰਚੱਲਿਤ ਰਵਾਇਤਾਂ ਹਨ ਕਿ ਇੱਕ ਤਾਂ ਸਿਆਸਤਦਾਨਾਂ ਨੂੰ ਸਟੇਜ ਦੇ ਨੇੜੇ ਹੀ ਨਾ ਫਟਕਣ ਦਿੱਤਾ ਜਾਵੇ ਦੂਜਾ ਵਿਚਾਰ ਇਹ ਹੈ ਕਿ ਆਪਣੀ ਬੁਨਿਆਦ ਨੂੰ ਭੁਲਾ ਕੇ ਸਿਆਸਤਦਾਨਾਂ ਨੂੰ ਖੁੱਲ੍ਹੀ ਕੌਡੀ ਪਾਉਣ ਦਾ ਮੌਕਾ ਦੇ ਦਿੱਤਾ ਜਾਵੇ। ਅਸਲ ਵਿੱਚ ਮਹਿਲਕਲਾਂ ਦੇ ਲੋਕ ਇਸ ਨਿਵੇਕਲੇ ਸੰਘਰਸ਼ ਨੇ ਇਨ੍ਹਾਂ ਦੋਵੇਂ ਗਲਤ ਪਹੁੰਚਾਂ ਨੂੰ ਰੱਦ ਕਰਦਿਆਂ 21 ਸਾਲ ਦੇ ਸਾਂਝੇ ਤੇ ਵਿਸ਼ਾਲ ਜ਼ਬਰ ਵਿਰੋਧੀ ਸੰਘਰਸ਼ ਸਮੇਂ ਸਿਆਸਤਦਾਨਾਂ ਨੂੰ ਜਾਬਤੇ ਵਿੱਚ ਰਹਿਕੇ ਔਰਤਾਂ ਉੱਪਰ ਹੋ ਰਹੇ ਜਬਰ ਸਬੰਧੀ ਬੋਲਣ ਲਈ ਜਾਂ ਇਹ ਕਹਿ ਲਵੋ ਲੋਕਾਂ ਦੀ ਗੱਲ ਕਹਿਣ ਲਈ ਮਜਬੂਰ ਕੀਤਾ ਹੈ।

**ਮਾ. ਦਰਸ਼ਨ ਸਿੰਘ ਦੇ ਪ੍ਰੀਵਾਰ ਨੂੰ ਸਲਾਮ** : ਹਾਕਮਾਂ ਨੇ ਅੱਜ ਕੱਲ੍ਹ ਪ੍ਰੀਵਾਰਾਂ ਨੂੰ

ਖ਼੍ਰੀਦਣ ਦਾ ਨਵਾਂ ਢੰਗ ਲੱਭ ਲਿਆ ਹੈ। ਜਦ ਵੀ ਕਦੇ ਅਜਿਹਾ ਵਰਤਾਰਾ ਵਾਪਰਦਾ ਹੈ ਤਾਂ ਹਾਕਮ ਪ੍ਰੀਵਾਰ ਉੱਪਰ ਵਿੰਗੇ ਟੇਢੇ ਢੰਗਾਂ ਨਾਲ ਦਬਾਅ ਪਾਕੇ ਸਮਝੌਤਾ ਕਰਨ 'ਚ ਗਲਤਾਨ ਰਹਿੰਦੇ ਹਨ। ਇਹ ਲੋਕਾਂ ਨਾਲੋਂ ਸਬੰਧਤ ਪ੍ਰੀਵਾਰ ਨੂੰ ਨਿਖੇੜਨ ਦਾ ਨਵਾਂ ਤਰੀਕਾ ਹੈ ਕਿਉਂਕਿ ਲੋਕ ਇਹ ਸਮਝਦੇ ਹਨ ਕਿ ਪ੍ਰੀਵਾਰ ਨੇ ਸਰਕਾਰ ਕੋਲੋਂ ਰਿਆਇਤ ਹਾਸਲ ਕਰ ਲਈ ਹੈ। ਸਾਡਾ ਉਸ ਨਾਲ ਕੀ ਲਾਗਾ ਦੇਗਾ ਹੈ। ਅਜਿਹਾ ਨਹੀਂ ਕਿ ਮਾ. ਦਰਸ਼ਨ ਸਿੰਘ ਦੇ ਪ੍ਰੀਵਾਰ ਨੂੰ ਹਾਕਮਾਂ ਨੇ ਖ਼੍ਰੀਦਣ ਦਾ ਯਤਨ ਨਹੀਂ ਕੀਤਾ। ਜਦ ਐਕਸ਼ਨ ਕਮੇਟੀ ਦੀ ਹਾਜਰੀ 'ਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਮਾ ਦਰਸ਼ਨ ਸਿੰਘ ਦੇ ਪ੍ਰੀਵਾਰ ਨਾਲ ਇਕੱਲਿਆਂ ਗੱਲਬਾਤ ਕਰਨ ਦੀ ਇੱਛਾ ਜਾਹਰ ਕਰਦਿਆਂ ਮੰਗ ਬਾਰੇ ਪੁੱਛਿਆ ਤਾਂ ਸ਼ਹੀਦ ਕਿਰਨਜੀਤ ਕੌਰ ਦੀ ਮਾਤਾ ਪਰਮਜੀਤ ਕੌਰ ਨੇ ਦੋ ਟੁੱਕ ਸ਼ਬਦਾਂ 'ਚ ਕਿਹਾ ਕਿ ਸਾਡੀ ਤਾਂ ਇੱਕੋ ਇੱਛਾ ਹੈ ਕਿ ਜਿਸ ਥਾਂ ਮੇਰੀ ਧੀ ਨਾਲ ਕੁਕਰਮ ਹੋਇਆ ਹੈ, ਉਸੇ ਥਾਂ ਦੋਸ਼ੀਆਂ ਨੂੰ ਫਾਹੇ ਟੰਗ ਦਿੱਤਾ ਜਾਵੇ। ਅਜਿਹਾ ਜਵਾਬ ਸੁਣਕੇ ਮੁੱਖ ਮੰਤਰੀ ਬਾਦਲ ਨੂੰ ਕਹਿਣਾ ਪਿਆ ਕਿ ਮੈਂ ਅਜਿਹਾ ਤਾਂ ਨਹੀਂ ਕਰ ਸਕਦਾ ਤਾਂ ਪ੍ਰੀਵਾਰ ਨੇ ਕਿਹਾ ਕਿ ਬਾਕੀ ਸਭ ਕੁੱਝ ਤਾਂ ਸਾਡੇ ਕੋਲ ਹੈ ਸਾਨੂੰ ਤੁਹਾਡੀ ਕਿਸੇ ਖੈਰਾਤ ਦੀ ਕੋਈ ਲੋੜ ਨਹੀਂ। ਉਸ ਸਮੇਂ ਤੋਂ ਅੱਜ ਤੱਕ ਮਾ.ਦਰਸ਼ਨ ਸਿੰਘ ਦਾ ਪ੍ਰੀਵਾਰ ਨਾਂ ਸਿਰਫ ਲੋਕ ਸੰਘਰਸ਼ ਨਾਲ ਹਿੱਕ ਡਾਹਕੇ ਖੜਾ ਹੈ ਸਗੋਂ ਹਰ ਸਾਲ ਸੰਘਰਸ਼ ਵਿੱਚ ਹਰ ਪੱਖੋਂ ਯੋਗਦਾਨ ਪਾਉਂਦਾ ਆ ਰਿਹਾ ਹੈ।

**ਘੋਲ ਦੇ ਸਬਕ** : ਇਸ ਘੋਲ ਦੀ ਅਗਵਾਈ ਕਰ ਰਹੀ ਅਗਵਾਨੂੰ ਟੁਕੜੀ ਲਈ ਇਹ ਸੰਘਰਸ਼ ਖੰਡੇ ਦੀ ਧਾਰ ਉੱਪਰ ਤੁਰਨ ਸਮਾਨ ਸੀ। ਵੱਡੇ ਤੇ ਖ਼ੂੰਖਾਰ ਗੁੰਡਾ-ਪੁਲਿਸ-ਸਿਆਸੀ-ਅਦਾਲਤੀ ਗੱਠਜੋੜ ਖਿਲਾਫ ਚੱਲਦੇ ਇਸ ਸੰਘਰਸ਼ ਦੌਰਾਨ ਬਹੁਤ ਸਾਰੇ ਮੌਕੇ ਅਜਿਹੇ ਵੀ ਆਏ ਜਦੋ ਇਸ ਘੋਲ ਦੀ ਆਗੂ ਟੁਕੜੀ ਲਈ ਸਿਰੇ ਦੀ ਪਰਖ ਦੀ ਘੜੀ ਸੀ। ਜਿੱਥੇ ਮੁੱਢਲੀ ਹਾਲਾਤ ਵਿੱਚ ਦੁਸ਼ਮਣਾਨਾ ਤਿੱਕੜੀ ਨਾਲ ਸਿੱਧੇ ਮੱਥੇ ਆਢਾ ਲੈਣਾ ਮੌਤ ਨੂੰ ਮਾਸੀ ਕਹਿਣ ਦੇ ਤੁੱਲ ਸੀ। ਅਸਲ ਵਿੱਚ ਅਗਵਾਨੂੰ ਟੀਮ ਨੇ ਸਿੱਧੇ ਰੂਪ 'ਚ ਸਿਰਾਂ ਉੱਤੇ 'ਮੌਤ ਦੇ ਕੱਫਨ ਬੰਨ੍ਹਕੇ' ਸੰਘਰਸ਼ ਦੀ ਅਗਵਾਈ ਕੀਤੀ ਹੈ ਨਾਲ ਦੀ ਨਾਲ ਸਮੇਂ-ਸਮੇਂ ਉੱਪਰ ਅਗਵਾਈ ਦੇਣ ਦੇ ਮਹੱਤਵਪੂਰਨ ਰੋਲ ਉੱਪਰ ਵੀ ਸੁਚੇਤ ਪਹਿਰਾ ਦਿੱਤਾ ਹੈ। ਇਸ ਲਈ ਇਸ ਵਰਤਾਰੇ ਦੀਆਂ ਕੜੀਆਂ ਬਹੁਪਰਤੀ ਹਨ। ਇਸ ਲੋਕ ਸੰਘਰਸ਼ ਦੇ ਅਹਿਮ ਸਬਕਾਂ ਨੂੰ ਪੱਲੇ ਬੰਨ੍ਹਦਿਆਂ। ਭਵਿੱਖ ਦੀਆਂ ਸੰਭਾਵਨਾਵਾਂ ਪ੍ਰਤੀ ਦਰੁੱਸਤ ਰਣਨੀਤੀ ਘੜਨਾ ਕਾਫੀ ਸੋਚ ਵਿਚਾਰ ਕਰਨ ਦਾ ਮੁੱਦਾ ਹੈ। ਹਾਲਾਂਕਿ ਬਹੁਤ ਸਾਰੇ ਲੋਕ ਕਿਸੇ ਵੀ ਮਸਲੇ ਨੂੰ ਸਤਹੀ ਤੌਰ 'ਤੇ ਹੀ ਵੇਖਦੇ ਹਨ। ਮਾਮਲੇ ਦੇ ਉਧੇੜ ਅਮਲ ਬਾਰੇ ਡੂੰਘਾਈ 'ਚ ਜਾਕੇ ਨਹੀਂ ਸੋਚਦੇ। ਕੋਈ ਇੱਕ ਮਸਲਾ ਹੱਲ ਹੋਣ ਦੀ ਸੂਰਤ ਵਿੱਚ ਸੰਘਰਸ਼ ਨੂੰ ਖਤਮ ਕਰਨਾ ਲੋਚਦੇ ਹੁੰਦੇ ਹਨ ਜਦ ਕਿ ਸੱਚਾਈ ਇਹ ਹੁੰਦੀ ਹੈ ਕਿ ਬਾਹਰੀ ਤੌਰ 'ਤੇ ਦਿਖ ਰਹੇ ਮਾਮਲੇ ਦੀਆਂ ਜੜ੍ਹਾਂ ਡੂੰਘਾਈ ਨਾਲ ਨਜ਼ਰ ਮਾਰਿਆਂ ਇਸ ਪ੍ਰਬੰਧ ਦੀ ਜੜ੍ਹ ਤੱਕ ਜਾਕੇ ਲੱਭਦੀਆਂ ਹਨ। ਜਿਵੇਂ ਕਿਰਨਜੀਤ ਕੌਰ ਵਾਲੇ ਮਸਲੇ ਬਾਰੇ ਵੀ ਮਸਲੇ ਦੇ ਹੱਲ ਹੋਣ ਤੋਂ ਬਾਅਦ ਦੁਸ਼ਮਣ ਵੱਲੋਂ ਚੁਣੌਤੀ ਖੜੀ ਕਰਨ ਦਾ ਅਮਲ ਲਗਾਤਾਰ ਚੱਲ ਰਿਹਾ ਹੈ। ਇਸ ਪ੍ਰਬੰਧ ਅਧੀਨ ਅਸੀਂ ਫੌਰੀ ਅਤੇ ਅੰਸ਼ਕ ਮੰਗਾਂ ਲਈ ਉੱਠਣ ਵਾਲੇ ਲੋਕ ਸੰਘਰਸ਼ਾਂ ਰਾਹੀਂ ਅਨੇਕਾਂ ਪ੍ਰਾਪਤੀਆਂ ਕਰਾਂਗੇ ਪਰ ਪ੍ਰਬੰਧ ਉਹੀ ਹੋਣ ਕਰਕੇ ਕਿਸੇ ਨਵੇਂ ਰੂਪ 'ਚ ਸਮੱਸਿਆਵਾਂ ਫਿਰ ਉੱਠਣਗੀਆਂ। ਇਸ ਲਈ ਅੰਸ਼ਕ ਮੰਗਾਂ ਲਈ ਘੋਲਾਂ ਅੰਦਰ ਸੰਘਰਸ਼ ਕਰਦੇ ਜਾਣਾ ਇਕ ਜ਼ਰੂਰੀ ਲੋੜ ਹੈ ਪਰ ਜਿਹਨਾਂ ਕੁੱਝ ਘੋਲਾਂ ਅੰਦਰ ਜਿੱਤਾਂ ਪ੍ਰਾਪਤ ਹੁੰਦੀਆਂ ਹਨ ਉਨ੍ਹਾਂ ਨੂੰ ਲੋਕਾਂ ਅੰਦਰ ਸਥਾਪਤ ਕਰਨਾ ਅਤਿ ਜ਼ਰੂਰੀ ਹੈ। ਪਰ ਫ਼ੌਰੀ ਘੋਲ ਤੇ ਇਨ੍ਹਾਂ ਵਿੱਚੋਂ ਕੁੱਝ ਅੰਦਰ ਪ੍ਰਾਪਤ ਕੀਤੀਆਂ ਜਿੱਤਾਂ ਹੀ ਸਭ ਕੁੱਝ ਨਹੀਂ ਪਰ ਵਡੇਰੀ ਅਤੇ ਅਸਲ ਲੋੜ ਲੁੱਟ, ਜਬਰ ਅਤੇ ਦਾਬੇ ਵਾਲੇ ਪ੍ਰਬੰਧ ਜੋ ਵਾਰ-ਵਾਰ ਉੱਠਣ ਵਾਲੀਆਂ ਸਮੱਸਿਆਵਾਂ ਦੀ ਜੰਮਣ ਭੋਇੰ ਹੈ ਨੂੰ ਤਬਦੀਲ ਕਰਕੇ ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੇ ਸੁਪਨਿਆਂ ਦਾ ਲੋਕਪੱਖੀ ਸਮਾਜ ਸਿਰਜਣ ਦੀ ਹੈ। ਸਮਾਜਿਕ ਜਬਰ ਖਾਸ ਕਰਕੇ ਔਰਤਾਂ ਉੱਪਰ ਵੱਧ ਰਹੇ ਜਬਰ ਨੂੰ ਠੱਲ ਪਾਉਣ ਲਈ ਅਜਿਹੇ ਲੋਕ ਸੰਘਰਸ਼ਾਂ ਨੂੰ ਲੁੱਟ-ਜਬਰ ਅਤੇ ਦਾਬੇ ਵਾਲੇ ਲੋਕ ਦੋਖੀ ਪ੍ਰਬੰਧ ਨੂੰ ਬਦਲਣ ਦੀ ਲੜਾਈ ਵਜੋਂ ਅੱਗੇ ਵਧਾਉਂਦਿਆਂ ਠੋਸ ਰਣਨੀਤੀ ਤਿਆਰ ਕਰਨ ਦੀ ਲੋੜ ਹੈ।

# ਸ਼ੂਗਰ ਦੀ ਬਿਮਾਰੀ ਵਿੱਚ ਨਿਊਰੋਪੈਥੀ ਦਾ ਇਲਾਜ਼ ਤੇ ਬਚਾਅ





ਡਾ. ਅਜੀਤਪਾਲ ਸਿੰਘ
ਬਠਿੰਡਾ
98156-29301

ਸ਼ੂਗਰ ਦੀ ਬਿਮਾਰੀ ਵਿੱਚ ਵਧਣ ਫੁੱਲਣ ਵਾਲੇ ਮਾੜੇ ਅਸਰਾਂ ਵਿੱਚ ਨਿਊਰੋਪੈਥੀ ਦਾ ਬਹੁਤ ਮਹੱਤਵ ਹੈ, ਹਾਲਾਂ ਕਿ ਇਸ ਦੇ ਲੱਛਣ ਕਦੀ ਏਨੇ ਮਾਮੂਲੀ ਹੁੰਦੇ ਹਨ ਕਿ ਇਹ ਨੂੰ ਸਮਝਣ ਲਈ ਡਾਕਟਰ ਨੂੰ ਵਿਸ਼ੇਸ਼ ਸਾਵਧਾਨੀ ਵਰਤਣੀ ਪੈਂਦੀ ਹੈ। ਦੂਜੇ ਪਾਸੇ ਮਰੀਜ਼ ਵੀ ਮਾੜੇ ਅਸਰਾਂ ਨੂੰ ਸਮਝਣ ਦੀ ਭੁੱਲ ਕਰਕੇ ਇਸ ਬਾਰੇ ਡਾਕਟਰ ਨੂੰ ਅੱਛੀ ਤਰ੍ਹਾਂ ਦਸ ਨਹੀਂ ਸਕਦੇ ਪਰ ਇਸ ਦੇ ਬਾਵਜੂਦ ਨਿਊਰੋਪੈਥੀ ਨਾਲ ਜੁੜੇ ਮਾੜੇ ਅਸਰ ਕਦੀ-ਕਦਾਈਂ ਗੰਭੀਰ ਰੂਪ ਧਾਰਨ ਕਰਕੇ ਰੋਗੀ ਲਈ ਵੱਡੀ ਸਮੱਸਿਆ ਬਣ ਜਾਂਦੇ ਹਨ। ਇਸ ਲਈ ਇਨ੍ਹਾਂ ਦਾ ਸਮੇਂ ਸਿਰ ਇਲਾਜ ਬੇਹੱਦ ਜਰੂਰੀ ਸਮਝਣਾ ਚਾਹੀਦਾ ਹੈ।

**ਨਿਊਰੋਪੈਥੀ ਕੀ ਬਲਾ ਹੈ ?**

ਨਸਾਂ ਸਾਡੇ ਸਰੀਰ ਦੇ ਉਹ ਤੰਤੂ ਹੁੰਦੇ ਹਨ ਜਿਨ੍ਹਾਂ ਦਾ ਸਬੰਧ ਸੰਵੇਦਨਸ਼ੀਲਤਾ ਨਾਲ ਹੁੰਦਾ ਹੈ, ਜਿਵੇਂ ਕਿ ਅਸੀਂ ਸਮਝਦੇ ਹੀ ਹਾਂ ਕਿ ਛੂਹਣ ਤੋਂ ਲੈ ਕੇ ਦਰਦ ਸਮੇਤ ਸਾਰੀ ਸੰਵੇਦਨਸ਼ੀਲਤਾ ਦਾ ਸੰਬੰਧ ਇਹਨਾਂ ਨਾਲ ਹੈ। ਪੱਠਿਆਂ ਵੱਲੋਂ ਕੀਤੀ ਜਾਣ ਵਾਲੀ ਹਰ ਹਰਕਤ ਤੋਂ ਲੈ ਕੇ ਆਤੜੀਆ ਵਲੋਂ ਭੋਜਨ ਨੂੰ ਪੁਚਾਉਣ ਤੇ ਉਸ ਨੂੰ ਅੱਗੇ ਵਧਾਉਣ ਅਤੇ ਮਲ-ਮੂਤਰ ਦੇ ਤਿਆਗ ਤੱਕ ਅਨੇਕਾਂ ਮਹੱਤਵਪੂਰਨ ਕਿਰਿਆਵਾਂ ਨਸਾਂ ਰਾਹੀਂ ਹੀ ਸੰਭਵ ਹੁੰਦੀਆਂ ਹਨ। ਨਿਊਰੋਪੈਥੀ ਦਾ ਮਤਲਬ ਹੈ ਇਨ੍ਹਾਂ ਨਸਾਂ ਦਾ ਨਸ਼ਟ ਹੋ ਜਾਣਾ ਹੁਣ ਦਾ ਹੈ।

**ਨਿਊਰੋਪੈਥੀ ਦੀਆਂ ਕਿਸਮਾਂ**:- ਮੁੱਖ ਤੌਰ ਤੇ ਨਿਊਰੋਪੈਥੀ ਦੋ ਪ੍ਰਕਾਰ ਦੀ ਹੁੰਦੀ ਹੈ। ਇੱਕ ਤਾਂ ਉਹ ਨਿਊਰੋਪੈਥੀ ਜੋ ਉਨ੍ਹਾਂ ਨਸਾਂ ਵਿੱਚ ਹੁੰਦੀ ਹੈ ਜਿਨ੍ਹਾਂ ਤੇ ਸਾਡੀ ਇੱਛਾ ਸ਼ਕਤੀ ਦਾ ਕੰਟਰੋਲ ਹੁੰਦਾ ਹੈ, ਇਸ ਨੂੰ "ਪੈਰੀਫਰਲ ਨਿਊਰੋਪੈਥੀ" ਕਿਹਾ ਜਾਂਦਾ ਹੈ। ਦੂਜੀ ਕਿਸਮ ਦੀ ਨਿਊਰੋਪੈਥੀ ਵਿੱਚ ਉਹ ਨਸਾ ਅਸਰ-ਅੰਦਾਜ਼ ਹੁੰਦੀਆਂ ਹਨ ਜਿਨ੍ਹਾਂ ਤੇ ਸਾਡੀ ਇੱਛਾ ਸ਼ਕਤੀ ਦਾ ਕੰਟਰੋਲ ਨਹੀਂ ਹੁੰਦਾ, ਇਸ ਨੂੰ "ਆਟੋਨਾਮਕ ਨਿਊਰੋਪੈਥੀ" ਕਿਹਾ ਜਾਂਦਾ ਹੈ। ਛੂਹਣ, ਦਰਦ, ਗਰਮ ਠੰਡੇ ਦਾ ਅਹਿਸਾਸ, ਚਲਣ ਫਿਰਨ ਆਦਿ ਕਿਰਿਆਵਾਂ ਨੂੰ ਚਲਾਉਣ ਵਾਲੀਆਂ ਮਾਸਪੇਸ਼ੀਆਂ "ਆਟੋਨੋਮਿਕ ਨਿਊਰੋਪੈਥੀ" ਨਾਲ ਅਕਸਰ ਅਸਰ ਅੰਦਾਜ਼ ਹੁੰਦੀਆਂ ਹਨ। ਹੁਣ ਇਨ੍ਹਾਂ ਨੂੰ ਵਿਸਥਾਰ ਨਾਲ ਸਮਝਣ ਦੀ ਲੋੜ ਹੈ।

**ਪੈਰੀਫੇਰਲ ਨਿਊਰੋਪੈਥੀ** :- ਸੂਈਆਂ ਚੁਭਣ ਵਰਗਾ ਅਹਿਸਾਸ, ਸੁੰਨਾਪਣ ਮਹਿਸੂਸ ਹੋਣਾ, ਝਨਝਨਾਹਟ ਜਾਂ ਦਰਦ "ਪੈਰੀਫਰਲ ਨਿਊਰੋਪੈਥੀ" ਦੇ ਮੁੱਖ ਲੱਛਣ ਹਨ। ਇਸ ਨਾਲ ਪੀੜਤ ਮਨੁੱਖ ਨੂੰ ਕਦੀ-ਕਦੀ ਅਜਿਹਾ ਮਹਿਸੂਸ ਹੋਣ ਲੱਗਦਾ ਹੈ ਕਿ ਜਿਵੇਂ ਉਹ ਰੂੰ ਤੇ ਚੱਲ ਰਿਹਾ ਹੋਵੇ। ਨਿਊਰੋਪੈਥੀ ਦੇ ਲੱਛਣ ਸਰੀਰ ਦੇ ਕਿਸੇ ਵੀ ਹਿੱਸੇ ਤੇ ਹੋ ਸਕਦੇ ਹਨ ਪਰ ਇਹ ਹੱਥਾਂ ਪੈਰਾਂ ਚ ਵੱਧ ਮਹਿਸੂਸ ਕੀਤੇ ਜਾਂਦੇ ਹਨ। ਪੈਰੀਫੇਰੀਲ ਨਿਊਰੋਪੈਥੀ ਦੇ ਲੱਛਣ ਦਿਨ ਦੇ ਮੁਕਾਬਲਤਨ ਰਾਤ ਨੂੰ ਵੱਧ ਮਹਿਸੂਸ ਕੀਤੇ ਜਾਂਦੇ ਹਨ। ਜੇ ਮੌਸਮ ਦੀ ਗੱਲ ਕਰੀਏ ਤੇ ਰੋਗ ਦੇ ਲੱਛਣ ਸਰਦੀ ਵਿੱਚ ਵੱਧ ਮਹਿਸੂਸ ਕੀਤੇ ਜਾਂਦੇ ਹਨ ਤੇ ਇਨ੍ਹਾਂ ਦੀ ਤੀਬਰਤਾ ਉਦੋਂ ਵੱਧ ਹੁੰਦੀ ਹੈ। ਪਰ ਲੱਛਣਾਂ ਦੀ ਤੀਬਰਤਾ ਘਟਦੀ ਵਧਦੀ ਰਹਿੰਦੀ ਹੈ। ਕਈ ਲੋਕਾਂ ਵਿੱਚ ਇਹ ਵੱਧ ਤੇਜ਼ੀ ਨਾਲ ਪ੍ਰਗਟ ਹੁੰਦੇ ਹਨ ਜਦ ਕਿ ਕੁਝ ਲੋਕਾਂ ਵਿੱਚ ਇਹ ਮਾਮੂਲੀ ਹੁੰਦੇ ਹਨ।

ਨਿਊਰੋਪੈਥੀ ਦੀ ਦਸਤਕ ਪੈਰਾਂ 'ਚ ਹੋਣ ਨਾਲ ਸਹਿਜੇ ਹੀ ਪਤਾ ਲੱਗ ਜਾਂਦਾ ਹੈ। ਇਸ ਨਾਲ ਪੈਰਾਂ 'ਤੇ ਜ਼ਖ਼ਮ ਵੀ ਹੋ ਜਾਂਦੇ ਹਨ। ਰੋਗੀ ਦੇ ਪੈਰਾਂ ਚ ਸੁੰਨਾਪਣ ਰਹਿਣ ਕਰਕੇ ਇਹ ਇਨ੍ਹਾਂ ਜ਼ਖ਼ਮਾਂ ਦੇ ਹਰਜੇ ਨੂੰ ਉਹ ਸਮਝ ਨਹੀਂ ਸਕਦਾ, ਸਿੱਟੇ ਵਜੋਂ ਜ਼ਖ਼ਮ ਵਧਦੇ ਤੇ ਸੜਦੇ ਹੋਏ ਇਨਫੈਕਸ਼ਨ ਗ੍ਰਹਿਣ ਕਰ ਲੈਂਦੇ ਹਨ ਤੇ ਫਿਰ ਗੈਂਗਰੀਨ ਵਿੱਚ ਬਦਲ ਦਿੰਦੇ ਹਨ। ਇਹ ਅਜਿਹਾ ਭਿਆਨਕ ਵਿਗਾੜ ਹੈ ਕਿ ਰੋਗੀ ਨੂੰ ਆਪਣੀ ਜਾਨ ਬਚਾਉਣ ਲਈ ਪੈਰ ਕਟਵਾਉਣੇ ਪੈ ਜਾਂਦੇ ਹਨ। ਸੰਵੇਦਨਸ਼ੀਲ ਨਸਾਂ ਤੋਂ ਇਲਾਵਾ ਇਸ ਰੋਗ ਵਿੱਚ ਹੋਰ ਨਸਾ ਵੀ ਅਸਰਅੰਦਾਜ਼ ਰੁਕਦੀਆਂ ਹਨ ਜੋ ਮਾਸਪੇਸ਼ੀਆਂ ਨਾਲ ਸਬੰਧਤ ਹੁੰਦੀਆਂ ਹਨ। ਅਜਿਹੇ ਵਿੱਚ ਮਾਸ ਪੇਸ਼ੀਆਂ ਕਮਜ਼ੋਰ 'ਤੇ ਪਤਲੀਆਂ ਹੋ ਜਾਂਦੀਆਂ ਹਨ। ਪੈਰਾਂ ਦੀਆਂ ਮਾਸਪੇਸ਼ੀਆਂ ਇਸ ਤੋਂ ਵੱਧ ਮਾੜੇ ਰੁੱਖ ਅਸਰਅੰਦਾਜ਼ ਹੁੰਦੀਆਂ ਹਨ। ਜਦ ਇਹ ਮਾੜਾ ਅਸਰ ਪੰਜਿਆ ਤੇ ਹੁੰਦਾ ਹੈ ਤਾਂ ਉਦੋਂ ਰੋਗੀ ਜ਼ਮੀਨ ਤੇ ਪੈਰ ਰਗੜਦਾ ਹੋਇਆ ਤੁਰਦਾ ਹੈ। ਪੰਜਾ ਲਟਕ ਜਿਹਾ ਜਾਂਦਾ ਹੈ। ਬੈਠ ਕੇ ਉਠਣ ਵਿੱਚ ਪਰੇਸ਼ਾਨੀ ਵੀ ਮਾਸਪੇਸ਼ੀਆ ਦੀਆਂ ਨਸਾ ਦੇ ਨਸ਼ਟ ਹੋਣ ਕਰਕੇ ਹੋ ਸਕਦੀ ਹੈ।

**ਆਟੋਨੋਮਿਕ ਨਿਊਰਿਪੈਥੀ**:- ਇਸ ਤਰ੍ਹਾਂ ਦੀ ਨਿਊਰੋਪੈਥੀ ਨਾਲ ਪੀੜਤ ਰੋਗੀ ਨੂੰ ਕਬਜ, ਪੇਟ ਫੁਲਣਾ, ਬਦਹਜਮੀ, ਉਲਟੀ ਤੇ ਰਾਤ ਨੂੰ ਦਸਤ ਲੱਗਣ ਆਦਿ ਦੀਆਂ ਅਲਾਮਤਾਂ ਹੁੰਦਿਆਂ ਹਨ। ਆਟੋਨੋਮਿਕ ਨਿਊਰੋਪੈਥੀ ਦੀ ਵਜ੍ਹਾ ਕਰਕੇ ਕਈ ਰੋਗੀਆਂ ਨੂੰ ਮੂਤਰ ਤਿਆਗ ਕਰਨ ਵਿੱਚ ਪ੍ਰੇਸ਼ਾਨੀ ਹੁੰਦੀ ਹੈ। ਅਜਿਹੇ 'ਚ ਜਦੋਂ ਉਹ ਪਿਸ਼ਾਬ ਕਰਦੇ ਹਨ ਤਾਂ ਉਸ ਦੀ ਮਾਤਰਾ ਬਹੁਤ ਹੁੰਦੀ ਹੈ। ਜਦ ਨਿਊਰੋਪੈਥੀ ਨਾਲ ਰਕਤ ਧਮਨੀਆਂ ਅਸਰ ਅੰਦਾਜ਼ ਹੁੰਦੀਆਂ ਹਨ ਤਦ ਰੋਗੀ ਨੂੰ ਖੜ੍ਹੇ ਹੋਣ ਵੇਲੇ "ਚੱਕਰ ਆਉਣ"ਦੀ ਸਮੱਸਿਆ ਦਾ ਸਾਹਮਣਾਕਰਨਾ ਪੈਂਦਾ ਹੈ। ਯੌਨ ਇੱਛਾ ਹੋਣ ਤੇ ਲਿੰਗ 'ਚ ਉਠਾਣ ਦੀ ਸਮੱਸਿਆ ਵੀ ਆਟੋਨੋਮਿਕ ਨਿਊਰੋਪੈਥੀ ਕਰਕੇ ਪੈਦਾ ਹੁੰਦੀ ਹੈ।

**ਨਿਊਰੋਪੈਥੀ ਹੁੰਦੀ ਕਿਉਂ ਹੈ ?** ਨਸਾਂ ਦੇ ਚਾਰੇ ਪਾਸੇ ਇੱਕ ਰੱਖਿਆ ਕਵਚ ਹੁੰਦਾ ਹੈ। ਜਦ ਸ਼ੂਗਰ ਦੇ ਰੋਗੀ ਦੀ ਸ਼ੂਗਰ ਦਾ ਪੱਧਰ ਵੱਧ ਜਾਂਦਾ ਹੈ ਤੇ ਬੇਕਾਬੂ (ਬੇਲਗਾਮ) ਬਣਿਆ ਰਹਿੰਦਾ ਹੈ ਉਦੋਂ ਦਾ ਗੁਲੂਕੋਜ ਦਾ ਪੱਧਰ ਵਧ ਜਾਂਦਾ ਹੈ। ਨਸਾ ਦੇ ਸੁਰੱਖਿਆ ਕਵਚ ਵੀ ਗੁਲੂਕੋਜ਼ ਦਾ ਪੱਧਰ ਵਧਦਾ ਹੈ। ਇਹ ਗੁਲੂਕੋਜ "ਸਾਰਬੀਟਾਲ" ਨਾਮਕ ਪਦਾਰਥ ਬਣਾਉਂਦਾ ਹੈ, ਜਿਸ ਕਾਰਨ ਨਸਾ ਦੇ ਕਵਚ ਵਿੱਚ ਸੋਜ ਪੈਦਾ ਹੋ ਜਾਂਦੀ ਹੈ। ਵੱਧ ਸੋਜ ਨਾਲ ਨਸਾ ਦੇ ਸੈੱਲ ਨਸ਼ਟ ਹੋ ਜਾਂਦੇ ਹਨ ਤੇ ਨਸਾਂ ਆਪਣੀ ਸੰਵੇਦਨਸ਼ੀਲਤਾ ਗੁਆ ਲੈਂਦੀਆਂ ਹਨ। ਕੁਝ ਡਾਕਟਰ ਕਹਿਣਾ ਹੈ ਕਿ ਨਸਾਂ ਨੂੰ ਲਹੂ ਪਹੁੰਚਾਉਣ ਵਾਲੀਆਂ ਧਮਨੀਆਂ ਦੇ ਭੀੜੇ ਹੋਣ ਕਰਕੇ ਬਲੱਡ ਸਪਲਾਈ ਵਿੱਚ ਰੁਕਾਵਟ ਆਉਂਦੀ ਹੈ ਜਿਸ ਨਾਲ ਨਸਾਂ ਨੂੰ ਲੁੜੀਂਦੀ ਖ਼ੁਰਾਕ ਨਾ ਮਿਲਣ ਕਰਕੇ ਉਹ ਨਸ਼ਟ ਹੋ ਜਾਂਦੀਆਂ ਹਨ।

**ਇਲਾਜ**:-ਸ਼ੂਗਰ ਦੀ ਬਿਮਾਰੀ ਦੀ ਹਾਲਤ ਵਿੱਚ ਬਲੱਡ 'ਚ ਸ਼ੂਗਰ ਦੇ ਪੱਧਰ ਤੇ ਕੰਟਰੋਲ ਹੀ ਇਸ ਰੋਗ ਦਾ ਸਭ ਤੋਂ ਅੱਛਾ ਇਲਾਜ ਹੈ। ਇਸ ਖਾਤਰ ਰੋਗੀ ਨੂੰ ਸਮੇਂ ਸਿਰ ਖਾਣਾ ਖਾਣਾ ਚਾਹੀਦਾ ਹੈ ਤੇ ਭੋਜਨ ਵਿੱਚ ਉਹ ਸਾਰੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ਜੋ ਸ਼ੂਗਰ ਕੰਟਰੋਲ 'ਚ ਸਹਾਈ ਬਣਨ। ਨਿਯਮਤ ਕਸਰਤ ਜ਼ਰੂਰ ਕਰਦੇ ਰਹਿਣਾ ਚਾਹੀਦਾ ਹੈ।

ਜਿੱਥੋਂ ਤੱਕ ਸ਼ੂਗਰ ਦੇ ਰੋਗੀ ਨੂੰ ਤੁਰੰਤ ਰਾਹਤ ਮੁਹੱਈਆ ਕਰਾਉਣ ਦੀ ਗੱਲ ਹੈ ਤਾਂ ਡਾਕਟਰ ਇਸ ਖਾਤਰ ਦਰਦ-ਨਿਵਾਰਕ ਦਵਾਈਆਂ ਅਤੇ ਵਿਟਾਮਿਨਸ ਦੇ ਟੀਕਿਆਂ ਨਾਲ ਇਲਾਜ ਕਰਦੇ ਹਨ। ਕੁੱਝ ਮਾਮਲਿਆਂ ਚ ਬਲੱਡ ਸਪਲਾਈ ਵਧਾਉਣ ਦੀਆਂ ਦਵਾਈਆਂ ਵੀ ਦਿੱਤੀਆਂ ਜਾਦੀਆਂ ਹਨ। 'ਐਮੀਟਿਇਪਟਾਲਿਨ' ਦੇ ਕਾਰਬੈਮਾਜੀਪਿਨ ਨਾਮਕ ਦਵਾਈਆਂ ਵੀ ਡਾਕਟਰ ਵਰਤਣ ਦੀ ਸਲਾਹ ਦਿੰਦੇ ਹਨ। ਪੈਰਾਗਬਾਲਿਨ, ਮਿਥਾਈਲ ਕੋਬਾਲਮਿਨ ਤੇ ਗਾਬਾਪੇਂਟਿੰਨ ਨਾਮਕ ਦਵਾਈਆਂ ਦਾ ਵੀ ਰੋਲ ਹੁੰਦਾ ਹੈ।

# 'ਕਨੇਡਾ-ਦ ਗੁਡ' ਦੀ ਮਿੱਥ ਨੂੰ ਤੋੜਦੀ ਅਤੇ ਕਨੇਡਾ ਦੇ ਅਸਲ ਖਾਸੇ ਨੂੰ ਨੰਗਿਆਂ ਕਰਦੀ ਇਕ ਤਸਵੀਰ

(ਸਫ਼ਾ 7 ਦੀ ਬਾਕੀ)

ਇਹ ਇਕ ਅਜੇਹੇ ਦੇਸ਼ ਦੀ ਤਸਵੀਰ ਹੈ, ਜਿਸ ਦੇ 'ਹਾਉਸ ਔਫ ਕੌਮਨਸ' ਨੇ 1989 ਵਿੱਚ ਸੰਨ 2000 ਤੱਕ (11 ਸਾਲਾਂ ਦੇ ਅੰਦਰ) ਕਨੇਡਾ ਵਿੱਚੋਂ ਬਾਲ ਗਰੀਬੀ ਨੂੰ ਖਤਮ ਕਰਨ ਦਾ ਟੀਚਾ ਮਿਥਿਆ ਸੀ, ਪਰ 29 ਸਾਲਾਂ ਬਾਅਦ ਵੀ ਅਜੇ ਤੱਕ ਬੱਚਿਆਂ ਦੀ ਏਨੀ ਵੱਡੀ ਅਬਾਦੀ ਗਰੀਬੀ ਰੇਖਾ ਤੋਂ ਹੇਠਾਂ ਜੀ ਰਹੀ ਹੈ। ਕਨੇਡਾ ਵਿੱਚ ਪਿਛਲੇ 30 ਸਾਲਾਂ ਵਿੱਚ ਅਮੀਰ-ਗਰੀਬ ਵਿੱਚ ਪਾੜਾ ਲਗਾਤਾਰ ਵਧਿਆ ਹੈ। (ਆਮਦਨ ਵਿੱਚ ਨਾਬਰਾਬਰੀ ਦਾ ਸਭ ਤੋਂ ਆਮ ਵਰਤਿਆ ਜਾਣ ਵਾਲ਼ਾ ਮਾਪ ਗਿੰਨੀ ਗੁਣਾਂਕ ਹੈ, ਜੋ 0 ਤੋਂ 1 ਦੇ ਪੈਮਾਨੇ 'ਤੇ ਮਾਪਿਆ ਜਾਂਦਾ ਹੈ। ਇਤਾਲਵੀ ਅੰਕੜਾ ਸਿਧਾਂਤਕਾਰ ਕੋਰਾਡੋ ਗਿੰਨੀ ਦੇ ਨਾਮ ਨਾਲ਼ ਜਾਣਿਆਂ ਜਾਂਦਾ ਗਿੰਨੀ ਗੁਣਾਂਕ ਉਸ ਹੱਦ ਦੀ ਗਣਨਾ ਕਰਦਾ ਹੈ ਜਿਸ ਨਾਲ਼ ਕਿਸੇ ਦੇਸ਼ ਦੀ ਆਮਦਨ ਦੀ ਵਿਅਕਤੀਆਂ ਵਿੱਚ ਵੰਡ ਨੂੰ, ਉਸ ਦੇਸ਼ ਦੀ ਆਮਦਨ ਦੀ ਸਹੀ ਬਰਾਬਰ ਵੰਡ ਨਾਲ਼ੋਂ ਵਖਰਾਇਆ ਜਾਂਦਾ ਹੈ। ਗਿੰਨੀ ਗੁਣਾਂਕ 0 ਪੂਰਨ ਸਮਾਨਤਾ ਨੂੰ ਦਰਸ਼ਾਉਂਦਾ ਹੈ- ਭਾਵ ਸਮਾਜ ਵਿੱਚ ਹਰੇਕ ਵਿਅਕਤੀ ਦੀ ਇੱਕੋ ਜਿਹੀ ਆਮਦਨ ਹੁੰਦੀ ਹੈ। ਗਿੰਨੀ ਗੁਣਾਂਕ 1 ਪੂਰਨ ਅਸਮਾਨਤਾ ਨੂੰ ਦਰਸ਼ਾਉਂਦਾ ਹੈ- ਭਾਵ ਇੱਕ ਵਿਅਕਤੀ ਕੋਲ ਸਾਰੀ ਆਮਦਨ ਹੈ ਤੇ ਬਾਕੀ ਸਮਾਜ ਕੋਲ ਕੋਈ ਵੀ ਨਹੀਂ, 0 ਤੋਂ 1 ਵੱਲ ਨੂੰ ਵਾਧਾ ਨਾਬਰਾਬਰੀ ਵਿੱਚ ਹੋ ਰਹੇ ਵਾਧੇ ਨੂੰ ਦਰਸਾਉਂਦਾ ਹੈ) ਇਸ ਲਈ ਲਗਤਾਰ 0 ਦੇ ਗੁਣਾਂਕ ਤੋਂ ਦੂਰ ਜਾਂਦਾ ਤੇ 1 ਵੱਲ ਨੂੰ ਵਧ ਰਿਹਾ ਕਨੇਡਾ ਦਾ ਗਿੰਨੀ ਗੁਣਾਂਕ (ਜੋ ਕਿ ਹੁਣ 0 l32 ਹੈ) ਕਨੇਡਾ ਵਿੱਚ ਲਗਾਤਾਰ ਵਧ ਰਹੀ ਆਰਥਿਕ ਨਾਬਰਾਬਰੀ ਨੂੰ ਦਰਸਾਉਂਦਾ ਹੈ।

ਸੰਸਾਰ ਸਰਮਾਏਦਾਰੀ ਦੇ ਸੰਕਟ ਦੇ ਨਾਲ਼ ਹੀ ਕਨੇਡਾ ਵੀ ਲਗਾਤਾਰ ਆਰਥਕ ਸੰਕਟ ਵੱਲ ਵਧ ਰਿਹਾ ਹੈ। ਕੌਮਾਂਤਰੀ ਬੰਦੋਬਸਤ ਦੇ ਬੈਂਕ ਦੀ ਇੱਕ ਰਿਪੋਰਟ ਮੁਤਾਬਕ ਬੈਂਕਿੰਗ ਖੇਤਰ 'ਤੇ ਮੰਡਰਾ ਰਹੇ ਸੰਕਟ ਵਿੱਚ ਦੁਨੀਆਂ ਦੇ ਤਿੰਨ ਵੱਡੇ ਅਰਥਚਾਰਿਆਂ ਵਿੱਚੋਂ ਇੱਕ ਕਨੇਡਾ ਹੈ। ਦਸੰਬਰ 2008 ਦੇ ਸ਼ੁਰੂ ਵਿੱਚ, ਬੈਂਕ ਆਫ ਕਨੇਡਾ ਨੇ ਐਲਾਨ ਕੀਤਾ ਕਿ ਇਹ ਆਪਣੀ ਕੇਂਦਰੀ ਬੈਂਕ ਦੀ ਵਿਆਜ ਦਰ ਨੂੰ 1958 ਤੋਂ ਬਾਅਦ ਸਭ ਤੋਂ ਨੀਵੇਂ ਪੱਧਰ ਤੱਕ ਘਟਾ ਰਿਹਾ ਹੈ ਅਤੇ ਨਾਲ਼ ਹੀ ਇਹ ਐਲਾਨ ਵੀ ਕੀਤਾ ਕਿ ਕੈਨੇਡਾ ਦੀ ਅਰਥਵਿਵਸਥਾ ਮੰਦੀ ਵਿੱਚ ਦਾਖਲ ਹੋ ਰਹੀ ਹੈ। ਅਮਰੀਕਾ ਵਿੱਚ ਸਬ-ਪ੍ਰਾਈਮ ਸੰਕਟ ਤੋਂ ਸ਼ੁਰੂ ਹੋਈ ਆਰਥਿਕ ਮੰਦੀ ਦਾ ਵੀ ਕਨੇਡਾ 'ਤੇ ਅਸਰ ਪਿਆ। ਅਲਬਰਟਾ, ਨਿਊਫਾਊਂਡਲੈਂਡ, ਲੈਬਰਾਡੋਰ ਅਤੇ ਸਸਕੈਚਵਨ 2015 ਵਿੱਚ ਸੰਸਾਰ ਪੱਧਰ 'ਤੇ ਤੇਲ ਦੀਆਂ ਕੀਮਤਾਂ ਵਿੱਚ ਗਿਰਾਵਟ ਦੇ ਨਤੀਜ਼ੇ ਵਜੋਂ ਮੰਦੀ ਦਾ ਸ਼ਿਕਾਰ ਹੋਏ। ਜਿਸਨੇ 'ਕਨੇਡਾ ਦ ਗੁਡ' ਦੀ ਧਾਰਨਾਂ ਦੇ ਹਮਾਇਤੀਆਂ ਨੂੰ ਇੱਕ ਵੱਡੀ ਸੱਟ ਮਾਰੀ।

ਇੱਕ ਅੰਕੜੇ ਮੁਤਾਬਕ ਕਨੇਡਾ ਵਿੱਚ 2002 ਤੋਂ ਬਾਅਦ ਤੋਂ ਲੈ ਕੇ ਗਰੀਬ ਕਾਮਿਆਂ ਦੀ ਗਿਣਤੀ ਦੁੱਗਣੀ ਹੋ ਗਈ ਹੈ ਅਤੇ ਮੱਧ ਵਰਗ ਅਬਾਦੀ ਲਗਾਤਾਰ ਸੁੰਗੜੀ ਹੈ। ਕਨੇਡਾ ਵਿੱਚ ਕਿਰਤੀ ਲੋਕਾਂ, ਵਿਦਿਆਰਥੀਆਂ, ਮੱਧ ਵਰਗ ਦੇ ਹੋਰ ਤਬਕਿਆਂ ਵਿੱਚ ਬੇਚੈਨੀ ਲਗਾਤਾਰ ਵਧਦੀ ਜਾ ਰਹੀ ਹੈ ਜਿਸਦੇ ਨਤੀਜੇ ਵਜੋਂ ਆਏ ਦਿਨ ਮੁਜ਼ਾਹਰੇ ਹੋ ਰਹੇ ਹਨ, ਕਦੇ ਪਾਈਪ ਲਾਈਨਾਂ, ਕਦੇ ਫੀਸਾਂ ਵਿੱਚ ਵਾਧੇ ਖਿਲਾਫ਼, ਕਦੇ ਨਸਲੀ ਵਿਤਕਰੇ ਖਿਲਾਫ਼, ਜ਼ਬਰਦਸਤੀ ਓਵਰਟਾਇਮ ਲਵਾਉਣ ਖਿਲਾਫ਼ ਅਤੇ ਹੋਰ ਅਨੇਕਾਂ। ਲੋਕਾਂ ਦੇ ਇਹ ਜੁਝਾਰੂ ਘੋਲ ਹੀ ਆਪਣੇ ਤਜ਼ਰਬੇ ਵਿੱਚੋਂ ਸਿੱਖਦੇ ਹੋਏ ਇਨਕਲਾਬੀ ਸ਼ਕਲ ਅਖਤਿਆਰ ਕਰਨਗੇ।

ਇਸ ਲਈ ਸੰਸਾਰ ਪੱਧਰ ਤੇ ਨਜ਼ਰ ਮਾਰਦਿਆਂ ਅਸੀਂ ਵੇਖਦੇ ਹਾਂ ਕਿ ਸਿਰਫ ਕਨੇਡਾ ਹੀ ਨਹੀਂ ਹਰ ਜਗਾ ਸਰਮਾਏਦਾਰੀ ਪ੍ਰਬੰਧ ਆਪਣੇ ਵਜੂਦ ਸਮੋਏ ਅੰਦਰੂਨੀ ਸੰਕਟਾਂ ਨਾਲ਼ ਨਜਿੱਠਣ ਲਈ ਲੋਕਾਂ 'ਤੇ ਕਹਿਰ ਢਾਹੁੰਦਾ ਰਿਹਾ ਹੈ ਅਤੇ ਹੁਣ ਵੀ ਵੱਡੇ ਪੱਧਰ 'ਤੇ ਇਹ ਸਿਲਸਿਲਾ ਜਾਰੀ ਹੈ ਇੱਕ ਪਾਸੇ ਨਵੀਆਂ ਤੋਂ ਨਵੀਆਂ ਲੋਕ ਦੋਖੀ ਨੀਤੀਆਂ ਲਾਗੂ ਕਰਕੇ ਅਤੇ ਦੂਜੇ ਪਾਸੇ ਜੰਗਾਂ ਯੁੱਧਾਂ ਦੇ ਰੂਪ ਵਿੱਚ। ਪਰ ਨਾਲ਼ ਹੀ ਆਪਣੀ ਇਸ ਹਵਸ ਵਿੱਚ ਇਹ ਪ੍ਰਬੰਧ ਗਰੀਬੀ-ਭੁੱਖਮਰੀ, ਬੇਰੁਜ਼ਗਾਰੀ ਦੀ ਮਾਰ ਝੱਲ ਰਹੀ ਇਕ ਅਜਿਹੀ ਵੱਡੀ ਅਬਾਦੀ ਦੀ ਉਸਾਰੀ ਕਰ ਦਿੰਦਾ ਹੈ ਜੋ ਇਸ ਢਾਂਚੇ ਨੂੰ ਜੜੀ ਪੁੱਟਣ ਦੀ ਤਾਕਤ ਰੱਖਦੀ ਹੈ। ਇਤਿਹਾਸ ਗਵਾਹ ਹੈ ਕਿ ਅਤੀਤ ਵਿੱਚ ਵੀ ਜਦ ਲੋਕਾਂ ਉੱਤੇ ਜੁਲਮ ਦੀ ਹੱਦ ਬਰਦਾਸ਼ਤ ਤੋਂ ਬਾਹਰ ਹੋਈ ਹੈ, ਲੱਖਾਂ ਲੋਕਾਂ ਦੀਆਂ ਕੁਰਬਾਨੀਆਂ ਸਦਕਾ ਵੱਡੀਆਂ ਇਨਕਲਾਬੀ ਤਬਦੀਲੀਆਂ ਵਾਪਰੀਆਂ ਹਨ ਅਤੇ ਅਸੀਂ ਵੀ ਅੱਜ ਅਜੇਹੀ ਹੀ ਤਬਦੀਲੀ ਦੇ ਦੌਰ ਦੀਆਂ ਬਰੂਹਾਂ ਤੇ ਖੜੇ ਹਾਂ ਜੋ ਸਾਡੇ ਦੇਸ਼ ਦੇ ਬਹਾਦਰ ਨੌਜਵਾਨ ਧੀਆਂ ਪੁੱਤਾਂ ਨੂੰ ਅੱਗੇ ਆਉਣ ਲਈ ਵੰਗਾਰ ਰਿਹਾ ਹੈ।

# ਪੰਜਾਬੀ ਲਿਖਾਰੀ ਸਭਾ ਕੈਲਗਰੀ ਦਾ 19ਵਾਂ ਸਾਲਾਨਾ ਸਮਾਗਮ ਯਾਦਗਾਰੀ ਪੈੜ੍ਹਾਂ ਸਿਰਜ ਗਿਆ

**• ਰੰਗਕਰਮੀ ਸਖਸ਼ੀਅਤ ਬਖਸ਼ ਸੰਘਾ ਦਾ ਪਲੈਕ ਤੇ ਹਜ਼ਾਰ ਡਾਲਰ ਦੀ ਰਾਸ਼ੀ ਨਾਲ ਕੀਤਾ ਸਨਮਾਨ • ਪਰਮਿੰਦਰ ਰਮਨ ਦਾ ਪਲੇਠਾ ਕਾਵਿ ਸੰਗ੍ਰਹਿ ਕੀਤਾ ਲੋਕ ਅਰਪਣ**






ਜੋਰਾਵਰ ਬਾਂਸਲ :- ਪੰਜਾਬੀ ਲਿਖਾਰੀ ਸਭਾ ਕੈਲਗਰੀ ਦਾ 19ਵਾਂ ਸਾਲਾਨਾ ਸਮਾਗਮ 18 ਅਗਸਤ ਦਿਨ ਸ਼ਨੀਵਾਰ ਬਾਅਦ ਦੁਪਹਿਰ ਇੱਕ ਵਜੇ ਖੂਬਸੂਰਤ ਮੌਸਮ ਤੇ ਦਰਸ਼ਕਾਂ ਨਾਲ ਖਚਾਖਚ ਭਰੇ ਵਾਈਟ ਹੌਰਨ ਕਮਿਊਨਟੀ ਹਾਲ ਵਿੱਚ ਸ਼ੁਰੂ ਹੋਇਆ। ਸਭਾ ਦੇ ਜਨਰਲ ਸਕੱਤਰ ਰਣਜੀਤ ਸਿੰਘ ਨੇ ਮਾਹੌਲ ਮੁਤਾਬਕ ਬਹੁਤ ਢੁੱਕਵੇਂ ਸ਼ਬਦਾਂ ਨਾਲ ਪ੍ਰੋਗਰਾਮ ਸ਼ੁਰੂ ਕਰਦਿਆਂ ਪ੍ਰਧਾਨਗੀ ਮੰਡਲ ਦੀਆਂ ਕੁਰਸੀਆਂ ਵੱਲ ਇਸ਼ਾਰਾ ਕਰਦੇ ਹੋਏ ਸਭਾ ਦੇ ਪ੍ਰਧਾਨ ਬਲਜਿੰਦਰ ਸੰਘਾ, ਮੁੱਖ ਮਹਿਮਾਨ ਬਖਸ਼ ਸੰਘਾ, ਸਾਬਕਾ ਪ੍ਰਧਾਨ ਹਰੀਪਾਲ, ਰਜਿੰਦਰ ਕੌਰ ਚੌਹਕਾ, ਮੱਖਣ ਕੁਹਾੜ ਤੇ ਰਾਜਵੰਤ ਮਾਨ ਨੂੰ ਨਿਮਰਤਾ ਸਹਿਤ ਸੱਦਾ ਦਿੱਤਾ। ਹਮੇਸ਼ਾ ਦੀ ਤਰ੍ਹਾਂ ਰਾਸ਼ਟਰੀ ਗੀਤ 'ਓਕੈਨੇਡਾ' ਨਾਲ ਪ੍ਰੋਗਰਾਮ ਦਾ ਆਗਾਜ਼ ਹੋਇਆ। ਸਭਾ ਦੇ ਪ੍ਰਧਾਨ ਨੇ ਮਹਿਮਾਨ ਤੇ ਸਾਰੇ ਹਾਜ਼ਰੀਨ ਨੂੰ ਜੀ ਆਇਆਂ ਆਖਿਆ। ਕਵੀ ਦਰਬਾਰ ਦਾ ਉਦਘਾਟਨ ਯੂਨਾਈਟਡ ਹਾਕਸ ਸਪੋਰਟਸ ਕਲੱਬ ਦੇ ਸਰਪ੍ਰਸਤ ਮੈਂਬਰਾਂ ਨੇ ਰਿਬਨ ਕੱਟ ਕੇ ਕੀਤਾ। ਸਭਾ ਵਲੋਂ ਉਹਨਾਂ ਪ੍ਰਸੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ। ਪੰਜਾਬੀ ਲਿਖਾਰੀ ਸਭਾ ਦੇ ਸਰਪ੍ਰਸਤ ਜਸਵੰਤ ਸਿੰਘ ਗਿੱਲ ਨੇ ਸਭਾ ਬਾਰੇ ਜਾਣਕਾਰੀ ਦਿੱਤੀ ਜੋ 1999 ਤੋਂ ਲੈ ਕੇ ਹੁਣ ਤੱਕ ਸ਼ਲਾਘਾਯੋਗ ਕੰਮ ਕਰਦੀਆਂ ਰਹੀ ਹੈ। ਬੱਚਿਆਂ ਦੇ ਸਾਲਾਨਾ ਸਮਾਗਮ ਦੇ ਜੇਤੂ ਬੱਚੇ ਸਾਲੋਨੀ ਗੌਤਮ ਨੇ ਗੁਰਭਜਨ ਗਿੱਲ ਦੀ ਲਿਖੀ ਕਵਿਤਾ 'ਲੋਰੀ' ਤੇ ਗੁਰਤਾਜ ਲਿੱਟ ਨੇ 'ਪ੍ਰਦੇਸੀ ਵੱਸਣ ਵਾਲਿਓ' ਆਪਣੀ ਸੁਰੀਲੀ ਅਵਾਜ਼ ਵਿੱਚ ਗਾ ਕੇ ਸਭ ਦੀ ਵਾਹਵਾਹ ਲਈ। ਰਚਨਾਵਾਂ ਦੇ ਦੌਰ ਦੀ ਸ਼ੁਰੂਆਤ ਜੋਗਾ ਸਿੰਘ ਸਹੋਤਾ ਨੇ ਹਰਮੋਨੀਅਮ ਤੇ 'ਦਿਨ ਬਚਪਨ ਦੇ' ਗਾ ਕੇ ਨਾਲ ਕੀਤੀ। ਇਸ ਤੋਂ ਬਾਅਦ ਤਰਲੋਚਨ ਸੈਂਭੀ, ਦਵਿੰਦਰ ਮਲਹਾਂਸ, ਜੋਰਾਵਰ ਬਾਂਸਲ, ਗੁਰਦੀਸ਼ ਕੌਰ ਗਰੇਵਾਲ, ਸੁਰਿੰਦਰਗੀਤ, ਜਸਵੀਰ ਸੰਘਾ, ਮਹਿੰਦਰਪਾਲ ਐਸਪਾਲ, ਬਲਵੀਰ ਗੋਰਾ ਨੇ ਅਲੱਗ-ਅਲੱਗ ਵਿਸ਼ਿਆਂ ਉੱਤੇ ਆਪਣੀ ਨਜ਼ਮ, ਕਵਿਤਾ ਤੇ ਗੀਤ ਆਪਣੇ ਆਪਣੇ ਅੰਦਾਜ਼ ਵਿੱਚ ਸੁਣਾ ਕੇ ਪ੍ਰੋਗਰਾਮ ਨੂੰ ਰਵਾਨਗੀ ਨਾਲ ਭਰ ਦਿੱਤਾ। ਅੱਜ ਦੇ ਮੁੱਖ ਮਹਿਮਾਨ ਬਖਸ਼ ਸੰਘਾ ਬਾਰੇ ਹਰੀਪਾਲ ਨੇ ਉਹਨਾਂ ਦੁਆਰਾ ਕੀਤੇ ਗਏ ਉਚੇਚੇ ਸ਼ਲਾਘਾਯੋਗ ਕੰਮਾਂ ਬਾਰੇ ਜਾਣਕਾਰੀ ਦਿੱਤੀ। ਇਸ ਮਗਰੋਂ ਉਹਨਾਂ ਖੁਦ ਵੀ ਆਪਣੀਆਂ ਕੁਝ ਲਿਖਤਾਂ ਹਾਜ਼ਰੀਨ ਨਾਲ ਸਾਂਝੀਆਂ ਕੀਤੀਆਂ। ਸਭਾ ਦੇ ਸਾਰੇ ਮੈਂਬਰਾਂ ਵਲੋਂ ਉਹਨਾਂ ਨੂੰ ਪਲੈਕ ਤੇ ਹਜਾਰ ਡਾਲਰ ਦੀ ਰਾਸ਼ੀ ਤੇ ਸਭਾ ਦੇ ਲੇਖਕਾਂ ਦੀਆਂ ਕਿਤਾਬਾਂ ਦਾ ਸੈੱਟ ਦੇ ਕੇ ਸਨਮਾਨ ਕੀਤਾ ਗਿਆ। ਇਸ ਤੋਂ ਅੱਗੇ ਬੁਲਾਰਿਆ ਵਿੱਚ ਮੱਖਣ ਕੁਹਾੜ, ਤਨਵੀਰ, ਹਰਕੀਰਤ ਧਾਲੀਵਾਲ, ਰਾਜਵੰਤ ਮਾਨ ਨੇ ਆਪਣੇ ਆਪਣੇ ਵਿਚਾਰ ਪੇਸ਼ ਕੀਤੇ। ਗੁਰਚਰਨ ਕੌਰ ਥਿੰਦ ਨੇ ਕਿਹਾ 'ਕਿਸੇ ਦੇ ਸਨਮਾਨਾ ਦਾ ਮਤਲਬ ਹੈ ਉਸ ਵਲੋਂ ਕੀਤੇ ਕੰਮਾਂ ਨੂੰ ਸਨਮਾਨਿਆ ਜਾਣਾ ਤੇ ਅੱਗੋਂ ਹੋਰ ਕੰਮ ਕਰਨ ਲਈ ਉਤਸ਼ਾਹਿਤ ਕਰਨਾ'। ਡਾ: ਬਲਵਿੰਦਰ ਬਰਾੜ ਨੇ ਬਹੁਤ ਹੀ ਥੋੜ੍ਹੇ ਸਮੇਂ ਵਿੱਚ ਸਾਗਰ ਵਿੱਚ ਗਾਗਰ ਬੰਦ ਕਰਨ ਵਾਂਗ ਸਭਾ ਨੂੰ ਤੇ ਸਨਮਾਨਿਤ ਮਹਿਮਾਨ ਨੂੰ ਵਧਾਈ ਦਿੱਤੀ। ਹੈਰੀਟੇਜ ਗਿੱਧਾ ਸਕੂਲ (ਮਨਦੀਪ ਤੂਰ) ਦੀਆਂ ਬੱਚੀਆਂ ਨੇ ਆਪਣੀ ਪਰਫੋਰਮੈਂਸ ਨਾਲ ਪ੍ਰੋਗਰਾਮ ਵਿੱਚ ਚਾਰ ਚੰਨ ਲਾ ਦਿੱਤੇ। ਇਸੇ ਸਮੇਂ ਪਰਮਿੰਦਰ ਰਮਨ ਦਾ ਪਲੇਠਾ ਕਾਵਿ ਸੰਗ੍ਰਹਿ 'ਆ ਸਮੇਂ ਦੇ ਹਾਣ ਦੇ ਹੋਈਏ' ਲੋਕ ਅਰਪਣ ਕੀਤੀ ਗਈ। ਪਰਮਿੰਦਰ ਰਮਨ ਨੇ ਜਿੱਥੇ ਆਪਣੀ ਖੁਸ਼ੀ ਦਾ ਇਜ਼ਹਾਰ ਕੀਤਾ ਉੱਥੇ ਇਸੇ ਕਿਤਾਬ ਵਿੱਚੋਂ ਕੁਝ ਨਜ਼ਮਾਂ ਸੁਣਾਈਆਂ। ਇਸ ਮੌਕੇ ਡਰਾਅ ਵੀ ਕੱਢੇ ਗਏ ਜਿੰਨ੍ਹਾਂ ਵਿੱਚ ਕਿਤਾਬਾਂ ਦੇ ਸੈੱਟ ਤੋਹਫੇ ਵਜੋਂ ਦਿੱਤੇ ਗਏ। ਚਾਹ ਪਾਣੀ ਸਨੈਕਸ ਦਾ ਪ੍ਰਬੰਧ ਗੁਰਲਾਲ ਰੁਪਾਲੋਂ (ਲਾਲੀ) ਤੇ ਉਸ ਦੇ ਪਰਿਵਾਰ ਵਲੋਂ ਕੀਤਾ। ਕਿਤਾਬਾਂ ਦਾ ਸਟਾਲ ਵੀ ਲਗਾਇਆ ਗਿਆ ਜਿਸ ਦੀ ਜ਼ਿੰਮੇਵਾਰੀ ਮਹਿੰਦਰਪਾਲ ਤੇ ਮੰਗਲ ਚੱਠਾ ਨੇ ਨਿਭਾਈ। ਇਸ ਪ੍ਰੋਗਰਾਮ ਨੂੰ ਤਸਵੀਰਾਂ ਨਾਲ ਯਾਦਗਾਰ ਰੱਖਣ ਲਈ ਕੈਮਰਾ ਦਵਿੰਦਰ ਮਲਹਾਂਸ ਤੇ ਰਾਜਨ ਸੰਘਾ ਵਲੋਂ ਚਲਾਇਆ ਗਿਆ। ਸਾਊਂਡ ਸਿਸਟਮ ਦੀ ਜਿੰਮੇਵਾਰੀ ਜੋਰਾਵਰ ਬਾਂਸਲ ਨੇ ਸੰਭਾਲੀ। ਪ੍ਰੋਗਰਾਮ ਦੌਰਾਨ ਜਨਰਲ ਸਕੱਤਰ ਰਣਜੀਤ ਸਿੰਘ ਨੇ ਸਮੇਂ ਨੂੰ ਖੁਸ਼ਗਵਾਰ ਬਨ੍ਹਾਈ ਰੱਖਣ ਲਈ ਸ਼ੇਅਰ ਤੇ ਖੂਬਸੂਰਤ ਸ਼ਬਦਾਂਵਲੀ ਦਾ ਇਸਤੇਮਾਲ ਕੀਤਾ। ਅਖੀਰ ਵਿੱਚ ਸਭਾ ਦੇ ਪ੍ਰਧਾਨ ਬਲਜਿੰਦਰ ਸੰਘਾ ਨੇ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਆਏ ਹੋਏ ਸਾਰੇ ਹਾਜ਼ਰੀਨ ਤੇ ਸਮੂਹ ਮੀਡੀਆ ਦਾ ਧੰਨਵਾਦ ਕੀਤਾ ਤੇ ਸਭਾ ਦੀ ਅਗਲੀ ਮੀਟਿੰਗ 16 ਸਤੰਬਰ ਦਿਨ ਐਤਵਾਰ ਬਾਅਦ ਦੁਪਿਹਰ ਦੋ ਵਜੇ ਜੋ ਕੇ ਕੋਸੋ ਦੇ ਹਾਲ ਵਿੱਚ ਹੋਏਗੀ ਉੱਥੇ ਆਉਣ ਦਾ ਸੱਦਾ ਵੀ ਸਾਰਿਆਂ ਨੂੰ ਦਿਤੱਾ। ਹੋਰ ਜਾਣਕਾਰੀ ਲਈ ਸਭਾ ਦੇ ਪ੍ਰਧਾਨ ਬਲਜਿੰਦਰ ਸੰਘਾ ਨੂੰ 403 680 3212 ਤੇ ਜਨਰਲ ਸਕੱਤਰ ਰਣਜੀਤ ਸਿੰਘ ਨੂੰ 403 714 6848 'ਤੇ ਸੰਪਰਕ ਕੀਤਾ ਜਾ ਸਕਦਾ ਹੈ।




















HomeLife Silver City
Realty Inc., Brokerage
EACH OFFICE ENDEPENDENTLY OWNED & OPERATED
NEW LOCATION OPEN TO SERVE YOU BETTER AIRPORT RD/DREW
Now Hiring
New / Experienced Real Estate Sales Representative / Brokers
Office: 905-913-8500
11775 Bramalea Rd # 201, Brampton
www.HomelifeSilvercityTeam.com
Team of OVER 425 Realtors
BALJIT GARCHA
BROKER OF RECORD
HARJINDER DHILLON
Manager/Broker
AJIT GARCHA
BROKER / PRESIDENT
www.homelifesilvercityteam.com
"All agents are Salespersons/Brokers/Unless otherwise stated. Not intended to solicit salespersons/brokers under contract. Some conditions apply."

## ਕੈਨੇਡਾ ਦੀਆਂ ਜਥੇਬੰਦੀਆਂ ਵਲੋਂ ਮਨਜੀਤ ਧਨੇਰ ਦੀ ਸਜ਼ਾ ਰੱਦ ਕਰਨ ਦੀ ਮੰਗ

ਅਦਾਰਾ ਸਿੱਖ ਵਿਰਸਾ, ਅਦਾਰਾ ਸਰੋਕਾਰਾਂ ਦੀ ਆਵਾਜ਼ ਅਤੇ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ (ਕੈਨੇਡਾ) ਸਾਥੀ ਮਨਜੀਤ ਧਨੇਰ ਦੀ ਉਮਰ ਕੈਦ ਦੀ ਸਜ਼ਾ ਰੱਦ ਕਰਵਾਉਣ ਲਈ ਪੰਜਾਬ ਭਰ ਦੀਆਂ ਜਨਤਕ-ਜਮਹੂਰੀ ਜਥੇਬੰਦੀਆਂ ਵੱਲੋਂ ਚੱਲ ਰਹੇ ਸੰਘਰਸ਼ ਦੀ ਹਮਾਇਤ ਕਰਦੇ ਹਨ।

: ਵੱਲੋਂ :

ਮਾਸਟਰ ਭਜਨ ਸਿੰਘ<br>ਪ੍ਰੋਗਰੈਸਿਵ ਕਲਚਰਲ<br>ਐਸੋਸੀਏਸ਼ਨ ਕੈਲਗਰੀ।

ਹਰਚਰਨ ਸਿੰਘ ਪਰਹਾਰ<br>ਮੁੱਖ ਸੰਪਾਦਕ,<br>ਅਦਾਰਾ ਸਿੱਖ ਵਿਰਸਾ।

ਹਰਬੰਸ ਸਿੰਘ (ਮੁੱਖ ਸੰਪਾਦਕ)<br>ਦਵਿੰਦਰ ਤੂਰ (ਐਮ.ਡੀ)<br>ਡਾ. ਹਰਦੀਪ ਸਿੰਘ (ਸਹਿ ਸੰਪਾਦਕ)<br>ਅਦਾਰਾ ਸਰੋਕਾਰਾਂ ਦੀ ਆਵਾਜ਼।

## ਕੇਰਲਾ ਦੇ ਹੜ੍ਹ ਪੀੜਤਾਂ ਲਈ ਮਦਦ ਦੀ ਅਪੀਲ



ਸਤਿਕਾਰਯੋਗ ਪਾਠਕ ਸਾਹਿਬਾਨ ਨੂੰ ਸਨਿਮਰ ਬੇਨਤੀ ਹੈ ਕਿ ਸਾਡੇ ਕੇਰਲਾ ਦੇ ਸੰਕਟਗ੍ਰਸਤ ਭੈਣ ਭਰਾਵਾਂ ਦੀ ਖੁੱਲ੍ਹੇ ਦਿਲ ਨਾਲ ਮਦਦ ਕਰਨ ਲਈ ਅੱਗੇ ਆਈਏ ਅਤੇ ਇਸ ਦੀ ਦੁਖ ਦੀ ਘੜੀ ਵਿਚ ਉਨ੍ਹਾਂ ਦੇ ਸ਼ਰੀਕ ਬਣੀਏ। ਤੁਸੀਂ ਹੇਠਾਂ ਦਿੱਤੇ ਲਿੰਕ 'ਤੇ ਜਾ ਕੇ ਸਿੱਧਾ ਕੇਰਲਾ ਹੜ੍ਹ ਰਾਹਤ ਫੰਡ ਵਿਚ ਦਾਨ ਕਰ ਸਕਦੇ ਹੋ।

ਅਦਾਰਾ ਸਰੋਕਾਰਾਂ ਦੀ ਆਵਾਜ਼ ਕੈਨੇਡਾ, ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਅਤੇ ਸਿੱਖ ਵਿਰਸਾ ਇੰਟਰਨੈਸ਼ਨਲ ਕੈਲਗਰੀ

**https://donation.cmdrf.kerala.gov.in/#donation**

# ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ (ਰਜਿ.)

ਵਲੋਂ

# ਸੋਹਨ ਮਾਨ ਯਾਦਗਾਰੀ

## 9ਵਾਂ ਸਲਾਨਾ ਨਾਟਕ ਸਮਾਗਮ 29 ਸਤੰਬਰ 2018

ਦਿਨ ਸ਼ਨੀਵਾਰ ਨੂੰ ਦੁਪਹਿਰ 1 ਵਜੇ, ਸੇਂਟ ਕਾਲਜ ਦੇ ਆਰਫੀਅਸ ਥੀਏਟਰ ਵਿਚ ਹੋਵੇਗਾ

ਹਰਕੇਸ਼ ਚੌਧਰੀ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਦੀ ਨਿਰਦੇਸ਼ਨਾ ਹੇਠ ਪ੍ਰੋਗਰੈਸਿਵ ਕਲਾ ਮੰਚ ਕੈਲਗਰੀ ਦੀ ਟੀਮ ਵਲੋਂ ਦੋ ਨਾਟਕ, ਬੱਚਿਆਂ ਦੀ ਕੋਰੀਓਗਰਾਫ਼ੀ, ਐਕਸ਼ਨ ਗੀਤ ਅਤੇ ਉਸਾਰੂ ਲੋਕ ਬੋਲੀਆਂ ਤੇ ਔਰਤਾਂ ਦੀ ਟੀਮ ਵਲੋਂ ਗਿੱਧਾ ਵਿਸ਼ੇਸ਼ ਖਿਚ ਦਾ ਕੇਂਦਰ ਹੋਵੇਗਾ।

**ਨੋਟ : ਨਾਟਕ ਵਿਚ ਭਾਗ ਲੈਣ ਲਈ ਸੰਪਰਕ :**

**ਕਮਲਪ੍ਰੀਤ ਪੰਧੇਰ ਫੋਨ : 403-479-4220**

**ਹੋਰ ਜਾਣਕਾਰੀ ਲਈ ਸੰਪਰਕ:**

**ਮਾਸਟਰ ਭਜਨ: 403-455-4220**











